
69 ਅਪ੍ਰੈਲ-ਜੂਨ, 2023

# ਕਹਾਣੀ ਧਾਰਾ

80/-

ਕਿੰਨੇ ਸਲੀਕੇ ਨਾਲ ਮਿਲਦੇ ਲੋਕ ਤੇਰੇ ਸ਼ਹਿਰ ਹੁਣ, ਕਿੱਦਾਂ ਚੜੀ ਹੈ ਜ਼ਹਿਰ ਤੈਨੂੰ ਪੁੱਛਦੇ ਨੇ ਡੱਸ ਕੇ।
ਇਹ ਸਿਰ ਝੁਕੇ ਨੇ ਦੱਸਦੇ ਬੀਤੀ ਤੁਹਾਡੀ ਦਾਸਤਾਨ, ਰੁਤਬੇ ਲਈ ਕਿਸ ਕਿਸ ਦੀਆਂ ਆਏ ਹੋ ਤਲੀਆਂ ਝੱਸ ਕੇ।

– ਅਜੈ ਤਨਵੀਰ



69 ਕਹਾਣੀ ਧਾਰਾ ਅਪ੍ਰੈਲ-ਜੂਨ, 2023

69 ਅਪ੍ਰੈਲ-ਜੂਨ, 2023

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

**ਡਾ. ਸਰਬਜੀਤ ਸਿੰਘ**
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਡਾ. ਮਨਜਿੰਦਰ ਸਿੰਘ**
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

**ਡਾ. ਰਵੀ ਰਵਿੰਦਰ**
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਡਾ. ਕੁਲਦੀਪ ਸਿੰਘ**
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**ਡਾ. ਗੁਰਮੁੱਖ ਸਿੰਘ**
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਭੀਮ ਇੰਦਰ ਸਿੰਘ**
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਮੋਹਨ ਸਿੰਘ ਤਿਆਗੀ**
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਯਾਦਵਿੰਦਰ ਸਿੰਘ**
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਪ੍ਰੈਲ, 2023)

# ਕਹਾਣੀ ਧਾਰਾ

***ਅੰਕ:69,ਅਪ੍ਰੈਲ-ਜੂਨ,2023***

**ਸੰਪਾਦਕੀ**

ਕਿੱਥੇ ਗਏ ਨੇ 'ਓਹ' ਕਹਾਣੀਕਾਰ !!!/

**ਭਗਵੰਤ ਰਸੂਲਪੁਰੀ**–2

**ਵਿਚਾਰ ਚਰਚਾ**

*ਸੁਲਘਦੇ ਸਮਿਆਂ ਦਾ ਬਿਰਤਾਂਤ*

*ਅਤੇ ਪੰਜਾਬੀ ਕਹਾਣੀ*

ਚਰਚਾ ਵਿਚ ਭਾਗ ਲੈਣ ਵਾਲੇ–

**ਬਲਦੇਵ ਸਿੰਘ ਧਾਲੀਵਾਲ, ਦੇਸ ਰਾਜ ਕਾਲੀ, ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਦੀਪ ਦਵਿੰਦਰ ਸਿੰਘ, ਬਲਜੀਤ ਸਿੰਘ ਰੈਣਾ ਅਤੇ ਜੇ. ਬੀ. ਸੇਖੋਂ**–7

***ਕਹਾਣੀਆਂ***

ਜੰਗ

**ਲੁਈਗੀ ਪਿਰਾਂਡੇਲੋ**

ਅਨੁਵਾਦਕ: ਕਰਮਜੀਤ ਕਿਸ਼ਾਂਵਲ–26

ਸ਼ਰਤ/ **ਰਘਬੀਰ ਸਿੰਘ ਮਾਨ**–30

ਹਾਂ, ਮੈਨੂੰ ਬੰਦੇ ਪਸੰਦ ਨੇ / **ਸਰਬਜੀਤ ਕੌਰ ਸੋਹਲ**–39

ਵੈਰਾਗ / **ਭੁਪਿੰਦਰ ਸਿੰਘ ਮਾਨ**–51

ਬਿਪਤਾ / **ਇੱਛੂਪਾਲ**–60

ਡੌਂਟ ਮਾਈਂਡ/ **ਅਨੇਮਨ ਸਿੰਘ**–67

ਦ ਕਾਮਨ ਅਰਥ / **ਜਸਵਿੰਦਰ ਧਰਮਕੋਟ**–76

ਸੂਹਣ ਦਾ ਮੁੱਠਾ/

**ਪਰਮਿੰਦਰ ਕੌਰ ਸਵੈਚ**–83

**ਮੁਲਾਕਾਤ**

"ਨਾਵਲ ਇਕ ਪ੍ਰਥਨਾ,

ਪਰਤ ਦਰ ਪਰਤ ਬ੍ਰਹਿਮੰਡ"–ਅਰੁੰਧਤੀ ਰਾਏ

ਮੁਲਾਕਾਤੀ: **ਸੁਨੀਲ ਮੈਨਨ**

ਅਨੁਵਾਦ: ਸਰੋਜ–88

**ਆਲੋਚਨਾ**

ਟਰਾਲੀ ਯੁੱਗ /ਡਾ ਚੰਦਰ ਪ੍ਰਕਾਸ਼ –95

ਤਪਦੇ ਪੈਰਾਂ ਦਾ ਸਫ਼ਰ /**ਡਾ. ਪਰਗਟ ਸਿੰਘ ਟਿਵਾਣਾ**–99

ਤੀਸਰੀ ਖਿੜਕੀ /**ਡਾ. ਪਰਗਟ ਸਿੰਘ ਟਿਵਾਣਾ**–102

ਬਾਕੀ ਦਾ ਦਰਦ/ **ਪ੍ਰੋ. ਮਨਪ੍ਰੀਤ ਕੌਰ**–120

**ਜਨ ਬੋਧ**

ਵੱਡੀ ਮਰਦਮਸ਼ੁਮਾਰੀ

ਮੂਲ ਲੇਖਕ: **ਮਾਰਕ ਜਰਗਨਸਮਏਰ**

ਅਨੁਵਾਦ: **ਮੰਗਤ ਰਾਮ**–105

**ਫੋਰਟ ਵਿਲੀਅਮ ਕਾਲਜ**

ਮੂਲ ਲੇਖਕ : **ਸਈਅਦ ਸਬਤ ਹਸਨ**

ਅਨੁਵਾਦ : **ਅਜੈ ਤਨਵੀਰ**–110

ਸਮਕਾਲ ਦੇ ਯਥਾਰਥ ਦੀਆਂ ਭਿੰਨ ਭਿੰਨ ਪਰਤਾਂ ਨੂੰ ਫਰੋਲਦੀ ਕਹਾਣੀ

**ਜਸਬੀਰ ਕਲਸੀ** –137

**ਹੁੰਗਾਰਾ**–143

**ਮੇਰਾ ਸਟੱਡੀ ਟੇਬਲ** /– **ਭਗਵੰਤ ਰਸੂਲਪੁਰੀ**– 125

ਸੰਪਾਦਕੀ

# ਕਿੱਥੇ ਗਏ ਨੇ 'ਓਹ' ਕਹਾਣੀਕਾਰ!!!

ਪਿੱਛੇ ਜਿਹੇ 'ਹਿੰਦੀ ਦੀਆਂ ਆਰੰਭਿਕ ਕਹਾਣੀਆਂ' ਦਾ ਸੰਗ੍ਰਹਿ ਪੜ੍ਹਨਾ ਸ਼ੁਰੂ ਕੀਤਾ, ਜਿਸ ਨੂੰ ਗੰਗਾ ਪ੍ਰਸਾਦ ਵਿਮਲ ਨੇ ਸੰਪਾਦਤ ਕੀਤੇ ਏ ਤੇ ਇਸ ਦਾ ਪੰਜਾਬੀ ਅਨੁਵਾਦ ਬਲਬੀਰ ਮਾਧੋਪੁਰੀ ਨੇ ਨੈਸ਼ਨਲ ਬੁੱਕ ਟਰੱਸਟ, ਦਿੱਲੀ ਲਈ ਕੀਤਾ ਏ। ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਹਰ ਭਾਸ਼ਾ ਦੀ ਆਰੰਭਿਕ ਕਹਾਣੀ ਦਾ ਆਪਣਾ ਜ਼ਾਇਕਾ ਤੇ ਮੁਹਾਵਰਾ ਹੁੰਦੇ ਏ। ਉਨ੍ਹਾਂ ਕਹਾਣੀਆਂ ਵਿੱਚੋਂ ਹੀ ਅਸੀਂ ਕਿਸੇ ਵਿਧਾ ਦੀ ਵਿਸ਼ਾਲ ਇਮਾਰਤ ਦੀਆਂ ਜੜ੍ਹਾਂ ਦਾ ਪਤਾ ਲਗਾਉਂਦੇ ਹਾਂ। ਆਰੰਭਿਕ ਕਹਾਣੀਆਂ ਜਿਸ ਭਾਸ਼ਾ ਦੀਆਂ ਹੁੰਦੀਆਂ ਨੇ ਉਨ੍ਹਾਂ ਨੂੰ ਪੜ੍ਹ ਕੇ ਅਸੀਂ ਉਸ ਸਮਾਜ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਬਣਤਰ ਬਾਰੇ ਜਾਣ ਸਕਦੇ ਹਾਂ। ਇਹ ਵੀ ਜਾਣ ਸਕਦੇ ਹਾਂ ਕਿ ਸਮਾਜ ਦੀ ਬਣਤਰ ਕਿਨ੍ਹਾਂ ਕਿਨ੍ਹਾਂ ਪੜਾਵਾਂ ਨੂੰ ਪਾਰ ਕਰਕੇ ਸਾਡੇ ਤੱਕ ਪਹੁੰਚੀ ਏ। ਇਨ੍ਹਾਂ ਹਿੰਦੀ ਦੀਆਂ ਆਰੰਭਿਕ ਕਹਾਣੀਆਂ ਪੜ੍ਹਦਿਆਂ ਮੇਰੀ ਰੁਚੀ ਪੰਜਾਬੀ ਦੀਆਂ ਆਰੰਭਿਕ ਕਹਾਣੀਆਂ ਨੂੰ ਲੱਭਣ ਤੇ ਪੜ੍ਹਨ ਦੀ ਪੈਦਾ ਹੋ ਗਈ। ਉਸ ਵੇਲੇ ਛਪਦੇ ਫੁਲਵਾੜੀ, ਪ੍ਰੀਤਮ, ਕਿਰਤੀ, ਮੌਜੀ, ਪੰਜਾਬੀ ਦਰਬਾਰ ਤੇ ਪੰਜ ਦਰਿਆ ਵਰਗੇ ਪਰਚਿਆਂ ਵਿੱਚੋਂ ਮੈਂ 100 ਕੁ ਕਹਾਣੀਆਂ ਇਕੱਤਰ ਕੀਤੀਆਂ। ਮੈਨੂੰ ਹੈਰਾਨੀ ਹੋਈ ਕਿ ਦੋ ਚਾਰ ਨਾਵਾਂ ਨੂੰ ਛੱਡ ਕੇ ਮੇਰੇ ਲਈ ਬਹੁਤੇ ਨਵੇਂ ਨਾਂ ਸਨ। ਕਹਾਣੀ ਮੈਂ ਇਕ ਵੀ ਨਹੀਂ ਸੀ ਪੜ੍ਹੀ। ਮੈਂ ਸਮਕਾਲ 'ਚ ਖੜ ਕੇ ਸੋਚਣ ਲੱਗਾ ਕਿ ਇਹ ਕਹਾਣੀਕਾਰ ਕਿੱਧਰ ਚਲੇ ਗਏ ਨੇ। ਜਾਂ ਅਸੀਂ ਜਾਣ ਬੁੱਝ ਕੇ ਇਨ੍ਹਾਂ ਵੱਲ ਪਿੱਠ ਕਰ ਲਈ ਏ। ਸਾਡੀਆਂ ਪੀੜ੍ਹੀਆਂ  ਜਾਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਗੁੰਮ ਗਵਾਚ ਗਏ ਕਹਾਣੀਕਾਰਾਂ ਨੂੰ ਲੱਭਣਗੀਆਂ ਵੀ? ਇਨ੍ਹਾਂ ਕਹਾਣੀਆਂ ਨੂੰ ਪੜ੍ਹਨ ਦੀ ਮੇਰੀ ਦਿਲਚਸਪੀ ਤਾਂ ਵੀ ਪੈਦਾ ਹੋਈ ਕਿ ਮੈਂ ਉਸ ਵੇਲੇ ਦੇ ਸਮਾਜ ਦੀ ਬਣਤਰ ਨੂੰ ਸਮਝਣਾ ਚਾਹੁੰਦਾ ਸਾਂ। ਇਹ ਵੀ ਸਮਝਣਾ ਚਾਹੁੰਦਾ ਸਾਂ ਕਿ ਉਸ ਵੇਲੇ ਸਮਾਜ ਵਿਚ ਕਿਹੋ ਜਿਹੇ ਵਿਰੋਧ ਸਨ। ਕਿਹੋ ਜਿਹੀਆਂ ਸਾਂਝਾ ਸਨ। ਭਿੰਨ ਭਿੰਨ ਵਰਗਾ ਦੇ ਲੋਕ, ਸਮਾਜ ਵਿਚ ਕਿਵੇਂ ਵਿਚਰਦੇ ਸਨ। ਕਲਾ ਦੇ ਗੁਣ ਲੱਭਣਾ ਮੇਰਾ ਮਸਲਾ ਨਹੀਂ ਸੀ।

ਮੇਰੇ ਸਾਹਮਣੇ ਬਿਸ਼ਨ ਸਿੰਘ ਉਪਾਸਕ ਦੀ ਕਹਾਣੀ 'ਦੋ ਕਲਾਕਾਰ', ਜੋਸ਼ਵਾ ਫ਼ਜ਼ਲਦੀਨ ਦੀ 'ਦੁਸ਼ਮਨ', ਬਲਵੰਤ ਸਿੰਘ ਚਤਰਥ ਦੀ 'ਲੋਭੀ ਪਿਤਾ', ਅਭੈ ਸਿੰਘ ਦੀ 'ਬਦਲਾ ਕਿਕੁਣ ਲਈਏ?', ਹਰਨਾਮ ਸਿੰਘ ਤੇਗ ਪਿਸ਼ਾਵਰੀ ਦੀ 'ਅਛੂਤ ਠਾਕੁਰ', ਸੂਰਜ ਸਿੰਘ ਜੀ ਜੋਗੀ ਦੀ 'ਕਮਲਾ ਸ਼ਮਲਾ', ਸ੍ਰੀਮਤੀ ਤੇਜ ਰਾਣੀ ਦੀ 'ਮਤ੍ਰੇਈ',  ਯੁਤ ਸੁਦਰਸ਼ਨ ਦੀ 'ਪਛਾਣ', ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਦੀ 'ਕਾਂ ਦੀ ਰੰਨ', ਹਰਕਿਸ਼ਨ ਸਿੰਘ ਮੁਨੀਮ (ਪਰਾਸ਼ਰ) ਦੀ 'ਸੁਧਾਰ', ਹਰੀ ਸਿੰਘ 'ਬੇਦਵੀ' ਦੀ 'ਮਜਨੂੰ ਕੈਦੀ', ਹਰਬੰਸ ਲਾਲ ਮਾਸਟਰ ਰਾਵਲਪਿੰਡੀ ਦੀ 'ਪੁਸ਼ਪਾ ਜਿਸਦੀ ਸੁਗੰਧੀ ਉਡ ਗਈ!' , ਨੌਰੰਗ ਸਿੰਘ ਦੀ 'ਵਤਨੋਂ ਦੂਰ', ਗਿਆਨੀ ਸੋਹਣ ਸਿੰਘ 'ਸੀਤਲ' ਦੀ 'ਵਿਲਕਣੀ', ਕਰਤਾਰ ਸਿੰਘ ਬਲੱਗਣ ਦੀ  'ਮੂਰਤ', ਗੁਰਦਿਆਲ ਸਿੰਘ ਫੁੱਲ ਦੀ 'ਹੁਣ ਨਹੀਂ', ਧਨੀ ਰਾਮ ਚਾਤ੍ਰਿਕ ਦੀ 'ਪੈਂਚ ਪਰਮੇਸ਼ਰ' , ਬੀਬੀ ਸੰਤ ਕੌਰ ਜੀ ਨਨਕਾਣਾ ਸਾਹਿਬ ਦੀ 'ਵਿਦਿਆਵਤੀ', ਅੰਮ੍ਰਿਤ ਕੌਰ ਦੀ 'ਅੱਖਾਂ ਦੀ ਜਯੋਤਿ' , ਅਰੂੜ ਸਿੰਘ ਜੀ ਹਜੂਰੀਏ  ਦੀ 'ਬਾਗੀ ਸਰਾਫ਼', ਡੀ.ਐਸ.ਜੀ. ਲਾਇਲਪੁਰੀ ਦੀ 'ਬਾਗ਼', ਸੁਰਿੰਦਰ ਸਿੰਘ ਜੀ 'ਕੰਵਲ' ਤਰਨ ਤਾਰਨ ਦੀ 'ਕੈਦੀ ਦੀ ਕਹਾਣੀ' , ਗਿਆਨੀ ਸੰਤੋਖ ਸਿੰਘ ਜੀ 'ਆਜਿਜ਼' ਦੀ 'ਪੇਚ ਦਰ ਪੇਚ' , ਸ੍ਰੀ

ਮਤੀ ਬੀਬੀ ਸ਼ਿਬਰਾਣੀ ਦੀ 'ਜੀਵਨ', ਨਰੈਣ ਸਿੰਘ ਦੀ 'ਇਕ ਦਰਦ ਝਾਕੀ', ਬਖ਼ਸ਼ੀ ਸਿੰਘ ਆਦਿਲ ਦੀ 'ਇਸਤ੍ਰੀ ਡਾਇਣ ਯਾ ਦੇਵੀ', ਹਰਿੰਦਰ ਕੌਰ ਕੋਟ ਗਰੇਵਾਲ ਦੀ 'ਯਾਦ' , ਇਸਰਾਰ ਅਹਿਮਦ ਆਜ਼ਾਦ ਦੀ 'ਖ਼ੂਨੀ ਕਰਜ਼ਾ' ਅਤੇ ਹੋਰ ਕਹਾਣੀਆਂ ਪੜ੍ਹਦਿਆਂ ਅਹਿਸਾਸ ਹੋਇਆ ਕਿ ਇਹ ਕਹਾਣੀਕਾਰ ਤੇ ਕਹਾਣੀਆਂ ਕਿਵੇਂ ਸਮੇਂ ਦੇ ਛਾਨਣੇ ਵਿੱਚੋਂ ਕਿਰ ਗਏ। ਪਰ ਇਸ ਦਾ ਇਹ ਮਤਲਬ ਨਹੀਂ ਕਿ ਇਸ ਦੀ ਇਤਿਹਾਸਕ ਅਹਿਮੀਅਤ ਘੱਟ ਗਈ ਏ। ਪੰਜਾਬੀ ਦਾ ਇਤਿਹਾਸ ਪੜ੍ਹਦਿਆਂ ਇਨ੍ਹਾਂ ਵਿੱਚੋਂ ਕੁਝ ਨਾਂ ਲੱਭ ਜਾਣਗੇ। ਡਾ. ਰਘਬੀਰ ਸਿੰਘ ਵੱਲੋਂ 100 ਕਹਾਣੀ ਦੀ ਸੰਪਾਦਤ 'ਵੀਹਵੀਂ ਸਦੀ ਦੀ ਪੰਜਾਬੀ ਕਹਾਣੀ' ਵਿੱਚੋਂ ਵੀ ਤਿੰਨ-ਚਾਰ ਨਾਂ ਲੱਭ ਜਾਣਗੇ।

ਉਪਰੋਕਤ ਕਹਾਣੀਆਂ ਨੂੰ ਪੜ੍ਹਦਿਆਂ ਮੈਂ ਪੁਰਾਣੇ ਸਾਂਝੇ ਪੰਜਾਬ ਵੱਲ ਪਰਤ ਗਿਆ ਤੇ ਉਸ ਸਮੇਂ ਸਮਾਜ ਦੀ ਬਣਤਰ ਵੇਖਣ ਤੇ ਸਮਝਣ ਲੱਗ ਪਿਆ। ਇਹ ਪਹਿਲੂ ਮੇਰੇ ਲਈ ਬਹੁਤ ਨਵਾਂ ਸੀ। ਉਸ ਸਮੇਂ ਲਿਖਿਆ ਸਾਹਿਤ, ਉਸ ਸਮੇਂ ਦਾ ਇਤਿਹਾਸ ਹੁੰਦਾ ਏ। ਚਾਹੇ ਉਸ ਨੂੰ ਦੋ ਜਾਂ ਤਿੰਨ ਸਦੀਆਂ ਬਾਅਦ ਵੀ ਪੜ੍ਹਿਆ ਜਾਵੇ ਤਾਂ ਸਾਨੂੰ ਆਪਣੀਆਂ ਜੜ੍ਹਾਂ ਦਿਸ ਪੈਂਦੀਆਂ ਨੇ। ਇਨ੍ਹਾਂ ਕਹਾਣੀਕਾਰਾਂ 'ਚੋਂ ਕੁਝ ਨਾਵਾਂ ਦਾ ਬਿੰਬ ਮੇਰੇ ਮਨ ਵਿਚ ਹੋਰ ਸੀ। ਜਿਵੇਂ ਧਨੀ ਰਾਮ ਚਾਤ੍ਰਿਕ ਜਾਂ ਕਰਤਾਰ ਸਿੰਘ ਬਲੱਗਣ ਦਾ ਬਿੰਬ ਇਕ ਕਵੀ ਦੇ ਤੌਰ 'ਤੇ ਗੂੜਾ ਸੀ। ਗੁਰਦਿਆਲ ਸਿੰਘ ਫੁੱਲ ਦਾ ਇਕ ਨਾਟਕਕਾਰ ਦੇ ਤੌਰ ਸੀ। ਸੋਹਣ ਸਿੰਘ ਸੀਤਲ ਦਾ ਬਿੰਬ ਢਾਡੀ ਵਾਲਾ ਸੀ। ਇਨ੍ਹਾਂ ਤੋਂ ਇਲਾਵਾ ਹੋਰ ਕਹਾਣੀਕਾਰ ਵੀ ਕਹਾਣੀਆਂ ਲਿਖਦੇ ਸਨ ਜਿਨ੍ਹਾਂ ਦੀਆਂ ਕਹਾਣੀਆਂ ਫੁਲਵਾੜੀ, ਪ੍ਰੀਤਮ ਜਾਂ ਮੌਜੀ ਰਸਾਲਿਆਂ ਵਿਚ ਅਜੇ ਵੀ ਸਾਹ ਲੈ ਰਹੀਆਂ ਨੇ। ਇਨ੍ਹਾਂ ਤੋਂ ਇਲਾਵਾ ਅੱਗੇ ਕੁਝ ਨਾਂ ਨੇ ਜਿਨ੍ਹਾਂ ਦੀਆਂ ਕਹਾਣੀਆਂ ਉਪਰੋਕਤ ਪਰਚਿਆਂ ਵਿਚ ਅਜੇ ਵੀ ਸਹਿਕ ਰਹੀਆਂ ਨੇ...ਰਾਮ ਸਿੰਘ , ਕੇਸਰ ਸਿੰਘ ਕੰਵਲ, ਫਤ੍ਹੇ ਸਿੰਘ, ਸੋਹਨ ਸਿੰਘ ਜੋਸ਼, ਅਰਜਨ ਸਿੰਘ ਗੜਗੱਜ, ਪ੍ਰੀਤਮ ਸਿੰਘ, ਗੁਰਾਂਦਿੱਤਾ ਖੰਨਾ, ਕਪੂਰ ਸਿੰਘ, ਅਜ਼ਹਰ ਹੈਦਰ, ਮੇਹਰ ਸਿੰਘ ਮੇਹਰ, ਬੀਬੀ ਇੰਦਰਜੀਤ ਕੌਰ, ਭਾਈ ਵੀਰ ਸਿੰਘ, ਕੇ ਐਸ. ਪੰਛੀ, ਨਰਿੰਦਰ ਸਿੰਘ ਸੋਚ, ਧਨਵੰਤ ਸਿੰਘ ਸੀਤਲ, ਹਰੀ ਸਿੰਘ ਜਾਚਕ, ਬਲਬੀਰ ਸਿੰਘ ਪੰਜਾਬੀ, ਦਿਲਸ਼ਾਦ ਕਵੀ, ਬੀਰ ਸਿੰਘ, ਕਰਤਾਰ ਸਿੰਘ ਹਿੱਤਕਾਰੀ ਆਦਿ। ਇਹ ਪੰਜਾਬੀ ਕਹਾਣੀ ਦੇ ਆਰੰਭਿਕ ਕਹਾਣੀਕਾਰ ਕਿੱਧਰ ਗਵਾਚ ਗਏ ਨੇ, ਜਿਹੜੇ ਸਹਿਜੇ ਕੀਤਿਆਂ ਲੱਭਦੇ ਨਹੀਂ।

ਪਿਛਲੇ ਸਮੇਂ 'ਚ ਇਨ੍ਹਾਂ ਗਵਾਚ ਗਏ ਕਹਾਣੀਕਾਰਾਂ ਦੀਆਂ ਮੈਂ ਕਹਾਣੀਆਂ ਪੜ੍ਹੀਆਂ। ਨਾਲ ਹੀ 'ਹਿੰਦੀ ਦੀਆਂ ਆਰੰਭਿਕ ਕਹਾਣੀਆਂ' ਵੀ ਪੜ੍ਹੀਆਂ। ਮੈਂ ਇਕ ਸਦੀ ਪਿੱਛੇ ਪਰਤ ਗਿਆ। ਮੇਰੇ ਜ਼ਿਹਨ ਵਿਚ ਬਸਤੀਵਾਦੀ ਸਮੇਂ, ਭਾਰਤ ਦਾ ਹਿੰਦੀ ਖੇਤਰ ਅਤੇ ਪੰਜਾਬ ਘੁੰਮਣ ਲੱਗ ਪਿਆ। ਪੰਜਾਬੀ ਦੀ ਆਰੰਭਿਕ ਕਹਾਣੀ ਮੈਂ ਇਸ ਲਈ ਨਹੀਂ ਪੜ੍ਹ ਰਿਹਾ ਸਾਂ ਕਿ ਮੈਂ ਕੋਈ ਕਹਾਣੀ ਦਾ ਇਤਿਹਾਸ ਲਿਖਣਾ ਏ ਜਾਂ ਮੈਨੂੰ ਕਿਸੇ ਯੂ. ਜੀ. ਸੀ. ਵੱਲੋਂ ਲੱਖਾ ਰੁਪਏ ਦਾ ਪ੍ਰੋਜੈਕਟ ਮਿਲਿਆ ਏ। ਮੈਂ ਤਾਂ ਉਸ ਸਮੇਂ ਨੂੰ ਪੜ੍ਹਨਾ ਚਾਹੁੰਦਾ ਸਾਂ ਜਿਸ ਸਮੇਂ ਦੀ ਇਹ ਕਹਾਣੀ ਗੱਲ ਕਰਦੀ ਏ। ਮੈਂ ਤਾਂ ਉਸ ਸਮੇਂ ਦੀ ਸਮਾਜਿਕ ਇਤਿਹਾਸਕਾਰੀ ਸਮਝਣਾ ਚਾਹੁੰਦਾ ਸਾਂ। ਤੇ ਮੈਂ ਇਹ ਵੀ ਸਮਝਣਾ ਚਾਹੁੰਦਾ ਸਾਂ ਕਿ ਉਸ ਸਮੇਂ ਮਨੁੱਖੀ ਰਿਸ਼ਤੇ ਕਿਸ ਕਿਸਮ ਦੇ ਨੇ... ਉਸ ਵੇਲੇ ਲੋਕਾਂ ਦੀ ਆਰਥਿਕ ਸਥਿਤੀ ਕਿਸ ਕਿਸਮ ਦੀ ਏ... ਉਸ ਸਮੇਂ ਦੀ ਰਾਜਨੀਤਿਕ ਸਥਿਤੀ ਕਿਸ ਕਿਸਮ ਦੀ ਏ.... ਉਸ ਸਮੇਂ ਧਰਮਾਂ ਤੇ ਜਾਤਾਂ ਨੂੰ ਲੈ ਕੇ ਲੋਕ ਕਿਸ ਤਰ੍ਹਾਂ ਵਿਚਰਦੇ ਨੇ। ਅੱਜ ਦੀ ਕਹਾਣੀ ਸਮਝਣ ਲਈ ਸਾਨੂੰ ਆਰੰਭਿਕ ਪੰਜਾਬੀ ਕਹਾਣੀ ਵੱਲ ਜਾਣਾ ਪਵੇਗਾ। ਪਰ ਅੱਜ ਸਥਿਤੀ ਇਹ ਬਣ ਗਈ ਏ ਕਿ ਅੱਜ ਦੇ ਕਈ ਨਵੇਂ ਪੋਚ ਦੇ ਕਹਾਣੀਕਾਰ ਇਸ ਲਈ ਆਪਣੀ ਪਿਛਲੀ ਪੀੜ੍ਹੀ ਦੀ

ਕਹਾਣੀ ਨਹੀਂ ਪੜ੍ਹਦੇ ਕਿ ਕਿਤੇ ਮੌਲਕਤਾ ਹੀ ਖਤਮ ਨਾ ਹੋ ਜਾਵੇ। ਕਹਾਣੀ ਦੇ ਖੇਤਰ ਵਿਚ ਤੇਜੀ ਨਾਲ ਉਭਰੀ ਇਕ ਬੀਬੀ ਨੂੰ ਮੈਂ ਪੁੱਛਿਆ ਕਿ ਤੂੰ ਵਿਰਕ, ਪ੍ਰੇਮ ਪ੍ਰਕਾਸ਼, ਜਾਂ ਮੇਰੀ ਪੀੜ੍ਹੀ ਦੇ ਕਹਾਣੀਕਾਰ ਪੜ੍ਹੇ ਨੇ ਤਾਂ ਉਹਨੇ ਬਿਨਾ ਝਿਜਕ ਕਿਹਾ ਕਿ ਮੈਂ ਇਸ ਲਈ ਕਹਾਣੀਆਂ ਨਹੀਂ ਪੜ੍ਹਦੀ ਕਿ ਕਿਤੇ ਮੇਰੀ ਮੌਲਿਕਤਾ ਹੀ ਨਾ ਜਾਂਦੀ ਰਹੇ, ਕਿਤੇ ਮੈਂ ਉਨ੍ਹਾਂ ਦੇ ਪ੍ਰਭਾਵ ਥੱਲੇ ਆ ਕੇ ਉਨ੍ਹਾਂ ਵਰਗੀ ਕਹਾਣੀ ਨਾ ਲਿਖਣ ਲੱਗ ਜਾਵਾ। ਮੈਂ ਉਸ ਦੀ ਗੱਲ ਸੁਣ ਕੇ ਹੱਸ ਪਿਆ। ਅੱਜ ਦਾ ਲੇਖਕ ਸਾਹਿਤ ਪੜ੍ਹਨ ਦੀ ਬਜਾਇ ਆਪਣਾ ਸਮਾਂ ਸ਼ੋਸ਼ਲ ਮੀਡੀਏ ਉੱਤੇ ਲਗਾ ਰਿਹਾ ਏ। ਆਪਣੀ ਫੋਟੋ ਤੇ ਰਚਨਾ ਦੇ ਲਾਇਕ ਗਿਣ ਗਿਣ ਕੇ ਖੁਸ਼ ਹੋਈ ਜਾ ਰਿਹਾ ਏ। ਇਸ ਤਰ੍ਹਾਂ ਕਰਦਿਆਂ ਉਹ ਆਪਣੀ ਮੌਲਿਕਤਾ ਨਹੀਂ ਬਚਾ ਰਿਹਾ ਬਲਕਿ ਆਪਣੇ ਆਪ ਨੂੰ ਖਤਮ ਕਰ ਰਿਹਾ ਏ। ਆਪਣੀ ਫੋਟੋ ਹੀ ਵਾਰ ਵਾਰ ਵੇਖੀ ਜਾ ਰਿਹਾ ਏ। ਆਪਣੀ ਰਚਨਾ ਹੀ ਵਾਰ ਵਾਰ ਪੜ੍ਹੀ ਜਾ ਰਿਹਾ ਏ। ਇਸ ਦਾ ਸਿੱਟਾ ਤੁਹਾਡੇ ਸਾਹਮਣੇ ਏ। ਕਵਿਤਾ ਵਿਚ ਬੇਹੱਦ ਨਿਘਾਰ ਆ ਗਿਆ ਏ। ਕਹਾਣੀ 'ਚ ਐਨਾ ਪੇਤਲਾਪਨ ਆ ਗਿਆ ਕਿ ਕਹਾਣੀ ਤੇਜੀ ਨਾਲ ਲਿਖਣ ਦੀ ਇਕ ਦੌੜ ਲੱਗ ਗਈ ਏ। ਬਹੁਤੇ ਲੇਖਕ ਤੇਜੀ ਨਾਲ ਲਿਖ ਤੇ ਛਪਵਾਉਣ ਉਪਰੰਤ... ਨੱਠ ਕੇ ਇਨਾਮ ਲੈਣ ਲਈ ਲੱਗੀ ਕਤਾਰ 'ਚ ਲੱਗ ਰਹੇ ਨੇ। ਸਾਨੂੰ ਚੇਤੇ ਰੱਖਣਾ ਪਵੇਗਾ ਕਿ ਸਮੇਂ ਦਾ ਛਾਨਣਾ ਜਦੋਂ ਸਮਕਾਲੀ ਕਹਾਣੀ ਨੂੰ ਲੱਗੇ ਗਾ ਤਾਂ ਕਮਜ਼ੋਰ ਕਹਾਣੀਆਂ ਨੂੰ ਇਨਾਮਾਂ ਦੀਆਂ ਫੌੜ੍ਹੀਆਂ ਵੀ ਬਚਾ ਨਹੀਂ ਸਕਣਗੀਆਂ।

ਬਾਹਰਹਾਲ ਮੈਂ ਪਿੱਛੇ ਨੂੰ ਪਰਤਦਾ ਹਾਂ। ਆਪਣੀ ਗੱਲ ਆਰੰਭਿਕ ਕਹਾਣੀਆਂ ਦੀ ਕਰਦਾ ਹਾਂ। ਮੇਰੇ ਜ਼ਿਹਨ 'ਚ ਪੰਜਾਬੀ ਦੀਆਂ ਗਵਾਚ ਗਈਆਂ ਕਹਾਣੀਆਂ ਘੁੰਮ ਰਹੀਆਂ ਨੇ। ਮੇਰੇ ਜ਼ਿਹਨ 'ਚ ਅਨੇਕਾਂ ਨਾਂ ਘੁੰਮ ਰਹੇ ਨੇ ਜੋ ਸਮੇਂ ਦੇ ਛਾਨਣੇ 'ਚ ਇਕ-ਇਕ ਕਰਕੇ ਕਿਰ ਕੇ ਗਵਾਚ ਗਏ ਨੇ। ਏਥੇ ਇਨ੍ਹਾਂ ਕਹਾਣੀਆਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਨ ਦਾ ਸਮਾਂ ਨਹੀਂ ਨਾ ਹੀ ਸਮਕਾਲੀ ਪੰਜਾਬੀ ਕਹਾਣੀ ਨਾਲ ਤੁਲਨਾਤਮਿਕ ਅਧਿਐਨ ਕਰਨ ਦਾ। ਇਨ੍ਹਾਂ ਵਿਚਲੀਆਂ ਖੂਬੀਆਂ ਮੈਂ ਆਪਣੇ ਤਰੀਕੇ ਨਾਲ ਲੱਭੀਆਂ ਨੇ। ਮੇਰੇ ਮਨ 'ਚ ਡਾ ਮੋਹਨ ਸਿੰਘ ਦੀਵਾਨਾ ਦੀ ਕਹਾਣੀ 'ਇੱਕੋ ਟਾਂਡਾ' ਘੁੰਮ ਰਹੀ ਏ। ਇਸ ਕਹਾਣੀ ਦਾ ਧਰਾਤਲ 1906 ਦਾ ਏ। ਇਹ ਸਮਾਂ ਮਹਾਂਮਾਰੀ ਪਲੇਗ ਦਾ ਸੀ। ਮੈਨੂੰ ਇਸ ਕਹਾਣੀ 'ਚ ਪੰਜਾਬੀ ਸੱਭਿਆਚਾਰ ਦੇ ਗੂੜੇ ਵੇਰਵੇ ਪੜ੍ਹਨ ਨੂੰ ਮਿਲੇ। ਮੈਂ ਇਹੋ ਜਿਹੇ ਫ਼ਿਕਰਿਆਂ ਨਾਲ ਉਨ੍ਹਾਂ ਲੋਕਾਂ ਦੀ ਭਾਸ਼ਾ ਸਮਝੀ, 'ਜਾਹ ਓਇ, ਕਾਚੂ ਘਿਨ ਆਣ ਦੇਹਸੂ।" ਚਰਨ ਸਿੰਘ ਸ਼ਹੀਦ ਆਪਣੀ ਕਹਾਣੀ 'ਨੀਂਦਰ ਹਰਾਮ' ਵਿਚ ਮਨੁੱਖੀ ਮਨ ਦੀਆਂ ਦੱਬੀਆਂ ਸੱਧਰਾਂ ਦੀ ਗੱਲ ਕਰਦਾ ਏ। ਮੈਂ ਉਸ ਵੇਲੇ ਦੀ ਜਾਤ-ਪਾਤ ਨੂੰ ਲੈ ਕੇ ਸਮਾਜਿਕ ਦਰਜਾਬੰਦੀ ਵੀ ਸਮਝਣਾ ਚਾਹੁੰਦਾ ਸਾਂ ਤੇ ਮੈਨੂੰ ਹਰਨਾਮ ਸਿੰਘ ਤੇਗ ਦੀ ਕਹਾਣੀ 'ਅਛੂਤ ਠਾਕੁਰ' ਪੜ੍ਹਨ ਨੂੰ ਮਿਲਦੀ ਏ। ਇਹ ਕਹਾਣੀ 1936 ਵਿੱਚ ਛਪਦੀ ਏ। ਕੁਝ ਮਾਨਵਵਾਦੀ ਪਹੁੰਚ ਵਾਲੇ ਪੰਜਾਬੀ ਦੇ ਕਹਾਣੀਕਾਰ ਅਛੂਤ ਜਾਤੀਆਂ ਨਾਲ ਸਬੰਧਤ ਪ੍ਰਮੁੱਖ ਸਮੱਸਿਆ 'ਭਿੱਟ', 'ਛੂਤ-ਛਾਤ' ਨੂੰ ਲੈ ਕੇ ਓਸ ਵੇਲੇ ਵੀ ਕਹਾਣੀਆਂ ਦੀ ਸਿਰਜਣਾ ਕਰ ਰਹੇ ਸਨ। ਹਰਨਾਮ ਸਿੰਘ ਤੇਗ ਵੀ ਇਸੇ ਪ੍ਰਭਾਵ ਥੱਲੇ ਇਹ ਕਹਾਣੀ 'ਅਛੂਤ ਠਾਕੁਰ' ਲਿਖਦਾ ਏ। ਕਹਾਣੀ ਦੇ ਬਿਰਤਾਂਤ ਰਾਹੀਂ ਇਹ ਮੁੱਦਾ ਭਰਵੇਂ ਰੂਪ ਵਿੱਚ ਉਭਾਰਦਾ ਏ ਕਿ ਬ੍ਰਾਹਮਣ ਲੋਕ ਆਪਣੇ ਆਪ ਨੂੰ ਉੱਚ ਦਰਜੇ ਦੇ ਅਤੇ ਦਲਿਤਾਂ ਅਛੂਤਾਂ ਨੂੰ ਸਮਾਜਿਕ ਦਰਜਾ ਬੰਦੀ ਦੇ ਹੇਠਲੇ ਪੌਡੇ ਦੇ ਲੋਕ ਸਮਝਦੇ ਸਨ, ਜਿਨ੍ਹਾਂ ਦਾ ਉਸ ਵੇਲੇ ਜੀਵਨ ਨਰਕ ਭਰਿਆ ਸੀ। ਉਨ੍ਹਾਂ ਨੂੰ ਮੁੱਢਲੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਂਦਾ ਸੀ।

ਕਹਾਣੀ ਵਿੱਚ ਅਛੂਤ ਰਾਮੂ ਤੇ ਮਾਲਣ ਦੀ ਜੀਵਨ ਕਹਾਣੀ ਏ। ਰਾਮੂ ਮਾਂਦਰੀ ਏ। ਕਹਾਣੀ ਵਿੱਚ ਅਛੂਤ ਦੀ ਮਨੋਚੇਤਨਾ ਉਭਰਵੇਂ ਰੂਪ 'ਚ ਪੇਸ਼ ਹੁੰਦੀ ਏ ਕਿ ਘਰ ਦੀ ਖੁਸ਼ਹਾਲੀ ਲਈ ਬ੍ਰਾਹਮਣ ਨੂੰ ਘਰ

ਸੱਦਣਾ ਤੇ ਭੋਜਣ ਛਕਾਉਣਾ ਜ਼ਰੂਰੀ ਹੁੰਦਾ ਏ।ਅਜਿਹੀ ਰਾਮੂ ਦੇ ਮੁੰਡੇ ਦੀ ਧਾਰਨਾ ਏ ਪਰ ਮਾਂ ਕਹਿੰਦੀ ਏ,

"ਬੇਟਾ ਉਹ ਬ੍ਰਾਹਮਣ, ਪਵਿੱਤਰ, ਬ੍ਰਹਮਾਂ ਦੇ ਮੂੰਹ 'ਚੋਂ ਪੈਦਾ ਹੋਣ ਵਾਲੇ ਤੇ ਅਸੀਂ ਅਛੂਤ, ਮੈਲ਼ੇ ਤੇ ਕਮੀਨੇ ਉਹ ਕਦ ਸਾਡੇ ਘਰ ਆਵਨਗੇ।"

ਪਰ ਉਹ ਬ੍ਰਾਹਮਣ ਦੇ ਘਰ ਉਸ ਨੂੰ ਲੈਣ ਜਾਂਦਾ ਏ ਤੇ ਉੱਥੇ ਉਹ ਬ੍ਰਾਹਮਣ ਦੇ ਕੰਮ ਕਰਾਉਣ ਦੇ ਚੱਕਰਵਿਊ ਵਿੱਚ ਫਸ ਜਾਂਦਾ ਏ।ਕਹਾਣੀ ਅੱਗੇ ਮੋੜ ਕੱਟਦੀ ਏ ਜਦੋਂ ਬ੍ਰਾਹਮਣ ਦੇ ਸੱਪ ਲੜ ਜਾਂਦਾ ਏ, ਉਹ ਮਰਨ ਕਿਨਾਰੇ ਪਿਆ ਏ, ਉਦੋਂ ਹੀ ਰਾਮੂ ਮਾਂਦਰੀ ਦੇ ਮੁੰਡੇ ਦੀ ਯਾਦ ਆਉਂਦੀ ਏ।ਉਸ ਵੇਲੇ 'ਭਿੱਟ-ਛੂਤ' ਭੁੱਲ ਜਾਂਦੀ ਏ।ਖ਼ੈਰ ਉਹ ਬਚ ਜਾਂਦਾ ਏ।ਮੁੱਖ ਕਹਾਣੀ ਨਾਲ ਇਕ ਕਹਾਣੀ ਬ੍ਰਾਹਮਣ ਦੀ ਲੜਕੀ ਦੀ ਚੱਲਦੀ ਏ।ਉਹ ਰਾਮੂ ਦੇ ਮੁੰਡੇ ਵੱਲ ਉਲਾਰ ਹੋ ਜਾਂਦੀ ਏ ਤੇ ਦਾਨ ਵਿੱਚ ਉਸ ਮੁੰਡੇ ਨੂੰ ਮੰਗ ਲੈਂਦੀ ਏ। ਕਹਾਣੀਕਾਰ ਨੇ ਦੋਹਾਂ ਨੂੰ ਬੜੇ ਨਾਟਕੀ ਤਰੀਕੇ ਨਾਲ ਇਕੱਠਿਆ ਕਰਕੇ ਜਾਤ-ਪਾਤ, ਛੂਤ-ਛਾਤ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ ਏ।ਲੇਖਕ ਦੋਹਾਂ ਨੂੰ 'ਖੰਡੇ ਦਾ ਅੰਮ੍ਰਿਤ' ਛਕਾ ਕੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰਾ ਕੇ ਇੱਕ ਹੋਰ ਮੋੜ ਦੇ ਦਿੰਦਾ ਏ।ਲੇਖਕ ਅਦਰਸ਼ਵਾਦੀ ਵਿਚਾਰ ਉਭਾਰਨਾ ਚਾਹੁੰਦਾ ਏ ਕਿ ਸਿੱਖੀ ਵਿੱਚ ਜਾਤ-ਪਾਤ ਲਈ ਥਾਂ ਨਹੀਂ ਏ। ਕਹਾਣੀ ਬ੍ਰਾਹਮਣਵਾਦੀ ਸੋਚ ਤੋਂ ਨਾਬਰੀ ਅਤੇ ਗੁਰੂਆਂ ਦੀ ਸਰਬੱਤ ਦੇ ਭਲੇ ਵਾਲੀ ਸੋਚ ਉੱਤੇ ਪਹਿਰਾ ਦਿੰਦੀ ਏ।

ਅੱਗੇ ਗੁਰਚਰਨ ਸਿੰਘ ਦੀ ਕਹਾਣੀ 'ਡੁੱਡਾ' ਮੇਰੇ ਸਾਹਮਣੇ ਏ, ਕਹਾਣੀਕਾਰ ਅੰਗੋ-ਪੈਰੋਂ ਹੀਣੇ ਬੰਦੇ ਦੀ ਵੇਦਨਾ ਕਹਿੰਦਾ ਏ। ਅਧੂਰੇ ਮਨੁੱਖ ਦੀ ਕਿੰਨੀ ਕੁ ਸਮਾਜਿਕ ਹੋਂਦ ਹੁੰਦੀ ਏ। ਕਹਾਣੀ ਇਸ ਮੁੱਦੇ ਨੂੰ ਖ਼ੂਬਸੂਰਤੀ ਨਾਲ ਉਭਾਰਦੀ ਏ।ਸੁਰਿੰਦਰ ਸਿੰਘ ਨਰੂਲਾ ਹਾਲਾਂ ਕਿ ਨਾਵਲਕਾਰ ਦੇ ਤੌਰ ਤੇ ਸਾਡੇ ਮਨਾਂ ਵਿਚ ਵਸਿਆ ਹੋਇਆ ਏ।ਪਰ ਉਸ ਨੂੰ ਇਕ ਕਹਾਣੀਕਾਰ ਦੇ ਤੌਰ 'ਤੇ ਅਸੀਂ ਭੁੱਲੀ ਬੈਠੇ ਹਾਂ।ਉਸ ਦੀ ਇਕ ਕਹਾਣੀ ਏ 'ਜਾਗੋ ਮੀਟੇ ਵਿੱਚ' ਕਹਾਣੀ ਦੇ ਸ਼ੁਰੂ 'ਚ ਦ੍ਰਿਸ਼ ਉਭਰਦਾ ਏ ਕਿ ਹਰੀਆ ਦਫ਼ਤਰ ਦੇ ਬੂਹੇ ਅੱਗੇ ਬੈਠਾ ਪੱਖੇ ਦੀ ਰੱਸੀ ਨੂੰ ਖਿੱਚ ਰਿਹਾ ਏ।ਇਸ ਕਹਾਣੀ ਰਾਹੀਂ ਅਸੀਂ ਸਮਝਦੇ ਹਾਂ ਕਿ ਉਸ ਵੇਲੇ ਲੋਕਾਂ ਦੀ ਸਮਾਜਿਕ ਸਥਿਤੀ ਕਿਸ ਤਰ੍ਹਾਂ ਦੀ ਰਹੀ ਏ। ਪੜ੍ਹ ਲਿਖ ਗਿਆ ਅਮੀਰ ਤਬਕਾ ਕਿਵੇਂ ਆਪਣੇ ਤੋਂ ਹੇਠਲੇ ਤਬਕੇ ਦਾ ਸ਼ੋਸ਼ਣ ਕਰਦਾ ਏ। ਇਸ ਕਹਾਣੀ ਨੂੰ ਮੈਂ ਇਸ ਤਰ੍ਹਾਂ ਸਮਝਿਆ ਏ। ਨੌਕਰ ਉੱਤੇ ਪੱਖਾ ਖਿੱਚਣ ਦਾ ਬੋਝ ਏ। ਜਿਸ ਕਾਰਨ ਉਹਨੂੰ ਨੀਂਦਰ ਆਉਂਦੀ ਏ ਪਰ ਮਾਲਕ ਉਹਨੂੰ ਜਬਰੀ ਕੰਮ ਕਰਵਾ ਰਿਹਾ ਏ। ਮੇਰੇ ਲਈ ਹਰੀ ਸਿੰਘ ਦਿਲਬਰ ਦੀ ਕਹਾਣੀ 'ਮੋਤੀ' ਵੀ ਕਾਫੀ ਦਿਲਚਸਪ ਏ। ਜਿਹੜੀ ਬੱਕਰੀਆਂ ਚਾਰਨ ਵਾਲੇ ਰੁਲ਼ੀਏ ਦੀ ਗੱਲ ਕਰਦੀ ਏ। ਹਾਲਾਤ ਇਹ ਬਣਦੇ ਨੇ ਕਿ ਉਸ ਦਾ ਮਨੁੱਖੀ ਪਿਆਰ ਜਨੌਰਾਂ ਦੇ ਪਿਆਰ 'ਚ ਬਦਲ ਜਾਂਦਾ ਏ।ਅਭੈ ਸਿੰਘ ਦੀ ਕਹਾਣੀ 'ਗ਼ਰੀਬ ਦੀ ਚੁੱਪ' ਵਿਚ ਮੈਨੂੰ ਲਾਲਾ ਨੱਥੂ ਸ਼ਾਹ ਦਾ ਬਿਰਤਾਂਤ ਖਿੱਚ ਭਰਪੂਰ ਲੱਗਾ ਏ।ਉਸ ਸਮੇਂ ਦੀ ਕਹਾਣੀ ਫ਼ਿਰਕੂ ਮਹੌਲ ਨੂੰ ਵੀ ਚਿਤਰਦੀ ਏ।ਕਿ ਫ਼ਿਰਕੂ ਮਹੌਲ ਕਿਵੇਂ ਮਨੁੱਖਤਾ ਦੀ ਹੋਂਦ ਖਤਰੇ 'ਚ ਪਾ ਦਿੰਦਾ ਏ।ਧਨੀ ਰਾਮ ਚਾਤ੍ਰਿਕ ਨੂੰ ਮੈਂ ਬਤੌਰ ਕਵੀ ਹੀ ਜਾਣਦਾ ਸਾਂ... ਆਰੰਭਿਕ ਕਹਾਣੀਆਂ ਲੱਭਦਿਆਂ ਮੈਨੂੰ ਚਾਤ੍ਰਿਕ ਦੀ ਕਹਾਣੀ 'ਪੈਂਚ ਪਰਮੇਸ਼ਰ' ਪੜ੍ਹਨ ਨੂੰ ਮਿਲਦੀ ਏ।ਉਹ ਆਪਣੀ ਕਹਾਣੀ 'ਚ ਸਿੱਖ ਮੁਸਲਿਮ ਦੀ ਸਾਂਝ ਦੀ ਕਹਾਣੀ ਕਹਿੰਦਾ ਏ।ਹੀਰਾ ਸਿੰਘ ਤੇ ਐਹਮਦ ਸ਼ਾਹ ਦੋ ਪਾਤਰਾਂ ਨੂੰ ਉਸ ਨੇ ਉਨ੍ਹਾਂ ਦੇ ਆਪਣੀ ਜਾਤੀ ਕਲਚਰ ਦੇ ਪਿਛੋਕੜ 'ਚ ਚਿਤਰਿਆ ਏ।ਚਾਤ੍ਰਿਕ ਆਪਣੀ ਕਹਾਣੀ 'ਚ ਦੋ ਸਮਾਜਾਂ ਦਾ ਗੂੜ੍ਹਾ ਕਲਚਰ ਪੇਸ਼ ਕਰਦਾ ਏ।ਮੇਰੇ ਲਈ ਇਸ ਤਰ੍ਹਾਂ ਦਾ ਬਿਰਤਾਂਤ ਪੜ੍ਹਨਾ ਦਿਲਚਸਪ ਸੀ।

ਚਲੋ ਇਹ ਤਾਂ ਆਰੰਭਲੇ ਕਹਾਣੀਕਾਰ ਸਨ।ਭਲਾ ਇਸ ਤੋਂ ਬਾਅਦ ਦੇ ਅਨੇਕਾਂ ਨਾਂ ਅਸੀਂ ਕਿਵੇਂ ਭੁੱਲ

ਗਏ ਹਾਂ। ਕਦੇ ਉਨ੍ਹਾਂ ਦਾ ਜ਼ਿਕਰ ਹੀ ਨਹੀਂ ਕਰਦੇ। ਭਲਾ ਕਿੱਧਰ ਚਲੇ ਗਏ ਨੇ ਓਹ ਕਹਾਣੀਕਾਰ...!!!

ਜਸਵੰਤ ਸਿੰਘ ਕੰਵਲ ਨੇ ਅਨੇਕਾਂ ਕਹਾਣੀਆਂ ਲਿਖੀਆਂ ਨੇ। ਉਹਦੀਆਂ ਕਹਾਣੀਆਂ ਦੇ ਬੜੇ ਰੰਗ ਨੇ। ਦਸ ਕਹਾਣੀਆਂ ਦੇ ਸੰਗ੍ਰਹਿ ਨੇ। ਲੋਅ ਚੁਬਾਰੇ ਦੀ ਵਾਲਾ ਬੂਟਾ ਸਿੰਘ ਕਿਧਰ ਗਿਆ? ਮਹਿੰਦਰ ਸਿੰਘ ਜੋਸ਼ੀ, ਸਿੱਖ ਇਤਿਹਾਸ ਦਾ ਨਾਵਲਕਾਰ ਹਰਨਾਮ ਦਾਸ ਸਹਿਰਾਈ ਨੇ ਵੀ ਕਹਾਣੀਆਂ ਲਿਖੀਆਂ ਉਸ ਦੀ ਇਕ ਕਹਾਣੀ ਵੀ ਕਿਤੇ ਨਹੀਂ ਲੱਭਦੀ, ਜਿਸ ਦੀ ਗੱਲ ਕੀਤੀ ਜਾਵੇ ਜਾਂ ਸਾਡੇ ਚੇਤਿਆਂ ਵਿਚ ਵਸੀ ਹੋਵੇ। ਤੁਸੀਂ ਹੈਰਾਨ ਹੋਵੋਗੇ ਅਜੀਤ ਸੈਣੀ ਵੀ ਕੋਈ ਕਹਾਣੀਕਾਰ ਹੁੰਦਾ ਸੀ? ਮੈਨੂੰ ਚੇਤੇ ਆ ਮੈਂ ਉਦੋਂ ਨਵਾਂ ਨਵਾਂ ਲਿਖਣ ਲੱਗਾ ਸਾਂ ਤਾਂ ਅਖਬਾਰਾਂ ਵਿਚ ਸਾਹਿਤਕ ਸਮਾਗਮਾਂ ਬਾਰੇ ਪੜ੍ਹ ਕੇ ਸਾਇਕਲ ਚੁੱਕ ਕੇ ਤੁਰ ਪੈਂਦਾ ਸਾਂ। ਇਕ ਵਾਰ ਅਜੀਤ ਸੈਣੀ ਦੀ ਕੋਈ ਕਿਤਾਬ 'ਤੇ ਗੋਸ਼ਟੀ ਸੀ। ਉੱਥੇ ਆਏ ਲੋਕਾਂ ਨੇ ਉਹਦੀ ਕਹਾਣੀ ਦੀ ਬੜੀ ਤਰੀਫ਼ ਕੀਤੀ ਸੀ। ਮੈਂ ਉਦੋਂ ਲਾਇਬਰੇਰੀ ਵਿੱਚੋਂ ਉਹਦੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹੀਆਂ ਵੀ ਸੀ। ਪਰ ਹੁਣ ਮੇਰੇ ਜ਼ਿਹਨ ਵਿਚ ਉਹਦੀ ਕੋਈ ਕਹਾਣੀ ਨਹੀਂ ਆ ਰਹੀ। ਗੁਰਮੁਖ ਸਿੰਘ ਜੀਤ ਨੇ ਵੀ ਬਹੁਤ ਕਹਾਣੀਆਂ ਦੀਆਂ ਕਿਤਾਬਾਂ ਲਿਖੀਆਂ। ਲੋਚਨ ਬਖਸ਼ੀ, ਤਰਲੋਕ ਮਨਸੂਰ, ਸੁਰਿੰਦਰ ਸਿੰਘ ਜੌਹਰ ਬਥੇਰੇ ਨਾਂ ਨੇ। ਲਓ ਸੁਰਜੀਤ ਸੇਠੀ ਨੂੰ ਸਾਰੇ ਨਾਟਕਕਾਰ ਹੀ ਸਮਝੀ ਜਾਂਦੇ ਨੇ ਤੇ ਪ੍ਰਭਜੋਤ ਕੌਰ ਨੂੰ ਕਵਿਤਰੀ ਸਮੇਤ ਮੇਰੇ। ਤੁਹਾਨੂੰ ਪਤੈ ਸੇਠੀ ਨੇ ਵੀ 6-7 ਕਹਾਣੀਆਂ ਦੀਆਂ ਕਿਤਾਬਾਂ ਲਿਖੀਆਂ ਨੇ। ਪਰ ਉਸ ਦੀ ਇਕ ਕਹਾਣੀ ਵੀ ਸਾਡੇ ਤੱਕ ਨਹੀਂ ਪਹੁੰਚੀ। ਜਸਵੰਤ ਸਿੰਘ ਵਿਰਦੀ ਤਾਂ ਅਜੇ ਕੱਲ੍ਹ ਦੀਆਂ ਗੱਲਾਂ ਨੇ। ਉਹਨੂੰ ਵੀ ਅਸੀਂ ਭੁਲਾ ਦਿੱਤਾ ਏ। ਕਿਸੇ ਸਮੇਂ ਉਹ ਸਭ ਤੋਂ ਤੇਜ਼ ਲਿਖਣ ਵਾਲਾ ਕਹਾਣੀਕਾਰ ਮੰਨਿਆ ਗਿਆ ਸੀ। ਕਹਿੰਦੇ ਨੇ ਉਹ ਮਹੀਨੇ 'ਚ ਚਾਰ-ਪੰਜ ਕਹਾਣੀਆਂ ਲਿਖਦਾ ਸੀ। 'ਪੁਲ' ਵਰਗੀ ਕਹਾਣੀ ਮੇਰੇ ਚੇਤਿਆ 'ਚ ਅੱਜ ਵੀ ਆ ਜਾਂਦੀ ਏ। ਉਹਨੂੰ ਵੀ ਅਸੀਂ ਲੋਕਾਂ ਨੇ ਭੁਲਾ ਦਿੱਤਾ ਏ। ਕੋਈ ਪ੍ਰਕਾਸ਼ਕ ਉਹਨੂੰ ਦੁਬਾਰਾ ਛਾਪਣ ਨੂੰ ਤਿਆਰ ਨਹੀਂ। ਹੀਰਾ ਸਿੰਘ ਦਰਦ ਦੀਆਂ ਸਾਰੀਆਂ ਕਹਾਣੀਆਂ ਉਸ ਦੇ ਬੇਟੇ ਨੇ ਯਤਨ ਕਰਕੇ ਛਾਪ ਦਿੱਤੀਆਂ ਨੇ। ਦੋ ਕੁ ਦਰਜਨ ਕਹਾਣੀਕਾਰ ਹੋਰ ਹੋਣਗੇ ਜਿਨ੍ਹਾਂ ਦਾ ਸਮੱਗਰ ਰੂਪ ਸਾਨੂੰ ਅੱਜ ਪੜ੍ਹਨ ਨੂੰ ਮਿਲ ਜਾਂਦਾ ਏ। ਪੰਜਾਬੀ ਕਹਾਣੀ 'ਚ ਕਈ ਪੀੜ੍ਹੀਆਂ ਆ ਗਈਆਂ ਨੇ। ਹੁਣ ਤਾਂ ਪੰਜਵੀਂ ਪੀੜ੍ਹੀ ਦੀ ਪਛਾਣ ਹੋਣ ਲੱਗ ਪਈ ਏ। ਭਾਵ ਕਿ ਕਹਾਣੀ ਨੇ ਪੰਜ ਪੜਾਵਾ 'ਚ ਆਪਣਾ ਵਿਕਾਸ ਕਰ ਲਿਆ ਏ। ਇਨ੍ਹਾਂ ਪੰਜ ਪੀੜ੍ਹੀਆਂ ਦੇ ਕਹਾਣੀਕਾਰਾਂ ਦੀ ਕਹਾਣੀ ਦਾ ਅਧਿਐਨ ਕਰਨਾ ਤਾਂ ਆਲੋਚਕਾਂ ਦਾ ਕੰਮ ਏ। ਉਹ ਕਿਵੇਂ ਪਹਿਲੀ ਤੋਂ ਦੂਜੀ ਪੀੜ੍ਹੀ ਨੂੰ ਨਿਖੇੜਦੇ ਨੇ।

ਨੈਸ਼ਨਲ ਬੁੱਕ ਟਰੱਸਟ ਦਿੱਲੀ ਨੇ ਪੰਜਾਬੀ ਦੇ ਚੋਣਵੇਂ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਛਾਪਣ ਦਾ ਸਿਲਸਿਲਾ ਆਰੰਭ ਕੀਤਾ ਹੋਇਆ ਏ। ਐਨ. ਬੀ. ਟੀ. ਦਿੱਲੀ ਨੇ ਅੰਮ੍ਰਿਤਾ, ਸਰਨਾ, ਧੀਰ, ਅਣਖੀ, ਵਿਰਦੀ, ਢੰਡ, ਨਾਨਕ ਸਿੰਘ, ਪ੍ਰੀਤਲੜੀ, ਸੇਖੋਂ, ਨਵਤੇਜ ਆਦਿ ਕਹਾਣੀਕਾਰਾਂ ਦੇ ਚੋਣਵੇਂ ਸੰਗ੍ਰਹਿ ਛਾਪੇ ਵੀ ਹਨ। ਉਨ੍ਹਾਂ ਚੋਂ ਕਈ ਹਿੰਦੀ ਤੇ ਹੋਰ ਭਾਸ਼ਾਵਾਂ ਵਿਚ ਛਪੇ ਹਨ। ਜਿਹੜਾ ਕਿ ਤਰੀਫ਼ ਕਰਨ ਵਾਲਾ ਕਾਰਜ਼ ਏ। ਕਹਾਣੀ ਦੇ ਖੇਤਰ ਵਿਚ ਬਹੁਤ ਸਾਰੇ ਨਾਂ ਹਨ ਜਿਨ੍ਹਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਬਹੁਤ ਜ਼ਰੂਰੀ ਏ। ਜਿੰਦਰ ਨੇ 'ਸ਼ਬਦ' ਮੈਗਜ਼ੀਨ ਰਾਹੀਂ ਕੁਝ ਅਣਗੌਹਲੇ ਕਹਾਣੀਕਾਰਾਂ 'ਤੇ 'ਸ਼ਬਦ' ਦੇ ਅੰਕ ਤਿਆਰ ਕੀਤੇ ਨੇ। ਯੂਨੀਵਰਸਿਟੀਆਂ ਜਾਂ ਸਰਕਾਰੀ ਸੰਸਥਾਵਾਂ ਨੂੰ ਚਾਹੀਦਾ ਏ ਕਿ ਇਨ੍ਹਾਂ ਕਹਾਣੀਕਾਰਾਂ ਨੂੰ ਸਮੱਗਰ ਰੂਪ ਵਿਚ ਛਾਪਣ ਦਾ ਯਤਨ ਕਰੇ। ਆਰੰਭਕ ਕਹਾਣੀਆਂ ਦੇ ਹੀ ਦੋ-ਚਾਰ ਭਾਗ ਛਾਪ ਦਿੱਤੇ ਜਾਣ। ਆਰੰਭਕ ਕਹਾਣੀਆਂ ਦੇ ਸੰਗ੍ਰਹਿ ਲਾਇਬਰੇਰੀਆਂ ਵਿਚ ਵੀ ਅਸਾਨੀ ਨਾਲ ਨਹੀਂ ਲੱਭਦੇ। ਭਾਸ਼ਾ ਵਿਭਾਗ ਵੀ ਇਹ ਕੰਮ ਕਰ ਸਕਦਾ ਏ। **- ਭਗਵੰਤ ਰਸੂਲਪੁਰੀ**

ਵਿਚਾਰ ਚਰਚਾ

# ਸੁਲਘਦੇ ਸਮਿਆਂ ਦਾ ਬਿਰਤਾਂਤ ਅਤੇ ਪੰਜਾਬੀ ਕਹਾਣੀ



*ਬਲਦੇਵ ਧਾਲੀਵਾਲ, ਬਲਜੀਤ ਸਿੰਘ ਰੈਣਾ, ਦੀਪ ਦਵਿੰਦਰ, ਭਗਵੰਤ ਰਸੂਲਪੁਰੀ*

*ਚਰਚਾ ਵਿਚ ਭਾਗ ਲੈਣ ਵਾਲੇ: ਬਲਦੇਵ ਸਿੰਘ ਧਾਲੀਵਾਲ, ਦੇਸ ਰਾਜ ਕਾਲੀ, ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਦੀਪ ਦਵਿੰਦਰ ਸਿੰਘ, ਬਲਜੀਤ ਸਿੰਘ ਰੈਣਾ ਅਤੇ ਜੇ. ਬੀ. ਸੇਖੋਂ*

**ਬਲਦੇਵ ਧਾਲੀਵਾਲ**-ਜਦੋਂ ਮੈਂ ਸਮਕਾਲ ਦੇ ਪ੍ਰਸੰਗ 'ਚ ਝਾਤੀ ਮਾਰਦਾ ਹਾਂ ਤਾਂ ਮੈਂ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੱਕ ਜਾ ਕੇ ਵੇਖਦਾ ਹਾਂ। 1991 ਤੋਂ ਜਿਹੜੀਆਂ ਸਥਿਤੀਆਂ ਵਿਸ਼ਵ ਪੱਧਰ 'ਤੇ ਬਦਲੀਆਂ। ਇਹ ਸਥਿਤੀਆਂ ਸਾਡੇ ਭਾਰਤ, ਸਾਡੇ ਪੰਜਾਬ ਤੇ ਵਿਸ਼ਵ ਪੱਧਰ 'ਤੇ ਬਦਲੀਆਂ। ਉਸ ਤੋਂ ਉਪਰੰਤ ਇਕ ਨਵੀਂ ਤਰ੍ਹਾਂ ਦਾ ਸਮਾਂ ਜਾਂ ਕਹਿ ਲਓ ਯੁੱਗ ਸਾਡੇ ਸਮਾਜ 'ਚ ਸ਼ੁਰੂ ਹੁੰਦਾ ਹੈ। ਜਿਸ ਨੂੰ ਅਸੀਂ ਵਿਸ਼ਵੀਕਰਨ ਦੇ ਨਾਂ ਨਾਲ ਜਾਣਦੇ ਹਾਂ। ਪਰ ਮੈਂ ਇਸ ਨਾਲ ਸਹਿਮਤ ਨਹੀਂ ਹਾਂ ਮੇਰੀ ਧਾਰਨਾ ਹੈ ਕਿ ਇਸ ਦਾ ਨਾਂ ਸਾਨੂੰ ਨਵ ਬਸਤੀਵਾਦ ਦਾ ਰੱਖਣਾ ਚਾਹੀਦਾ ਹੈ। ਵਿਸ਼ਵੀਕਰਨ ਦਾ ਜਿਹੜਾ ਮਾਨਵੀ ਚਿਹਰਾ ਹੁੰਦਾ, ਉਹ ਇਹ ਕਿ ਸਾਰੇ ਵਿਸ਼ਵ 'ਚ ਅਦਾਨ ਪ੍ਰਦਾਨ ਵਧੇ। ਪਰ ਜਦੋਂ ਅਸੀਂ ਹਕੀਕੀ ਗੱਲਾਂ 'ਤੇ ਝਾਤੀ ਮਾਰਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਪੱਛਮ ਦੇ ਸਰਮਾਏਦਾਰ ਮੁਲਕਾਂ ਵੱਲੋਂ ਇਕ ਪਾਸੜ ਕਿਸਮ ਦਾ ਹੱਲਾ ਹੀ ਹੈ। ਵਪਾਰ ਕਰਦੇ ਹਨ ਤੇ ਮਨੁੱਖੀ ਕਿਰਤ ਲੈਂਦੇ ਹਨ। ਜਿਸ ਰਾਹੀ ਉਹ ਇਕ ਪਾਸੜ ਤਰੀਕੇ ਨਾਲ ਵਸਤੂਆਂ ਸਾਡੇ ਵੱਲ ਹੀ ਸੁੱਟਣੀਆਂ ਚਾਹੁੰਦੇ ਹਨ ਤਾਂ ਕਿ ਉਹ ਆਪਣੀ ਮੰਡੀ ਸਥਾਪਤ ਕਰ ਸਕਣ। ਇਕ ਤਰ੍ਹਾਂ ਨਾਲ ਸ਼ੋਸ਼ਣ ਕਰ ਸਕਣ ਜਿਸ ਤਰ੍ਹਾਂ ਦਾ ਸ਼ੋਸ਼ਣ ਬਸਤੀਵਾਦੀ ਦੌਰ 'ਚ ਹੁੰਦਾ ਰਿਹਾ ਹੈ। ਇਸ ਕਰਕੇ ਮੈਂ ਉਸ ਨੂੰ ਵਿਸ਼ਵੀਕਰਨ ਨਾਲੋਂ ਨਵ ਬਸਤੀਵਾਦ ਕਹਿਣਾ ਪਸੰਦ ਕਰਦਾ ਹਾਂ। ਹੁਣ ਵੇਖਣਾ ਇਹ ਹੈ ਕਿ ਇਹਦੇ ਨਾਲ ਕਿਹੜੀ ਤਬਦੀਲੀ ਆ ਗਈ ਕਿ ਸਾਡੇ ਸਮਾਜ 'ਚ ਜਿਸ ਨਾਲ ਨਵ ਬਸਤੀਵਾਦ ਦਾ ਸਾਡੇ ਉੱਤੇ ਹੱਲਾ ਜਾਂ ਪ੍ਰਭਾਵ ਵੱਧਦਾ ਹੈ। ਇਸ ਦੌਰ 'ਚ ਸਾਡੇ ਸਮਾਜ 'ਚ ਇਕ ਨਵੀਂ ਕਿਸਮ ਦਾ ਮੱਧਵਰਗ ਪੈਦਾ ਹੋਇਆ। ਉਸ ਮੱਧਵਰਗ ਦੇ ਸੁਪਨੇ ਪੱਛਮ ਵੱਲੋਂ ਆਏ ਨਵ ਪੂੰਜੀਵਾਦ ਜਾਂ ਨਵ-ਬਸਤੀਵਾਦ ਨਾਲ ਭੜਕ ਉੱਠੇ ਪਰ ਸਾਧਨ ਬਹੁਤ ਸੀਮਤ ਰਹਿ ਗਏ। ਇਸ ਕਰਕੇ ਜਿਹੜਾ ਸਾਧਨਾ ਤੇ ਸੁਪਨਿਆਂ ਵਿਚਕਾਰ ਦਾ ਪਾੜਾ ਹੈ। ਉਹ ਸਾਡੇ ਲਈ ਇਕ ਸੰਕਟ ਬਣ ਗਿਆ ਜਿਹੜਾ ਕਿ

ਪੰਜਾਬੀ ਕਹਾਣੀ 'ਚ ਬਾਅਦ ਵਿਚ ਪ੍ਰਗਟਾਇਆ ਜਾਣ ਲੱਗ ਪਿਆ। ਦੂਜਾ ਫਰਕ ਕੀ ਪਿਆ ...ਉਸ ਸਮੇਂ ਅਸੀਂ ਆਧੁਨਿਕ ਚਿੰਤਨ ਦੀਆਂ ਗੱਲਾਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ। ਜਿਵੇਂ ਕਿ ਸਿਧਾਂਤਕਾਰ ਕਹਿੰਦੇ ਨੇ ਕਿ ਜਿਵੇਂ ਥੀਸਸ ਪੈਦਾ ਹੁੰਦਾ ਹੈ ਨਾਲ ਹੀ ਐਂਟੀਂ ਥੀਸਸ ਪੈਦਾ ਹੋ ਜਾਂਦਾ ਹੈ। ਜਦੋਂ ਨਵ ਬਸਤੀਵਾਦ ਦਾ ਸਾਡੇ ਉੱਤੇ ਪ੍ਰਭਾਵ ਵੱਧਦਾ ਹੈ। ਨਾਲ ਹੀ ਵਿਰੋਧ 'ਚ ਉੱਤਰ ਬਸਤੀਵਾਦੀ ਚਿੰਤਨ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੰਦਾ ਹੈ। ਜਿਹੜਾ ਨਵ ਬਸਤੀਵਾਦ ਤੇ ਉੱਤਰ ਬਸਤੀਵਾਦ ਦਾ ਭੇੜ ਹੈ ... ਕਸ਼ਮਕਸ਼ ਹੈ। ਉਹਦੇ 'ਚੋ ਸਾਡੀ ਨਵੀਂ ਕਹਾਣੀ ਨਿਕਲਦੀ ਹੈ। ਇਸ ਤੀਹ-ਬੱਤੀ ਵਰ੍ਹਿਆਂ ਦੀ ਕਹਾਣੀ ਨੂੰ ਅਸੀਂ ਚੌਥੇ ਪੜ੍ਹਾ ਦੀ ਕਹਾਣੀ ਕਹਿ ਦਿੰਦੇ ਹਾਂ। ਕਿਉਂਕਿ ਇਨ੍ਹਾਂ ਨਵੀਆਂ ਸਥਿਤੀਆਂ ਨੇ ... ਜਿਨ੍ਹਾਂ ਨੂੰ ਅਸੀਂ ਸੁਲਘਦਾ ਸਮਾਂ ਕਹਿ ਰਹੇ ਹਾਂ..ਇਨ੍ਹਾਂ ਨਵੀਆਂ ਸਥਿਤੀਆਂ ਨੇ ਸਾਨੂੰ ਨਵਾਂ ਅਨੁਭਵ ਦਿੱਤਾ... ਨਵੀਆਂ ਚੁਣੌਤੀਆਂ... ਨਵੇਂ ਸੁਪਨੇ ਦਿੱਤੇ...ਨਵੀਆਂ ਖਹਿਸ਼ਾ ਦਿੱਤੀਆਂ... ਨਵੇਂ ਡਰ ਦਿੱਤੇ... ਨਵੇਂ ਤੌਖਲੇ ਦਿੱਤੇ... ਇਨ੍ਹਾਂ ਸਾਰਿਆਂ ਦਾ ਜੋ ਵਿਧਾ ਬਿਰਤਾਂਤ ਸਿਰਜਦੀ ਹੈ ਉਹ ਹੀ ਨਵੀਂ ਕਹਾਣੀ ਹੈ। ਇਹ ਤੀਜੇ ਪੜ੍ਹਾ ਦੀ ਕਹਾਣੀ ਨਾਲੋਂ ਆਪਣਾ ਵੱਖਦਾ ਮੁਹਾਂਦਰਾ ਸਿਰਜਦੀ ਹੈ। ਇਸ ਸਮੇਂ ਜਿਹੜੀ ਕਹਾਣੀ ਨਿਕਲੀ ਉਸ ਨੂੰ ਅਸੀਂ ਚੌਥੇ ਪੜ੍ਹਾ ਦੀ ਕਹਾਣੀ ਦੇ ਨਾਂ ਨਾਲ ਵੀ ਪਛਾਣ ਕਰਦੇ ਹਾਂ। ਮੇਰੇ ਨਾਲ ਜਿਹੜੇ ਕਹਾਣੀਕਾਰ ਗੱਲਬਾਤ ਕਰਨਗੇ ...ਇਨ੍ਹਾਂ ਨਵੇਂ ਕਹਾਣੀਕਾਰਾਂ ਨੇ ਨਵੇਂ ਅਨੁਭਵ ਨੂੰ ਪ੍ਰਗਟ ਵੀ ਕੀਤਾ ਅਤੇ ਨਵੇਂ ਨਵੇਂ ਰੂਪਾਕਾਰ ਦੇ... ਨਵੇਂ ਨਵੇਂ ਤਜ਼ਰਬੇ ਵੀ ਬਿਰਤਾਂਤਕਾਰੀ ਦੇ ਕੀਤੇ। ਕਹਾਣੀ ਕਹਿਣ ਦਾ ਨਵਾਂ ਅੰਦਾਜ਼ ਵੀ ਰੱਖਿਆ। ਸਮੁੱਚੇ ਰੂਪ ਵਿਚ ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਦਿਆਂ ਤੁਹਾਨੂੰ ਮਹਿਸੂਸ ਹੋਵੇਗਾ ਕਿ ਜਮਾਤ ਦੀ ਰਾਜਨੀਤੀ ਦੀ ਥਾਂ ਤੇ ਪਛਾਣ ਦੀ ਰਾਜਨੀਤੀ ਉਭਰਵੇ ਰੂਪ 'ਚ ਬਣਨੀ ਸ਼ੁਰੂ ਹੋ ਜਾਂਦੀ ਹੈ। ਪਛਾਣ ਦੀ ਰਾਜਨੀਤੀ ਜੋ ਹੈ ਕਿ ਜਿਹੜੀਆਂ ਹਾਸ਼ੀਆਗਤ ਪਛਾਣਾ ਸੀ...ਉਹ ਆਪਣੇ ਆਪ ਨੂੰ ਪੁਨਰ ਪ੍ਰਭਾਸ਼ਿਤ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਚਾਹੇ ਉਹ ਦਲਿਤ ਹੋਣ...ਚਾਹੇ ਉਹ ਨਾਰੀ ਹੋਵੇ ਜਾਂ ਪਰਵਾਸੀ ਹੋਣ, ਚਾਹੇ ਪਾਕਿਸਤਾਨੀ ਪੰਜਾਬੀ ਹੋਣ ਤੇ ਚਾਹੇ ਜੰਮੂ ਕਸ਼ਮੀਰ ਦਾ ਮਨੁੱਖ ਹੋਵੇ। ਜਿਹੜੇ ਸਾਡੇ ਨਾਲੋਂ ਥੋੜ੍ਹਾ ਜਿਹਾ ਵੱਖਰੀ ਕਿਸਮ ਦਾ ਮਹਿਸੂਸ ਕਰਦਾ ਹੈ। ਇਨ੍ਹਾਂ ਵੱਡੀਆਂ ਪਛਾਣਾ ਦਾ ਉਭਾਰ ਤਾਂ ਹੁੰਦਾ ਹੀ ਹੈ ਉਹਦੇ ਨਾਲ ਨਾਲ ਛੋਟੀਆਂ ਪਛਾਣਾਂ ਵੀ ਉਭਰਨੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਵੇਂ ਕਿਨਰ ਹਨ... ਜਿਨ੍ਹਾਂ ਨੂੰ ਅਸੀਂ ਮਨੁੱਖੀ ਸਮਾਜ ਦਾ ਹਿੱਸਾ ਹੀ ਨਹੀਂ ਸੀ ਸਮਝਦੇ। ਇਸ ਤਰ੍ਹਾਂ ਗੇਅ ਜਾਂ ਸਮਲਿੰਗੀ ਹਨ। ਇਨ੍ਹਾਂ ਨਿੱਕੀਆਂ ਨਿੱਕੀਆਂ ਪਛਾਣਾਂ ਵਾਲੇ ਮਨੁੱਖਾਂ ਨੂੰ ਅਸੀਂ ਮਨੁੱਖ ਹੀ ਮੰਨਣ ਤੋਂ ਇਨਕਾਰੀ ਸੀ। ਹੋਰ ਵੀ ਹਨ। ਜਿਵੇਂ ਪਿੱਛੇ ਜਿਹੇ ਜਸਵੀਰ ਰਾਣਾ ਨੇ ਇਕ ਕਹਾਣੀ ਬੌਣਿਆਂ ਬਾਰੇ ਲਿਖੀ। ਕਿ ਬੋਣੇ ਬੰਦੇ ਦਾ ਦਰਦ ਕੀ ਹੁੰਦਾ ਹੈ। ਰੰਗ-ਭੇਦ ਨੂੰ ਲੈ ਕੇ ਕਹਾਣੀਆਂ ਲਿਖੀਆਂ ਗਈਆਂ ਕਿ ਜਿਸ ਮਨੁੱਖ ਦਾ ਰੰਗ ਪੱਕਾ ਹੈ ਤਾਂ ਉਹ ਕਿਸ ਕਿਸਮ ਦੀ ਸੰਵੇਦਨਾ ਹੰਢਾਉਂਦਾ ਹੈ। ਕਹਾਣੀ 'ਚ ਇਹ ਗੱਲਾਂ ਉਭਰ ਕੇ ਆਈਆਂ ਕਿ ਇਹ ਜਿਹੜੇ ਇਨਸਾਨ ਨੌਰਮਲ ਨਹੀਂ ਹਨ ਕੀ ਉਨ੍ਹਾਂ ਨੂੰ ਹੱਕ ਨਹੀਂ ਮਿਲਣਾ ਚਾਹੀਦਾ? ਮੈਨੂੰ ਲੱਗਦਾ ਹੈ ਕਿ ਇਹ ਸਾਰੇ ਸਵਾਲ ਸਾਡੇ ਮੋਹਰੇ ਸੁਲਗਦੇ ਸਮਿਆਂ ਦੇ ਸਵਾਲ ਬਣਦੇ ਹਨ। ਇਨ੍ਹਾਂ ਮਸਲਿਆਂ ਨੂੰ ਲੈ ਕੇ ਗੱਲਾਂ ਕਰਨੀਆਂ ਹਨ। ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ, ਦੇਸ ਰਾਜ ਕਾਲੀ ਤੇ ਦੀਪ ਦਵਿੰਦਰ ਸਿੰਘ ਨਿਮਨ ਧਿਰਾਂ ਜਾਂ ਦਲਿਤ ਮਸਲਿਆਂ ਨੂੰ ਲੈ ਕੇ ਕਹਾਣੀਆਂ ਲਿਖਦੇ ਹਨ ਜੋ ਏਥੇ ਅਪਣੇ ਅਨੁਭਵ ਸਾਂਝੇ ਕਰਨਗੇ। ਜੋ ਬਲਜੀਤ ਰੈਣਾ ਹਨ ਉਹ ਜੰਮੂ ਕਸ਼ਮੀਰ ਦੇ ਵੱਖਰੀ ਤਰ੍ਹਾਂ ਸੋਚਣ ਵਾਲੇ ਮਨੁੱਖਾਂ ਦੀ ਗੱਲ ਕਰਨਗੇ, ਜੋ ਕਹਾਣੀ ਵਿਚ ਪੇਸ਼ ਹੋਏ।

ਜੋ ਅਜਮੇਰ ਸਿੱਧੂ ਹੈ ... ਇਸ ਦਾ ਕਹਾਣੀ 'ਚ ਵੱਡਾ ਨਾਂ ਹੈ। ਉਸ ਦੇ ਨੱਚੀਕੇਤਾ ਦੀ ਮੌਤ, ਖ਼ੂਹ



**ਦੇਸ ਰਾਜ ਕਾਲੀ, ਅਜਮੇਰ ਸਿੱਧੂ, ਜੇ. ਬੀ. ਸੇਖੋਂ**

ਗਿੜਦਾ ਹੈ, ਖ਼ੁਸ਼ਕ ਅੱਖ ਦਾ ਖ਼ਾਬ, ਰੰਗ ਦੀ ਬਾਜ਼ੀ ਕਹਾਣੀ ਸੰਗ੍ਰਹਿ ਹਨ। ਉਹ ਵਿਗਿਆਨ ਗਲਪ ਦਾ ਇਕੱਲਾ ਕਹਾਣੀਕਾਰ ਹੈ, ਇਸ ਵਿਸ਼ੇ ਤੇ ਇਸ ਨੇ ਕਾਫ਼ੀ ਕਹਾਣੀਆਂ ਦੀ ਸਿਰਜਣਾ ਕੀਤੀ। ਕੁਝ ਕਹਾਣੀਆਂ ਇਨ੍ਹਾਂ ਦੀਆਂ ਸ਼ਾਹਕਾਰ ਦਾ ਦਰਜ਼ਾ ਰੱਖਦੀਆਂ ਹਨ, ਜਿਵੇਂ ਇਕਬਾਲ ਹੁਸੈਨ ਮੋਇਆ ਨਹੀਂ ਜਾਂ ਸ਼ਾਇਦ ਰੰਮੀ ਮੰਨ ਜਾਵੇ ਜਾਂ ਜਹਾਜ਼ ਵਾਲੀ ਟੈਂਕੀ। ਦੇਸ ਰਾਜ ਕਾਲੀ ਹੈ... ਉਸ ਨੇ ਰਸੂਲਪੁਰੀ ਨਾਲ ਇਕ ਸਾਂਝਾ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' ਛਪਵਾ ਕੇ ਆਪਣਾ ਸਫ਼ਰ ਸ਼ੁਰੂ ਕੀਤਾ ਸੀ। ਫਿਰ ਕੱਥ ਕਾਲੀ, ਫ਼ਕੀਰੀ, ਜਹਾਂ ਚਾਹੇ ਅੱਛੀ ਨਹੀਂ ਬਨਤੀ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦਿੱਤੇ ਹਨ। ਉਸ ਨੇ ਆਪਣੀ ਕਹਾਣੀ 'ਚ ਬਹੁਤ ਨਵੇਂ ਤਜ਼ਰਬੇ ਕੀਤੇ। ਇਹ ਨਵੇਂ ਮੁਹਾਵਰੇ 'ਚ ਲਿਖਣ ਵਾਲਾ ਸਾਡਾ ਕਹਾਣੀਕਾਰ ਹੈ... ਕਹਾਣੀ ਚਾਹੇ ਉਹ ਦਲਿਤ ਸਮੱਸਿਆ ਬਾਰੇ ਲਿਖਣ ਜਾਂ ਹੋਰ ਮਸਲੇ ਕਹਾਣੀ 'ਚ ਲੈ ਕੇ ਆਉਣ। ਕਹਾਣੀ 'ਚ ਇਤਿਹਾਸ... ਮਿਥਿਹਾਲ ਦੀ ਰਲ਼ਗੱਡਤਾ ਤੁਹਾਨੂੰ ਮਿਲੇਗੀ। ਬਲਜੀਤ ਰੈਣਾ ਹੈ... ਉਨ੍ਹਾਂ ਨੇ ਇਕ ਜ਼ਮਾਂ ਦੋ ਮਨਫ਼ੀ ਨਾਲ ਆਪਣਾ ਸਫ਼ਰ ਸ਼ੁਰੂ ਕੀਤਾ। ਘਰ ਪਰਤ ਰਿਹਾ ਆਦਮੀ, ਮਿੱਠੀ ਚੋਭ, ਅਜੀਬ ਆਦਮੀ, ਜਾਇਜ਼ ਨਜਾਇਜ਼, ਕਥਾ ਅਜਬ ਦੇਸ਼ ਦੀ, ਸੁਧੀਰ ਪਚੌਰੀ ਨੇ ਕਿਹਾ ਤੇ ਕਲਾਸ ਇਨ੍ਹਾਂ ਦੇ ਕਹਾਣੀ ਸੰਗ੍ਰਹਿ ਹਨ। ਬਲਜੀਤ ਰੈਣਾ ਤੋਂ ਅਸੀਂ ਜੰਮੂ ਕਸ਼ਮੀਰ ਦੇ ਖਿੱਤੇ ਦੇ ਮਨੁੱਖ ਦੀ ਸੰਵੇਦਨਾ ਦੇ ਬਾਰੇ ਪੁੱਛਾਂਗੇ ਜਿਹੜਾ ਕਿ ਵੱਖਰੀ ਤਰ੍ਹਾਂ ਸੋਚਦਾ ਹੈ ਜੋ ਕਹਾਣੀ 'ਚ ਆਇਆ ਹੈ। ਭਗਵੰਤ ਰਸੂਲਪੁਰੀ ਹਨ... ਇਸ ਨੇ ਚਾਨਣ ਦੀ ਲੀਕ ਤੋਂ ਹੀ ਕਹਾਣੀ ਦਾ ਸਫ਼ਰ ਸ਼ੁਰੂ ਕੀਤਾ ਸੀ। ਫਿਰ ਮੈਂ ਸ਼ੈਤਾਨ ਤੇ ਇੰਦੂਮਣੀ, ਤੀਜਾ ਨੇਤਰ, ਮਰਨ ਰੁੱਤ, ਕੁਵੇਲੇ ਤੁਰਿਆ ਪਾਂਧੀ ਤੇ ਕੁੰਭੀ ਨਰਕ ਆਦਿ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦਿੱਤੇ। ਰਸੂਲਪੁਰੀ ਦਲਿਤ ਸੰਵੇਦਨਾ ਬਾਰੇ ਸੱਚਮੁੱਚ ਹੀ ਬਹੁਤ ਸੰਵੇਦਨਸ਼ੀਲ ਹੋ ਕੇ ਲਿਖਣ ਵਾਲਾ ਤੇ ਉਨ੍ਹਾਂ ਦੀਆਂ ਉਹ ਪਰਤਾਂ ਫਰੋਲਣ ਵਾਲਾ ਕਹਾਣੀਕਾਰ ਹੈ ਜਿਹੜੀਆਂ ਪਰਤਾਂ ਸ਼ਾਇਦ ਗੈਰ ਦਲਿਤ ਲੇਖਕ ਦੀ ਰਸਾਈ ਵੀ ਉੱਥੇ ਤੱਕ ਨਾ ਹੋ ਸਕਦੀ ਹੋਵੇ। ਇਨ੍ਹਾਂ ਦੀ ਕਹਾਣੀ ਤੇ ਇਕ ਫਿਲਮ 'ਚੰਮ' ਵੀ ਬਣੀ। ਇਹ ਕਹਾਣੀ ਦੇ ਖੇਤਰ 'ਚ ਵੱਡਾ ਨਾਂ ਹੈ। ਦੀਪ ਦਵਿੰਦਰ ਸਿੰਘ ਜਿਸ ਦੀ ਭਾਵੇਂ ਅਜੇ ਇਕੋ ਕਿਤਾਬ ਹੀ ਛਪੀ ਹੈ ਪਰ ਇਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਲੱਗਦਾ ਨਹੀਂ ਕਿ ਇਹ ਨਵਾਂ ਕਹਾਣੀਕਾਰ ਹੈ। ਦੀਪ ਕਹਾਣੀ ਦੀ ਇਹ ਵਿਲੱਖਤਾ ਹੈ ਕਿ ਇਸ ਨੇ ਮਾਝੇ ਦੀ ਠੇਠ ਭਾਸ਼ਾ ਦੇ ਰੰਗ ਨੂੰ ਆਪਣੀਆਂ ਕਹਾਣੀਆਂ 'ਚ ਪੇਸ਼ ਕੀਤਾ ਹੈ। ਉਹ ਦਲਿਤ, ਨਾਰੀ ਤੇ ਨਿਮਨ ਧਿਰਾ ਨੂੰ ਵਿਲੱਖਣ ਅੰਦਾਜ਼ 'ਚ ਪੇਸ਼ ਕੀਤਾ ਹੈ। ਕਹਾਣੀ 'ਚ ਗੂੜੇ ਰੰਗ ਦੀ ਸੰਵੇਦਨਸ਼ੀਲ ਸ਼ਬਦਾਵਲੀ ਉਦੋਂ ਪੇਸ਼ ਹੁੰਦੀ ਹੈ ਜਦੋਂ ਕੋਈ ਲੇਖਕ ਉਨ੍ਹਾਂ ਲੋਕਾਂ ਵਿਚ ਭਿੱਜ ਕੇ ਵਿਚਰਦਾ ਹੈ। ਕਹਾਣੀ 'ਚ ਪੇਸ਼ ਹੋਏ ਪਾਤਰਾਂ ਦਾ ਬਹੁਤ

ਨੇੜਲਾ ਅਨੁਭਵ ਦੀਪ ਕੋਲ ਹੈ। ਉਸ ਦੀਆਂ ਕਹਾਣੀਆਂ 'ਚ ਜੋ ਬਾਪ ਦਾ ਪਾਤਰ ਆਉਂਦਾ ਹੈ ਉਹ ਕਹਾਣੀਆਂ 'ਚ ਵਾਰ ਵਾਰ ਜਾਨਦਾਰ ਤਰੀਕੇ ਨਾਲ ਆਉਂਦਾ ਹੈ। ਇਨ੍ਹਾਂ ਸਾਰੇ ਕਹਾਣੀਕਾਰਾਂ ਨਾਲ ਅਸੀਂ ਇਕ ਪੈਨਲ ਵਿਚਾਰ ਚਰਚਾ ਕਰਾਂਗੇ। ਸਭ ਤੋਂ ਪਹਿਲਾਂ ਮੈਂ ਦੇਸ ਰਾਜ ਕਾਲੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਹਿਣਾ ਹੈ, ਕਿਉਂਕਿ ਇਹ ਕਹਾਣੀਕਾਰ ਵਿਲੱਖਣ ਤਾਂ ਹੈ ਨਾਲ ਨਾਲ ਇਸ ਨੂੰ ਚਿੰਤਨ ਦੀਆਂ ਗੱਲਾਂ ਕਰਨ ਦਾ ਝਸ ਵੀ ਹੈ। ਜਿਵੇਂ ਇਹ ਬਿਰਤਾਂਤਕਾਰੀ 'ਚ ਨਵੀਆਂ ਗੱਲਾਂ ਕਰਦੇ ਹਨ ਉਂਝ ਹੀ ਚਿੰਤਨ ਦੇ ਖੇਤਰ 'ਚ ਨਵੀਆਂ ਨਵੀਆਂ ਗੱਲਾਂ ਕੱਢ ਕੇ ਲਿਆਉਣ ਦਾ ਵੀ ਤਜ਼ਰਬਾ ਰੱਖਦੇ ਹਨ। ਕਾਲੀ ਤੋਂ ਮੈਂ ਚਰਚਾ ਦੀ ਸ਼ੁਰੂਆਤ ਇਸ ਲਈ ਵੀ ਸ਼ੁਰੂ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸੁਲਘਦੇ ਸਮਿਆਂ ਦਾ ਬਿਰਤਾਂਤ ਹੈ ਜਿਸ ਸਮੇਂ ਨੂੰ ਅਸੀਂ 30-32 ਸਾਲ ਤੋਂ ਸਮਕਾਲ ਦੇ ਸਮੇਂ ਦੇ ਤੌਰ ਤੇ ਵੇਖ ਰਹੇ ਹਾਂ। ਇਨ੍ਹਾਂ ਦੇ ਮਨ 'ਚ ਕਿਸ ਤਰ੍ਹਾਂ ਦਾ ਤਸੱਵਰ ਆਉਂਦਾ ਹੈ ਕਿ ਇਹ ਸਮਾਂ ਸੁਲਖਦਾ ਕਿਵੇਂ ਹੈ। ਏਥੇ ਮੈਂ ਇਹ ਸਪੱਸ਼ਟ ਕਰ ਦਿਆਂ ਕਿ ਜਦੋਂ ਕੋਈ ਲੇਖਕ ਆਪਣੀ ਰਚਨਾ ਰਾਹੀਂ ਮੁਖਾਤਬ ਹੁੰਦਾ ਹੈ ਤਾਂ ਇਹ ਜ਼ਰੂਰ ਸੋਚਦਾ ਹੈ ਕਿ ਮੈਂ ਰਚਨਾ ਰਾਹੀਂ ਉਹ ਗੱਲ ਲੈ ਕੇ ਆਵਾਂ ਜਿਹੜੀ ਸਾਡੇ ਸੁਲਗਦੇ ਸਮੇਂ ਦੀ ਥਾਹ ਪਾਉਂਦੀ ਹੋਵੇ। ਮੈਂ ਕਾਲੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀਆਂ ਗੱਲਾਂ ਸੁਲਗਦੇ ਸਮਿਆਂ ਦੀ ਸਨ ਜਿਹੜੀਆਂ ਗੱਲਾਂ ਉਸ ਨੇ ਆਪਣੀਆਂ ਕਹਾਣੀਆਂ 'ਚ ਲੈ ਕੇ ਅਉਂਦਾ ਰਿਹਾ।

**ਦੇਸ ਰਾਜ ਕਾਲੀ**-ਬਲਦੇਵ ਧਾਲੀਵਾਲ ਹੁਰਾਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਅਸੀਂ ਅੱਜ ਕਿਹੜੇ ਮਸਲੇ 'ਤੇ ਗੱਲ ਕਰਨੀ ਹੈ। ਉਨ੍ਹਾਂ ਨੇ ਆਪਣੀ ਧਾਰਨਾ 'ਚ ਸਪੱਸ਼ਟ ਕਰ ਹੀ ਦਿੱਤਾ ਕਿ ਇਹ ਸਮਾਂ ਕਿਹੋ ਜਿਹਾ ਹੈ ਤੇ ਇਸ ਸਮੇਂ ਕਿਹੋ ਜਿਹੀ ਕਹਾਣੀ ਲਿਖੀ ਗਈ। ਉਨ੍ਹਾਂ ਨੇ ਆਪਣੀ ਗੱਲ ਕਰਦਿਆਂ ਇਹ ਗੱਲ ਸਪੱਸ਼ਟ ਕੀਤੀ ਕਿ ਜੋ ਪਛਾਣ ਦਾ ਮਸਲਾ ਹੈ, ਉਹ ਅਹਿਮ ਰਿਹਾ। ਇਸ ਸਮੇਂ ਆ ਕੇ ਦਲਿਤ ਤੇ ਨਾਰੀ ਦੇ ਪ੍ਰਸੰਗ 'ਚ ਪਛਾਣ ਦੀ ਰਾਜਨੀਤੀ ਇਕ ਅਹਿਮ ਸਵਾਲ ਬਣ ਜਾਂਦਾ ਹੈ। ਇਨ੍ਹਾਂ ਦੋ ਮਸਲਿਆਂ ਤੇ ਬਹੁਤ ਹੀ ਸਸ਼ੱਕਤ ਕਹਾਣੀ ਲਿਖੀ ਗਈ। ਤੁਸੀਂ ਕਲਪਨਾ ਨਹੀਂ ਕਰ ਸਕਦੇ ਕਿ ਜਿਨ੍ਹਾਂ ਵਿਸ਼ਿਆਂ ਨੂੰ ਛੋਹਿਆ ਨਹੀਂ ਸੀ ਗਿਆ ਜਾਂ ਅਸੀਂ ਕਹਿ ਸਕਦੇ ਹਾਂ ਕਿਸੇ ਹੋਰ ਤਰੀਕੇ ਨਾਲ ਛੋਹਿਆ ਜਾਂਦਾ ਸੀ। ਜਦੋਂ ਮੈਂ ਇਨ੍ਹਾਂ 30-32 ਵਰ੍ਹਿਆਂ ਨੂੰ ਵੇਖਦਾ ਹਾਂ ਤਾਂ ਮੈਨੂੰ ਇਸ ਸਮੇਂ ਅਨਿਆ ਹੋਇਆ ਲੱਭਦਾ ਹੈ। ਉਸ ਅਨਿਆ ਦਾ ਦੋਸ਼ ਵੀ ਮੈਂ ਮੜ੍ਹਦਾ ਹਾਂ। ਇਸ ਸਮੇਂ ਮੈਨੂੰ ਦੋ ਪਰਚੇ ਦਿਸਦੇ ਹਨ... ਇਕ ਪਰਚਾ ਹੈ 'ਸਿਰਜਣਾ'... ਜਿਸ ਨੂੰ ਡਾ. ਰਘਬੀਰ ਹੁਰੀਂ ਸੰਪਾਦਤ ਕਰਦੇ ਹਨ ਦੂਜਾ ਹੈ ਲਕੀਰ ਜਿਸ ਨੂੰ ਉਸ ਸਮੇਂ ਪ੍ਰੇਮ ਪ੍ਰਕਾਸ਼ ਸੰਪਾਦਤ ਕਰਦਾ ਹੈ। ਮੇਰੀ ਧਾਰਨਾ ਹੈ ਕਿ ਇਨ੍ਹਾਂ ਦੋ ਪਰਚਿਆਂ ਨੇ ਪੰਜਾਬੀ ਸਾਹਿਤ ਦਾ ਐਨਾ ਨੁਕਸਾਨ ਕੀਤਾ ਕਿ ਤੁਸੀਂ ਪੁੱਛੋ ਨਾ। ਪ੍ਰੇਮ ਪ੍ਰਕਾਸ਼ ਇਕ ਖਾਸ ਕਿਸਮ ਦੀ ਕਹਾਣੀ ਉਭਾਰਦਾ ਰਿਹਾ ਤੇ ਰਘਬੀਰ ਸਿੰਘ ਜਮਾਤੀ ਕਹਾਣੀ ਨੂੰ ਪ੍ਰਮੁੱਖਤਾ ਨਾਲ ਉਭਰਦਾ ਰਿਹਾ। ਜਦ ਕਿ ਅਸੀਂ ਸੰਕਟ ਹੋਰ ਭੋਗ ਰਹੇ ਸੀ। ਮੈਂ ਉਦਾਹਰਨਾ ਨਾਲ ਗੱਲ ਕਰਨੀ ਚਾਹੁੰਦਾ ਹਾਂ ... ਭਗਵੰਤ ਰਸੂਲਪੁਰੀ ਦੀਆਂ ਚਾਰ ਕਹਾਣੀਆਂ ਬਹੁਤ ਅਹਿਮ ਹਨ...ਬਲਦੇਵ ਸਿੰਘ ਧਾਲੀਵਾਲ ਨੇ ਇਸ਼ਾਰਾ ਕੀਤਾ ਸੀ ਕਿ ਭਗਵੰਤ ਵਰਗਾ ਸ਼ਾਇਦ ਹੀ ਕੋਈ ਕਹਾਣੀਕਾਰ ਲੱਭੇ ਜਿਹੜਾ ਅਨੁਭਵ ਚੋਂ ਗੱਲ ਕਰਨ ਵਾਲਾ ਕਹਾਣੀਕਾਰ ਹੋਵੇ। ਗੈਰ ਦਲਿਤ ਉਹ ਗੱਲਾਂ ਨਹੀਂ ਕਰ ਸਕਦਾ ਸੀ, ਜਿਹੜੀਆਂ ਗੱਲਾਂ ਭਗਵੰਤ ਰਸੂਲਪੁਰੀ ਨੇ ਆਪਣੀਆਂ ਦਲਿਤ ਮਸਲੇ ਵਾਲੀਆਂ ਕਹਾਣੀਆਂ 'ਚ ਕੀਤੀਆਂ। ਮਸਲਨ ਉਸ ਦੀ ਇਕ ਕਹਾਣੀ ਹੈ 'ਜੜ੍ਹਾਂ' ...ਜੜ੍ਹਾਂ ਕਹਾਣੀ 'ਚ ਕੀ ਵਿਲੱਖਣ ਗੱਲ ਹੈ? ਕਿ ਉਸ ਕਹਾਣੀ 'ਚ ਇਕ ਦਲਿਤ ਪਾਤਰ ਚਮਾਰ ਜਾਤੀ ਦਾ ਨਵ ਬੋਧੀ ਬਣ ਗਿਆ ਹੈ ਪਰ ਦੂਜੇ ਪਾਸੇ ਉਹਦੇ ਮਾਪੇ ਉਸ ਨੂੰ ਸਵੀਕਾਰਦੇ ਨਹੀਂ। ਬੋਧੀ...ਅੰਬੇਡਕਰਵਾਦੀ ਤੇ ਰਵਿਦਾਸੀਆ ਦੀ ਵਿਚਾਰਧਾਰਾ ਇਸ ਪਿੱਛੇ ਕਾਰਜਸ਼ੀਲ ਹੈ... ਜਾਣੀ ਕਿ

ਉਸ ਦੇ ਬੋਧੀ ਹੋਣ ਤੇ ਰਵਿਦਾਸੀਏ ਮਾਪਿਆਂ ਦੇ ਸਿਰਾਂ 'ਚ... ਦਿਮਾਗ 'ਚ... ਤਰਾਟਾਂ ਪੈਂਦੀਆਂ ਹਨ ਕਿ ਇਹ ਬੋਧੀ ਕਿਵੇਂ ਬਣ ਗਿਆ? ਇਸ ਸੰਕਟ ਕਾਰਨ ਉਹ... ਉਹਦਾ ਸਿਰ ਪਾੜਨ ਤੱਕ ਚਲੇ ਜਾਂਦੇ ਹਨ... ਉਸਦੀ ਮਾਂ ਉਸ ਦੇ ਬੋਧੀ ਹੋਣ ਤੇ ਪਾਗਲ ਹੋ ਜਾਂਦੀ ਹੈ ਕਿ ਅਸੀਂ ਤਾਂ ਰਵਿਦਾਸੀਆਂ ਡੇਰੇ 'ਤੇ ਜਾਣਾ। ਉਨ੍ਹਾਂ ਲੋਕਾਂ ਦੇ ਮਨਾ 'ਚ ਉਨ੍ਹਾਂ ਦੀ ਮਨੋਚੇਤਨਾ 'ਚ ਜੋ ਧਰਮ ਦੇ ਸੰਸਕਾਰਾਂ ਨੂੰ ਲੈ ਕੇ ਜੋ ਤੱਤ ਪਏ ਹੋਏ ਸਨ ਉਨ੍ਹਾਂ ਨੂੰ ਪੇਸ਼ ਕੀਤਾ। ਪਰ ਉਸ ਕਹਾਣੀ ਨੂੰ ਪਛਾਣ ਦੀ ਰਾਜਨੀਤੀ ਕਹਿ ਕੇ ਰੱਦ ਕਰ ਦਿੱਤਾ ਗਿਆ। ਭਗਵੰਤ ਦੀ ਇਕ ਹੋਰ ਕਹਾਣੀ ਹੈ 'ਸੁੱਕੀਆਂ ਕੁੰਨਾਂ'... ਜਿਸ ਵਿਸ਼ਵੀਕਰਨ ਦੀ ਧਾਲੀਵਾਲ ਗੱਲ ਕਰ ਰਹੇ ਹਨ ਇਸ ਕਹਾਣੀ 'ਚ ਜਿਵੇਂ ਜਿਵੇਂ ਕਿੱਤਾਮੁੱਖੀ ਸ਼੍ਰੇਣੀਆਂ ਮਾਰਜਨਲਾਇਜਡ ਹੁੰਦੀਆਂ ਗਈਆਂ.. ਜਿਹਦੇ 'ਚ ਕੁੰਨਾਂ ਦਾ ਕੰਮ ਕਰਨ ਵਾਲੇ ਜਾਂ ਚਮੜੇ ਦਾ ਕੰਮ ਕਰਨ ਵਾਲੇ ਮਾਰਜਨਲਾਇਜਡ ਹੋਏ। ਜਿਵੇਂ ਚਾਇਨਾ ਕੋਲ ਇਕ ਕਟਰ ਹੈ ਜੋ ਚਮੜੇ ਦੀ ਇਕ ਮੋਟੀ ਪਰਤ ਨੂੰ 8-10 ਲੇਅਰ ਦੀਆਂ ਬਰੀਕ ਪਰਤਾਂ ਬਣਾ ਦਿੰਦਾ ਦੂਜੇ ਪਾਸੇ ਜਿਹੜੇ ਦਲਿਤ ਚਮਾਰ ਚਮੜੇ ਦਾ ਕੰਮ ਕਰਨ ਵਾਲਾ ਸੀ ਉਸ ਕੋਲ ਇਹ ਤਕਨੀਕ ਨਹੀਂ ਸੀ ਜਾਂ ਜੋ ਜਲੰਧਰ ਦੀ ਬੂਟਾ ਮੰਡੀ ਦਾ ਦਲਿਤ ਸੀ ਉਹ ਦੋ ਲੇਅਰ ਵੀ ਨਹੀਂ ਬਣਾ ਸਕਦਾ ਸੀ। ਤੁਸੀਂ ਮਾਰਕੀਟ 'ਚ ਸਰਵਾਇਵ ਕਿਵੇਂ ਕਰੋਗੇ। ਤੇ ਹੌਲੀ ਹੌਲੀ ਉਹ ਮਾਰ ਖਾ ਗਿਆ। ਕਹਾਣੀ ਦੱਸਦੀ ਹੈ ਕਿ ਕੁੰਨਾਂ ਹੌਲੀ ਹੌਲੀ ਕਿਵੇਂ ਸੁੱਕ ਗਈਆਂ। ਜਿਵੇਂ ਉਸ ਦਲਿਤ ਦੀ ਕਿਵੇਂ ਸ਼ੋਸ਼ੋ ਪੁਲੀਟੀਕਲ... ਸ਼ੋਸ਼ੋ ਇਕਨੌਮਿਕਸ ...ਅਕਸਪਲੇਟੇਸ਼ਨ ਹੁੰਦੀ ਹੈ... ਕਿਵੇਂ ਫਿਰ ਉਹ ਆਪਣੀ ਪਛਾਣ ਲੱਭਦਾ ਫਿਰਦਾ ਹੈ... ਕਿਵੇਂ ਜੜ੍ਹਾਂ ਲੱਭਦਾ ਫਿਰਦਾ ਹੈ। 'ਆਦਿ ਡੰਕਾ' ਉਸ ਦੀ ਇਕ ਹੋਰ ਕਹਾਣੀ ਸੀ। ਜਿਸ ਵੇਲੇ ਤੱਲਣ ਕਾਂਡ ਹੁੰਦਾ ਹੈ... ਏਥੇ ਸਾਨੂੰ ਏਸ ਸਮਾਜ ਦੀਆਂ ਅੰਦਰੂਨੀਆਂ ਪਰਤਾਂ ਤੇ ਸੱਚ ਸਮਝਣੇ ਪੈਣਗੇ। ਕੀ ਹੁੰਦਾ ਕਿ ਤੱਲ੍ਹਣ 'ਚ ਜੱਟ-ਦਲਿਤ ਦਾ ਸ਼ੋਸ਼ਲ ਬਾਈਕਾਟ ਹੋ ਜਾਂਦਾ ਹੈ ਕੀ ਹੋਇਆ ਅੱਗਾ ਲੱਗੀਆਂ... ਗੋਲੀਆਂ ਚੱਲੀਆਂ... ਮੁੰਡੇ ਮਰੇ...ਪਛਾਣ ਦੀ ਰਾਜਨੀਤੀ ਸੀ। ਉਹ ਦਲਿਤ ਕਿਵੇਂ ਵਿਰੋਧ 'ਚ ਖੜ ਗਏ ਕਿਉਂਕਿ ਉਹ ਸਾਰੇ ਦਲਿਤ ਕਿਸਾਨੀ ਉੱਤੇ ਨਿਰਭਰ ਨਹੀਂ ਸਨ। ਉਹ ਨਾ ਖੇਤਾਂ 'ਚ ਘਾਹ-ਪੱਠਾ ਲੈਣ ਜਾਂਦਾ ਸੀ... ਨਾ ਜੰਗਲ-ਪਾਣੀ ਜਾਂਦਾ ਸੀ। ਭਾਵ ਕਿ ਆਤਮ ਨਿਰਭਰ ਸੀ। ਉਥੋਂ ਦਾ ਦਲਿਤ ਚਮਾਰ ਕੋਈ ਇੰਗਲੈਂਡ ਗਿਆ ਹੋਇਆ। ਕੋਈ ਅਰਬ ਦੇਸ਼ ਜਾਂ ਕੈਨੇਡਾ -ਅਮਰੀਕਾ ਗਿਆ ਹੋਇਆ। ਉਨ੍ਹਾਂ ਨੇ ਬਾਈਕਾਟ ਵਿਰੁੱਧ ਲੜਾਈ ਲੜੀ। ਪਰ ਉਸ ਸਮੇਂ ਜੋ ਅੱਗਾਂ ਲੱਗੀਆਂ... ਲੋਕ ਮਰੇ... ਉਸ ਪਛਾਣ ਦੀ ਰਾਜਨੀਤੀ ਦਾ ਜੋ ਮਾੜਾ ਪ੍ਰਭਾਵ ਵੇਖਣ ਨੂੰ ਮਿਲਿਆ... ਭਗਵੰਤ ਬਿਨਾ ਉਲਾਰ ਹੋਇਆ... ਦੂਰ ਵਿੱਥ 'ਤੇ ਖੜਾ ਹੋ ਕੇ ਦੱਸਦਾ ਹੈ ਕਿ ਤੁਹਾਡੀ ਹਿਸਟਰੀ ਅੱਗਾਂ ਲਾਉਣ ਵਾਲੀ ਨਹੀਂ ਹੈ... ਤੁਸੀਂ ਪਛਾਣ ਲਈ ਲੜਨਾ ਹੈ... ਤੁਹਾਡੀ ਲੜਾਈ ਆਦਿ ਡੰਕਾ ਵਾਲੀ ਲੜਾਈ ਹੈ... ਤੁਹਾਡੀ ਲੜਾਈ ਇਕ ਦਾਇਰੇ 'ਚ ਰਹਿ ਕੇ ਲੜਨ ਵਾਲੀ ਹੈ। ਕਹਾਣੀ ਦੀ ਪਿੱਛ ਭੂਮੀ ਵਿਚ ਭਗਵੰਤ ਆਦਿ ਡੰਕਾ ਦੀ ਲੜਾਈ ਦੱਸਦਾ ਹੈ... ਉਸ ਲੜਾਈ ਦੇ ਬੌਧਿਕ ਮਿਆਰ... ਸਮਾਜਿਕ ਮਿਆਰ... ਸਨ। ਉਸ ਦੀ ਅਗਲੀ ਕਹਾਣੀ ਹੈ 'ਰਹਿਮਤ ਮਸੀਹ ਮੱਟੂ ਦੀ ਜੀਵਨੀ'... ਵਿਦਿਨ ਕਾਸਟ ਜੋ ਹਰਾਰਕੀ ਹੈ, ਵਿਦਿਨ ਕਾਸਟ ਜੋ ਔਰਤ ਦੀ ਦਸ਼ਾ ਹੈ, ਆਪਸੀ ਰੰਜਸ਼ਾਂ ਨੇ, ਮਾਨਸਿਕ ਕੁੰਠਾਵਾਂ ਨੇ ਭਗਵੰਤ ਇਸ ਕਹਾਣੀ ਰਾਹੀਂ ਬਹੁਤ ਤਿੱਖੇ ਰੂਪ ਵਿੱਚ ਇਸ ਪਾਤਰ ਰਾਹੀਂ ਫੜਦਾ ਹੈ। ... ਇਹ ਚਾਰ ਕਹਾਣੀਆਂ ਪੰਜਾਬ ਦੇ ਦੁਆਬਾ ਖੇਤਰ ਦੇ ਦਲਿਤਾਂ ਦੀ ਦਸਤਾਵੇਜ਼ ਤਸਵੀਰ ਕਹੀ ਜਾ ਸਕਦੀ ਹੈ। ਇਹ ਅਜ਼ਾਦੀ ਤੋਂ ਬਾਦ ਦੇ ਦੁਆਬੀਏ ਦਲਿਤਾਂ ਦਾ ਇਤਿਹਾਸ ਹੈ, ਸਭਿਆਚਾਰਕ ਇਤਿਹਾਸ ਹੈ, ਰਾਜਨੀਤਿਕ ਇਤਿਹਾਸ ਹੈ, ਆਰਥਿਕ ਇਤਿਹਾਸ ਹੈ। ਇਹ ਚਾਰ ਕਹਾਣੀਆਂ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਰਾਹੀਂ ਪੰਜਾਬ ਦੇ ਦਲਿਤਾਂ ਨੂੰ ਸਮਝਿਆ ਜਾਣਾ ਚਾਹੀਦਾ ਸੀ ਪਰ ਨਹੀਂ ਸਮਝਿਆ ਗਿਆ।

**ਬਲਦੇਵ ਧਾਲੀਵਾਲ**-ਜਿਸ ਵਿਸ਼ੇ ਤੇ ਅਸੀਂ ਗੱਲ ਕਰਨ ਲਈ ਇਕੱਠੇ ਹੋਏ ਸਾਂ ਉਸ ਵਿਸ਼ੇ ਨੂੰ ਦੇਸ ਰਾਜ ਕਾਲੀ ਨੇ ਇਕ ਨਵਾਂ ਕੋਣ ਦਿੱਤਾ ਹੈ ਕਿ ਦੂਜੀ ਜਾਂ ਤੀਜੀ ਪੀੜ੍ਹੀ ਦੇ ਜੋ ਕਹਾਣੀਕਾਰ ਸਨ ਉਹ ਵੀ ਦਲਿਤ ਮਸਲੇ ਉੱਤੇ ਜਿਹੜੀ ਗੱਲ ਕਰਦੇ ਸਨ ਉਹ ਪ੍ਰਗਤੀਵਾਦੀ ਨਜ਼ਰੀਏ ਤੋਂ ਦਲਿਤ ਮਸਲੇ 'ਤੇ ਗੱਲ ਕਰਦੇ ਸਨ। ਚੌਥੇ ਪੜ੍ਹਾ ਦਾ ਸਮਕਾਲੀ ਕਹਾਣੀਕਾਰ ਇਹ ਮਹਿਸੂਸ ਕਰਨ ਲੱਗ ਪਿਆ ਕਿ ਆਰਥਿਕ ਮਸਲੇ ਹੱਲ ਹੋ ਜਾਣ ਕਾਰਨ ਜਿਹੜਾ ਦਰਦ ਉੱਚੀ ਜਾਤ ਦੇ ਲੋਕਾਂ ਨੇ ਨੀਵੀਂ ਜਾਤ ਨੂੰ ਦਿੱਤਾ ਹੈ ਜਾਂ ਜਾਤੀ ਦੇ ਤੌਰ ਜਿਹੜਾ ਵਰਗ ਨਿਮਨ ਵਰਗ ਨਾਲ ਜੁੜਿਆ ਹੋਇਆ ਹੈ...ਉਹ ਜ਼ਖ਼ਮ ਭਰਦੇ ਨਹੀਂ। ਮੈਨੂੰ ਅਤਰਜੀਤ ਦੀ ਕਹਾਣੀ 'ਠੂੰਹਾਂ' ਯਾਦ ਆਉਂਦੀ ਹੈ। ਕਿ ਭਾਵੇਂ ਸ਼ਹਿਰ 'ਚ ਜਾ ਕੇ ਬੰਦੇ ਦੀ ਆਰਥਿਕ ਸਥਿਤੀ ਸੁਧਰ ਵੀ ਜਾਂਦੀ ਹੈ ਪਰ ਉਸਨੂੰ ਮਜ਼ਦੂਰ ਜੱਟ ਦੇ ਸਾਹਮਣੇ ਲੱਗਦਾ ਹੈ ਕਿ ਜਿਵੇਂ ਉਹ ਉਸ ਨਾਲੋਂ ਹੀਣਾ ਜਾਂ ਛੋਟਾ ਹੋ ਗਿਆ ਹੋਵਾਂ। ਜਦੋਂ ਉਸ ਮਜ਼ਦੂਰ ਜੱਟ ਨੂੰ ਉਸ ਸ਼ਹਿਰ 'ਚ ਰਹਿ ਰਹੇ ਦਲਿਤ ਨੂੰ ਲੱਗਦਾ ਹੈ ਕਿ ਇਸ ਨੂੰ ਮੇਰੀ ਜਾਤ ਦਾ ਪਤਾ ਲੱਗ ਗਿਆ ਹੈ। ਜੋ ਗੱਲਾਂ ਕਰਦਾ ਹੈ ਉਹ ਜਿਵੇਂ ਕੋਠੀ ਵਾਲੇ ਦਲਿਤ ਮਾਲਕ ਨੂੰ ਸੁਣਾ ਸੁਣਾ ਕੇ ਕਹਿ ਰਿਹਾ ਹੋਵੇ। ਇਹ ਜੋ ਨੀਵੀਂ ਜਾਤ ਹੋਣ ਦਾ ਦਰਦ ਹੈ। ਕਹਾਣੀ ਦਾ ਥੀਸਸ ਇਹ ਮਸਲੇ ਲੈ ਕੇ ਆਉਂਦਾ ਹੈ ਜੋ ਮਾਰਕਸ ਦਾ ਫ਼ਲਸਫ਼ਾ ਹੈ ਉਹ ਇਸ ਜਾਤੀ ਦੇ ਦਰਦ ਨੂੰ ਸਮਝ ਨਹੀਂ ਸਕਦਾ। ਇਸ ਕਿਸਮ ਦੀ ਕਹਾਣੀ ਨੂੰ ਸਮਝਣ ਲਈ ਅੰਬੇਡਕਰਵਾਦ ਜਾਂ ਇਸ ਨਾਲ ਜੁੜੇ ਹੋਰ ਸਿਧਾਂਤ ਸਾਡੀ ਮਦਦ ਕਰ ਸਕਦੇ ਹਨ। ਸੋ ਇਹ ਨਵੀਂ ਗੱਲ ਸਮਕਾਲੀ ਕਹਾਣੀ 'ਚ ਉਭਰ ਕੇ ਸਾਡੇ ਸਾਹਮਣੇ ਆਈ।

ਅੱਗੇ ਆਪਾਂ ਅਜਮੇਰ ਸਿੱਧੂ ਨਾਲ ਸੰਵਾਦ ਰਚਾਉਂਦੇ ਹਾਂ... ਅਜਮੇਰ ਸਿੱਧੂ ਇਕ ਚੰਗਾ ਕਹਾਣੀਕਾਰ ਤਾਂ ਹੈ ਹੀ ਨਾਲ ਨਾਲ ਚਿੰਤਨ ਦੇ ਪੱਧਰ ਉੱਤੇ ਆਪਣੀ ਵੱਖਰੀ ਸੁਰ ਵੀ ਰੱਖਦਾ ਹੈ। ਇਸ ਮਸਲੇ ਬਾਰੇ ਇਹ ਆਪਣੀਆਂ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰ ਸਕਦੇ ਹਨ ਕਿ ਇਹ ਜਾਤੀ ਦੇ ਮਸਲੇ ਮਾਰਕਸਵਾਦ ਇਕ ਸੀਮਤ ਹੱਦ ਤੱਕ ਹੀ ਸਮਝ ਸਕਦਾ ਸੀ। ਜਿਨ੍ਹਾਂ ਨੂੰ ਦਲਿਤ ਲੇਖਕਾਂ ਨੇ ਕਿਹਾ ਕਿ ਇਸ ਨੂੰ ਅੰਬੇਡਕਰਵਾਦ ਨਾਲ ਹੀ ਇਸ ਮਸਲੇ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

**ਅਜਮੇਰ ਸਿੱਧੂ**-ਪੰਜਾਬੀ ਕਹਾਣੀ ਦਾ ਘੇਰਾ ਬੜਾ ਵਿਸ਼ਾਲ ਹੈ। ਇਹਦੇ ਬਹੁਤ ਰੰਗ ਹਨ। ਮੈਂ ਆਪਣੀ ਕਹਾਣੀ ਦੇ ਹਵਾਲੇ ਨਾਲ ਗੱਲ ਕਰਾਂਗਾ। ਮੇਰੀ ਜੋ ਪਹਿਲੀ ਕਹਾਣੀ ਸੀ ਜੋ 1995 'ਚ ਛਪਦੀ ਹੈ। ਮੇਰੇ ਤੋਂ ਪਹਿਲਾਂ ਕਾਲੀ-ਭਗਵੰਤ-ਜਿੰਦਰ ਤੇ ਹੋਰ ਲੋਕ ਕਹਾਣੀ ਲਿਖ ਰਹੇ ਸਨ। 1995 ਤੋਂ ਪਹਿਲਾਂ 1991 ਵਿਚ ਰੂਸ ਟੁੱਟ ਜਾਂਦਾ ਹੈ। ਰੂਸ ਦੇ ਟੁੱਟਣ ਨਾਲ ਸਮਾਜਵਾਦ ਦੇ ਸੁਪਨੇ ਉੱਤੇ ਕਿੰਤੂ-ਪ੍ਰੰਤੂ ਹੋਣ ਲੱਗ ਪਿਆ ਸੀ। ਕਈ ਉਸ ਦੇ ਖ਼ਿਲਾਫ਼ ਹੋ ਗਏ ਕਈ ਉਸ ਸੁਪਨੇ 'ਚ ਜਿਉਂਦੇ ਰਹੇ। ਉਸ ਦਾ ਸਾਹਿਤ ਉੱਤੇ ਉਦੋਂ ਵੀ ਪ੍ਰਭਾਵ ਸੀ ਤੇ ਅੱਜ ਵੀ ਪ੍ਰਭਾਵ ਹੈ। ਰੂਸ ਟੁੱਟਣ ਦੇ ਨਾਲ ਕਹਾਣੀ ਵੱਖ ਵੱਖ ਪਛਾਣਾ ਨਾਲ ਲਿਖੀ ਜਾਣ ਲੱਗ ਪਈ। ਉਹ ਕਹਾਣੀ ਚਾਹੇ ਦਲਿਤ ਮਸਲੇ ਉੱਤੇ ਹੈ... ਜਾਂ ਔਰਤ ਦੇ ਮਸਲੇ ਉੱਤੇ ਹੈ ਤੇ ਚਾਹੇ ਘੱਟ ਗਿਣਤੀਆਂ ਬਾਰੇ ਕਹਾਣੀ ਆ ਰਹੀ ਹੈ। ਮੇਰੀ ਪੀੜ੍ਹੀ ਦੇ ਲਿਖਣ ਵਾਲਿਆਂ ਨੂੰ ਜੋ ਤਜ਼ਰਬਾ ਮਿਲਿਆ ਅਤੇ ਜੋ ਸਾਨੂੰ ਵਿਰਸੇ 'ਚ ਮਿਲਿਆ... ਉਸ ਚੋਂ ਕਹਾਣੀ ਲਿਖਣ ਲੱਗ ਪਏ। ਇਕ ਤਾਂ ਸਾਨੂੰ ਵਿਰਸੇ 'ਚ ਸੰਤਾਲੀ ਮਿਲ ਰਿਹਾ ਹੈ। ਦੂਜਾ 84 ਦਾ ਦੁਖਾਂਤ ਮਿਲਦਾ ਹੈ। 84 ਤੋਂ ਲੈ ਕੇ 91 ਤੱਕ ਦੇ ਸਮੇਂ ਨੂੰ ... ਤਜ਼ਰਬੇ ਨੂੰ ਵੀ ਅਸੀਂ ਨਾਲ ਲੈ ਕੇ ਚੱਲ ਰਹੇ ਸੀ। ਇਹ ਸਾਰਾ ਸਮਾਂ ਪੰਜਾਬੀ ਕਹਾਣੀ ਵਿਚ ਆਉਣਾ ਸ਼ੁਰੂ ਹੋਇਆ। ਜਦੋਂ ਮੈਂ ਲਿਖਣ ਲੱਗਾ ਤਾਂ ਇਕ ਭਰਵਾਂ ਪੂਰ ਕਹਾਣੀ ਦੇ ਖੇਤਰ 'ਚ ਆਇਆ। ਦਲਿਤ ਪਛਾਣ ... ਔਰਤ ਪਛਾਣ ਉੱਤੇ ਕਹਾਣੀ ਲਿਖੀ ਜਾ ਰਹੀ ਸੀ। ਡਾ. ਧਾਲੀਵਾਲ ਹੁਰਾਂ ਨੇ ਜੋ ਸਵਾਲ ਉਠਾਇਆ ਕਿ ਮਾਰਕਸਵਾਦ ਦਾ ਸਰੂਪ ਅੰਸ਼ਕ ਰੂਪ ਵਿਚ ਰਹਿ ਗਿਆ ਸੀ... ਇਹ ਵੱਡਾ

ਮਸਲਾ ਬਣ ਗਿਆ ਸੀ... ਮੈਨੂੰ ਲੱਗਦਾ ਹੈ ਕਿ ਇਹ ਵਾਦ-ਵਿਵਾਦ ਦਾ ਮਸਲਾ ਹੈ। ਸਾਡੇ ਸਮੇਂ ਵਿਚਾਰਧਾਰਾ ਦੇ ਵੱਖ ਵੱਖ ਰੰਗ ਹਨ... ਵੱਖ ਵੱਖ ਸਿਧਾਂਤ ਹਨ। ਜਿਹੜਾ ਸਿਧਾਂਤ ਸੀ ਕਿ ਜਿਹੜਾ ਦਲਿਤ ਪਰਿਵਾਰਾਂ 'ਚ ਜੰਮੇ ਹੋਏ ਹਨ ਉਹ ਹੀ ਦਲਿਤਾਂ ਬਾਰੇ ਵਧੀਆਂ ਲਿਖ ਸਕਦੇ ਹਨ ਤੇ ਉਹ ਮਾਰਕਸਵਾਦ ਉੱਤੇ ਵੀ ਕ੍ਰਿੰਤੂ ਪ੍ਰੰਤੂ ਕਰ ਰਹੇ ਸਨ। ਪਰ ਮੇਰੀ ਧਾਰਨਾ ਹੈ ਕਿ ਜੋ ਮਾਰਕਸਵਾਦ ਹੈ ...ਉਹ ਇਕ ਵਿਗਿਆਨਕ ਵਿਚਾਰਧਾਰਾ ਹੈ। ਦੂਜੇ ਪਾਸੇ ਸਮਾਜ ਵਿਚ ਤਬਦੀਲੀਆਂ ਤਾਂ ਆਉਣੀਆਂ ਹੀ ਹੁੰਦੀਆਂ ਹਨ ਪਰ ਆਪਾਂ ਕਿਸੇ ਵਿਚਾਰਧਾਰਾ ਨੂੰ ਰੱਦ ਨਹੀਂ ਕਰ ਸਕਦੇ। ਭਾਵੇਂ ਕਿ ਇਸ ਸਮੇਂ ਦਲਿਤ ਮਸਲੇ ਉੱਤੇ ਕਹਾਣੀ ਲਿਖੀ ਜਾ ਰਹੀ ਸੀ ਉਸ ਉੱਤੇ ਪ੍ਰਗਤੀਵਾਦ ਦਾ ਪ੍ਰਭਾਵ ਵੀ ਸੀ। ਮਿਸਾਲ ਵਜੋਂ ਜਦੋਂ 91 ਵਿਚ ਰੂਸ ਟੁੱਟ ਜਾਂਦਾ ਹੈ ਤੇ ਨਵੀਆਂ ਨੀਤੀਆਂ ਆਉਂਦੀਆਂ ਹਨ। ਸਰਦਾਰ ਮਨਮੋਹਨ ਸਿੰਘ ਹੁਰੀਂ ਵਿੱਤ ਮੰਤਰੀ ਬਣਦੇ ਹਨ... ਫਿਰ ਪ੍ਰਧਾਨ ਮੰਤਰੀ ਬਣਦੇ ਹਨ। ਨਵੀਂਆਂ ਨੀਤੀਆਂ ਦੇ ਆਉਣ ਨਾਲ ਵਿਸ਼ਵੀਕਰਨ ਦਾ ਦੌਰ ਆਉਂਦਾ ਹੈ। ਜਿਸ ਨੂੰ ਡਾ. ਧਾਲੀਵਾਲ ਹੁਰਾਂ ਨੇ ਉਤਰ ਆਧੁਨਿਕਤਾ ਦਾ ਜਾਂ ਨਵ ਬਸਤੀਵਾਦ ਦਾ ਨਾਂ ਦਿੱਤਾ ਹੈ। ਉਸ ਨਾਲ ਨਵੀਂ ਪੀੜ੍ਹੀ ਨੂੰ ਬਹੁਤ ਸਾਰੇ ਸੁਪਨੇ ਮਿਲੇ।

ਇਹ ਸੁਪਨੇ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ 'ਚ ਪੇਸ਼ ਵੀ ਕੀਤੇ। ਉਹ ਸੁਪਨੇ ਸੀ ਕਿ ਡਾਕਟਰ ਬਣਨਾ... ਇੰਜੀਨੀਅਰ ਬਣਨਾ... ਆਈ. ਏ. ਐੱਸ ਅਫ਼ਸਰ ਬਣਨਾ ਤੇ ਮਾਪਿਆ ਨੂੰ ਲੱਗਣ ਲੱਗ ਪਿਆ ਕਿ ਸਾਡੇ ਬੱਚੇ ਏ. ਟੀ. ਐੱਮ. ਮਸ਼ੀਨਾ ਬਣਨਗੇ... ਲੇਕਿਨ ਕੁਝ ਕੁ ਹਿੱਸੇ ਨੂੰ ਉਹ ਖੁਸ਼ਹਾਲੀ ਵੀ ਮਿਲੀ। ਪਰ ਬਾਕੀ ਹਿੱਸੇ ਦੇ ਸੁਪਨੇ ਟੁੱਟੇ। ਉਸ ਨਾਲ ਸਮਾਜ ਵਿੱਚ ਵੱਡੀ ਪੱਧਰ 'ਤੇ ਵਿਗਾੜ ਪੈਦਾ ਹੋਇਆ। ਨਸ਼ੇ ਦਾ ਵਿਗਾੜ ਪੈਦਾ ਹੋ ਗਿਆ... ਰਿਸ਼ਤਾ ਪ੍ਰਬੰਧ ਵਿਚ ਵਿਗਾੜ ਪੈਦਾ ਹੋਇਆ। ਹੋਰ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਈਆਂ। ਏਥੇ ਮੈਂ ਜੇਕਰ ਪੰਜਾਬੀ ਕਹਾਣੀ ਦੀ ਗੱਲ ਕਰਨੀ ਹੋਵੇ ਤਾਂ ਜਿਹੜੀ ਸਾਡੀ ਨੌਜਵਾਨ ਪੀੜ੍ਹੀ ਸੀ ਉਹ ਕਿਹੜਾ ਦੁਖਾਂਤ ਭੋਗ ਰਹੀ ਸੀ। ਤੁਹਾਡੇ ਸਾਹਮਣੇ 20-25 ਸਾਲ ਨਸ਼ਿਆ ਦੀ ਹਨੇਰੀ ਝੁੱਲੀ ਹੈ। ਇਹ ਸਾਰੇ ਮਸਲੇ ਇਸ ਚੌਥੀ ਪੀੜ੍ਹੀ ਦੀਆਂ ਕਹਾਣੀਆਂ ਵਿਚ ਆਉਣੇ ਸ਼ੁਰੂ ਹੋ ਗਏ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਦਲਿਤ ਪਛਾਣ ਦੀ ਗੱਲ ਚੱਲ ਰਹੀ ਹੈ... ਔਰਤ ਪਛਾਣ ਦੀ ਗੱਲ ਚੱਲ ਰਹੀ ਹੈ...ਉੱਥੇ ਨਾਲ ਨਾਲ ਜਿਹੜਾ ਦੁਖਾਂਤ ਸਾਡਾ ਨੌਜਵਾਨ ਭੋਗ ਰਿਹਾ ਹੈ ਜਾਂ ਪੰਜਾਬ ਭੋਗ ਰਿਹਾ ਹੈ ਉਹ ਮਸਲੇ ਵੀ ਸਾਡੀ ਪੰਜਾਬੀ ਕਹਾਣੀ 'ਚ ਆਉਣ ਲੱਗ ਪਏ ਸਨ।

**ਬਲਦੇਵ ਧਾਲੀਵਾਲ**-ਹਰ ਲੇਖਕ ਜਿਸ ਤਰ੍ਹਾਂ ਆਪਣਾ ਆਲਾ ਦੁਆਲਾ ਵੇਖਦਾ ਹੈ... ਜਿਹਦੇ 'ਚ ਉਹ ਜਿਉਂਦਾ ਹੈ। ਉਹੀ ਉਹਦੀਆਂ ਕਹਾਣੀਆਂ ਦਾ ਵਿਸ਼ਾ ਬਣਦਾ ਹੈ। ਹੁਣ ਮੈਂ ਭਗਵੰਤ ਰਸੂਲਪੁਰੀ ਤੋਂ ਵਿਸ਼ੇਸ਼ ਤੌਰ ਤੇ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਿਹੜਾ ਦਲਿਤ ਅਨੁਭਵ ਹੁੰਦਾ ਹੈ... ਜਿਹਦਾ ਜਿਕਰ ਦੇਸ ਰਾਜ ਕਾਲੀ ਨੇ ਵਿਸਥਾਰ ਨਾਲ ਕੀਤਾ ਹੈ..ਜੜ੍ਹਾ ਹੈ... ਸੁੱਕੀਆਂ ਕੁੰਨਾਂ ਹੈ...ਜਾਂ ਆਦਿ ਡੰਕਾ... ਸਹਿਮਤ ਮਸੀਹ ਮੱਟੂ ਦੀ ਜੀਵਨੀ ਹੈ... ਉਸ ਵਿਚ ਕਿੰਨ੍ਹਾਂ ਕੁ ਅਨੁਭਵ ਉਨ੍ਹਾਂ ਨੇ ਆਪਣੇ ਤਨ ਨਾਲ ਹੰਢਾਇਆ ਹੈ ਤੇ ਕਿੰਨਾ ਕੁ ਕਿਤਾਬਾਂ ਵਿੱਚੋਂ ਜਾਂ ਸਿਧਾਂਤਾਂ ਵਿੱਚੋਂ ਆਇਆ ਅਨੁਭਵ ਹੈ। ਜਿਵੇਂ ਜੇ ਜੜ੍ਹਾਂ ਦਾ ਜ਼ਿਕਰ ਆਇਆ ਕਿ ਇਕ ਦਲਿਤ ਬੰਦਾ ਰਵਿਦਾਸੀਆ ਦੀ ਥਾਂ ਕਿਵੇਂ ਬੁੱਧ ਧਰਮ ਦੇ ਲੜ ਲੱਗ ਜਾਂਦਾ ਤੇ ਬਾਕੀ ਕਿਵੇਂ ਸਾਰਾ ਟੱਬਰ ਪ੍ਰੇਸ਼ਾਨ ਹੋ ਜਾਂਦਾ ਹੈ। ਕਿਉਂਕਿ ਪੰਜਾਬ ਵਿਚ ਇਹ ਗੱਲ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਇਹ ਅਨੁਭਵ ਕਿੱਥੋਂ ਆਇਆ... ਕਿ ਇਹ ਤਾਂ ਨਹੀਂ ਕਿ ਅਸੀਂ ਕਿਤਾਬਾਂ ਪੜ੍ਹ ਕੇ ਅਨੁਭਵ ਪ੍ਰਾਪਤ ਕਰ ਲਿਆ ਕਿ ਸਾਨੂੰ ਕਈ ਵਾਰ ਵਿਸ਼ਾ ਟੁੰਬਣ ਲੱਗ ਪੈਂਦਾ ਕਿ ਆਹ ਵਿਸ਼ੇ ਉੱਤੇ ਗੱਲ ਨਹੀਂ ਹੋਈ ਇਸ ਉੱਤੇ ਲਿਖਿਆ ਜਾਵੇ। ਅਨੁਭਵ ਦੇ ਪ੍ਰਸੰਗ ਵਿੱਚ ਆਪਣੀ ਗੱਲ ਕਰੋ।

**ਭਗਵੰਤ ਰਸੂਲਪੁਰੀ**-ਅੱਜ ਆਪਾਂ ਸੁਲਘਦੇ ਸਮਿਆਂ ਦਾ ਬਿਰਤਾਂਤ ਜੋ ਪੰਜਾਬੀ ਕਹਾਣੀ ਵਿਚ ਕਨਵਰਟ ਹੁੰਦਾ ਹੈ ਉਸਦੇ ਬਾਰੇ ਗੱਲ ਕਰ ਰਹੇ ਹਾਂ। ਮੈਂ ਥੋੜ੍ਹਾ ਜਿਹਾ ਪਿੱਛੇ ਨੂੰ ਜਾ ਕੇ ਗੱਲ ਕਰਾਗਾਂ। ਜਦੋਂ ਮੈਂ ਪਿਛਲੀ 30-35 ਸਾਲ ਦੀ ਕਹਾਣੀ ਪੜ੍ਹਦਾ ਹਾਂ ਜਾਂ ਕਹਿ ਲਓ ਮੁੱਢਲੀ ਕਹਾਣੀ ਨੂੰ ਪੜ੍ਹਦਾ ਹਾਂ ਖਾਸ ਕਰਕੇ ਦਲਿਤ ਮਸਲੇ ਨੂੰ ਲੈ ਕੇ ਜਿਹੜੀ ਕਹਾਣੀ ਲਿਖੀ ਜਾ ਰਹੀ ਸੀ ਤਾਂ ਮੈਂ ਵੇਖਦਾ ਹਾਂ ਕਿ ਉਸ ਸਮੇਂ ਦਲਿਤ ਮਸਲੇ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਜਾਂਦਾ ਸੀ। ਮੇਰੇ ਸਾਹਮਣੇ ਹਰਨਾਮ ਸਿੰਘ ਤੇਗ ਦੀ ਇਕ ਕਹਾਣੀ ਆਉਂਦੀ ਹੈ 'ਅਛੂਤ ਠਾਕੁਰ' ਇਸੇ ਤਰ੍ਹਾਂ ਗੁਰਮੁੱਖ ਸਿੰਘ ਮੁਸਾਫਰ ਦੀ ਕਹਾਣੀ ਆਉਂਦੀ ਹੈ 'ਰੇਸ਼ਮੀ ਲੀੜਾ' ਉਸੇ ਸਮੇਂ ਛੂਆ-ਛੂਤ ਸਮਾਜ 'ਚ ਪ੍ਰਚਲਤ ਸੀ। ਭਿੱਟ ਦਾ ਮਸਲਾ ਸੀ ਤੇ ਇਨ੍ਹਾਂ ਨੇ ਇਸ ਮਸਲੇ ਨੂੰ ਛੂਆ-ਛਾਤ ਤੇ ਭਿੱਟ ਦੇ ਪ੍ਰਸੰਗ ਨਾਲ ਫੜ੍ਹਿਆ। ਫਿਰ ਅਸੀਂ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ ਵੇਖਦਾ ਹਾਂ 'ਕਮੀਣ' ਜਾਂ ਸੁਖਬੀਰ ਦੀ ਕਹਾਣੀ ਹੈ 'ਆਖਿਰ'। ਜਿਨ੍ਹਾਂ 'ਚ ਉਦਾਰਵਾਦੀ ਸੋਚ ਉੱਚ ਜਾਤੀ ਦੇ ਪਾਤਰਾਂ 'ਚ ਵੇਖਣ ਨੂੰ ਮਿਲਦੀ ਹੈ। ਦੇਸ਼ ਵੰਡ ਦੇ ਆਰ-ਪਾਰ ਜਿਹੜੀ ਸਾਡੇ ਕੋਲ ਥੋੜ੍ਹੀ ਬਹੁਤ ਕਹਾਣੀ ਮਿਲਦੀ ਹੈ ਉਹਦੀ ਸੁਰ ਮਾਨਵਵਾਦੀ-ਆਦਰਸ਼ਵਾਦੀ ਰਹੀ ਹੈ। ਕਹਾਣੀਕਾਰ ਦਲਿਤ ਪਾਤਰਾਂ ਪ੍ਰਤੀ ਮਾਨਵਵਾਦੀ ਸੁਰ ਰੱਖਦੇ ਸਨ। ਉਸ ਵੇਲੇ ਦਲਿਤ ਖੇਤਾਂ ਵਿਚ ਕਾਮੇ-ਸੀਰੀ ਦਾ ਧੰਦਾ ਕਰਦੇ ਸਨ ਤੇ ਨਾਂ ਦੀ ਜ਼ਿੰਦਗੀ ਜਿਉਂਦੇ ਸਨ। ਜਦੋਂ ਸਾਡਾ ਦੇਸ਼ ਆਜ਼ਾਦ ਹੁੰਦਾ ਹੈ ਤਾਂ ਦਲਿਤਾਂ ਨੂੰ ਅਧਿਕਾਰਾਂ ਦੇ ਨਾਂ ਤੇ ਕੁਝ ਸਹੂਲਤਾਂ ਮਿਲਣ ਲੱਗਦੀਆਂ ਹਨ। ਜਿਸ ਨਾਲ ਉਨ੍ਹਾਂ ਦੀ ਅਗਲੀ ਪੀੜ੍ਹੀ ਪੜ੍ਹ ਜਾਂਦੀ ਹੈ ਤੇ ਨੌਕਰੀਆਂ ਉੱਤੇ ਪਹੁੰਚ ਜਾਂਦੀ ਹੈ। ਇਸ ਸਮੇਂ ਨੂੰ ਫੜ੍ਹਨ ਵਾਲੇ ਸਾਡੇ ਕੋਲ ਕਹਾਣੀਕਾਰ ਅਤਰਜੀਤ... ਪ੍ਰੇਮ ਗੋਰਖੀ... ਨਛੱਤਰ... ਭੂਰਾ ਸਿੰਘ ਕਲੇਰ ਜੋ ਦਲਿਤਾਂ ਬਾਰੇ ਕਹਾਣੀਆਂ ਲਿਖਦੇ ਸਨ ਉਹ ਆਪਣੀ ਕਹਾਣੀ ਦਾ ਅਧਾਰ ਪਿੰਡਾਂ ਦੇ ਜੱਟ-ਸੀਰੀ ਨੂੰ ਬਣਾਉਂਦੇ ਹਨ। ਕਿ ਉਹ ਕਿਵੇਂ ਦਲਿਤ ਕਾਮੇ ਬੰਦੇ ਦਾ ਸ਼ੋਸ਼ਣ ਕਰਦੇ ਹਨ। ਕਿਵੇਂ ਦਲਿਤ ਔਰਤਾਂ ਦਾ ਸ਼ੋਸ਼ਣ ਕਰਦੇ ਹਨ... ਵਗੈਰਾ ਵਗੈਰਾ। ਇਹ ਦੌਰ ਪ੍ਰਗਤੀਵਾਦ ਦਾ ਸੀ। ਅਤਰਜੀਤ,ਪ੍ਰੇਮ ਗੋਰਖੀ, ਨਛੱਤਰ ਤੇ ਭੂਰਾ ਸਿੰਘ ਕਲੇਰ ਸਾਰੇ ਪ੍ਰਗਤੀਵਾਦ ਤੋਂ ਪ੍ਰਭਾਵਿਤ ਹੋ ਕੇ ਦਲਿਤਾਂ ਦੇ ਸ਼ੋਸ਼ਣ ਦੀ ਕਹਾਣੀ ਲਿਖ ਰਹੇ ਸਨ। ਉਹ ਆਪਣੇ ਪਾਤਰਾਂ ਨੂੰ ਕਹਾਣੀ ਵਿੱਚ ਇਸ ਤਰ੍ਹਾਂ ਘੜਦੇ ਸਨ ਕਿ ਸ਼ੋਸ਼ਣ ਦਾ ਬਦਲਾ ਲੈਣਾ ਹੈ। ਇਸ ਲਈ ਉਹ ਦਲਿਤਾਂ ਕੋਲੋਂ ਹਥਿਆਰ ਚੁੱਕਾਉਂਦੇ ਹਨ...ਕਿਸੇ ਪਾਤਰ ਦੇ ਹੱਥ ਗੰਡਾਸਾ ਫੜਾ ਦਿੱਤਾ ਕਿਸੇ ਹੱਥ ਬੰਦੂਕ ਫੜਾ ਦਿੱਤੀ... ਸ਼ੋਸ਼ਣ ਕਰਦੀ ਧਿਰ ਦਾ ਕਤਲ ਕਰਵਾਉਂਦੇ ਸਨ... ਇਸ ਕਿਸਮ ਦੀ ਕਹਾਣੀ ਦੀ ਭਰਮਾਰ ਸੀ ਪਰ ਹਕੀਕਤ ਵਿਚ ਮਸਲੇ ਕੁਝ ਹੋਰ ਹੁੰਦੇ ਸਨ। ਪ੍ਰਗਤੀਵਾਦ ਦਾ ਦੌਰ ਬੀਤਣ ਤੋਂ ਬਾਅਦ ਜਦੋਂ ਅਸੀਂ ਇਸ ਕਿਸਮ ਦੀਆਂ ਕਹਾਣੀਆਂ ਪੜ੍ਹਦੇ ਹਾਂ ਤਾਂ ਲੱਗਦਾ ਹੈ ਇਨ੍ਹਾਂ ਕਹਾਣੀਆਂ 'ਚ ਯਥਾਰਥ ਬਹੁਤ ਘੱਟ ਹੈ। ਇਹ ਕਹਾਣੀਆਂ ਘੜੀਆਂ ਗਈਆਂ ਹਨ ਜਾਂ ਕਹਾਣੀਕਾਰਾਂ ਵੱਲੋਂ ਆਪਣੇ ਮਨੋਰਥ ਲਈ ਪਾਤਰਾਂ ਨੂੰ ਆਪਣੀ ਮਰਜ਼ੀ ਨਾਲ ਮੋੜਿਆ ਗਿਆ ਹੈ। ਮੈਂ ਸਮਝਦਾ ਹਾਂ ਕਹਾਣੀ ਉਹੀ ਜਿਉਂਦੀ ਰਹਿੰਦੀ ਹੈ ਜਿਹਦੇ ਵਿਚ ਕਲਾ ਹੁੰਦੀ ਹੈ... ਉਹਦੇ ਵਿਚ ਸਦੀਵੀ ਰਹਿਣ ਵਾਲੇ ਤੱਤ ਹੁੰਦੇ ਹਨ। ਜੇ ਮੈਂ ਆਪਣੀ ਕਹਾਣੀ ਦੇ ਹਵਾਲੇ ਨਾਲ ਗੱਲ ਕਰਾਂ ਤਾਂ ਮੈਂ ਵੇਖਦਾ ਹਾਂ ਕਿ ਜਦੋਂ ਮੈਂ ਕਹਾਣੀ ਦੇ ਖੇਤਰ ਵਿਚ ਆਉਂਦਾ ਹਾਂ... ਤਾਂ ਮੇਰੇ ਨਾਲ ਦੇਸ ਰਾਜ ਕਾਲੀ ਜਾਂ ਗੁਰਮੀਤ ਕੜਿਆਲਵੀ, ਸਰੂਪ ਸਿਆਲਵੀ ਆਉਂਦੇ ਹਨ... ਉਸ ਵੇਲੇ ਜੱਟ-ਸੀਰੀ ਵਾਲੀ ਸਾਂਝ ਖਤਮ ਹੋ ਜਾਂਦੀ ਹੈ। ਮੈਂ ਜਦੋਂ ਹੋਸ਼ ਸੰਭਾਲਦਾ ਹਾਂ ਤਾਂ ਮੈਂ ਦੁਆਬੇ ਵਿਚ ਜੱਟ-ਸੀਰੀ ਜਾਂ ਖੇਤਾਂ 'ਚ ਮਜਦੂਰੀ ਕਰ ਰਹੇ ਦਲਿਤਾਂ ਨੂੰ ਨਹੀਂ ਵੇਖਦਾ। 1990 ਦੇ ਆਸ ਪਾਸ ਮੈਂ ਹੋਸ਼ ਸੰਭਾਲਦਾ ਹਾਂ ਤਾਂ ਆਪਣੇ ਆਲੇ ਦੁਆਲੇ ਦੇ ਦਲਿਤ ਸਮਾਜ ਨੂੰ ਵੇਖਦਾ ਹਾਂ ਕਿ ਉਹ ਕਿਸ ਤਰ੍ਹਾਂ ਰਹਿੰਦੇ ਹਨ। ਉਨ੍ਹਾਂ ਦੇ ਆਪਸੀ ਰਿਸ਼ਤੇ ਕਿਸ ਕਿਸਮ ਦੇ ਹਨ। ਉਹ ਕਿਵੇਂ ਇਕ ਦੂਜੇ ਨਾਲ ਵਿਹਾਰ ਕਰਦੇ ਹਨ। ਉਨ੍ਹਾਂ ਦੀਆਂ ਲੜਾਈਆਂ,

ਵਿਰੋਧ, ਖਿੱਚੋਤਾਣ, ਆਪਸੀ ਸ਼ੋਸ਼ਣ... ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਪੱਧਰ ਤੇ ਕਿਵੇਂ ਉਨ੍ਹਾਂ ਵਿਚ ਵੱਖਰੇਵਾਂ ਪੈਦਾ ਹੁੰਦਾ ਹੈ... ਕਿਵੇਂ ਉਨ੍ਹਾਂ ਵਿਚ ਕੰਟਾਡਕਸ਼ਨ ਪੈਦਾ ਹੁੰਦੀ ਹੈ। ਇਹ ਅਨੁਭਵ ਹੀ ਮੇਰੀਆਂ ਕਹਾਣੀਆਂ ਵਿਚ ਸਹਿਜ ਰੂਪ ਵਿਚ ਆਉਣ ਲੱਗ ਪੈਂਦਾ ਹੈ। ਇਸ ਤੋਂ ਅੱਗੇ ਮੈਂ ਦਲਿਤਾਂ ਦੀਆਂ ਸਬ ਕਾਸਟਾਂ ਨੂੰ ਆਪਸ ਵਿਚ ਲੜਦਿਆਂ ਵੇਖਦਾ ਹਾਂ। ਇਹ ਵੀ ਵੇਖਦਾ ਹਾਂ ਕਿ ਇਨ੍ਹਾਂ ਵਿਚ ਰੋਟੀ-ਬੇਟੀ ਦੀ ਕੋਈ ਸਾਂਝ ਨਹੀਂ। ਇਹ ਆਪਸ ਵਿਚ ਮੁੰਡੇ-ਕੁੜੀ ਦੇ ਰਿਸ਼ਤੇ ਵੀ ਨਹੀਂ ਕਰਦੇ ਅਤੇ ਸਮਾਜਿਕ -ਧਾਰਮਿਕ-ਰਾਜਨੀਤਿਕ ਫਰੰਟਾਂ ਉੱਤੇ ਵੀ ਇਕੱਠੇ ਨਹੀਂ ਹੁੰਦੇ। ਇਹ ਅਨੁਭਵ ਮੈਂ ਅਚੇਤ ਤੌਰ ਤੇ ਆਪਣੀਆਂ ਕਹਾਣੀਆਂ 'ਚ ਫੜਨ ਲੱਗ ਪਿਆ। ਏਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਿਸ ਨਾਨਕਾ ਪਰਿਵਾਰ ਵਿਚ ਜੰਮਿਆ ਤੇ ਵੱਡਾ ਹੋਇਆ ਸਾਂ ਉਹ ਤਿੰਨ ਪੀੜ੍ਹੀਆਂ ਤੋਂ ਆਪਣਾ ਸੁਤੰਤਰ ਤੌਰ ਤੇ ਕਿੱਤਾਂ ਕਰਨ ਲੱਗ ਪਏ ਸਨ। ਭਾਵ ਕਿ ਉਨ੍ਹਾਂ ਨੇ ਖੇਤਾਂ ਵਿੱਚ ਮਜ਼ਦੂਰੀ ਦਾ ਕੰਮ ਕਰਨਾ ਛੱਡ ਹੀ ਦਿੱਤਾ ਸੀ। ਇਹ ਅਨੁਭਵ ਮੇਰੀ ਕਹਾਣੀ ਵਿਚ ਆਏ। ਤੇ ਮੈਨੂੰ ਦੱਸਿਆ ਗਿਆ ਕਿ ਇਹ ਦਲਿਤ ਵਿਸ਼ਿਆ ਉੱਤੇ ਲਿਖੀ ਜਾ ਰਹੀ ਕਹਾਣੀ ਵਿਚ ਨਵੀਂ ਗੱਲ ਏ। ਉਨ੍ਹਾਂ ਕਹਾਣੀਆਂ ਬਾਰੇ ਦੇਸ ਰਾਜ ਕਾਲੀ ਨੇ ਵਿਸਥਾਰ ਨਾਲ ਜ਼ਿਕਰ ਕਰ ਦਿੱਤਾ ਹੈ। ਜੜ੍ਹਾਂ, ਆਦਿ ਡੰਕਾ, ਰਹਿਮਤ ਮਸੀਹ ਮੱਟੂ ਦੀ ਜੀਵਨੀ ਜਾਂ ਸੁੱਕੀਆਂ ਕੁੰਨਾਂ ਤੋਂ ਇਲਾਵਾ ਹੁਣੇ ਜਿਹੇ ਛਪੀ 'ਠੇਡਾ' ਕਹਾਣੀ ਨੂੰ ਵੇਖਿਆ ਜਾ ਸਕਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਅਨੁਭਵ ਆਪਣੀ ਕਿਸਮ ਦੇ ਨਵੇਂ ਤੇ ਅਚੇਤ ਤੌਰ ਤੇ ਗ੍ਰਹਿਣ ਕੀਤੇ ਅਨੁਭਵ ਸਨ... ਜਿਹੜੇ ਅਨੁਭਵ ਅਤਰਜੀਤ, ਪ੍ਰੇਮ ਗੋਰਖੀ, ਨਛੱਤਰ ਜਾਂ ਭੂਰਾ ਸਿੰਘ ਕਲੇਰ ਦੇ ਅਨੁਭਵ ਸਨ ਉਹ ਅਨੁਭਵ ਉਨ੍ਹਾਂ ਦਾ ਉਸ ਸਮੇਂ ਦੇ ਸਨ। ਮੇਰੇ ਅਨੁਭਵ ਮੇਰੇ ਸਮੇਂ ਸਨ। ਉਨ੍ਹਾਂ ਦੇ ਅਨੁਭਵ ਜਾਤੀ ਸ਼ੋਸ਼ਣ ਦੇ ਅਨੁਭਵ ਸਨ ਪਰ ਮੇਰੇ ਅਨੁਭਵ ਉਹ ਅਨੁਭਵ ਸਨ ਕਿ ਇਨ੍ਹਾਂ ਦਲਿਤਾਂ ਦੀ ਆਪਸੀ ਕੰਟਾਡਕਟਸ਼ਨ ਕਿਵੇਂ ਪੈਦਾ ਹੁੰਦੀ ਹੈ। ਇਹ ਆਪਸ ਵਿਚ ਲੜਦੇ ਕਿਵੇਂ ਹਨ। ਏਥੋਂ ਤੱਕ ਧਰਮ ਨੂੰ ਲੈ ਕੇ ਪਰਿਵਾਰਾਂ ਵਿੱਚ ਤਣਾਓ ਕਿਵੇਂ ਪੈਦਾ ਹੁੰਦਾ ਹੈ। ਏਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੇਰਾ 'ਜੜ੍ਹਾਂ' ਕਹਾਣੀ ਵਾਲਾ ਅਨੁਭਵ ਕਿਤਾਬੀ ਅਨੁਭਵ ਨਹੀਂ ਹੈ। ਨਾਂ ਹੀ ਮੈਂ ਕਿਤਾਬੀ ਗਿਆਨ ਵਿੱਚੋਂ ਇਹ ਪਾਤਰ ਘੜੇ ਹਨ। ਬਲਕਿ ਮੈਂ ਤਾਂ ਇਨ੍ਹਾਂ ਪਾਤਰਾਂ ਨਾਲ, ਇਨ੍ਹਾਂ ਘਟਨਾਵਾਂ ਨਾਲ, ਇਸ ਦਲਿਤ ਸਮਾਜ ਨਾਲ ਘਸਰ ਕੇ ਲੰਘਿਆ ਹਾਂ। ਮੇਰੇ ਤਨ-ਮਨ ਉੱਤੇ ਇਨ੍ਹਾਂ ਪਾਤਰਾਂ ਤੇ ਘਟਨਾਵਾਂ ਨੇ ਝਰੀਟਾਂ ਪਾਈਆਂ ਹਨ। ਦੂਜੀ ਗੱਲ ਕਿ ਸਮਾਜ ਨੂੰ ਸਮਝਣ ਲਈ ਹਰ ਲੇਖਕ ਦੀ ਇਕ ਦ੍ਰਿਸ਼ਟੀ ਬਣਦੀ ਹੈ। ਦ੍ਰਿਸ਼ਟੀ ਬਣਨ ਲਈ ਇਕ ਤਾਂ ਕਿਤਾਬੀ ਗਿਆਨ ਮੁੱਖ ਰੋਲ ਅਦਾ ਕਰਦਾ ਹੈ ਦੂਜਾ ਲੇਖਕ ਦਾ ਸਮਾਜਿਕ ਗਿਆਨ ਹੁੰਦਾ ਹੈ ਜਿਹੜਾ ਗਿਆਨ ਉਹ ਉਸ ਸਮਾਜ ਵਿਚ ਵਿਚਰ ਕੇ ਪ੍ਰਾਪਤ ਕਰਦਾ ਹੈ। ਇਹ ਕਿਤਾਬੀ ਗਿਆਨ ਨਾਲੋਂ ਵੱਡਾ ਤੇ ਅਮੀਰ ਹੁੰਦਾ ਹੈ। ਅੰਬੇਡਕਰ ਦੀ ਵਿਚਾਰਧਾਰਾ... ਉਸ ਦੇ ਨਾਲ ਹੋਰ ਥਿੰਕਰਾਂ ਦੀਆਂ ਵਿਚਾਰਧਾਰਾਵਾਂ ਮੇਰੇ ਅਚੇਤ ਦਿਮਾਗ ਵਿਚ ਸਨ ਮੈਂ ਉਸ ਗਿਆਨ ਰਾਹੀਂ ਵੀ ਪਾਤਰਾਂ ਨੂੰ ਤੇ ਘਟਨਾਵਾਂ ਨੂੰ ਵੇਖਦਾ ਹਾਂ। ਇਸ ਸਮੇਂ ਮੇਰੇ ਸਮਕਾਲੀ ਵੀ ਦਲਿਤਾਂ ਬਾਰੇ ਕਹਾਣੀਆਂ ਲਿਖਦੇ ਰਹੇ ਹਨ। ਸਰੂਪ ਸਿਆਲਵੀ ਹੈ, ਗੁਰਮੀਤ ਕੜਿਆਲਵੀ ਹੈ ਉਨ੍ਹਾਂ ਨੇ ਆਪਣੀ ਦ੍ਰਿਸ਼ਟੀ ਨਾਲ ਦਲਿਤਾਂ ਦੀ ਮੁਕਤੀ ਦਾ ਮਾਡਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਪਿਛਲੇ ਤੀਹ ਕੁ ਸਾਲਾਂ ਦੇ ਸੁਲਘਦੇ ਸਮਿਆਂ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ।

**ਬਲਦੇਵ ਸਿੰਘ ਧਾਲੀਵਾਲ**-ਮੈਂ ਸ਼ੁਰੂ 'ਚ ਭੂਮਿਕਾ ਬੰਨਦਿਆਂ ਹੀ ਜ਼ਿਕਰ ਕੀਤਾ ਸੀ ਕਿ ਇਸ ਸਮੇਂ ਵਿਚ ਜਿਹੜਾ ਵਰਤਾਰਾ ਉਭਰਵੇਂ ਰੂਪ 'ਚ ਸਾਹਮਣੇ ਆਇਆ... ਜਿਸ ਨੂੰ ਨਵ ਬਸਤੀਵਾਦ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ ਉਹ ਸੀ ਨਵਾਂ ਕਾਰੋਬਾਰੀ ਮੱਧ ਵਰਗ...ਉਹ ਕੇਵਲ ਨਵਾਂ ਮੱਧ ਵਰਗ

ਹੀ ਨਹੀਂ ਸੀ ਸਗੋਂ ਉਸ ਮੱਧ ਵਰਗ ਦੀ ਖਾਸ਼ ਦ੍ਰਿਸ਼ਟੀ ਹੈ...ਪਿਛਲੇ ਵੀਹ ਕੁ ਸਾਲਾਂ ਦੀ ਨਵੀਂ ਪੰਜਾਬੀ ਕਹਾਣੀ ਮੱਧ ਵਰਗੀ ਦ੍ਰਿਸ਼ਟੀ ਤੋਂ ਹੀ ਲਿਖੀ ਜਾ ਰਹੀ ਹੈ। ਮੈਂ ਕਹਿਣਾ ਚਾਹੁੰਨਾ ਕਿ ਜਿਹੜੇ ਸਾਡੇ ਦਲਿਤ ਅਨੁਭਵ ਵਾਲੇ ਕਹਾਣੀਕਾਰ ਹਨ ਜਿਵੇਂ ਦੇਸ ਰਾਜ ਕਾਲੀ ਹੈ ਜਾਂ ਭਗਵੰਤ ਰਸੂਲਪੁਰੀ ਹੈ। ਭਾਵੇਂ ਇਨ੍ਹਾਂ ਕੋਲੋਂ ਆਪਣੇ ਆਲੇ ਦੁਆਲੇ ਦਾ ਦਲਿਤ ਅਨੁਭਵ ਹੈ ਪਰ ਇਨ੍ਹਾਂ ਦੀ ਦ੍ਰਿਸ਼ਟੀ ਵੀ ਕਿਤੇ ਨਾ ਕਿਤੇ ਮੱਧ ਵਰਗੀ ਹੈ। ਕਿਉਂਕਿ ਇਹ ਆਪਣੇ ਵਰਗ ਵਿੱਚੋਂ ਵਿਦਿਆ ਰਾਹੀਂ ਜਾਂ ਆਪਣੇ ਕੰਮਾਂ ਕਾਰਾਂ ਰਾਹੀਂ ਜਾਂ ਆਪਣੇ ਚਿੰਤਨ ਰਾਹੀਂ ਉੱਪਰ ਉੱਠ ਕੇ ਆਏ ਹਨ। ਅੱਗੇ ਮੈਂ ਬਲਜੀਤ ਰੈਣਾ ਕੋਲੋਂ ਕਹਾਣੀ ਦੇ ਅਨੁਭਵ ਸੁਣਨੇ ਚਾਹੁੰਦਾ ਹਾਂ। ਉਹ ਉਸ ਪੇਂਡੂ ਸਮਾਜ ਦੀ ਕਹਾਣੀ ਨਹੀਂ ਲਿਖਦੇ ਬਲਕਿ ਸ਼ਹਿਰੀ ਮੱਧ ਵਰਗੀ ਪਾਤਰ ਵਧੇਰੇ ਕਰਕੇ ਉਨ੍ਹਾਂ ਦੀ ਕਹਾਣੀ ਦਾ ਹਿੱਸਾ ਬਣਦੇ ਰਹੇ ਹਨ। ਦੂਜਾ ਇਹ ਕਿ ਉਹ ਉਨ੍ਹਾਂ ਮੱਧ ਵਰਗੀ ਪਾਤਰਾਂ ਨੂੰ ਚਿਤਰਦੇ ਵੀ ਸ਼ਹਿਰੀ ਮੱਧ ਵਰਗੀ ਦ੍ਰਿਸ਼ਟੀ ਤੋਂ ਹਨ। ਉਸ ਮੱਧ ਵਰਗ ਦੇ ਪਾਤਰਾਂ ਦਾ ਆਲਾ ਦੁਆਲਾ ਕਿਸ ਕਿਸਮ ਦਾ ਹੈ ਜਿਹਦੇ ਵਿੱਚੋਂ ਉਹ ਆਪਣੇ ਪਾਤਰ ਲੈਂਦੇ ਹਨ। ਉਨ੍ਹਾਂ ਨੂੰ ਇਸ ਦ੍ਰਿਸ਼ਟੀ ਰਾਹੀਂ ਸ਼ਹਿਰੀ ਚੀਜ਼ਾਂ ਕਿਵੇਂ ਦੀਆਂ ਨਜ਼ਰ ਆਉਂਦੀਆਂ ਹਨ। ਇਸ ਨਾਲ ਜੰਮੂ ਕਮਸ਼ੀਰ ਦੇ ਵਿਸ਼ੇਸ਼ ਅਨੁਭਵ ਬਾਰੇ ਵੀ ਥੋੜ੍ਹਾ ਬਹੁਤਾ ਦੱਸ ਦੇਣ।

**ਬਲਜੀਤ ਸਿੰਘ ਰੈਣਾ**-ਦਲਿਤ ਅਨੁਭਵ ਬਾਰੇ ਲਿਖੀਆਂ ਗਈਆਂ ਕਹਾਣੀਆਂ ਦੀਆਂ ਗੱਲਾਂ ਸੁਣਨਾ ਅੱਛਾ ਲੱਗਾ। ਜੇ ਮੈਂ ਆਪਣੀ ਗੱਲ ਕਰਾਂ ਕਿ ਮੈਂ ਲੰਮੇ ਸਮੇਂ ਤੋਂ ਜੰਮੂ ਕਸ਼ਮੀਰ ਵਿਚ ਰਹਿਣ ਵਾਲਾ ਕਹਾਣੀਕਾਰ ਹਾਂ। ਮੈਂ ਉਸ ਪਰਿਵਾਰ ਵਿੱਚੋਂ ਹਾਂ ਜਿਹਦੇ ਮਾਤਾ ਪਿਤਾ ਮੁਜੱਫਰਾਬਾਦ ਤੋਂ ਉਜੜ ਕੇ ਜੰਮੂ ਵਿਚ ਆਏ। ਉਹ ਅਜੇ ਵੀ ਪੱਠੋਹਾਰੀ ਬੋਲੀ ਬੋਲਦੇ ਹਨ। ਦਲਿਤ ਸਰੋਕਾਰਾਂ ਬਾਰੇ ਮੈਨੂੰ ਭਾਵੇਂ ਬਹੁਤਾ ਪਤਾ ਨਹੀਂ ਪਰ 1980 ਦੇ ਆਸ ਪਾਸ ਮੈਂ ਇਕ ਅੱਧੀ ਕਹਾਣੀ ਜ਼ਰੂਰ ਲਿਖੀ। ਉੜੀਸਾ ਵਿਚ ਉੱਚ ਜਾਤੀ ਦੇ ਲੋਕਾਂ ਨੇ ਇਕ ਦਲਿਤਾ ਦਾ ਪਿੰਡ ਸਾੜ ਦਿੱਤਾ ਸੀ। ਉਸ ਵਿਸ਼ੇ ਤੇ ਕਹਾਣੀ 'ਪ੍ਰੇਮ ਕਥਾ ਦੀ ਸਿਆਸਤ' ਲਿਖੀ ਸੀ। ਜਦੋਂ ਮੈਂ ਜੰਮੂ ਤੋਂ ਕਲਕੱਤੇ ਗਿਆ ਤਾਂ ਮੇਰੀ ਸਾਂਝ ਮਹਾਂਨਗਰੀ ਚੇਤਨਾ ਨਾਲ ਪਈ। ਉਸ ਮਹਾਂਨਗਰ ਦਾ... ਉਸ ਮਹਾਂਨਗਰ ਦੇ ਲੋਕਾਂ ਤੇ ਘਟਨਾਵਾਂ ਦਾ ਮੇਰੇ ਮਨ ਉੱਤੇ ਅਸਰ ਪਿਆ। ਮੈਂ ਸ਼ਹਿਰੀ ਮੱਧ ਵਰਗੀ ਪਾਤਰਾਂ ਨੂੰ ਲੈ ਕੇ ਬਹੁਤ ਕਹਾਣੀਆਂ ਲਿਖੀਆਂ। ਤੁਸੀਂ ਵੇਖੋਗੇ ਕਿ ਮੇਰੀਆਂ ਮੁੱਢਲੀਆਂ ਕਹਾਣੀਆਂ ਕਲਕੱਤੇ ਦੀਆਂ ਹਨ। ਉਦੋਂ ਬਲਦੇਵ ਸਿੰਘ ਸੜਕਨਾਮਾ ਵੀ ਕਲਕੱਤਾ ਰਹਿੰਦੇ ਸਨ। ਸਾਡੀਆਂ ਸ਼ਹਿਰੀ ਮੱਧ ਵਰਗੀ ਲੋਕਾਂ ਬਾਰੇ ਕਹਾਣੀਆਂ ਨਾਲ-ਨਾਲ ਪਰਚਿਆਂ ਵਿਚ ਛਪਦੀਆਂ ਸਨ। ਉਸ ਤੋਂ ਬਾਅਦ ਮੈਂ ਜੰਮੂ ਆ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੰਮੂ ਅਤੇ ਕਸ਼ਮੀਰ ਵਿਚ ਬਹੁਤ ਵੱਡਾ ਫ਼ਰਕ ਹੈ। ਕਸ਼ਮੀਰ ਦਾ ਕਲਚਰ ਜੰਮੂ ਨਾਲੋਂ ਭਿੰਨ ਹੈ। ਜੰਮੂ ਦਾ ਕਲਚਰ ਪੰਜਾਬ ਵਰਗਾ ਹੈ। ਪਰ ਕਸ਼ਮੀਰ ਵੱਖਰੀ ਤਰ੍ਹਾਂ ਦਾ ਹੈ। ਉਨ੍ਹਾਂ ਨੂੰ ਸੰਤਾਲੀ ਦੇ ਸੇਕ ਦਾ ਪਤਾ ਨਹੀਂ ਅਤੇ ਨਾ ਹੀ 84 ਦੇ ਦੁਖਾਂਤ ਦਾ ਅਨੁਭਵ ਹੈ। ਉਨ੍ਹਾਂ ਲੋਕਾਂ ਦੀ ਸੋਚ ਵੱਖਰੀ ਤਰ੍ਹਾਂ ਦੀ ਹੈ। 90 ਤੋਂ ਬਾਅਦ ਉਥੋਂ ਦੇ ਲੋਕ ਜਿਹੜਾ ਸੰਤਾਪ ਭੋਗ ਰਹੇ ਹਨ। ਦਹਿਸ਼ਤ ਗਰਦੀ ਦਾ ਸੰਤਾਪ ਜੋ ਭੋਗ ਰਹੇ ਹਨ ਉਸ ਅਨੁਭਵ ਉੱਤੇ ਮੇਰੀ ਪਹਿਲੀ ਕਹਾਣੀ 'ਜੰਗ' ਸੀ। ਇਕ ਪਾਤਰ ਕਿਵੇਂ ਕਸ਼ਮੀਰ 'ਚ ਕਰਾਇਮ ਕਰਕੇ ਜੰਮੂ ਨੱਠ ਕੇ ਆਇਆ ਸੀ। ਉਸ ਪਾਤਰ ਦੀ ਉਹ ਪਹਿਲੀ ਕਹਾਣੀ ਹੈ। ਇਕ ਕਸ਼ਮੀਰੀ ਪੰਡਤਾਂ ਦੇ ਦੁਖਾਂਤ ਦੀ ਕਹਾਣੀ ਹੈ। ਕਸ਼ਮੀਰੀ ਪੰਡਤਾਂ ਦਾ ਉਥੋਂ ਪਲਾਇਨ ਕਿਵੇਂ ਹੋਇਆ... ਕਿਵੇਂ ਉਥੋਂ ਦੇ ਪੰਡਤਾਂ ਨੂੰ ਕਿਹਾ ਜਾਂਦਾ ਸੀ ਕਿ ਇਥੋਂ ਨਿਕਲ ਜਾਓ... ਉਨ੍ਹਾਂ ਦਾ ਸੰਤਾਪ ਵੱਖਰੀ ਤਰ੍ਹਾਂ ਦਾ ਸੀ। ਜਿਹੜੀ ਕਿ ਪੰਜਾਬੀ ਕਹਾਣੀ ਦਾ ਹਿੱਸਾ ਵੀ ਬਣਿਆ। ਕਸ਼ਮੀਰ ਦੇ ਪੰਡਤਾਂ ਨੂੰ ਕਾਫੀ ਪੜ੍ਹੇ ਲਿਖੇ ਤੇ ਸਿਆਣੇ ਸਮਝਿਆ ਗਿਆ ਹੈ। ਨੌਕਰੀਆਂ ਵਿਚ ਵੀ ਉਹ ਡੌਮੀਨੇਟ ਕਰਦੇ ਸਨ ਪਰ ਹੁਣ ਸਾਰਾ ਸਮਾਂ ਬਦਲ ਗਿਆ ਹੈ। ਜੋ ਕਸ਼ਮੀਰੀ ਮੁਸਲਮਾਨ ਹੈ ...

ਉਹ ਬਹੁਤ ਸਿਆਣਾ ਮੁਸਲਮਾਨ ਹੈ। ਇਹ ਗੱਲ ਮੰਨ ਕੇ ਚੱਲੋ। ਉਹ ਕਦੇ ਨਹੀਂ ਕਹਿੰਦਾ ਕਿ ਮੈਂ ਏਧਰ ਜਾਣਾ ਹੈ ਜਾਂ ਓਧਰ ਜਾਣਾ ਹੈ। ਬਲਕਿ ਉਹ ਤਾਂ ਅਜ਼ਾਦੀ ਮੰਗਦੇ ਹਨ। ਸਾਡੇ ਪੰਜਾਬੀ ਦੇ ਵੱਡੇ ਕਹਾਣੀਕਾਰ ਖ਼ਾਲਿਦ ਹੁਸੈਨ ਹਨ। ਉਨ੍ਹਾਂ ਨੇ ਜੰਮੂ ਤੇ ਕਸ਼ਮੀਰ ਦੇ ਸਮਾਜ ਬਾਰੇ... ਘੱਟ ਗਿਣਤੀਆਂ ਬਾਰੇ ਅਤੇ ਖਾਸ ਕਰਕੇ ਮੁਸਲਿਮ ਕਮਿਊਨਟੀ ਬਾਰੇ ਬਹੁਤ ਵਧੀਆਂ ਕਹਾਣੀਆਂ ਲਿਖੀਆਂ ਹਨ। ਇਕ ਕੰਵਲ ਕਸ਼ਮੀਰੀ ਹੈ। ਉਸ ਨੇ ਕਸ਼ਮੀਰ ਦੇ ਕਲਚਲ ਨੂੰ ਖ਼ੂਬਸੂਰਤੀ ਨਾਲ ਆਪਣੀਆਂ ਕਹਾਣੀਆਂ 'ਚ ਪੇਸ਼ ਕੀਤਾ ਹੈ। ਸੁਰਿੰਦਰ ਨੀਰ ਨੇ ਵੀ ਆਪਣੀਆਂ ਕਹਾਣੀਆਂ 'ਚ ਕਸ਼ਮੀਰ 'ਚ ਘੱਟ ਗਿਣਤੀਆਂ ਦੇ ਦਰਦ ਨੂੰ ਆਪਣੀਆਂ ਕਹਾਣੀਆਂ 'ਚ ਪੇਸ਼ ਕੀਤਾ ਹੈ। ਹੁਣ ਜੇਕਰ ਅਸੀਂ ਮੱਧ ਵਰਗੀ ਲੋਕਾਂ ਦੀ ਗੱਲ ਕਰੀਏ। ਉਥੇ ਵੀ ਉਸ ਤਰ੍ਹਾਂ ਸਥਿਤੀ ਹੈ। ਜਿਸ ਤਰ੍ਹਾਂ ਏਧਰ ਪੰਜਾਬ ਵਿਚ ਮੱਧ ਵਰਗੀ ਲੋਕਾਂ ਬਾਰੇ ਕਹਾਣੀਆਂ ਲਿਖੀਆਂ ਜਾ ਰਹੀ ਹਨ ਉਧਰ ਮੇਰੇ ਸਮੇਤ ਹੋਰ ਵੀ ਲਿਖ ਰਹੇ ਹਨ।

**ਬਲਦੇਵ ਸਿੰਘ ਧਾਲੀਵਾਲ**-ਕਹਾਣੀ ਵਿੱਚ ਵੇਰਵੇ ਦੀ ਬੜੀ ਮਹੱਤਤਾ ਹੁੰਦੀ ਹੈ। ਵੇਰਵੇ ਤੋਂ ਬਿਨਾ ਕਹਾਣੀ ਲਿਖਣੀ ਬਹੁਤ ਔਖੀ ਹੈ। ਭਾਵੇਂ ਬਲਜੀਤ ਰੈਣਾ ਹੁਰਾਂ ਨੇ ਕਿਹਾ ਕਿ ਕਸ਼ਮੀਰ ਬਾਰੇ ਮੇਰੇ ਅਨੁਭਵ ਥੋੜ੍ਹੇ ਹਨ ਘੱਟ ਕਹਾਣੀਆਂ ਲਿਖੀਆਂ ਗਈਆਂ। ਇਸ ਵਿਸ਼ੇ ਤੇ ਮੈਂ ਵੀ ਸਮੀਖਿਆ ਦਾ ਕੰਮ ਕੀਤਾ ਹੈ। ਮੈਂ ਕਸ਼ਮੀਰ ਦੇ ਸੰਕਟ ਦੀਆਂ ਕੁਝ ਕਹਾਣੀਆਂ ਬਾਰੇ ਲਿਖਿਆ ਵੀ ਹੈ। ਹਰਭਜਨ ਸਾਗਰ ਦੀਆਂ ਕਹਾਣੀਆਂ ਇਸੇ ਕਿਸਮ ਦੀਆਂ ਹਨ। ਉਸ ਦੀ ਇਕ ਕਹਾਣੀ 'ਸੁਪਨੇ ਵਿਚ ਵਾਪਰੀ ਘਟਨਾ ਦਾ ਨਾਇਕ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜੋ ਕਸ਼ਮੀਰ ਦਾ ਸਿੱਖ ਹੈ ਉਹ ਕਿਸ ਤਰ੍ਹਾਂ ਵਿਹਾਰ ਕਰਦਾ ਹੈ... ਉਹ ਸਥਿਤੀਆਂ ਦੇ ਅਧਾਰ 'ਤੇ ਵਿਹਾਰ ਕਰੇ ਜਾਂ ਉਹਦੀ ਦਿਮਾਗੀ ਬਣਤਰ ਦਾ ਵਰਕ ਹੈ, ਉਸ ਤਰ੍ਹਾਂ ਵਿਹਾਰ ਕਰੇ। ਉਸ ਦਾ ਲਗਾਓ ਪੰਜਾਬ ਨਾਲ ਵੀ ਹੈ... ਏਥੋਂ ਦੇ ਧਾਰਮਿਕ ਸਥਾਨਾਂ ਨਾਲ ਵੀ ਹੈ। ਪਰ ਉਹ ਜੰਮਿਆ ਕਸ਼ਮੀਰ ਵਿਚ ਹੈ। ਇਹ ਚੱਕੀ ਦੇ ਦੋ ਪੁੜ ਹਨ... ਉਹ ਕਿਸ ਤਰ੍ਹਾਂ ਪਿਸ ਰਿਹਾ ਹੈ ... ਉਸ ਦੀ ਮਾਨਸਿਕਤਾ ਕਿਸ ਤਰ੍ਹਾਂ ਹੁੰਦੀ ਹੈ। ਇਸ ਤਰ੍ਹਾਂ ਦੇ ਵਿਸ਼ੇ ਉਸ ਦੀ ਕਹਾਣੀ ਵਿਚ ਉਭਰਵੇਂ ਰੂਪ ਵਿਚ ਆਉਂਦੇ ਹਨ। ਉਸ ਦੀ ਕਹਾਣੀ ਵਿਚ ਇਸ ਕਿਸਮ ਦੇ ਵੇਰਵੇ ਵੀ ਆਉਂਦੇ ਹਨ ਕਿ ਕਿਵੇਂ ਉਸ ਵਾਦੀ ਨੂੰ ਜੰਨਤ ਦਾ ਰੂਪ ਕਿਹਾ ਜਾਂਦਾ ਸੀ ਤੇ ਫਿਰ ਉਸ ਜੰਨਤ ਨੂੰ ਨਰਕ ਦਾ ਰੂਪ ਕਿਵੇਂ ਜਾਂ ਕਿਸ ਨੇ ਦੇ ਦਿੱਤਾ ਇਸ ਤਰ੍ਹਾਂ ਦੇ ਵੇਰਵੇ ਉਸ ਦੀ ਕਹਾਣੀ ਵਿਚ ਆਉਂਦੇ ਹਨ। ਇਸ ਨੂੰ ਮਿੱਥੀਕਲ ਹਵਾਲਿਆਂ ਦੇ ਨਾਲ ਉਹ ਆਪਣੀਆਂ ਕਹਾਣੀਆਂ ਵਿੱਚ ਲੈਂਦਾ ਹੈ। ਮੇਰਾ ਮਕਸਦ ਉਨ੍ਹਾਂ ਹਵਾਲਿਆਂ ਬਾਰੇ ਜਾਨਣ ਦਾ ਸੀ। ਬਾਕੀ ਸੁਰਿੰਦਰ ਨੀਰ ਕਸ਼ਮੀਰ ਦੇ ਹਨ... ਉਨ੍ਹਾਂ ਦੀਆਂ ਕਹਾਣੀਆਂ ਵਿਚ ਕਸ਼ਮੀਰ ਦਾ ਰੰਗ ਅਸੀਂ ਵੇਖ ਸਕਦੇ ਹਾਂ। ਜਿਵੇਂ ਕਿਸੇ ਮੁਸਲਿਮ ਮੁੰਡੇ ਜਾਂ ਕੁੜੀ ਦਾ ਝੁਕਾਅ ਕਸ਼ਮੀਰੀ ਪੰਡਤ-ਸਿੱਖ ਮੁੰਡੇ ਜਾਂ ਕੁੜੀ ਵੱਲ ਹੋ ਜਾਂਦਾ ਹੈ... ਉਨ੍ਹਾਂ ਦਾ ਵਿਆਹ ਵੀ ਹੋ ਜਾਂਦਾ ਹੈ ਫਿਰ ਔਲਾਦ ਨੂੰ ਲੈ ਕੇ ਕਿਸ ਕਿਸਮ ਦੇ ਮਸਲੇ ਆਉਂਦੇ ਹਨ...ਉਨ੍ਹਾਂ ਦਾ ਕਿਹੜਾ ਨਾਂ ਰੱਖੀਏ... ਕਿ ਉਨ੍ਹਾਂ ਨੂੰ ਕਿਹੜੀ ਪਛਾਣ ਦਈਏ। ਇਨ੍ਹਾਂ ਵੇਰਵਿਆ ਨਾਲ ਸੰਬੰਧਤ ਸੁਰਿੰਦਰ ਨੀਰ ਦੀ ਇਕ ਕਹਾਣੀ ਹੈ। ਇਸ ਪਛਾਣ ਦੇ ਮਸਲੇ ਨੂੰ ਲੈ ਕੇ ਹੀ ਮਨੁੱਖ ਸਾਰੀ ਉਮਰ ਉਲਝਿਆ ਰਹਿੰਦਾ ਹੈ। ਜਿਵੇਂ ਪੰਜਾਬੀਆਂ ਦੀ ਪਛਾਣ ਪੱਛਣ ਵਿਚ ਜਾ ਕੇ ਪੱਛਮੀ ਹੋ ਗਈ ਜਾਂ ਪਰਵਾਸੀ ਦੀਆਂ ਪਛਾਣ ਪੰਜਾਬ 'ਚ ਆ ਕੇ ਪੰਜਾਬੀ ਹੋ ਗਈ ਕਿ ਬੰਦੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੈਂ ਕਿੰਨਾ ਕੁ ਪੱਛਮੀ ਹਾਂ ਤੇ ਕਿੰਨਾ ਕੁ ਪੰਜਾਬੀ। ਇਹ ਜਿਹੜੀ ਮਿਸ਼ਰਤ ਹਾਈਬ੍ਰੀਡ ਜੋ ਪਛਾਣ ਹੈ। ਉਹ ਬੰਦੇ ਨੂੰ ਕਿਸ ਤਰ੍ਹਾਂ ਦਾ ਬਣਾ ਦਿੰਦੀ ਹੈ? ਪੰਜਾਬੀ ਵਿਚ ਕਸ਼ਮੀਰ ਦੇ ਅਨੁਭਵ ਇਕ ਮੁਸਲਿਮ ਵੱਲੋਂ ਲਿਖੀ ਗਈ ਕਹਾਣੀ ਲੱਭਣੀ ਮੁਸ਼ਕਲ ਹੋ ਗਈ... ਸਾਡੇ ਕੋਲ ਖ਼ਾਲਿਦ ਹੁਸੈਨ ਹੀ ਇਕੋ ਅਜਿਹਾ ਨਾਂ ਹੈ। ...ਤੇ ਮੈਂ ਹੁਣ ਦੀਪ ਦਵਿੰਦਰ ਸਿੰਘ ਵੱਲ ਆਉਂਣਾ ਹੈ...ਅਸੀਂ ਪਿੱਛੇ ਦਲਿਤ

ਅਨੁਭਵ ਤੇ ਸ਼ਹਿਰੀ ਮੱਧਵਰਗ ਬਾਰੇ ਕਾਫੀ ਗੱਲ ਕਰ ਲਈ ਹੈ ਤੇ ਮੈਂ ਹੁਣ ਦੀਪ ਦਵਿੰਦਰ ਦੀ ਭਾਸ਼ਾ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਉਸ ਕੋਲੋਂ ਉਸ ਦੀ ਖਾਸ ਕਿਸਮ ਦੀ ਭਾਸ਼ਾ ਬਾਰੇ ਪੁੱਛਣਾ ਚਾਹੁੰਦਾ ਹਾਂ। ਮਾਝੀ ਭਾਸ਼ਾ ਜਿਸ ਵਿਚ ਦੀਪ ਲਿਖਦਾ ਹੈ, ਉਸ ਉਪ ਭਾਸ਼ਾ ਦਾ ਪੰਜਾਬੀ ਕਹਾਣੀ ਵਿਚ ਖਾਸ ਥਾਂ ਹੈ। ਸਾਡੇ ਕੋਲ ਵਰਿਆਮ ਸਿੰਘ ਸੰਧੂ ਮਾਝੇ ਦੇ ਵੱਡੇ ਕੱਦ ਵਾਲੇ ਕਹਾਣੀਕਾਰ ਹਨ। ਦੀਪ ਦਵਿੰਦਰ ਦਲਿਤ ਅਨੁਭਵ ਦੇ ਨਾਲ ਨਾਲ ਨਾਰੀ ਅਨੁਭਵ ਤੇ ਉਹਦੇ ਨਾਲ ਨਾਲ ਭਾਸ਼ਾ ਬਾਰੇ ਗੱਲ ਕਰੇ ਤਾਂ ਬਿਹਤਰ ਹੋਵੇਗਾ।

**ਦੀਪ ਦਵਿੰਦਰ**-ਮੈਂ ਬਹੁਤ ਨਵਾਂ ਲਿਖਣ ਵਾਲਾ ਕਹਾਣੀਕਾਰ ਹਾਂ। ਬਹੁਤ ਥੋੜ੍ਹੀਆਂ ਕਹਾਣੀਆਂ ਲਿਖੀਆਂ ਹਨ। ਮੇਰੇ ਨਾਲ ਗੱਲ ਕਰਨ ਵਾਲੇ ਮੇਰੇ ਤੋਂ ਵੱਧ ਅਨੁਭਵ ਵਾਲੇ ਕਹਾਣੀਕਾਰ ਹਨ। ਚਾਹੇ ਉਹ ਕਾਲੀ ਹੋਵੇ ਜਾਂ ਭਗਵੰਤ ਰਸੂਲਪੁਰੀ ਜਾਂ ਅਜਮੇਰ ਸਿੱਧੂ ਜਾਂ ਬਲਜੀਤ ਰੈਣਾ। ਜਿੰਨੀਆਂ ਵੀ ਮੈਂ ਹੁਣ ਤੱਕ ਕਹਾਣੀਆਂ ਲਿਖੀਆਂ ਹਨ ਉਨ੍ਹਾਂ ਦੇ ਹਵਾਲਿਆਂ ਦੇ ਨਾਲ ਮੈਂ ਕੁਝ ਨੁਕਤਿਆਂ ਤੇ ਗੱਲ ਕਰਨੀ ਹੈ। ਮੈਂ ਭਗਵੰਤ ਰਸੂਲਪੁਰੀ ਦੇ ਹਵਾਲੇ ਨਾਲ ਜੇ ਗੱਲ ਕਰਾਂ ਕਿ ਜੇਕਰ ਆਪਾਂ ਪਿਛਲਖੁਰੀ ਪੰਜਾਬੀ ਦੀ ਕਹਾਣੀ ਵੇਖਦੇ ਹਾਂ ਤਾਂ ਮੇਰੇ ਸਾਹਮਣੇ ਵੀ ਮਾਝੇ ਦੇ ਵੱਡੇ ਕਹਾਣੀਕਾਰ ਸਨ। ਚਾਰੇ ਉਹ ਤਰਵਿੰਦਰ ਸਿੰਘ ਹੋਵੇ ਤਾਂ ਦਲਬੀਰ ਚੇਤਨ ਜਾਂ ਹੋਰ... ਮੈਂ ਉਨ੍ਹਾਂ ਦੀ ਕਹਾਣੀ ਨੂੰ ਸਮਝਿਆ। ਜੇਕਰ ਪਿੰਡ ਦੀ ਭੂਗੋਲਿਕ ਬਣਤਰ ਨੂੰ ਵੇਖਿਆ ਜਾਵੇ ਤਾਂ ਜਿਹੜਾ ਪਿੰਡ ਦਾ ਉੱਚਾ ਪਾਸੇ ਹੁੰਦਾ ਹੈ ਉਥੇ ਪਿੰਡ ਦਾ ਉੱਚਾ ਤਬਕਾ ਰਹਿੰਦਾ ਹੈ। ਉੱਥੇ ਉੱਚੀਆਂ ਜਾਤੀਆਂ ਦੇ ਘਰ ਹੋਣਗੇ। ਜਿੱਧਰ ਪਾਣੀ ਵਗਦਾ ਏ... ਲਹਿੰਦੇ ਪਾਸੇ ਕੰਮੀਆਂ ਕਮੀਣਾਂ ਦੇ ਘਰ ਹੋਣਗੇ ਅਤੇ ਬਿਲਕੁਲ ਐਨ ਦੋਹਾਂ ਦੇ ਵਿਚਕਾਰ ਰਾਮਗੜੀਏ... ਘੁਮਾਰ... ਨਾਈ ਜਾਂ ਹੋਰ ਨਿੱਕੀਆਂ-ਸੁੱਕੀਆਂ ਜਾਤਾਂ ਦੇ ਘਰ ਹੋਣਗੇ। ਮੈਂ ਇਸ ਅਨੁਭਵ ਨੂੰ ਛੋਟੇ ਹੁੰਦਿਆਂ ਗ੍ਰਹਿਣ ਕਰਦਾ ਰਿਹਾ ਕਿਉਂਕਿ ਮੈਂ ਇਸ ਤਰ੍ਹਾਂ ਦੇ ਪਿੰਡ ਵਿਚ ਜੰਮਿਆ ਸਾਂ। ਸਾਡੇ ਘਰਾਂ ਦੀ ਸਾਂਝੀਆਂ ਕੰਧਾਂ ਨਾਲ ਇਕ ਪਾਸੇ ਜਿੰਮੀਦਾਰਾਂ ਦੇ ਘਰਾਂ ਦੀਆਂ ਹੁੰਦੀਆਂ ਸਨ ਦੂਜੇ ਪਾਸੇ ਨਿੱਕੀਆਂ ਜਾਤਾਂ ਵਾਲੇ ਦਲਿਤਾਂ ਦੇ ਘਰਾਂ ਦੀਆਂ। ਹੁਣ ਮੇਰੇ ਕੰਮ ਵੀ ਇਸ ਤਰ੍ਹਾਂ ਦਾ ਹੈ.. ਕਿ ਹਰ ਬੰਦੇ ਨਾਲ ਮੇਰਾ ਵਾਹ ਪੈਂਦਾ ਹੈ। ਮੈਂ ਮਕਾਨ ਉਸਾਰੀ ਦੇ ਕੰਮ ਨਾਲ ਜੁੜਿਆ ਹੋਇਆ ਹਾਂ। ਇਕ ਕਹਾਣੀ ਦੇ ਹਵਾਲੇ ਨਾਲ ਮੈਂ ਗੱਲ ਕਰਨੀ ਹੈ...ਉਦੋਂ ਮੇਰੇ ਕੋਲ ਦੋ ਅਜਿਹੇ ਬੰਦੇ ਕੰਮ ਕਰਦੇ ਸਨ ਜਿਨ੍ਹਾਂ 'ਚੋਂ ਇਕ ਦਾ ਪਿਛੋਕੜ ਜੱਟ ਸਿੱਖ ਧਿਰ ਨਾਲ ਸੀ ਤੇ ਦੂਜੇ ਦਾ ਸੰਬੰਧ ਨਿਮਨ ਧਿਰ ਨਾਲ ਸੀ ਜਦੋਂ ਮੈਂ ਆਪਣੀ ਕਹਾਣੀ 'ਗੰਢਾਂ' ਦੇ ਲਿਖਣ ਬਾਰੇ ਸੋਚ ਰਿਹਾ ਸੀ। ਉਨ੍ਹਾਂ ਦੋ ਬੰਦਿਆਂ ਵਿੱਚੋਂ ਇਕ ਕਰੀਗਰ ਸੀ ਦੂਜਾ ਮਜ਼ਦੂਰ ਸੀ। ਜਿਹੜਾ ਕਾਰੀਗਰ ਸੀ ਉਹ ਲਾਗਲੇ ਕਿਸੇ ਪਿੰਡ 'ਚੋਂ ਸਾਂਸੀ ਬਰਾਦਰੀ ਦਾ ਸੀ। ਜਿਹੜਾ ਮਜ਼ਦੂਰ ਸੀ ਉਹ ਕਿਸੇ ਜ਼ਿੰਮੀਦਾਰ ਦਾ ਲੜਕਾ ਸੀ। ਇਕ ਦਿਨ ਦੋਵੇਂ ਰੋਟੀ ਖਾ ਰਹੇ ਸਨ ਤੇ ਗੱਲਾਂ ਕਰ ਰਹੇ ਸਨ ਮੈਂ ਲਾਗੇ ਸੁਣ ਰਿਹਾ ਸੀ। ਮਜ਼ਦੂਰ ਕਹਿੰਦਾ ਰੂਪਿਆ ! ਤੁਸੀਂ ਚੰਗੇ ਹੋ ਤੁਸੀਂ ਕੰਮ ਵੀ ਮਿਸਤਰੀ ਦਾ ਕਰਦੇ ਹੋ... ਦਿਹਾੜੀ ਤੂੰ ਮੇਰੇ ਨਾਲੋਂ ਵੱਧ ਲੈਂਦਾ ਹੈ। ਉਧਰੋਂ ਪਿੰਡ 'ਚ ਵੀ ਤੁਹਾਡਾ ਨੀਲਾ ਕਾਰਡ ਬਣਿਆ ਹੈ। ਤੁਹਾਨੂੰ ਉਥੋਂ ਵੀ ਰਾਸ਼ਨ ਮਿਲ ਜਾਂਦਾ ਹੈ। ਸਾਡੇ ਪਿੱਛੇ ਸਰਕਾਰੀ ਕਾਗਜ਼ਾ 'ਚ ਜਿਹੜਾ ਸ਼ਬਦ ਬੱਝਾ ਹੈ ਨਾ...ਉਸ ਨਾ ਤਾਂ ਸਾਨੂੰ ਭੁੰਞੇ ਟਿਕਣ ਦਿੰਦਾ ਨਾ ਕੋਈ ਸਰਕਾਰੀ ਸਹਾਇਤਾ ਲੈਣ ਦਿੰਦਾ। ਇਹ ਮਸਲਾ ਮੇਰੇ ਦਿਮਾਗ ਵਿਚ ਉਭਰਨ ਲੱਗ ਪਿਆ ਕਿ ਦਲਿਤ ਸਮੱਸਿਆ ਜਾਤ ਨਾਲ ਜੁੜੀ ਹੈ? ਜਾਂ ਆਰਥਿਕਤਾ ਨਾਲ ਜੁੜੀ ਹੈ। ਮੇਰੀ ਇਕ ਹੋਰ ਕਹਾਣੀ ਦਾ ਪਾਤਰ ਜੋ ਨਾਇਬ ਤਹਿਸੀਲਦਾਰ ਹੈ ਉਹ ਵਾਰ ਵਾਰ ਕਹਿੰਦਾ ਹੈ ਕਿ ਇਹਦੇ ਨਾਲੋਂ ਮੈਂ ਕਿਸੇ ਗਰੀਬ ਘਰ ਜੰਮ ਪੈਂਦਾ ਪਰ ਮੇਰੀ ਚੰਗੀ ਜਾਤ ਤਾਂ ਹੁੰਦੀ। ਬੰਦੇ ਦੀ ਆਰਥਿਕਤਾ ਜਿੱਥੇ ਮਰਜ਼ੀ ਪਹੁੰਚ ਜਾਵੇ ਪਰ ਜਦੋਂ ਤੱਕ ਊਚ-ਨੀਚ ਨੂੰ ਲੈ ਕੇ ਸਾਡੇ ਮਨਾਂ ਵਿਚ ਜਾਤਾਂ ਦੇ ਵਰਤਾਰੇ ਨਾਲ ਫਸੀ ਹੋਈ ਗੰਢ ਢਿੱਲੀ

ਨਹੀਂ ਹੁੰਦੀ, ਉਨ੍ਹਾਂ ਚਿਰ ਬੰਦੇ ਦੀ ਮੁਕਤੀ ਨਹੀਂ। ਬੇਸ਼ੱਕ ਅਸੀਂ ਜਾਤ ਨੂੰ ਲੈ ਕੇ ਵਰਗ ਵੰਡ ਨੂੰ ਨਹੀਂ ਮੰਨਦੇ ਪਰ ਇਹ ਮਸਲਾ ਸਾਡੇ ਮਨਾਂ ਵਿਚ ਕਿਤੇ ਨਾ ਕਿਤੇ ਫਸਿਆ ਹੋਇਆ ਹੈ। ਕਹਾਣੀ ਦੀ ਹਰ ਪੀੜ੍ਹੀ ਨੇ ਇਸ ਮਸਲੇ ਨੂੰ ਲੈ ਕੇ ਬੜੀਆਂ ਮੁੱਲਵਾਨ ਕਹਾਣੀਆਂ ਲਿਖੀਆਂ ਹਨ। ਜਿਨ੍ਹਾਂ ਸਮਿਆਂ ਵਿਚ ਮੈਂ ਆਪਣੀ ਕਹਾਣੀ '.....' ਲਿਖ ਰਿਹਾ ਸੀ ਤਾਂ ਉਹਦੇ 'ਚ ਬੁੱਢੀ ਔਰਤ ਦਾ ਕਿਰਦਾਰ ਏ। ਉਸ ਪਾਤਰ ਨੂੰ ਸਹਿਜ ਕਰਨ ਲਈ ਜਾਂ ਕਹਿ ਲਓ ਸੱਚ ਦੇ ਨੇੜੇ ਜਾਣ ਲਈ ਮੈਂ ਕੋਸ਼ਿਸ਼ ਕੀਤੀ ਕਿ ਅਜਿਹੀਆਂ ਔਰਤਾਂ ਲੱਭੀਆਂ ਜਾਣ ਕਿ ਉਹ ਘਰਾਂ ਪਰਿਵਾਰਾਂ ਵਿਚ ਕਿੰਝ ਰਹਿੰਦੀਆਂ ਹਨ। ਉਹ ਕੁੜਮਾਚਾਰੀ ਵਿਚ ਕਿਵੇਂ ਵਰਤਦੀਆਂ ਹਨ ਉਹ ਗਲੀ ਗੁਵਾਂਢ ਕਿਵੇਂ ਰਹਿੰਦੀਆਂ ਹਨ। ਮੈਂ ਉਨ੍ਹਾਂ ਔਰਤਾਂ ਕੋਲ ਵੀ ਗਿਆ। ਹਰ ਮੈਂਬਰ ਦੀ ਮਾਂ ਪ੍ਰਤੀ ਕਿਸ ਤਰ੍ਹਾਂ ਦੀ ਦ੍ਰਿਸ਼ਟੀ ਹੈ? ਉਹ ਮੈਂ ਲੱਭਣ ਲਈ ਵੱਖ-ਵੱਖ ਜੀਆਂ ਕੋਲ ਗਿਆ। ਜਿਨ੍ਹਾਂ ਦਾ ਸੰਬੰਧ ਉਸ ਬਜ਼ੁਰਗ ਔਰਤ ਨਾਲ ਸੀ। ਸੋ ਮੈਂ ਇਸ ਤਰ੍ਹਾਂ ਪਾਤਰਾਂ ਦੇ ਸੱਚ ਦੇ ਨੇੜੇ ਜਾਣ ਲਈ ਲੋਕਾਂ ਵਿਚ ਵਿਚਰਦਾ ਹਾਂ। ਭਾਸ਼ਾ ਤੇ ਪਕੜ ਉਦੋਂ ਆ ਹੀ ਜਾਂਦੀ ਹੈ ਜਦੋਂ ਤੁਸੀਂ ਸਮਾਜ ਦੇ ਸੱਚੀ ਮੁੱਚੀ ਦੇ ਪਾਤਰਾਂ ਨਾਲ ਵਿਚਰਦੇ ਹੋ।

**ਬਲਦੇਵ ਧਾਲੀਵਾਲ**-ਮੈਂ ਭਾਸ਼ਾ ਦੇ ਹਵਾਲੇ ਨਾਲ ਇਸ ਲਈ ਗੱਲ ਕਰਨਾ ਚਾਹੁੰਦਾ ਸਾਂ ਕਿ ਜਿਵੇਂ ਜਿਵੇਂ ਸਾਡਾ ਸਮਾਂ ਬਦਲਦਾ ਹੈ ਤਾਂ ਸਾਡੀ ਭਾਸ਼ਾ ਵੀ ਬਦਲਦੀ ਹੈ। ਹੌਲੀ-ਹੌਲੀ ਸਾਡੇ ਕੋਲੋਂ ਪੁਰਾਣੇ ਸ਼ਬਦਾਂ ਦੀ ਪ੍ਰੋਪਰਟੀ ਆਲੋਪ ਹੋ ਜਾਂਦੀ ਹੈ। ਪ੍ਰੋਪਰਟੀ ਮੈਂ ਇਸ ਲਈ ਵਰਤਦਾ ਹਾਂ ਕਿ ਜਿਵੇਂ ਕਿ ਜੇਕਰ ਸ਼ਬਦ 'ਕਿੱਕਰ' ਵਰਤਿਆ ਜਾਵੇ ਤਾਂ ਸਾਡੇ ਜ਼ਿਹਨ 'ਚ ਆਪਣੇ ਆਪ ਕਿੱਕਰ ਦੇ ਸੱਕ, ਫੁੱਲ, ਸੂਲਾ ਆ ਜਾਂਦੀਆਂ ਹਨ। ਕਿ ਸ਼ਰਾਬ 'ਚ ਸੱਕ ਕਿਵੇਂ ਪਾਇਆ ਜਾਂਦਾ। ਇਕ ਸ਼ਬਦ ਸੁਣਨ ਨਾਲ ਸਾਰਾ ਕੁਝ ਉਭਰ ਕੇ ਆ ਜਾਵੇਗਾ। ਜਦੋਂ ਸਾਡੇ ਕੋਲ ਸ਼ਬਦਾਂ ਦੀ ਪ੍ਰੋਪਰਟੀ ਖੁਸ਼ਣੀ ਸ਼ੁਰੂ ਹੋ ਜਾਂਦੀ ਹੈ ਤਾਂ ਸ਼ਬਦਾਂ ਦਾ ਸੋਹਜ ਖਤਮ ਹੋ ਜਾਂਦਾ ਹੈ। ਜਿਵੇਂ ਲੋਕ ਗੀਤ ਹੈ... ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ, ਬਾਪੂ ਦੇ ਪਸੰਦ ਆ ਗਿਆ।' ਭਾਵ ਕਿ ਜੇਕਰ ਕਿਸੇ ਨੂੰ ਕਿੱਕਰ ਦਾ ਪਤਾ ਨਹੀਂ ਲੱਗੇਗਾ ਤਾਂ ਕਿੱਕਰ ਦੇ ਸੁਹਜ ਦਾ ਪਤਾ ਨਹੀਂ ਲੱਗ ਸਕਦਾ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਤੇ ਨਾ ਕਿਤੇ ਪੰਜਾਬੀ ਭਾਸ਼ਾ ਬਦਲੀ ਵੀ ਹੈ। ਕਾਰਜ ਤੇ ਕਿੱਤਿਆਂ ਦੀ ਜੋ ਭਾਸ਼ਾ ਸੀ। ਉਹ ਕਿਤੇ ਨਾ ਕਿਤੇ ਹਾਸ਼ੀਏ 'ਤੇ ਚਲੇ ਗਈ ਹੈ। ਹੁਣ ਸ਼ਹਿਰੀ ਮੱਧ ਵਰਗ ਵਾਲੀ ਭਾਸ਼ਾ ਆਉਣ ਲੱਗ ਪਈ ਹੈ। ਜੋ ਮੈਂ ਨਾਰੀ ਦੇ ਮਸਲੇ 'ਤੇ ਗੱਲ ਕੀਤੀ ਸੀ ਮੈਂ ਅਜਮੇਰ ਸਿੱਧੂ ਨੂੰ ਪੁੱਛਣਾ ਹੈ। ਉਸ ਤੋਂ ਪਹਿਲਾਂ ਮੈਂ ਇਕ ਕਹਾਣੀ ਦੀ ਗੱਲ ਕਰਨੀ ਹੈ... ਇਕ ਆਗਾ ਅਲੀ ਮੁਦੱਸਰ ਪਾਕਿਸਤਾਨ ਦਾ ਕਹਾਣੀਕਾਰ ਹੈ, ਉਸ ਦੀ ਇਕ ਕਹਾਣੀ ਹੈ 'ਕੀੜੀ ਦਾ ਆਟਾ' ਉਸ ਦਾ ਬਜ਼ੁਰਗ ਪਾਤਰ ਸਮਝਦਾ ਹੈ ਕਿ ਉਹ ਪੰਜਾਬੀ ਭਾਸ਼ਾ ਦਾ ਖ਼ਜ਼ਾਨਾ ਹੈ। ਉਹਦੇ ਕੋਲ ਪੰਜਾਬੀ ਬੋਲੀ ਦਾ ਵੱਡਾ ਭੰਡਾਰ ਹੈ। ਪਰ ਉਸਦੇ ਨੂੰਹ-ਪੁੱਤ ਨਵੇਂ ਜ਼ਮਾਨੇ ਦੇ ਹਨ। ਉਹ ਚਾਹੁੰਦੇ ਨਹੀਂ ਕਿ ਉਨ੍ਹਾਂ ਦਾ ਬੱਚਾ ਦਾਦੇ ਨਾਲ ਗੱਲਾਂ ਕਰੇ ਕਿਉਂਕਿ ਦਾਦਾ ਬੱਚੇ ਦੀ ਬੋਲੀ ਵਿਗਾੜ ਦੇਵੇਗਾ। ਉਹ ਬਾਬੇ ਨੂੰ ਕਹਿੰਦੇ ਹਨ ਕਿ ਤੂੰ ਸਾਡੇ ਬੱਚੇ ਨਾਲ ਗੱਲ ਨਾ ਕਰਿਆ ਕਰ ਕਿਉਂਕਿ ਤੂੰ ਸਾਡੇ ਬੱਚੇ ਦੀ ਜ਼ੁਬਾਨ ਖਰਾਬ ਕਰ ਦੇਵੇਗਾ। ਜਦੋਂ ਬੱਚਾ ਕਿਤੇ ਡਿੱਗਦਾ ਹੈ ਤਾਂ ਬਾਬਾ ਕਹਿੰਦਾ ਹੁੰਦਾ ਸੀ ਕੁਝ ਨਹੀਂ ਹੋਇਆ ਬਸ ਕੀੜੀ ਦਾ ਆਟਾ ਡੁੱਲ੍ਹ ਗਿਆ ਹੈ। ਉਹਦੇ ਭਾਸ਼ਾ ਕਰਕੇ ਉਹ ਘਰੋਂ ਬਾਹਰ ਰਹਿੰਦਾ ਹੈ। ਇਕ ਦਿਨ ਜਦੋਂ ਦਾਦਾ ਸ਼ਾਮ ਨੂੰ ਘਰ ਆਉਂਦਾ ਹੈ ਤਾਂ ਦਰਾਂ ਵਿਚ ਡਿੱਗ ਪੈਂਦਾ ਹੈ... ਤਾਂ ਵੇਖ ਕੇ ਬੱਚਾ ਕਹਿੰਦਾ ਹੈ ... 'ਦਾਦੂ ਕੁਝ ਨ੍ਹੀਂ ਹੋਇਆ ਬਸ ਐਵੇਂ ਕੀੜੀ ਦਾ ਆਟਾ ਡੁੱਲ੍ਹਿਆ ਹੈ।' ਤਾਂ ਦਾਦਾ ਅੱਖਾਂ ਵਿਚ ਲਿਸ਼ਕ ਭਰ ਕੇ ਕਹਿੰਦਾ ਹੈ ਕਿ ਮੇਰਾ ਖ਼ਜ਼ਾਨਾ ਕਿਤੇ ਨਹੀਂ ਮਰਨ ਲੱਗਾ। ਉਹ ਅਗਲੀ ਪੀੜ੍ਹੀ ਤੱਕ ਪਹੁੰਚ ਗਿਆ ਹੈ। ਇੰਞ ਭਾਸ਼ਾ ਦੇ ਮਸਲੇ ਤੇ ਮੈਂ ਗੱਲ ਕਰਨਾ ਚਾਹੁੰਦਾ ਸਾਂ। ਅਗਲੀ ਗੱਲ ਮੈਂ ਨਾਰੀ ਦੇ ਮਸਲੇ ਦੀ ਕਰਨੀ ਹੈ। ਅਜਮੇਰ ਸਿੱਧੂ

ਦੀ ਇਕ ਕਹਾਣੀ ਹੈ, ਜੋ ਕਲਾਸਿਕ ਦਾ ਦਰਜ਼ਾ ਰੱਖਦੀ ਹੈ, 'ਇਕਬਾਲ ਹੁਸੈਨ ਮੋਇਆ ਨਹੀਂ' ਕਹਾਣੀ ਕਹਿੰਦੀ ਹੈ ਕਿ ਜਦੋਂ ਵੀ ਕੋਈ ਵੱਡਾ ਸੰਕਟ ਆਉਂਦਾ ਹੈ ਤਾਂ ਔਰਤ ਪੀੜਤ ਹੁੰਦੀ ਹੈ। ਕਹਾਣੀ ਦੀ ਔਰਤ ਜਿਹੜੀ ਸਿੱਖ ਬਣਾ ਕੇ ਘਰ 'ਚ ਰੱਖ ਲਈ ਜਾਂਦੀ ਹੈ ਪਰ ਉਹ ਆਪਣੇ ਅੰਦਰੋਂ ਵਰ੍ਹਿਆ ਤੱਕ ਮੁਸਲਿਮ ਔਰਤ ਮਰਨ ਨਹੀਂ ਦਿੰਦੀ। ਭਾਵੇਂ ਕਿ ਉਹ ਅੰਮ੍ਰਿਤ ਛੱਕ ਕੇ ਸ੍ਰੀ ਸਾਹਿਬ ਵੀ ਪਾ ਲੈਂਦੀ ਹੈ। ਜਦੋਂ ਉਹ ਗੁਰਦੁਵਾਰੇ 'ਚ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦੇ ਸ਼ਾਕੇ ਦੀਆਂ ਸਾਖੀਆਂ ਸੁਣਦੀ ਹੈ ਤਾਂ ਉਹਦੇ ਅੰਦਰੋਂ ਮੁਸਲਿਮ ਧਰਮ ਪ੍ਰਤੀ ਚੇਤਨਾ ਜਾਗਦੀ ਹੈ। ਜਿਹੜਾ ਮਸਲਾ ਕਿ ਨਾਰੀ ਦੀ ਪਛਾਣ ਨੂੰ ਅਸੀਂ ਭਾਵ ਮਰਦ ਸਮਾਜ ਪ੍ਰਭਾਸ਼ਿਤ ਕਰਦੇ ਰਹੇ ਹਾਂ। ਪਿਛਲੇ ਸਮੇਂ ਵਿਚ ਇਹ ਗੱਲ ਵੀ ਵਾਪਰੀ ਕਿ ਨਾਰੀ ਨੇ ਆਪਣੀ ਪਛਾਣ ਘੜਨ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ ਕਿ ਮੈਂ ਉਹ ਨਹੀਂ ਹਾਂ, ਜਿਸ ਨੂੰ ਤੁਸੀਂ ਪ੍ਰਭਾਸ਼ਿਤ ਕਰ ਰਹੇ ਹੋ ਬਲਕਿ ਮੈਂ ਤਾਂ ਉਹ ਹਾਂ ਜੋ ਮੈਂ ਆਪਣੀ ਪ੍ਰਭਾਸ਼ਾ ਆਪ ਘਾੜੂਗੀ। ਮੈਂ ਚਹੁੰਦਾ ਹਾਂ ਕਿ ਨਾਰੀ ਦੇ ਹਵਾਲੇ ਨਾਲ ਅਜਮੇਲ ਆਪਣੀਆਂ ਕਹਾਣੀਆਂ ਦੀ ਗੱਲ ਕਰੇ।

**ਅਜਮੇਰ ਸਿੱਧੂ**-ਮੈਂ ਜਦੋਂ ਦੀ ਹੋਸ਼ ਸੰਭਾਲੀ ਹੈ ਮੈਨੂੰ ਲੱਗਦਾ ਰਿਹਾ ਕਿ ਘਰਾਂ ਵਿਚ ਔਰਤਾਂ ਨੂੰ ਜਿਹੜਾ ਦਰਜ਼ਾ ਮਿਲਣਾ ਚਾਹੀਦਾ ਹੈ ਉਹ ਮਿਲ ਨਹੀਂ ਰਿਹਾ। ਉਹ ਬਰਾਬਰੀ ਦਾ ਦਰਜ਼ਾ ਨਾ ਘਰ ਮਿਲਦਾ ਹੈ ਨਾ ਸਮਾਜ ਵਿਚ ਮਿਲਦਾ ਹੈ। ਪਹਿਲਾਂ ਪਹਿਲਾਂ ਤਾਂ ਇਹ ਵੀ ਸੀ ਕਿ ਮੁੰਡਿਆ ਨੂੰ ਸਕੂਲ ਪੜ੍ਹਨ ਲਈ ਭੇਜ ਦਿੱਤਾ ਜਾਂਦਾ ਸੀ ਤੇ ਕੁੜੀਆਂ ਬਾਰੇ  ਸੀ ਕਿ ਇਨ੍ਹਾਂ ਨੂੰ ਪੰਜ-ਸੱਤ ਜਮਾਤਾਂ ਪੜ੍ਹਾ ਲਓ। ਕਿਉਂਕਿ ਉਨ੍ਹਾਂ ਦੀ ਧਾਰਨਾ ਸੀ ਕਿ ਕੁੜ੍ਹੀਆਂ ਸ਼ਹਿਰ ਪੜ੍ਹਨ ਜਾਣਗੀਆਂ ਤਾਂ ਉਹ ਖਰਾਬ ਹੋ ਜਾਣਗੀਆਂ। ਉਨ੍ਹਾਂ ਨੂੰ ਮੁੰਡੇ ਤੰਗ ਕਰਨਗੇ। ਜਦੋਂ ਮੈਂ ਜੱਥੇਬੰਦੀਆਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਜਾਂ ਮੈਨੂੰ ਲੱਗਾ ਕਿ ਏਥੇ ਕੁਝ ਵਰਗਾਂ ਨਾਲ... ਕੁਝ ਜਾਤਾਂ ਨਾਲ ਤੇ ਔਰਤਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਅੱਧਾ ਹਿੱਸਾ ਨਾਰੀਆਂ ਨੂੰ ਸਮਾਜ ਨੇ ਅਣਗੌਲਿਆਂ ਕੀਤਾ ਹੋਇਆ ਹੈ। ਇਕ ਕਹਾਣੀਕਾਰ ਤਾਂ ਕਹਾਣੀ ਲਿਖ ਸਕਦਾ ਹੈ। ਜਿਵੇਂ ਬਲਦੇਵ ਧਾਲੀਵਾਲ ਹੁਰਾਂ ਮੇਰੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਦਾ ਜ਼ਿਕਰ ਕੀਤਾ। ਮੈਂ ਇਸ ਕਹਾਣੀ ਦੇ ਪਿਛੋਕੜ ਵਿਚ ਜਾਣਾ ਚਾਹੁੰਦਾ ਹਾਂ... ਮੈਂ ਉਦੋਂ ਕਾਲਜ ਵਿਚ ਪੜ੍ਹਦਾ ਸੀ ਮੈਂ ਉਦੋਂ ਸੰਤਾਲੀ ਦੀ ਵੰਡ ਸਮੇਂ ਜਿਹੜੀਆਂ ਮੁਸਲਿਮ ਔਰਤਾਂ ਏਧਰ ਰਹਿ ਗਈਆਂ ਸਨ, ਉਨ੍ਹਾਂ ਦੀਆਂ ਮੁਲਾਕਾਤਾਂ ਕਰਨ ਲੱਗ ਪਿਆ। ਉਨ੍ਹਾਂ ਔਰਤਾਂ ਵਿਚ ਐਨੀ ਅੱਗ ਸੀ ਉਹ ਵੇਖਣ ਵਾਲੀ ਸੀ। ਮੈਨੂੰ ਯਾਦ ਹੈ ਜਦੋਂ ਮੈਂ ਉਸ ਔਰਤ ਨਾਲ ਮੁਲਾਕਾਤ ਕਰ ਰਿਹਾ ਸਾਂ ਤਾਂ ਉਸ ਦੀ ਕਹਾਣੀ ਸੁਣ ਕੇ ਮੇਰੇ ਲੂੰ-ਕੰਡੇ ਖੜੇ ਹੋ ਗਏ। ਮੈਂ ਉਹਨੂੰ ਅਖੀਰ 'ਚ ਪੁੱਛਿਆ ਤਾਂ ਅਖਿਰ ਤੇਰੇ ਮੰਨ ਵਿਚ ਕੀ ਹੈ ਤੂੰ ਕੀ ਚਾਹੁੰਦੀ ਹੈ? ਤਾਂ ਉਹ ਕਹਿਣ ਲੱਗੀ ਕਿ ਮੈਂ ਚਾਹੁੰਦੀ ਹਾਂ ਕਿ ਪੰਜਾਬ ਦੀਆਂ ਜੱਟੀਆਂ ਰੰਡੀਆਂ ਹੋ ਜਾਣ... ਮੈਂ ਉਨ੍ਹਾਂ ਉੱਤੇ ਨੱਚਾ। ਉਨ੍ਹਾਂ ਮੁਸਲਿਮ ਔਰਤਾਂ ਉੱਤੇ ਉਨ੍ਹਾਂ ਦੇ ਬੰਦਿਆਂ ਨੇ ਧੱਕਾ ਕੀਤਾ। ਜਿਹੜੇ ਜੱਟ ਕਮਿਊਨਟੀ ਦੇ ਸਨ। ਜਦੋਂ ਮੈਂ 'ਇਕਬਾਲ ਹੁਸੈਨ ਮੋਇਆ ਨਹੀਂ' ਕਹਾਣੀ ਲਿਖਦਾ ਹਾਂ ਤਾਂ ਮੈਂ ਉਹ ਅੱਗ ਹੀ ਕਹਾਣੀ ਵਿਚ ਫੜਨ ਦੀ ਕੋਸ਼ਿਸ਼ ਕਰਦਾ ਹਾਂ। ਮਿਸ਼ਾਲ ਦੇ ਤੌਰ ਤੇ ਜਦੋਂ ਮੈਂ 'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਲਿਖਦਾ ਹਾਂ...ਮੈਂ ਲਿਖਣ ਦੇ ਨਾਲ ਨਾਲ ਸਮਾਜਿਕ ਕੰਮ ਵੀ ਕਰਦਾ ਰਿਹਾ ਤੇ ਮੈਂ ਥੀਏਟਰ ਵੀ ਕਰਵਾਉਂਦਾ ਰਹਿੰਦਾ ਸੀ।  ਇਕ ਵਾਰ ਮੈਂ ਭਰੂਣ ਹੱਤਿਆ ਤੇ ਇਕ ਨਾਟਕ ਤਿਆਰ ਕਰਵਾਉਣਾ ਸੀ... ਇਕ ਕੁੜੀ ਨੂੰ ਕਿਹਾ ਕਿ ਤੂੰ ਨਾਟਕ ਵਿਚ ਰੋਲ ਕਰਨਾ ਹੈ ਤੇ ਭਰੂਣ ਹੱਤਿਆ ਖ਼ਿਲਾਫ਼ ਬੋਲਣਾ ਵੀ ਹੈ। ਉਹ ਕਹਿਣ ਲੱਗੀ ਕਿ ਭਰੂਣ ਹੱਤਿਆ ਤੁਸੀਂ ਨਹੀਂ ਰੋਕ ਸਕਦੇ। ਭਰੂਣ ਹੱਤਿਆ ਅਸੀਂ ਰੋਕਾਗੀਆਂ... ਪੜ੍ਹ-ਲਿਖ ਤੇ ਕੰਮ ਕਰਕੇ। ਸੋ ਮੈਂ ਔਰਤ ਦੇ ਇਸ ਥੌਟ ਨੂੰ ਕਹਾਣੀ ਵਿਚ ਲੈ ਕੇ ਆਉਂਦਾ ਹਾਂ। ਮੇਰੀ ਇਕ ਹੋਰ ਕਹਾਣੀ 'ਕੁਰੁਕਸ਼ੇਤਰ ਤੋਂ ਪਾਰ' ਹੈ। ਜਦੋਂ ਮੇਰੇ ਸਮਕਾਲੀ ਕਹਾਣੀਕਾਰ

ਔਰਤ ਮਰਦ ਤੇ ਸੰਬੰਧਾਂ ਤੇ ਕਹਾਣੀ ਲਿਖ ਰਹੇ ਸਨ... ਸੱਸ-ਨੂੰਹ ਜਾਂ ਭੈਣ-ਭਰਾ ਦੇ ਅਵੈਧ ਰਿਸ਼ਤੇ ਨੂੰ ਲੈ ਕੇ ਕਹਾਣੀ ਲਿਖ ਰਹੇ ਸਨ ਮੈਂ ਔਰਤ ਦੇ ਵੱਖਰੇ ਮਸਲੇ 'ਤੇ ਕਹਾਣੀ ਲਿਖ ਰਿਹਾ ਸਾਂ। ਇਸ ਕਹਾਣੀ 'ਚ ਔਰਤ 'ਤੇ ਸ਼ੱਕ ਕੀਤੀ ਜਾਂਦੀ ਹੈ। ਮੈਂ ਉਸ ਤੇ ਇਹ ਕਹਾਣੀ ਲਿਖੀ। ਕਿ ਸਾਰਾ ਪਿੰਡ ਉਸ ਦੇ ਸ਼ੱਕ ਕਰਦਾ ਹੈ ਅੰਤ ਵਿਚ ਉਨ੍ਹਾਂ ਦਾ ਰਿਸ਼ਤਾ ਹੋਰ ਨਿਕਲ ਆਉਂਦਾ ਹੈ। ਜਿਵੇਂ ਮੈਂ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਲਿਖਦਾ ਹਾਂ। ਕਹਾਣੀ ਦਾ ਮੁੱਢ ਕਿਵੇਂ ਬੱਝਦਾ ਹੈ ਕਿ ਮੈਂ ਕਿਸੇ ਦੋਸਤ ਦੇ ਦਫ਼ਤਰ ਔਰਤ ਆਉਂਦੀ ਹੈ। ਉਸ ਨੇ ਕੰਗਣੀ ਵਾਲਾ ਗਿਲਾਸ ਫੜਿਆ ਹੈ। ਕਿਉਂਕਿ ਉਹ ਕਹਿੰਦੀ ਹੈ ਮੇਰੀ ਜਿਹੜੀ ਜਿਠਾਣੀ ਹੈ। ਉਹ ਆਪਣੀਆਂ ਧੀਆਂ ਨੂੰ ਆਰਕੈਸਟਰਾਂ 'ਤੇ ਡਾਂਸ ਕਰਵਾਉਂਦੀ ਹੈ। ਸ਼ਾਮ ਨੂੰ ਜਦੋਂ ਉਹ ਘਰ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਪਿਆਰ ਕਰਦੀ ਹੈ ਤੇ ਜੱਫੀ ਵਿਚ ਲੈ ਕੇ ਉਨ੍ਹਾਂ ਨੂੰ ਕੰਗਣੀ ਤੱਕ ਭਰਿਆ ਦੁੱਧ ਦਾ ਗਿਲਾਸ ਦਿੰਦੀ ਹੈ। ਉਨ੍ਹਾਂ ਨੇ ਡਾਂਸ ਨਾਲ ਘਰ ਵਿਚ ਬਹੁਤ ਕੁਝ ਬਣ ਲਿਆ ਹੈ ਹੁਣ ਮੈਂ ਵੀ ਆਪਣੀਆਂ ਧੀਆਂ ਨੂੰ ਇਸ ਪਾਸੇ ਲਾਉਣਾ ਚਾਹੁੰਦੀ ਹਾਂ ਤੇ ਉਨ੍ਹਾਂ ਨੂੰ ਕੰਗਣੀ ਵਾਲਾ ਦੁੱਧ ਦਾ ਗਿਲਾਸ ਦਿੰਦੀ ਹਾਂ। ਮੇਰੇ ਮਨ ਵਿਚ ਕਹਾਣੀ ਬਣਨ ਲੱਗ ਪਈ। ਪਰ ਮੈਂ ਨਾਰੀ ਨੂੰ ਆਪਣੀ ਦ੍ਰਿਸ਼ਟੀ ਨਾਲ ਘੜਿਆ। ਕਹਾਣੀ ਵਿਚ ਔਰਤ ਮਾਂ ਦੀ ਕੁੜੀ ਡਾਂਸ ਕਰਨ ਲਈ ਨਹੀਂ ਮੰਨਦੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਮੇਰੇ ਸਮਕਾਲੀ ਕਹਾਣੀਕਾਰਾਂ ਨੇ ਵੀ ਔਰਤ ਦੇ ਮਸਲੇ 'ਤੇ ਅੱਛੀਆਂ ਕਹਾਣੀਆਂ ਵੀ ਲਿਖੀਆਂ।

**ਬਲਦੇਵ ਧਾਲੀਵਾਲ**-ਆਮ ਇਹ ਕਿਹਾ ਜਾਂਦਾ ਹੈ ਕਿ ਜਦੋਂ ਸਮਾਂ ਬਦਲਦਾ ਹੈ ਤਾਂ ਸਾਡੀਆਂ ਕਹਾਣੀਆਂ ਦਾ ਕਥਾ ਵਸਤੂ ਬਦਲ ਜਾਂਦਾ ਹੈ। ਜਦੋਂ ਕਥਾ ਵਸਤੂ ਬਦਲ ਜਾਂਦਾ ਹੈ ਤਾਂ ਪੁਰਾਣੇ ਕਹਾਣੀਕਾਰ ਨੂੰ ਲੱਗਦਾ ਹੈ ਕਿ ਇਹ ਨਵਾਂ ਕਥਾ ਵਸਤੂ ਪੁਰਾਣੇ ਅੰਦਾਜ਼ ਵਿਚ ਨਹੀਂ ਪ੍ਰਗਟ ਕਰ ਸਕਦਾ। ਬਿਰਤਾਂਤਕਾਰੀ ਪੱਖੋਂ ਜੇਕਰ ਨਵੇਂ ਤਜ਼ਰਬਿਆਂ ਦੀ ਗੱਲ ਕਰਨੀ ਹੋਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਦੇਸ ਰਾਜ ਕਾਲੀ ਸਾਡਾ ਨਵੇਂ ਨਵੇਂ ਤਜ਼ਰਬੇ ਕਰਨ ਵਾਲਾ ਕਹਾਣੀਕਾਰ ਹੈ। ਉਸ ਦੀ ਆਖਰੀ ਕਿਤਾਬ ਦਾ ਨਾਂ ਹੈ 'ਜਹਾਂ ਚਾਹੇ ਅੱਛੀ ਨਹੀਂ ਬਨਤੀ' ਇਸ ਕਿਤਾਬ ਦੇ ਨਾਂ ਤੋਂ ਤੁਹਾਨੂੰ ਲੱਗੇਗਾ ਕਿ ਇਹ ਆਮ ਨਾਂ ਨਹੀਂ ਹੈ। ਇਤਿਹਾਸਕ ਮਿਥਿਹਾਸਕ ਹਵਾਲੇ ਜਾਂ ਐਬਸਟ੍ਰੈਕਟ ਬਿਰਤਾਂਤ ਬਾਰੇ ਵੀ ਮੈਂ ਦੇਸ ਰਾਜ ਕਾਲੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਉਹ ਇਤਿਹਾਸ ਜਾਂ ਮਿਥਿਹਾਸ ਜਾਂ ਨਿਵੇਕਲਾ ਅੰਦਾਜ਼...ਕਿ ਉਹ ਨਵੇਂ ਅਨੁਭਵ ਦੀ ਮੰਗ ਕਰਕੇ ਤਜਰਬੇ ਕਰਦੇ ਹਨ ਜਾਂ ਬਿਰਤਾਂਤ ਦੀ ਮੰਗ ਤੇ ਕਰਦੇ ਹਨ। ਇਨ੍ਹਾਂ ਦੋਹਾਂ ਦਾ ਨਖੇੜਾ ਕਰਕੇ ਗੱਲ ਕੀਤਾ ਜਾਵੇ।

**ਦੇਸ ਰਾਜ ਕਾਲੀ**-ਭਾਵੇਂ ਕਿ ਮੈਨੂੰ ਆਪਣੀ ਕਹਾਣੀ ਬਾਰੇ ਗੱਲ ਕਰਨੀ ਚੰਗੀ ਨਹੀਂ ਲੱਗਦੀ ਪਰ ਮੈਂ ਆਪਣੀ ਕਹਾਣੀ ਦੀ ਗੱਲ ਧਾਲੀਵਾਲ ਹੁਰਾਂ ਦੇ ਕਹਿਣ 'ਤੇ ਜ਼ਰੂਰ ਕਰਾਂਗਾ। ਮੈਂ ਤਜ਼ਰਬੇ ਲਈ ਇਸ ਕਿਸਮ ਦਾ ਬਿਰਤਾਂਤ ਨਹੀਂ ਸਿਰਜਦਾ ਬਲਕਿ ਮੇਰੇ ਸਬਜੈਕਟ ਦੀ ਇਹ ਡਿਮਾਂਡ ਹੈ। 'ਪੰਚਕੂਲੇ 'ਚ ਜ਼ਨਾਜ਼ਾ' ਕਹਾਣੀ ਦੀ ਡਿਮਾਂਡ ਹੈ। 'ਸਾਰਾ ਦਿਨ ਕੁੱਤੇ ਭਕਾਈ' ਇਹ ਸਬਜੈਕਟ ਦੀ ਡਿਮਾਂਡ ਹੈ। ਮੈਂ ਕਸ਼ਮੀਰ ਤੇ ਕਹਾਣੀ ਲਿਖੀ 'ਅਗਨ ਸੰਸਾਰ' ਅੱਗ ਦਾ ਸੰਸਾਰ...ਅੱਗ ਦਾ ਵੀ ਇਕ ਸੰਸਾਰ ਹੁੰਦਾ ਹੈ। ਔਰ ਅੱਗ ਵਿਚ ਮੱਚ ਰਹੇ ਕਸ਼ਮੀਰੀਆਂ ਦੀ ਮੈਂ ਗੱਲ ਕਰਦਾ ਹਾਂ। ਕਹਾਣੀ ਹੈ 'ਜਹਾਂ ਚਾਏ ਅੱਛੀ ਨਹੀਂ ਬਨਤੀ' ਇਕ ਪ੍ਰਸੰਗ ਵਿਚ ਮੈਂ ਕਹਿੰਦਾ ਹੁੰਦਾ ਕਿ ਕਈ ਪੰਜਾਬੀ ਲੇਖਕਾਂ ਨੂੰ ਤਾਂ ਮਾਂ ਬੋਲੀ ਦੇ ਮਰਨ ਦਾ ਫ਼ਿਕਰ ਪੈ ਗਿਆ ਕਿ ਕਾਲੀ ਨੇ ਇਹਦਾ ਨਾਂ ਹਿੰਦੀ ਵਿਚ ਕਿਓ ਲਿਖਿਆ। ਪਰ ਮੈਂ ਇਹਦਾ ਨਾਂ ਡਿਮਾਂਡ ਕਰਕੇ ਹਿੰਦੀ ਵਿਚ ਲਿਖਿਆ। ਮੈਂ ਤਜ਼ਰਬੇ ਲਈ ਤਜ਼ਰਬੇ ਨਹੀਂ ਕਰਦਾ... ਮੈਂ ਪਾਠਕ ਨੂੰ ਕੁਝ ਤਾਜ਼ਾ ਦੇਣਾ ਚਾਹੁੰਦਾ ਹਾਂ। ਨਾਰੀ ਦੇ ਮਸਲੇ ਤੇ ਜੇ ਮੈਂ ਗੱਲ ਕਰਾਂ ਤਾਂ ਮੈਂ ਅੱਜ ਦੀਆਂ ਨਾਰੀ ਕਹਾਣੀਕਾਰਾਂ ਨੂੰ ਜਦੋਂ ਵੇਖਦਾ ਹਾਂ ਤਾਂ ਉਹ ਬਹੁਤ ਹੀ ਸ਼ਸ਼ੱਕਤ ਕਹਾਣੀਆਂ ਲਿਖ ਰਹੀਆਂ ਹਨ। ਉਨ੍ਹਾਂ ਕਹਾਣੀਆਂ ਬਾਰੇ

ਜੇਕਰ ਇਕ ਫ਼ਿਕਰੇ ਵਿਚ ਕਹਿਣਾ ਹੋਵੇ ਤਾਂ ਕਹਾਂਗਾ ਕਿ ਉਹ ਕਾਮ ਤੇ ਹਿੰਸ਼ਾ ਦੀ ਕਹਾਣੀ ਹੈ। ਤੁਸੀਂ ਸਰਘੀ ਦੀਆਂ ਕਹਾਣੀਆਂ ਲੈ ਸਕਦੇ ਹੋ... ਉਸ ਦੀਆਂ ਕਹਾਣੀਆਂ ਹਨ... ਆਪਣੇ ਆਪਣੇ ਮਰਸੀਏ... ਹੌਲੀਡੇ ਵਾਇਫ਼...ਉਹ ਆਪਣੇ ਲਈ ਨਵੇਂ ਰਿਸ਼ਤੇ ਘੜ ਰਹੀ ਹੈ। ਉਹਦੀ ਨਾਰੀ ਕਹਿੰਦੀ ਹੈ ਜੇਕਰ ਤੂੰ ਹੌਲੀਡੇ ਵਾਈਫ਼ ਰੱਖੀ ਹੋਈ ਹੈ ਤਾਂ ਮੈਂ ਹੌਲੀਡੇ ਹਸਬੈਂਡ ਰੱਖਿਆ ਹੋਇਆ ਹੈ। ਉਹਦੇ ਵਿੱਚ ਵੀ ਹਿੰਸੀ ਉਦੋਂ ਆਉਂਦੀ ਹੈ ਜਦੋਂ ਉਹ 'ਰਾਡ' ਵਰਗੀ ਕਹਾਣੀ ਲਿਖਦੀ ਹੈ। ਇਕ ਮਾਂ ਆਪਣੀ ਬੱਚੀ ਦੀ ਸੁਰੱਖਿਆ ਬਾਰੇ ਕਿਨੀ ਫ਼ਿਕਰਮੰਦ ਹੈ। ਜਿਵੇਂ ਜੇਕਰ ਮੈਂ ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਦੀ ਗੱਲ ਕਰਾਂ ਤਾਂ ਉਨ੍ਹਾਂ ਦੀਆਂ ਕਹਾਣੀਆਂ ਦੀ ਔਰਤ ਕਾਮ ਤੋਂ ਮੁਕਤ ਹੈ ਪਰ ਮਨ ਕੁੰਠਿਤ ਹੈ। ... ਸਾਡੀ ਸਾਇੰਸ ਵਿਚ ਇਹ ਸਿੱਧ ਹੋ ਚੁੱਕਾ ਹੈ ਕਿ ਔਰਤਾਂ ਦੇ ਮੁਕਾਬਲੇ ਮਰਦ ਵੱਧ ਪਾਗਲ ਹੁੰਦੇ ਹਨ। ਮੈਂ ਕਹਿੰਦਾ ਹਾਂ ਔਰਤ ਦੀ ਹਰ ਰਗ਼ ਮੈਡੀਟੇਸ਼ਨ ਹੈ। ਤ੍ਰਿਪਤਾ ਬਹੁਤ ਬਰੀਕ ਨੁਕਤੇ ਤੋਂ ਮਰਦ ਦੇ ਚਲਾਕ ਪੁਣੇ ਨੂੰ... ਸ਼ਾਤਰ ਪੁਣੇ ਨੂੰ...ਨਸ਼ਰ ਕਰਦੀ ਹੈ। ਜੇਕਰ ਮੈਂ ਦੀਪਤੀ ਬਬੂਟਾ ਦੀਆਂ ਕਹਾਣੀਆਂ ਦੀ ਗੱਲ ਕਰਾਂ ਤਾਂ ਉਹਦੀਆਂ ਔਰਤਾਂ ਦੀਆਂ ਜੋ ਕਾਮ ਮੁਕਤ ਭਾਵਨਾਵਾਂ ਹਨ, ਉਹ ਦੱਬੀਆਂ ਹੋਈਆਂ ਹਨ। ਜਾਂ ਉਸ ਨੂੰ ਸੈਕਸ ਵਰਕਰ ਬਣਨਾ ਪੈ ਗਿਆ... ਜਾਂ ਉਸ ਨੂੰ ਦੌਗਲੇ ਹਿੱਪੋਟੈਂਟ ਮਰਦ ਨਾਲ ਰਹਿਣਾ ਪੈ ਰਿਹਾ...ਜਾਂ ਕਿਵੇਂ ਇਕ ਪਾਗਲ ਬੱਚੇ ਚੋਂ ਆਪਣੀਆਂ ਤ੍ਰਿਪਤੀਆਂ ਲੱਭ ਰਹੀ ਹੈ। ਉਸ ਦੀਆਂ ਕਹਾਣੀਆਂ 'ਚ ਪੇਸ਼ ਹੋਈ ਸ਼ਸ਼ੱਕਤ ਔਰਤ ਮੈਨੂੰ ਨਾ ਤਾਂ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਵਿਚ ਲੱਭਦੀ ਹੈ ਨਾ ਹੀ ਅਜੀਤ ਕੌਰ ਕੋਲੋਂ ਲੱਭੀ। ਤੇ ਨਾ ਹੀ ਬਚਿੰਤ ਕੌਰ ਕੋਲੋਂ ਲੱਭੀ.. ਦਲੀਪ ਕੌਰ ਟਿਵਾਣਾ ਤੋਂ ਤਾਂ ਬਿਲਕੁਲ ਨਹੀਂ ਲੱਭੀ। ਨਾ ਹੀ ਮੈਨੂੰ 'ਮਿਤਰੋ ਮਰਜਾਣੀ' 'ਚ ਕ੍ਰਿਸ਼ਨਾ ਸੋਬਤੀ ਹੋਰਾਂ ਕੋਲੋਂ ਲੱਭਦੀ ਸੀ। ਹੁਣ ਬਲਬੀਰ ਕੌਰ ਰੀਹਲ ਦੀ ਗੱਲ ਲੈ ਲਓ... ਉਸ ਨੇ ਪੇਂਡੂ ਧਰਾਤਲ ਦੇ ਸਮਾਜਿਕ ਸਰੋਕਾਰਾਂ ਨੂੰ ਬੜੀ ਸੂਖਮਤਾ ਨਾਲ ਪੇਸ਼ ਕੀਤਾ ਹੈ। ਉਸ ਕੋਲ ਕਾਮਉਕਤਾ ਹਿੰਸਾ ਦੀਆਂ ਬਰੀਕ ਪਰਤਾ ਹਨ। ਇਨ੍ਹਾਂ ਔਰਤਾਂ ਕੋਲ ਤੁਹਾਨੂੰ ਕਾਮ ਦੀ ਸਹਿਜਤਾ ਨਹੀਂ ਲੱਭੇਗੀ।

**ਬਲਦੇਵ ਧਾਲੀਵਾਲ**-ਜੇ ਮੈਂ ਇਨ੍ਹਾਂ ਕਹਾਣੀਕਾਰਾਂ ਦੇ ਹਵਾਲੇ ਨਾਲ ਗੱਲ ਕਰਾਂ ਤਾਂ ਕਹਿ ਸਕਦਾ ਹਾਂ ਕਿ ਜਿਹੜਾ ਪੰਜਾਬੀ ਬੰਦੇ ਦਾ ਅਵਚੇਤਨ ਨਵਾਂ ਘੜਿਆ ਜਾ ਰਿਹਾ ਹੈ ਜਿਸ ਨੂੰ ਮੈਂ ਮਿਸ਼ਰਤ ਪਛਾਣ ਨਾਲ ਜੋੜਿਆ ਸੀ। ਉਹ ਮਿਸ਼ਰਤ ਪਛਾਣ ਵਾਲਾ ਅਵਚੇਤਨ ਸਭ ਤੋਂ ਵੱਧ ਉਭਰਵੇਂ ਰੂਪ ਵਿਚ ਪਰਵਾਸੀ ਕਹਾਣੀ ਵਿਚ ਮਿਲਦਾ ਹੈ। ਜਿਵੇਂ ਕੋਈ ਦਲਿਤ ਬੰਦਾ ਜ਼ਮਾਂ ਬਿਲਕੁਲ ਥੱਲਿਓ ਉੱਠ ਕੇ ਆਉਂਦਾ ਹੈ। ਜਿਵੇਂ ਦਾ ਜਗਜੀਤ ਗਿੱਲ ਦੀ ਕਹਾਣੀ 'ਠੱਠੀ' ਵਿਚ ਆਉਂਦਾ ਹੈ। ਜਿਸ ਵਿਚ ਬਿਲਕੁਲ ਥੱਲੇ ਦਾ ਬਰੀਕ ਅਨੁਭਵ ਪੇਸ਼ ਹੋਇਆ ਹੈ। ਸ਼ਹਿਰ ਦਾ ਬੰਦਾ ਸ਼ਹਿਰ ਆ ਕੇ ਨੌਕਰੀ ਤੇ ਲੱਗ ਜਾਂਦਾ ਹੈ ਜਿਵੇਂ ਦੀਪ ਦਵਿੰਦਰ ਨੇ ਆਪਣੀ ਕਹਾਣੀ ਦੇ ਹਵਾਲੇ ਨਾਲ ਗੱਲ ਕੀਤੀ ਹੈ। ...ਤਾਂ ਉਸ ਦੀ ਪਛਾਣ ਵੀ ਹਾਈ ਬ੍ਰੀਡ ਕਿਸਮ ਦੀ ਬਣ ਜਾਂਦਾ ਹੈ। ...ਹਰਪ੍ਰੀਤ ਸੇਖਾ ਦੀ ਇਕ ਕਹਾਣੀ ਹੈ 'ਪੰਜਾਬੀ ਸੂਟ' ...ਤੁਸੀਂ ਉਹਨੂੰ ਨਾਰੀ ਦੇ ਹਵਾਲੇ ਨਾਲ ਵੀ ਪੜ੍ਹ ਸਕਦੇ ਹੋ ਤੇ ਮਿਸ਼ਰਤ ਪਛਾਣ ਦੇ ਹਵਾਲੇ ਨਾਲ ਵੀ ਪੜ੍ਹ ਸਕਦੇ ਹੋ। ਉਸ ਕਹਾਣੀ ਦੀ ਕੁੜੀ ਪੰਜਾਬੀ ਹੈ ਜੋ ਧੰਦਾ ਕਰਦੀ ਹੈ। ਉਹ ਚਾਹੁੰਦੀ ਨਹੀਂ ਕਿ ਪੰਜਾਬੀ ਮੇਰੇ ਨਾਲ ਸੰਪਰਕ ਕਰਨ। ਇਹਦੇ ਪਿੱਛੇ ਉਹਦਾ ਕੀ ਕੰਪਲੈਕਸ ਹੈ, ਇਸ ਨੂੰ ਜਾਨਣ ਲਈ ਕਹਾਣੀ ਪੜ੍ਹ ਸਕਦੇ ਹੋ। ਪਰ ਜਦੋਂ ਉਸ ਨੂੰ ਇਕ ਗੋਰਾ ਗਾਹਕ ਰਾਤ ਲਈ ਲੈ ਜਾਂਦਾ ਹੈ ਤਾਂ ਉਹਦੀ ਇੱਛਾ ਹੈ ਕਿ ਕਿ ਉਹ ਪੰਜਾਬੀ ਸੂਟ ਪਾਵੇਂ ਤੇ ਫਿਰ ਮੈਂ ਉਸ ਨੂੰ ਉਤਾਰਾ। ਇਸ ਨਾਲ ਮੇਰੇ ਅੰਦਰ ਦੀ ਅੱਗ ਮਿਟਦੀ ਹੈ। ਕਿਉਂਕਿ ਉਹਦੀ ਕਮਿਉਨਟੀ ਦੀ ਕਿਸੇ ਗੋਰੀ ਕੁੜੀ ਦਾ ਰੇਪ ਪੰਜਾਬੀ ਮੁੰਡਾ ਕਰ ਦਿੰਦਾ ਹੈ ਤੇ ਉਹ ਉਹਦਾ ਬਦਲਾ ਲੈਣਾ ਚਾਹੁੰਦਾ ਹੈ। ਪਰ ਕੁੜੀ ਇਨਕਾਰ ਕਰ ਦਿੰਦੀ ਹੈ। ਉਹਦੀ ਧਾਰਨਾ ਹੈ ਕਿ ਮੈਂ

ਆਪਣੇ ਪੰਜਾਬ ਪੁਣੇ ਨੂੰ... ਦਾਅ ਤੇ ਨਹੀਂ ਲਾ ਸਕਦੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬੰਦੇ ਅੰਦਰ ਉਹਦੇ ਅਵਚੇਤਨ ਵਿਚ ਉਹਦਾ ਕਲਚਰ... ਉਹਦਾ ਇਤਿਹਾਸ... ਉਹਦੀਆਂ ਮਾਨਤਾਵਾਂ ਕਿਵੇਂ ਡੂੰਘੀਆਂ ਬੈਠੀਆਂ ਹੁੰਦੀਆਂ ਹਨ। ਉਸਦਾ ਅੰਦਾਜ਼ਾ ਤੁਸੀਂ ਇਸ ਕਹਾਣੀ ਤੋਂ ਲਾ ਸਕਦੇ ਹਾਂ। ਪਛਾਣ ਦਾ ਮਸਲਾ ਐਨਾ ਸਰਲ ਨਹੀਂ ਹੁੰਦਾ ਕਿ ਜੇ ਮੈਂ ਪੱਗ ਲਾਹ ਕੇ ਕਲੀਨ ਸੇਵ ਹੋ ਜਾਂਵਾ ਤਾਂ ਆਪਣੀ ਪਛਾਣ ਭੁੱਲ ਜਾਵਾਗਾ।

**ਜੇ. ਬੀ. ਸੇਖੋਂ**-ਸੁਲਘਦੇ ਸਮਿਆਂ ਦਾ ਬਿਰਤਾਂਤ ਤੇ ਪੰਜਾਬੀ ਕਹਾਣੀ ਬਾਰੇ ਗੱਲਾਂ ਸੁਣਦਿਆਂ ਮੈਨੂੰ ਲੱਗਾ ਸੀ ਕਿ ਸ਼ਾਇਦ ਇਹ ਚਰਚਾ ਕਿਸਾਨ ਅੰਦੋਲਨ ਤੋਂ ਬਾਅਦ ਦੇ ਸਮੇਂ ਨੂੰ ਫੜਦਿਆਂ ਪੰਜਾਬੀ ਕਹਾਣੀ ਬਾਰੇ ਹੋਵੇਗੀ ਕਿ ਕਹਾਣੀ ਕਿਧਰ ਨੂੰ ਜਾਵੇਗੀ... ਇਸ ਬਾਰੇ ਗੱਲ ਹੋਵੇਗੀ। ਧਾਲੀਵਾਲ ਹੁਰਾਂ ਨੇ ਕਿਤੇ ਲਿਖਿਆ ਵੀ ਹੈ ਕਿ ਚੌਥੇ ਪੜ੍ਹਾ ਦੀ ਕਹਾਣੀ ਤੋਂ ਬਾਅਦ ਪੰਜਵੇਂ ਪੜ੍ਹਾ ਦੀ ਕਹਾਣੀ ਦੇ ਨਕਸ਼ ਕਿਤੇ ਨਾ ਕਿਤੇ ਉੱਭਰ ਰਹੇ ਹਨ। ਜੋ ਦਲਿਤ ਕਹਾਣੀ ਹੈ... ਨਾਰੀ ਮਨ ਦੀ ਕਹਾਣੀ ਜਾਂ ਪਰਵਾਸ ਦੀ ਕਹਾਣੀ ਹੈ... ਜਿਨ੍ਹਾਂ ਬਾਰੇ ਏਥੇ ਗੱਲਾਂ ਹੋਈਆਂ ਹਨ। ਪਰ ਮੈਨੂੰ ਲੱਗਦਾ ਹੈ ਕਹਾਣੀ ਵਿਚ ਜੋ ਨਵਾਂਪਨ ਹੈ ਮੈਨੂੰ ਦਿਖਾਈ ਨਹੀਂ ਦਿੰਦਾ। ਖਾਸ ਤੌਰ ਉੱਤੇ ਇਕ ਖੜੋਤ ਕਿਸਮ ਦਾ ਦ੍ਰਿਸ਼ ਦਿਖਾਈ ਦਿੰਦਾ ਹੈ। ਵਿਸ਼ਿਆ ਦਾ ਦੁਹਰਾਅ ਆ ਰਿਹਾ ਹੈ। 2015 ਤੋਂ ਬਾਅਦ ਮੈਨੂੰ ਲੱਗਦਾ ਪੰਜਾਬੀ ਕਹਾਣੀ ਵਿਚ ਇਕ ਖੜੋਤ ਆ ਗਈ ਹੈ। ਮੈਂ ਇਹ ਵੀ ਨਹੀਂ ਕਹਿੰਦਾ ਕਿ ਪੂਰਾ ਹਨੇਰਾ ਪਸਰ ਗਿਆ ਹੈ। ਕਿਤੇ ਕਿਤੇ ਟਿਮਕਣਾ ਦਿਖਾਈ ਦਿੰਦਾ ਵੀ ਜ਼ਰੂਰ ਹੈ। ਹੁਣ ਸਵਾਲ ਇਹ ਹੈ ਕਿ ਜੋ ਪੰਜਵੇਂ ਪੜ੍ਹਾ ਦੀ ਕਹਾਣੀ ਹੈ। ਉਸ ਵਿਚ ਕਿਹੜੀ ਵਿਭਿੰਨਤਾ ਹੈ? ਜੋ ਸਮਕਾਲ ਦੀ ਕਹਾਣੀ ਹੈ ਉਹ ਚਿੰਤਨ ਦੀ ਕਹਾਣੀ ਵੀ ਨਹੀਂ ਹੈ। ਇਹ ਵੀ ਨਹੀਂ ਕਿ ਅਸੀਂ ਲੀਕ ਖਿੱਚ ਲਈਏ ਕਿ ਇਹ ਦਲਿਤ ਕਹਾਣੀ ਹੈ... ਇਹ ਨਾਰੀ ਮਨ ਦੀ ਕਹਾਣੀ ਹੈ ਜਾਂ ਇਹ ਮੱਧ ਵਰਗ ਦੀ ਕਹਾਣੀ ਹੈ। ਬਲਕਿ ਇਕੋ ਕਹਾਣੀ ਵਿੱਚ ਤਿੰਨ ਤਿੰਨ ਲੇਅਰ ਅਸੀਂ ਵੇਖਦੇ ਹਾਂ। ਮੈਨੂੰ ਇਹ ਲੇਅਰ ਚੌਥੇ ਪੜ੍ਹਾ ਦੀ ਕਹਾਣੀ ਵਿਚ ਦਿਖਾਈ ਵੀ ਦਿੰਦੀ ਹੈ। ਭਾਵੇਂ ਕਿ ਸਾਡੀ ਆਲੋਚਨਾ ਇਸ ਪਾਸੇ ਵੱਲ ਜਾ ਨਹੀਂ ਸਕੀ। ਅਸੀਂ ਸਮੁੱਚਤਾ ਨੂੰ ਕਹਾਣੀ ਵਿਚ ਨਹੀਂ ਫੜ ਸਕੇ। ਦੂਜਾ ਨੁਕਤਾ ਮੇਰਾ ਇਹ ਹੈ।

**ਬਲਦੇਵ ਧਾਲੀਵਾਲ**- ਮੇਰੇ ਨਾਲ ਜਿਹੜੇ ਕਹਾਣੀਕਾਰ ਕਹਾਣੀ ਬਾਰੇ ਚਰਚਾ ਕਰ ਰਹੇ ਹਨ ਉਹ ਚੌਥੇ ਪੜ੍ਹਾ ਦੇ ਕਹਾਣੀਕਾਰ ਹਨ ਤੇ ਸੁਭਾਵਿਕ ਹੈ ਵਧੇਰੇ ਗੱਲ ਚੌਥੇ ਪੜ੍ਹਾ ਦੀ ਕਹਾਣੀ ਦੀ ਹੋ ਰਹੀ ਹੈ। ਅਸੀਂ ਥੋੜ੍ਹੇ ਰੂਪ ਵਿਚ ਪੰਜਵੇਂ ਪੜ੍ਹਾ ਦੀ ਕਹਾਣੀ ਦੀ ਗੱਲ ਕੀਤੀ ਹੈ ਕਿ ਨਾਰੀ ਨੂੰ ਲੈ ਕੇ ਨਵੇਂ ਵਿਸ਼ੇ ਛੋਹੇ ਗਏ ਹਨ। ਦੇਸ ਰਾਜ ਕਾਲੀ ਨੇ ਜਿਵੇਂ ਸਰਘੀ ਤੇ ਤ੍ਰਿਪਤਾ ਕੇ ਸਿੰਘ ਦੇ ਹਵਾਲੇ ਨਾਲ ਗੱਲ ਕੀਤੀ ਹੈ। ਜਾਂ ਨਵੇਂ ਦਲਿਤ ਦੀ ਗੱਲ ਕੀਤੀ ਗਈ ਹੈ ਕਿ ਦਲਿਤ ਵਿਚ ਮੱਧ ਵਰਗੀ ਸੇਡ ਆ ਗਈ ਹੈ। ਉਸ ਨਾਲ ਕਿਵੇਂ ਬਿਰਤਾਂਤ ਦਾ ਨਵਾਂ ਰੰਗ ਆ ਗਿਆ ਹੈ। ਜਿਵੇਂ ਕਿ ਸੁਜਾਨ ਸਿੰਘ ਜਾਂ ਅਤਰਜੀਤ ਜਾਂ ਹੋਰ ਲੇਖਕਾਂ ਨੇ ਦਲਿਤ ਪਾਤਰ ਨੂੰ ਕਿਵੇਂ ਪੇਸ਼ ਕੀਤਾ? ਤੇ ਉਸ ਤੋਂ ਬਾਅਦ ਵਿਚ ਦਲਿਤ ਪਾਤਰ ਕਿਵੇਂ ਪੇਸ਼ ਹੋਇਆ। ਜਿਹੜੀ ਗੱਲ ਭਗਵੰਤ ਰਸੂਲਪੁਰੀ ਨੇ ਕੀਤੀ ਸੀ। ਇਹ ਨਵਾਂ ਦਲਿਤ ਹੈ, ਜਿਹੜਾ ਨਵੀਂ ਕਸ਼ਮਕਸ਼ ਵਿਚੋਂ ਲੰਘ ਰਿਹਾ ਹੈ। ਜਿਹੜੀ ਕਸ਼ਮਕਸ਼ ਨਵੇਂ ਯੁੱਗ ਨੇ ਦਿੱਤੀ ਹੈ। ਇਹ ਗੱਲ ਪਹਿਲਾਂ ਵੀ ਅਸੀਂ ਵਿਚਾਰ ਚੁੱਕੇ ਹਾਂ ਕਿ ਸਾਲ ਭਰ ਕਿਸਾਨੀ ਅੰਦੋਲਨ ਸਿਖ਼ਰ ਉੱਤੇ ਚੱਲਿਆ। ਮੈਨੂੰ ਅਜੇ ਤੱਕ ਇਕ ਵੀ ਕਹਾਣੀ ਨਜ਼ਰ ਨਹੀਂ ਆਈ। ਜਿਹੜੀ ਕਲਾ ਦੇ ਪੱਧਰ ਉੱਤੇ ਵੀ ਅਤੇ ਵਿਸ਼ੇ ਦੇ ਪੱਧਰ ਉੱਤੇ ਵੀ ਕਿਸਾਨੀ ਅੰਦੋਲਨ ਨੂੰ ਅਧਾਰ ਬਣਾਉਂਦੀ ਹੋਵੇ। ਐਵੇਂ ਅੰਸ਼ਕ ਰੂਪ ਵਿਚ ਭਾਵੇਂ ਇਸ ਦਾ ਪੇਤਲਾ ਜਿਹਾ ਜ਼ਿਕਰ ਹੋਇਆ ਹੋਵੇ। ਮੈਨੂੰ ਮੱਧ ਵਰਗੀ... ਵਰਗ ਦੀ ਇਹ ਗੱਲ ਸਮਝ ਨਹੀਂ ਲੱਗੀ ਕਿ ਕੀ ਅਸੀਂ ਇਸ

ਅੰਦੋਲਨ ਨਾਲ ਓਪਰੇ ਪੱਧਰ ਉੱਤੇ ਹੀ ਜੁੜੇ ਹੋਏ ਸੀ? ...ਅੰਦਰੋਂ ਨਹੀਂ ਸੀ ਜੁੜੇ ਹੋਏ। ਇਸ ਮੁੱਦੇ ਉੱਤੇ ਅਜੇ ਸਪੱਸ਼ਟ ਨਹੀਂ ਹੋਇਆ ਗਿਆ। ਇਹ ਗੱਲ ਅਹਿਮ ਹੈ ਕਿ ਇਸ ਕਿਸਾਨੀ ਅੰਦੋਲਨ ਦੇ ਮੁੱਦੇ ਨੂੰ ਅਸੀਂ ਐਵੇਂ ਹੀ ਭੁਲਾ ਦਿੱਤਾ ਜਾਂ ਉਸ ਨੇ ਸਾਡੇ ਲੇਖਕਾਂ ਦੀ ਸੰਵੇਦਨਾ ਨੂੰ ਝੰਜੋੜਿਆ ਕਿਓ ਨਹੀਂ? ਕੀ ਅਸੀਂ ਉਥੇ ਮੇਲਾ ਵੇਖਣ ਜਾਂਦੇ ਸੀ ਜਾਂ ਮੱਧ ਵਰਗੀ ਬੰਦੇ ਨੂੰ ਉਹ ਗੱਲ ਹੀ ਅਪੀਲ ਨਹੀਂ ਸੀ ਕਰ ਰਹੀ ਕਿ ਅਸੀਂ ਖੇਤੀ ਨੂੰ ਮੁੜ ਕੇ ਪੁਰਾਣੇ ਮਾਡਲ ਵੱਲ ਲੈ ਜਾਈਏ? ਜੋ ਸੇਖੋਂ ਹੁਰਾਂ ਨੇ ਪੰਜਵੇਂ ਪੜ੍ਹਾ ਦੀ ਕਹਾਣੀ ਦੀ ਗੱਲ ਕੀਤੀ ਹੈ। ਇਸ ਪੜ੍ਹਾ ਦੇ ਨਕਸ਼ ਅਜੇ ਸਪੱਸ਼ਟ ਨਹੀਂ ਹਨ...ਇਸ ਪੰਜਵੇਂ ਪੜ੍ਹਾ ਦੀ ਕਹਾਣੀ ਦਾ ਜੋ ਨਵਾਂਪਨ ਉਭਰ ਰਿਹਾ ਹੈ। ਉਹਨੂੰ ਅਸੀਂ ਨਿਊ ਨੌਰਮਲ ਕਹਿ ਸਕਦੇ ਹਾਂ ਕਿ ਜਿਹੜੀਆਂ ਚੀਜਾਂ ਨੂੰ ਅਸੀਂ ਅਬਨੌਰਮਲ ਦੇ ਤੌਰ ਤੇ ਪ੍ਰਭਾਸ਼ਿਤ ਕਰਦੇ ਸੀ, ਨਵੀਂ ਪੀੜ੍ਹੀ ਉਸ ਗੱਲ ਨੂੰ ਨੌਰਮਲ ਯਤਨ ਵਜੋਂ ਮਨਵਾਉਣ ਦਾ ਯਤਨ ਕਰ ਰਹੀ ਹੈ। ਉਦਾਹਰਣ ਦੇ ਤੌਰ ਸੁਕੀਰਤ ਦੀ ਕਹਾਣੀ ਹੈ 'ਘਰ' ਜਿਹਦੇ ਵਿਚ ਦੋ ਗੇਅ ਬੰਦੇ ਉਸੇ ਤਰ੍ਹਾਂ ਘਰ ਵਸਾਉਂਦੇ ਹਨ ਜਿਵੇਂ ਪਤੀ ਪਤਨੀ ਘਰ ਵਸਾਉਂਦੇ ਹਨ। ਸੁਕੀਰਤ ਨੇ ਭਾਸ਼ਾ ਦੀ ਚੋਣ ਕਰਨ ਲੱਗਿਆ ਜਿਹੜਾ ਸੋਹਜ ਵਰਤਿਆ ਹੈ ਉਹਦੇ ਨਾਲ ਪਾਠਕ ਨੂੰ ਕਿਤੇ ਵੀ ਲੱਚਰਤਾ... ਅਸ਼ਲੀਲਤਾ ਨਹੀਂ ਦਿਖਾਈ ਦਿੰਦੀ ਬਲਕਿ ਸੂਖਮਤਾ ਨਜ਼ਰ ਆਉਂਦੀ ਹੈ। ਕਹਾਣੀਕਾਰ ਇਹ ਮੰਨਵਾਉਣਾ ਚਾਹੁੰਦਾ ਹੈ ਕਿ ਤੁਸੀਂ ਇਹ ਜੋ ਮਰਜ਼ੀ ਕਹੋ ਪਰ ਇਹ ਨੌਰਮਲ ਹੀ ਨਹੀਂ ਬਲਕਿ ਨਿਊ ਨੌਰਮਲ ਹੈ। ਜਿਹਨੂੰ ਤੁਹਾਨੂੰ ਸਵਿਕਾਰ ਕਰਨਾ ਹੀ ਪਵੇਗਾ। ਉਵੇਂ ਹੀ ਸਰਘੀ ਦੀ ਕਹਾਣੀ ਦਾ ਦੇਸ ਰਾਜ ਕਾਲੀ ਨੇ ਜ਼ਿਕਰ ਕੀਤਾ ਹੈ। ਉਹ ਰਿਸ਼ਤੇ ਵੀ ਨਿਊ ਨੌਰਮਲ ਹਨ। ਜਿਹਨੂੰ ਅਸੀਂ ਪੰਜਵੇਂ ਪੜ੍ਹਾ ਦੀ ਕਹਾਣੀ ਕਹਿ ਸਕਦੇ ਹਾਂ।

**ਅਜਮੇਰ ਸਿੱਧੂ**-ਜਿਹੜੀ ਗੱਲ ਕਹੀ ਜਾ ਰਹੀ ਹੈ ਕਿ ਜੋ ਕਿਸਾਨੀ ਅੰਦੋਲਨ ਹੋਇਆ ਹੈ। ਇਹ ਗੱਲ ਠੀਕ ਹੈ ਇਸ ਵਿਸ਼ੇ ਉੱਤੇ ਕੋਈ ਵੱਡੀ ਕਹਾਣੀ ਲਿਖੀ ਨਹੀਂ ਗਈ। ਮੈਂ ਨਿੱਜੀ ਤੌਰ ਤੇ ਕਿਸਾਨ ਅੰਦੋਲਨ ਵਿਚ ਸ਼ਾਮਿਲ ਸੀ। ਮੇਰੇ ਲਈ ਮੁਸ਼ਕਲ ਸੀ ਕਿ ਜੇ ਮੈਂ ਕਹਾਣੀ ਲਿਖਾ ਤਾਂ ਕਿਸ ਤਰ੍ਹਾਂ ਦੀ ਕਹਾਣੀ ਲਿਖਾਂ। ਇਸ ਮਸਲੇ ਨਾਲ ਹਰ ਗੱਲ ਸ਼ੋਸ਼ਲ ਮੀਡੀਏ ਤੇ ਖ਼ਬਰਾਂ ਰਾਹੀਂ ਆ ਰਹੀ ਹੈ ਤੇ ਇਕ ਕਹਾਣੀਕਾਰ ਉਸ ਮਸਲੇ ਨੂੰ ਕਿਵੇਂ ਫੜੇ। ਦੂਜਾ ਮੈਨੂੰ ਲੱਗਦਾ ਹੈ ਕਿ ਇਸ ਮਸਲੇ ਨੂੰ ਐਨੀ ਜਲਦੀ ਫੜਿਆ ਵੀ ਨਹੀਂ ਜਾ ਸਕਦਾ। ਹੋ ਸਕਦਾ ਹੈ ਆਉਣ ਵਾਲੇ ਸਮੇਂ ਵਿਚ ਇਸ ਮਸਲੇ ਤੇ ਕਹਾਣੀ ਲਿਖ ਹੋ ਜਾਵੇ।

**ਬਲਦੇਵ ਧਾਲੀਵਾਲ**-ਇਹੀ ਗੱਲ ਮੈਂ ਭਗਵੰਤ ਰਸੂਲਪੁਰੀ ਨੂੰ ਪੁੱਛਣੀ ਚਾਹੁੰਦਾ ਹਾਂ ਕਿ ਕੀ ਕਿਸਾਨ ਅੰਦੋਲਨ ਨੇ ਉਸ ਨੂੰ ਟੰਬਿਆ ਨਹੀਂ ...ਕਿ ਉਸ ਮਸਲੇ ਤੇ ਉਹ ਕੋਈ ਕਹਾਣੀ ਲਿਖੇ। ਇਹ ਕਿਉਂ ਨਹੀਂ ਹੋਇਆ।

**ਭਗਵੰਤ ਰਸੂਲਪੁਰੀ**-ਮੈਨੂੰ ਲੱਗਦਾ ਹੁੰਦਾ ਹੈ ਕਿ ਕਹਾਣੀ ਜਾਂ ਨਾਵਲ ਵਿੱਚ ਇਸ ਕਿਸਮ ਦੇ ਚਲੰਤ ਕਿਸਮ ਦੇ ਮਸਲੇ ਤਟ ਭੜੱਤ ਫੜੇ ਨਹੀਂ ਜਾ ਸਕਦੇ। ਕਵਿਤਾ ਵਿੱਚ ਕਵੀ ਝੱਟ ਇਸ ਨੂੰ ਫੜ ਲੈਂਦੇ ਹਨ। ਕਰੋਨਾ ਕਾਲ ਉਪਰੰਤ ਕਿਸਾਨ ਅੰਦੋਲਨ ਸ਼ੁਰੂ ਹੋਇਆ... ਤੇ ਜਿਵੇਂ ਕਰੋਨਾ ਕਾਲ ਦੀਆਂ ਕੁਝ ਕਹਾਣੀ ਮੈਨੂੰ ਪੜ੍ਹਨ ਨੂੰ ਮਿਲੀਆਂ ਕੁਝ ਨਾਵਲ ਵੀ ਪੜ੍ਹਨ ਨੂੰ ਮਿਲੇ ਤਾਂ ਮੈਨੂੰ ਲੱਗਾ ਕਿ ਜਿਵੇਂ ਮੈਂ ਰਵੀਸ਼ ਕੁਮਾਰ ਦੇ ਪ੍ਰਾਇਮ ਟਾਇਮ ਦੀ ਸਕਰਿਪਟ ਪੜ੍ਹ ਰਿਹਾ ਹੋਵਾਂ। ਤੁਸੀਂ ਇਸ ਮਸਲੇ ਉੱਤੇ ਤਿੰਨ ਚਾਰ ਕਹਾਣੀਆਂ ਕੇਸਰਾ ਰਾਮ ਦੀਆਂ ਪੜ੍ਹ ਸਕਦੇ ਹੋ। ਇਸ ਮਸਲੇ ਉੱਤੇ ਅਜਮੇਰ ਸਿੱਧੂ ਦੀ ਵੀ ਇਕ ਕਹਾਣੀ ਸੀ। ਇਨ੍ਹਾਂ ਵਿਚ ਇਸ ਕਿਸਮ ਦਾ ਸੰਕਟ ਮੈਨੂੰ ਵਿਖਾਈ ਦਿੰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਸੂਚਨਾਤਮਿਕ ਵੇਰਵਿਆਂ ਦੀ ਭਰਮਾਰ ਦਿਖਾਈ ਦੇਣ ਲੱਗ ਪੈਂਦੀ ਹੈ। ਰਚਨਾ ਵਿਚ ਪੇਤਲਾਪਨ ਤਾਂ ਆਉਂਦਾ ਹੀ ਹੈ ਜਦੋਂ ਚਲੰਤ ਘਟਨਾਵਾਂ ਜਾਂ ਵਰਤਾਰਾਂ ਅਸੀਂ ਇਕ ਦਮ ਫੜਦੇ ਹਾਂ ਤਾਂ ਅਸੀਂ ਉਸ ਦੀ ਗਹਿਰਾਈ ਵਿਚ ਜਾਣ ਦੀ

ਬਜਾਏ ਓਪਰੀ ਪੱਧਰ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਾਂ। ਏਥੋਂ ਤੱਕ ਮੈਨੂੰ 'ਕਹਾਣੀ ਧਾਰਾ' ਵਿਚ ਛਪਣ ਲਈ ਕਈ ਕਹਾਣੀਆਂ ਕਰੋਨਾ ਕਾਲ ਅਤੇ ਕਿਸਾਨ ਅੰਦੋਲਨ ਨਾਲ ਸਬੰਧਤ ਪਹੁੰਚੀਆਂ ਤਾਂ ਉਨ੍ਹਾਂ ਨੂੰ ਪੜ੍ਹਦਿਆਂ ਮੈਨੂੰ ਲੱਗਾ ਕਿ ਇਹ ਘਟਨਾਵਾਂ ਤਾਂ ਮੈਂ ਨਿਊਜ ਸਟੋਰੀ ਦੇ ਰੂਪ ਵਿਚ ਪੜ੍ਹ ਸੁਣ ਚੁੱਕਾ ਹਾਂ। ਖ਼ਬਰਾਂ ਦੇ ਸਪਾਟ ਵੇਰਵੇ ਮੈਨੂੰ ਪੜ੍ਹਨ ਨੂੰ ਮਿਲੇ...ਜਦੋਂ ਅਸੀਂ ਇਨ੍ਹਾਂ ਚੱਲ ਰਹੀਆਂ ਲਹਿਰਾਂ ਬਾਰੇ ਗਹਿਰਾਈ ਵਿਚ ਜਾਣ ਦੀ ਬਜਾਏ...ਓਪਰੀਆਂ ਗੱਲਾਂ ਕਰਨ ਲੱਗ ਪੈਂਦੇ ਹਾਂ ਤਾਂ ਰਚਨਾਵਾਂ ਕੱਚੀਆਂ ਆਉਣ ਲੱਗ ਪੈਂਦੀਆਂ ਹਨ। ਲਹਿਰਾਂ ਦੇ ਚੱਲਦਿਆਂ ਉਸ ਵਿਚ ਰਹਿ ਕੇ ਵੱਡਾ ਉੱਚ ਪੱਧਰ ਦਾ ਸਾਹਿਤ ਨਹੀਂ ਲਿਖਿਆ ਜਾ ਸਕਦਾ। ਜਿਵੇਂ ਪ੍ਰਗਤੀਵਾਦ ਦੇ ਸਮੇਂ ਜਾਂ ਪੰਜਾਬ ਸੰਕਟ ਦੇ ਸਮੇਂ ਢੇਰਾਂ ਦੇ ਢੇਰ ਕਹਾਣੀਆਂ-ਨਾਵਲ-ਤੇ ਕਵਿਤਾਵਾਂ ਲਿਖ ਹੋਈਆਂ। ਇਨ੍ਹਾਂ ਲਹਿਰਾਂ ਦੇ ਮੁਕਣ ਤੇ ਸਾਡੇ ਕੋਲ ਕਿੰਨਾਂ ਕੁ ਜਿਉਂਦਾ ਰਹਿਣ ਵਾਲਾ ਸਾਹਿਤ ਬਚਿਆ ਹੈ? ਤੁਸੀਂ ਵੇਖੋ ਸੰਤਾਲੀ ਦੀ ਵੰਡ ਬਾਰੇ ਕਿੰਨੀਆਂ ਕਹਾਣੀਆਂ ਲਿਖ ਹੋਈਆਂ... ਕਿੰਨੇ ਨਾਵਲ ਲਿਖ ਹੋਵੇ। ਤੇ ਅੱਜ ਸਾਨੂੰ ਕਿੰਨੇ ਕੁ ਨਾਂ ਚੇਤੇ ਹਨ? ਇਸੇ ਕਰਕੇ ਉਨ੍ਹਾਂ ਵਿਚੋਂ ਬਹੁਤੀ ਕਹਾਣੀ ਜਾਂ ਨਾਵਲ ਖਤਮ ਹੋ ਗਿਆ ਕਿਉਂਕਿ ਉਨ੍ਹਾਂ ਰਚਨਾਵਾਂ ਵਿਚ ਕਲਾ ਜਾਂ ਸਦੀਵੀਪਨ ਵਾਲੇ ਤੱਤ ਹੈ ਨਹੀਂ ਸਨ।

**ਬਲਦੇਵ ਧਾਲੀਵਾਲ**-ਮੈਂ ਬਲਜੀਤ ਰੈਣਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਕਦੇ ਜੰਮੂ ਕਸ਼ਮੀਰ ਵਿਚ ਕਹਾਣੀਕਾਰਾਂ ਦਾ ਵੱਡਾ ਵਰਗ ਸੀ... ਬੰਬਾਈ ਵਿਚ ਬਹੁਤ ਨਾਂ ਸੀ। ਦਿੱਲੀ ਵਿਚ ਸਨ। ਪਰ ਹੁਣ ਨਵੀਂ ਪੀੜ੍ਹੀ ਦੇ ਕਹਾਣੀ ਲਿਖਣ ਵਾਲੇ ਸਾਨੂੰ ਜੰਮੂ ਕਮਸ਼ਮੀਰ ਵਿਚ ਵੀ ਨਹੀਂ ਲੱਭਦੇ, ਇਸ ਦਾ ਕੀ ਕਾਰਨ ਹੈ? ਕੀ ਸਾਡੇ ਕੋਲ ਬਲਜੀਤ ਰੈਣਾ... ਸੁਰਿੰਦਰ ਨੀਰ ਜਾਂ ਹਰਭਜਨ ਸਾਗਰ ਹੋਰਾਂ ਨਾਲ ਕੜੀ ਬਣਨ ਵਾਲਾ ਅਗਲਾ ਪੂਰ ਹੈ?

**ਬਲਜੀਤ ਰੈਣਾ**-ਤੁਹਾਡੀ ਚਿੰਤੀ ਬਿਲਕੁਲ ਵਾਜ਼ਬ ਹੈ। ਹਰਭਜਨ ਸਾਗਰ ਦੀ ਹੁਣ ਸਥਿਤੀ ਇਹ ਹੈ ਉਹ ਆਪਣੀ ਗਲੀ ਵੀ ਭੁੱਲ ਜਾਂਦੇ ਹਨ। ਮੈਂ ਹਾਂ ... ਸੁਰਿੰਦਰ ਨੀਰ ਹੈ... ਇਸ ਤੋਂ ਇਲਾਵਾ ਇਕ ਰਾਜਨ ਕਹਾਣੀ ਲਿਖ ਰਿਹਾ ਹੈ। ਇਕ ਰਤਨ ਸਿੰਘ ਕੰਵਲ ਕਹਾਣੀ ਲਿਖ ਰਿਹਾ ਹੈ। ਇੱਛੂਪਾਲ ਨੇ ਵੀ ਚੰਗੀਆਂ ਕਹਾਣੀਆਂ ਲਿਖੀਆਂ ਹਨ। ਕੰਵਲ ਕਸ਼ਮੀਰੀ ਹੈ। ਇਸ ਤੋਂ ਇਲਾਵਾ ਕੋਈ ਨਵਾਂ ਕਹਾਣੀਕਾਰ ਸਾਹਮਣੇ ਨਹੀਂ ਆਇਆ। ਇਹ ਸਾਡਾ ਸੰਕਟ ਤਾਂ ਹੈ।

**ਬਲਦੇਵ ਧਾਲੀਵਾਲ**-ਨਵੇਂ ਕਹਾਣੀਕਾਰਾਂ ਨੇ ਨਵੀਂ ਕਹਾਣੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਇਸ ਨਾਲ ਕੁਝ ਧਾਰਨਾਵਾਂ ਉਭਰ ਕੇ ਸਾਹਮਣੇ ਆਈਆਂ ਹਨ। ਜਿਹੜੀਆਂ ਧਾਰਨਾਵਾਂ ਅਗਲੇ ਸੰਵਾਦ ਦਾ ਮੁੱਢ ਬੰਨ੍ਹਣਗੀਆਂ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਸੁਲਘਦੇ ਸਮਿਆਂ ਦੇ ਪਸਾਰਾਂ ਬਾਰੇ ਸੰਵਾਦ ਰਚਾਇਆ ਹੈ। ਇਸ ਵਿਸ਼ੇ ਦੀ ਅੰਦਰਲੀ ਡੂੰਘਾਈ ਬਾਰੇ ਵੀ ਗੱਲਾਂ ਕੀਤੀਆਂ ਹਨ। ਇਸ ਤਰ੍ਹਾਂ ਅਸੀਂ ਸਾਹਿਤਕਾਰਾਂ ਬਾਰੇ ਜਾਂ ਸਾਹਿਤ ਬਾਰੇ ਲਗਾਤਾਰ ਗੱਲਬਾਤ ਕਰੀਏ ਤਾਂ ਅਸੀਂ ਸਾਹਿਤਕਾਰਾਂ ਵਿਚਲੀਆਂ ਨਵੀਂਆਂ ਕੜੀਆਂ ਨੂੰ ਜੋੜ ਸਕਦੇ ਹਾਂ। ਜੇਕਰ ਤੁਸੀਂ ਕਹਾਣੀ ਲਿਖਣੀ ਹੈ... ਤੁਸੀਂ ਉਸ ਬਾਰੇ ਸੋਚਣਾ ਹੈ ਤਾਂ ਤੁਸੀਂ ਹੀ ਉਨ੍ਹਾਂ ਦੇ ਵਾਰਸ ਹੋ। ਜੇ ਅਜਿਹਾ ਨਹੀਂ ਤਾਂ ਕਹਾਣੀ ਦੀ ਖੜੋਤ ਹੋ ਜਾਵੇਗੀ। ਸੰਵਾਦ ਰਚਾਉਣ ਲਈ ਸਭ ਦਾ ਧੰਨਵਾਦ।

**(ਇਹ ਵਿਚਾਰ ਚਰਚਾ ਮਿਤੀ 11 ਮਾਰਚ, 2022 ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਕਰਵਾਏ ਸਾਹਿਤ ਉਤਸਵ ਵਿਚ ਪੰਜਾਬੀ ਕਹਾਣੀ ਬਾਰੇ ਕਰਵਾਈ ਕਹਾਣੀ ਗੋਸ਼ਟੀ ਵਿਚ ਕੀਤੀ ਗਈ। ਇਸ ਗੋਸ਼ਟੀ ਦਾ ਵਿਸ਼ਾ ਸੀ 'ਸੁਲਘਦੇ ਸਮਿਆਂ ਦਾ ਬਿਰਤਾਂਤ ਅਤੇ ਪੰਜਾਬੀ ਕਹਾਣੀ' ਇਸ ਦੀ ਸਕ੍ਰਿਪਟ ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਹੈ। )**

**ਕਹਾਣੀ**

# ਜੰਗ

**ਲੁਈਗੀ ਪਿਰਾਂਡੇਲੋ**

**ਅਨੁਵਾਦਕ:**

**ਡਾ. ਕਰਮਜੀਤ ਕੌਰ ਕਿਸ਼ਾਂਵਲ**





***ਲੁਈਗੀ ਪਿਰਾਂਡੇਲੋ ਇਕ ਇਤਾਲਵੀ ਨਾਟਕਕਾਰ, ਨਾਵਲਕਾਰ, ਕਵੀ ਅਤੇ ਕਹਾਣੀਕਾਰ ਸੀ। ਉਸਨੂੰ ਨਾਟਕ ਅਤੇ ਰੰਗਮੰਚ ਦੇ ਖੇਤਰ ਵਿਚ ਦਲੇਰਾਨਾ ਅਤੇ ਸ਼ਾਨਦਾਰ ਨਵੀਆਂ ਪੈੜਾਂ ਪਾਉਣ ਲਈ 1934 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। - ਸੰਪਾਦਕ***

ਰਾਤ ਦੀ ਐਕਸਪ੍ਰੈਸ ਦੁਆਰਾ ਰੋਮ ਤੋਂ ਰਵਾਨਾ ਹੋਏ ਯਾਤਰੀਆਂ ਨੂੰ ਣ ਤਸਵੇਰ ਹੋਕ ਫੈਬਰਿਆਨੋ ਦੇ ਛੋਟੇ ਸਟੇਸ਼ਨ 'ਤੇ ਰੁਕਣਾ ਪਿਆ ਸੀ। ਏਥੋਂ ਉਹਨਾਂ ਨੇ ਸੁਲਮੋਨਾ ਦੇ ਨਾਲ ਮੁੱਖ ਲਾਈਨ ਵਿੱਚ ਸ਼ਾਮਲ ਹੋਣ ਵਾਲੀ ਇਕ ਛੋਟੀ, ਪੁਰਾਣੀ ਲੋਕਲ ਗੱਡੀ ਰਾਹੀਂ ਆਪਣਾ ਸਫ਼ਰ ਜਾਰੀ ਰੱਖਣਾ ਸੀ।

ਸਵੇਰ ਵੇਲੇ, ਇਕ ਭਰੀ ਭਕੁੰਨੀ, ਧੂੰਏਂ-ਭਰੀ ਦੂਜੀ-ਸ਼੍ਰੇਣੀ ਦੀ ਗੱਡੀ ਆਈ ਜਿਸ ਵਿਚ ਪੰਜ ਯਾਤਰੀ ਪਹਿਲਾਂ ਹੀ ਰਾਤ ਕੱਟ ਚੁੱਕੇ ਸਨ। ਯਾਤਰੂਆਂ ਵਿਚ ਡੂੰਘੇ ਸੋਗ ਵਿਚ ਡੁੱਬੀ, ਇਕ ਬੇਢਬੀ, ਭਾਰੀ ਭਰਕਮ ਔਰਤ ਜੋ ਔਖੇ-ਔਖੇ ਸਾਹ ਲੈਂਦੀ ਹੋਈ ਡੁਸਕਾਰੇ ਮਾਰ ਰਹੀ ਸੀ; ਉਸ ਦੇ ਪਿੱਛੇ, ਉਸ ਦਾ ਪਤੀ-ਛੋਟਾ ਕੱਦ, ਪਤਲਾ ਤੇ ਕਮਜ਼ੋਰ, ਬੇਜਾਨ ਪੀਲਾ-ਭੂਕ ਚਿਹਰਾ, ਛੋਟੀਆਂ-ਚਮਕਦੀਆਂ ਅੱਖਾਂ ਜਿਹਨਾਂ ਵਿਚ ਡਰ, ਸਹਿਮ ਤੇ ਬੇਚੈਨੀ ਝਲਕ ਰਹੀ ਸੀ।

ਅਖੀਰ ਸੀਟ ਮਿਲਣ ਤੋਂ ਬਾਅਦ ਉਸਨੇ ਨਿਮਰਤਾ ਨਾਲ ਉਹਨਾਂ ਯਾਤਰੀਆਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਉਸਦੀ ਪਤਨੀ ਦੀ ਮਦਦ ਕੀਤੀ ਤੇ ਉਹਦੇ ਲਈ ਜਗ?ਹਾ ਬਣਾਈ ਸੀ; ਫਿਰ ਉਹ ਉਸ ਔਰਤ ਵੱਲ ਮੁੜਿਆ ਤੇ ਉਸਦੇ ਕੋਟ ਦਾ ਕਾਲਰ ਹੇਠਾਂ ਖਿੱਚਣ ਦੀ ਕੋਸ਼ਿਸ਼ ਕਰਦਿਆਂ ਨਿਮਰਤਾ ਨਾਲ ਪੁੱਛਿਆ:"ਕੀ ਤੂੰ ਠੀਕ ਏਂ, ਪਿਆਰੀ?

ਪਤਨੀ ਨੇ ਜਵਾਬ ਦੇਣ ਦੀ ਬਜਾਏ, ਆਪਣਾ ਕਾਲਰ ਦੁਬਾਰਾ ਆਪਣੀਆਂ ਅੱਖਾਂ ਵੱਲ ਖਿੱਚ ਲਿਆ, ਤਾਂ ਕਿ ਆਪਣਾ ਚਿਹਰਾ ਛੁਪਾ ਸਕੇ।

"ਘਟੀਆ ਦੁਨੀਆ,"ਪਤੀ ਉਦਾਸੀ ਭਰੀ ਮੁਸਕਾਨ ਬੁੱਲਾਂ 'ਤੇ ਲਿਆਉਂਦੇ ਹੋਏ ਬੁੜਬੁੜਾਇਆ। ਉਸਨੇ ਆਪਣੇ ਸਹਿ-ਯਾਤਰੀਆਂ ਨੂੰ ਇਹ ਸਮਝਾਉਣਾ ਆਪਣਾ ਫਰਜ਼ ਸਮਝਿਆ ਕਿ ਗਰੀਬ ਔਰਤ (ਉਸਦੀ ਪਤਨੀ) ਉਪਰ ਤਰਸ ਖਾਣਾ ਬਣਦਾ ਹੈ; ਇਹ ਜੰਗ ਉਸ ਦੇ ਵੀਹ ਸਾਲਾ ਇਕਲੌਤੇ ਪੁੱਤਰ ਨੂੰ ਉਸਤੋਂ ਖੋਹਣ ਜਾ ਰਹੀ ਹੈ; ਜਿਸ ਨੂੰ ਦੋਵਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਰਪਿਤ ਕਰ ਦਿੱਤੀ, ਇੱਥੋਂ ਤੱਕ ਕਿ ਸੁਲਮੋਨਾ ਵਿਚਲਾ ਆਪਣਾ ਘਰ ਵੀ। ਉਹਨਾਂ ਨੂੰ ਆਪਣੇ ਪੁੱਤ ਦਾ ਪਿੱਛਾ ਕਰਨ ਲਈ ਰੋਮ ਜਾਣਾ ਪਿਆ, ਜਿੱਥੇ ਉਹ ਇਕ ਵਿਦਿਆਰਥੀ ਦੇ ਤੌਰ 'ਤੇ ਗਿਆ ਸੀ।ਉਸਨੂੰ ਜੰਗ ਵਿਚ ਵਲੰਟੀਅਰ ਵਜੋਂ ਸੇਵਾ ਨਿਭਾਉਣ ਦੀ ਆਗਿਆ ਦਿੱਤੀ, ਇਸ ਭਰੋਸੇ ਨਾਲ ਕਿ ਘੱਟੋ-ਘੱਟ ਛੇ ਮਹੀਨਿਆਂ ਲਈ ਉਸ ਨੂੰ ਮੋਰਚੇ 'ਤੇ ਨਹੀਂ ਭੇਜਿਆ ਜਾਵੇਗਾ ਤੇ ਹੁਣ ਅਚਾਨਕ, ਇਕ ਤਾਰ ਮਿਲੀ ਕਿ ਉਹ ਤਿੰਨ ਦਿਨਾਂ ਵਿਚ ਮੋਰਚੇ 'ਤੇ ਜਾਣ ਵਾਲਾ ਹੈ; ਉਹ ਆ ਕੇ ਉਸ ਨੂੰ ਮਿਲਣ ਤੇ ਜੰਗ ਲਈ ਵਿਦਾ ਕਰਨ।

ਉਹ ਬੁੱਢੀ ਔਰਤ ਵੱਡੇ ਕੋਟ ਅੰਦਰ ਘੁੰਮਦੀ, ਲੜਖੜਾਂਦੀ ਫਿਰ ਰਹੀ ਸੀ; ਕਦੇ-ਕਦੇ ਜੰਗਲੀ

ਜਾਨਵਰਾਂ ਵਾਂਗ ਗੂੰਜ ਵੀ ਉੱਠਦੀ; ਉਹ ਮਹਿਸੂਸ ਕਰ ਰਹੀ ਸੀ ਕਿ ਉਸਦੇ ਪਤੀ ਦੀਆਂ ਇਹਨਾਂ ਸਾਰੀਆਂ ਵਿਆਖਿਆਵਾਂ ਨੇ ਉਹਨਾਂ ਲੋਕਾਂ ਅੰਦਰ ਹਮਦਰਦੀ ਦਾ ਪਰਛਾਵਾਂ ਤੱਕ ਵੀ ਪੈਦਾ ਨਹੀਂ ਕੀਤਾ ਹੋਵੇਗਾ; ਉਹ ਤਾਂ ਆਪ ਉਹਨਾਂ ਵਰਗੀ ਦੁਰਦਸ਼ਾ ਵਿਚ ਸਨ। ਉਨ੍ਹਾਂ ਵਿੱਚੋਂ ਇਕ ਯਾਤਰੀ, ਜੋ ਵਿਸ਼ੇਸ਼ ਧਿਆਨ ਨਾਲ ਸੁਣ ਰਿਹਾ ਸੀ, ਨੇ ਕਿਹਾ:



"ਤੁਹਾਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਤੁਹਾਡਾ ਪੁੱਤ ਹੁਣ ਮੋਰਚੇ ਲਈ ਜਾ ਰਿਹਾ ਹੈ।ਮੇਰਾ ਪੁੱਤ ਤਾਂ ਜੰਗ ਦੇ ਪਹਿਲੇ ਦਿਨ ਹੀ ਮੋਰਚੇ 'ਤੇ ਭੇਜ ਦਿੱਤਾ ਸੀ। ਉਹ ਪਹਿਲਾਂ ਵੀ ਮੋਰਚੇ ਤੋਂ ਦੋ ਵਾਰ ਜ਼ਖਮੀ ਹੋ ਕੇ ਪਰਤਿਆ ਪਰ ਫਿਰ ਵਾਪਸ ਜਾ ਚੁੱਕਾ ਹੈ।

"ਮੇਰੇ ਬਾਰੇ ਕੀ? ਮੇਰੇ ਦੋ ਪੁੱਤਰ ਅਤੇ ਤਿੰਨ ਭਤੀਜੇ ਨੇ ਮੋਰਚੇ 'ਤੇ , ਇਕ ਹੋਰ ਯਾਤਰੀ ਨੇ ਕਿਹਾ।

"ਹੋ ਸਕਦਾ ਹੈ, ਪਰ ਸਾਡੇ ਕੇਸ ਵਿਚ ਇਹ ਸਾਡਾ ਇਕਲੌਤਾ ਪੁੱਤਰ ਹੈ," ਪਤੀ ਨੇ ਹਿੰਮਤ ਕਰਕੇ ਕਿਹਾ।

"ਇਸ ਨਾਲ ਕੀ ਫਰਕ ਪੈਂਦਾ? ਤੁਸੀਂ ਬਹੁਤ ਜ਼ਿਆਦਾ ਤਵੱਕੋ ਦੇ ਕੇ ਆਪਣੇ ਇਕਲੌਤੇ ਪੁੱਤਰ ਨੂੰ ਵਿਗਾੜ ਸਕਦੇ ਹੋ, ਪਰ ਜੇ ਤੁਹਾਡੇ ਕੋਲ ਕੋਈ ਹੋਰ ਬੱਚਾ ਹੁੰਦਾ ਤਾਂ ਤੁਸੀਂ ਉਸ ਨੂੰ ਆਪਣੇ ਬਾਕੀ ਬੱਚਿਆਂ ਨਾਲੋਂ ਵੱਧ ਪਿਆਰ ਨਹੀਂ ਕਰ ਸਕਦੇ ਸੀ।ਮਾਪਿਆਂ ਦਾ ਪਿਆਰ ਰੋਟੀ ਵਰਗਾ ਨਹੀਂ ਜਿਸ ਨੂੰ ਟੁਕੜਿਆਂ ਵਿਚ ਵੰਡਕੇ ਬੱਚਿਆਂ ਵਿਚ ਬਰਾਬਰ ਹਿੱਸਿਆਂ ਵਿਚ ਵੰਡਿਆ ਜਾ ਸਕੇ। ਇਕ ਪਿਤਾ ਬਿਨਾਂ ਕਿਸੇ ਭੇਦਭਾਵ ਦੇ ਆਪਣੇ ਬੱਚਿਆਂ ਵਿੱਚੋਂ ਹਰ ਇਕ ਨੂੰ ਆਪਣਾ ਪੂਰਾ ਪਿਆਰ ਦਿੰਦਾ ਹੈ, ਭਾਵੇਂ ਉਹ ਇਕ ਹੋਵੇ ਜਾਂ ਦਸ, ਤੇ ਜੇਕਰ ਮੈਂ ਹੁਣ ਆਪਣੇ ਦੋ ਪੁੱਤਰਾਂ ਲਈ ਦੁੱਖ ਝੱਲ ਰਿਹਾ ਹਾਂ, ਤਾਂ ਮੈਂ ਉਹਨਾਂ ਵਿੱਚੋਂ ਹਰੇਕ ਲਈ ਅੱਧਾ ਨਹੀਂ ਸਗੋਂ ਦੁੱਗਣਾ ਦੁੱਖ ਝੱਲ ਰਿਹਾ ਹਾਂ...

"ਬਿਲਕੁਲ ਬਿਲਕੁਲ "ਸ਼ਰਮਿੰਦਾ ਹੋਏ ਪਤੀ ਨੇ ਕਿਹਾ, "ਪਰ ਮੰਨ ਲਓ (ਬੇਸ਼ਕ ਅਸੀਂ ਸਾਰੇ ਉਮੀਦ ਕਰਦੇ ਹਾਂ ਕਿ ਸਾਡੇ ਮਾਮਲੇ ਵਿਚ ਇਸ ਤਰ੍ਹਾਂ ਨਾ ਹੋਵੇ) ਇਕ ਪਿਤਾ ਦੇ ਦੋ ਪੁੱਤ ਹਨ ਅਤੇ ਉਹ ਉਹਨਾਂ ਵਿੱਚੋਂ ਇਕ ਨੂੰ ਜੰਗ ਵਿੱਚ ਗੁਆ ਦਿੰਦਾ ਹੈ, ਉਸ ਨੂੰ ਦਿਲਾਸਾ ਦੇਣ ਲਈ ਅਜੇ ਵੀ ਇਕ ਤਾਂ ਉਸ ਕੋਲ ਹੈ...ਜਦਕਿ...

"ਹਾਂ," ਦੂਜੇ ਨੇ ਜਵਾਬ ਦਿੱਤਾ, "ਇਕ ਪੁੱਤ ਉਸ ਨੂੰ ਦਿਲਾਸਾ ਦੇਣ ਲਈ ਛੱਡ ਗਿਆ ਪਰ ਇਸ ਇਕ ਪੁੱਤ ਲਈ ਉਸ ਨੂੰ ਬਚਣਾ ਪੈਣਾ,ਜਿਊਣਾ ਪੈਣਾ ਜਦ ਕਿ ਇਕਲੌਤੇ ਪੁੱਤ ਦੇ ਪਿਤਾ ਦੇ ਮਾਮਲੇ ਵਿਚ ਜੇ ਪੁੱਤ ਮਰ ਜਾਂਦਾ ਹੈ ਤਾਂ ਪਿਤਾ ਵੀ ਮਰ ਸਕਦਾ ਹੈ ਅਤੇ ਆਪਣੀ ਤਕਲੀਫ਼ ਨੂੰ ਮਿਟਾ ਸਕਦਾ ਹੈ।ਕੀ ਅਜੇ ਵੀ ਤੁਹਾਨੂੰ ਨਹੀਂ ਲਗਦਾ ਕਿ ਮੇਰਾ ਕੇਸ ਤੁਹਾਡੇ ਤੋਂ ਵੀ ਮਾੜਾ ਹੋਵੇਗਾ?

"ਬਕਵਾਸ," ਇਕ ਹੋਰ ਯਾਤਰੀ ਨੇ ਟੋਕਿਆ।ਉਹ ਇਕ ਮੋਟਾ, ਲਾਲ-ਸੂਹੇ ਚਿਹਰੇ ਵਾਲਾ ਆਦਮੀ ਸੀ ਜਿਸਦੀਆਂ ਫਿੱਕੀਆਂ ਸਲੇਟੀ ਅੱਖਾਂ ਵਿੱਚ ਖ਼ੂਨ ਉੱਤਰਿਆ ਹੋਇਆ ਸੀ। ਉਹ ਤੜਫ਼ ਰਿਹਾ ਸੀ। ਉਸਦੀਆਂ ਉਭਰਦੀਆਂ ਅੱਖਾਂ ਵਿੱਚੋਂ ਇਕ ਬੇਕਾਬੂ ਜੀਵਨ ਸ਼ਕਤੀ ਦੀ ਅੰਦਰੂਨੀ ਹਿੰਸਾ ਉਮੜਦੀ ਪ੍ਰਤੀਤ ਹੋ ਰਹੀ ਸੀ ਜਿਸਨੂੰ ਉਸਦਾ ਕਮਜ਼ੋਰ ਸਰੀਰ ਸ਼ਾਇਦ ਸਹਿਣ ਨਹੀਂ ਸੀ ਕਰ ਪਾ ਰਿਹਾ।।

"ਬਕਵਾਸ," ਉਸਨੇ ਦੁਹਰਾਇਆ, ਆਪਣੇ ਹੱਥਾਂ ਨਾਲ ਆਪਣਾ ਮੂੰਹ ਕੱਜਣ ਦੀ ਕੋਸ਼ਿਸ਼ ਕੀਤੀ ਤਾਂ ਜੋ ਮੂਹਰਲੇ ਦੋਵਾਂ ਨਿੱਕਲੇ ਦੰਦਾਂ ਵਾਲੇ ਹਿੱਸੇ ਨੂੰ ਛੁਪਾਇਆ ਜਾ ਸਕੇ। "ਬਕਵਾਸ, ਕੀ ਅਸੀਂ ਆਪਣੇ ਫਾਇਦੇ ਲਈ ਹੀ ਆਪਣੇ ਬੱਚਿਆਂ ਨੂੰ ਜਨਮ ਦਿੰਦੇ ਹਾਂ?" ਦੂਜੇ ਮੁਸਾਫਰਾਂ ਨੇ ਦੁਖੀ ਹੋ ਕੇ ਉਸ ਵੱਲ ਦੇਖਿਆ। ਜਿਸ ਨੇ ਜੰਗ ਦੇ ਪਹਿਲੇ ਦਿਨ ਤੋਂ ਆਪਣਾ ਬੇਟਾ ਮੋਰਚੇ 'ਤੇ ਭੇਜਿਆ ਹੋਇਆ ਸੀ, ਉਸਨੇ ਕਿਹਾ: "ਤੁਸੀਂ ਸਹੀ ਹੋ। ਸਾਡੇ ਬੱਚੇ ਸਾਡੇ ਨਹੀਂ ਹਨ, ਉਹ ਦੇਸ਼ ਦੇ ਹਨ ...

"ਬੋਸ਼," ਮੋਟੇ ਯਾਤਰੀ ਨੇ ਜਵਾਬ ਦਿੱਤਾ। "ਕੀ ਅਸੀਂ ਆਪਣੇ ਬੱਚਿਆਂ ਨੂੰ ਜੀਵਨ ਦੇਣ ਵੇਲੇ ਦੇਸ਼ ਬਾਰੇ ਸੋਚਦੇ ਹਾਂ? ਸਾਡੇ ਪੁੱਤਰ ਇਸ ਲਈ ਪੈਦਾ ਹੁੰਦੇ ਹਨ ਕਿਉਂਕਿ ... ਕਿਉਂਕਿ ਉਹ ਪੈਦਾ ਹੋਣੇ ਚਾਹੀਦੇ ਹਨ ਅਤੇ ਜਦੋਂ ਉਹ ਦੁਨੀਆ ਵਿਚ ਆਉਂਦੇ ਹਨ ਤਾਂ ਉਹਨਾਂ ਦੀ ਆਪਣੀ ਜ਼ਿੰਦਗੀ ਹੁੰਦੀ ਹੈ। ਇਹ ਸੱਚਾਈ ਹੈ। ਅਸੀਂ ਉਹਨਾਂ ਨਾਲ ਜੁੜੇ ਹੁੰਦੇ ਹਾਂ ਪਰ ਉਹ ਸਾਡੇ ਕਦੇ ਵੀ ਨਹੀਂ ਹੁੰਦੇ.. ਜਦੋਂ ਉਹ ਵੀਹ ਸਾਲ ਦੇ ਹੁੰਦੇ ਨੇ ਤਾਂ ਉਹੀ ਹੁੰਦੇ ਨੇ ਜੋ ਅਸੀਂ ਉਹਨਾਂ ਦੀ ਉਮਰ ਵਿਚ ਸੀ.. ਸਾਡੇ ਵੀ ਬਾਪ ਤੇ ਮਾਂ ਸੀ, ਪਰ ਹੋਰ ਵੀ ਬਹੁਤ ਕੁਝ ਸੀ... ਕੁੜੀਆਂ, ਸਿਗਰਟਾਂ, ਭਰਮ,ਸੁਪਨੇ, ਨਵੇਂ ਰਿਸ਼ਤੇ...ਅਤੇ ਦੇਸ਼;ਜਦੋਂ ਅਸੀਂ ਵੀਹ ਸਾਲ ਦੇ ਸੀ ਤਾਂ ਅਸੀਂ ਵੀ ਉਸ 'ਬਹੁਤ ਕੁਝ' ਵੱਲ ਰੁਚਿਤ ਸੀ, ਉਸੇ ਦੀ ਹਾਮੀ ਭਰਦੇ ਸੀ, ਭਾਵੇਂ ਮਾਂ-ਬਾਪ ਨੇ ਨਾਂਹ ਹੀ ਕਹੀ ਹੋਵੇ; ਹੁਣ, ਸਾਡੀ ਉਮਰ ਵਿਚ, ਬੇਸ਼ੱਕ ਸਾਡੇ ਅੰਦਰ ਦੇਸ਼ ਲਈ ਪਿਆਰ ਅਜੇ ਵੀ ਹੈ ਪਰ ਇਸ ਤੋਂ ਵੀ ਮਜ਼ਬੂਤ ਸਾਡੇ ਬੱਚਿਆਂ ਦਾ ਪਿਆਰ ਹੈ। ਕੀ ਇੱਥੇ ਸਾਡੇ ਵਿੱਚੋਂ ਕੋਈ ਹੈ ਜੋ ਖ਼ੁਸ਼ੀ ਨਾਲ ਆਪਣੇ ਪੁੱਤਰ ਦੀ ਜਗ?ਹਾ ਮੋਰਚੇ'ਤੇ ਜਾ ਸਕਦਾ ਹੋਵੇ?

ਚਾਰੇ ਪਾਸੇ ਸੰਨਾਟਾ ਛਾ ਗਿਆ; ਹਰ ਕੋਈ ਸਿਰ ਹਿਲਾ ਕੇ ਉਸ ਮੋਟੇ, ਬੁੱਢੇ ਯਾਤਰੀ ਦੀ ਗੱਲ ਦੀ ਹਾਮੀ ਭਰ ਰਿਹਾ ਸੀ।

"ਫਿਰ ਕਿਉਂ," ਮੋਟੇ ਆਦਮੀ ਨੇ ਅੱਗੇ ਕਿਹਾ, "ਕੀ ਸਾਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਦੋਂ ਉਹ ਵੀਹ ਸਾਲ ਦੇ ਹੋ ਜਾਂਦੇ ਹਨ? ਕੀ ਇਹ ਸੁਭਾਵਕ ਨਹੀਂ ਹੈ ਕਿ ਉਹਨਾਂ ਦੀ ਉਮਰ ਵਿਚ ਸਾਡੇ ਨਾਲੋਂ ਵੱਧ ਉਹ ਆਪਣੇ ਦੇਸ਼ ਲਈ ਪਿਆਰ ਬਾਰੇ ਸੋਚਣ? (ਬੇਸ਼ੱਕ, ਮੈਂ ਚੰਗੇ ਮੁੰਡਿਆਂ ਦੀ ਗੱਲ ਕਰ ਰਿਹਾ ਹਾਂ) ਕੀ ਇਹ ਕੁਦਰਤੀ ਨਹੀਂ ਹੈ ਕਿ ਅਜਿਹਾ ਹੋਣਾ ਚਾਹੀਦਾ ਹੈ, ਜਿਵੇਂ ਕਿ ਉਹ ਸਾਡੇ ਵੱਲ ਉਨ੍ਹਾਂ ਬੁੱਢੇ ਮੁੰਡਿਆਂ ਵਾਂਗ ਦੇਖਣਗੇ ਜੋ ਹੋਰ ਅੱਗੇ ਨਹੀਂ ਵਧ ਸਕਦੇ, ਜਿਹਨਾਂ ਨੂੰ ਹੁਣ ਘਰ ਬੈਠਣਾ ਚਾਹੀਦਾ ਹੈ? ਜੇਕਰ ਦੇਸ਼ ਰੋਟੀ ਵਾਂਗ ਹੀ ਇਕ ਕੁਦਰਤੀ ਲੋੜ ਹੈ ਤਾਂ ਜਿਸ ਤਰ੍ਹਾਂ ਭੁੱਖ ਨਾਲ ਨਾ ਮਰਨ ਲਈ ਰੋਟੀ ਖਾਣੀ ਚਾਹੀਦੀ ਹੈ, ਕੋਈ ਨਾ ਕੋਈ ਇਸਦਾ ਬਚਾਅ ਕਰਨ ਲਈ ਵੀ ਹੋਣਾ ਚਾਹੀਦਾ ਹੈ, ਅਤੇ ਸਾਡੇ ਪੁੱਤਰ ਵੀਹ ਸਾਲ ਦੇ ਹੋ ਜਾਣ 'ਤੇ ਅਜਿਹਾ ਕਰਦੇ ਹਨ; ਉਹ ਆਪਣੇ ਮਰਨ ਉਪਰ ਹੰਝੂ ਨਹੀਂ ਚਾਹੁੰਦੇ, ਉਹ ਖ਼ੁਸ਼ੀ ਨਾਲ ਮਰਨਾ ਚਾਹੁੰਦੇ ਨੇ। ਹੁਣ, ਜੇ ਕੋਈ ਜਵਾਨ ਅਤੇ ਖੁਸ਼ਹਾਲ ਮਰ ਜਾਂਦਾ ਹੈ, ਬਿਨਾਂ ਜੀਵਨ ਦੀ ਬਦਸੂਰਤੀ ਵੇਖੇ, ਬਿਨਾਂ ਇਸਦੀ ਬੋਰੀਅਤ ਹੰਢਾਏ, ਬਿਨਾਂ ਖ਼ੁਦ ਨੂੰ ਤਰਸਾਏ, ਬਿਨਾਂ ਭਰਮਾਂ ਦੀ ਕੁੜੱਤਣ ਪੀਤੇ ; ਇਸ ਤੋਂ ਚੰਗਾ ਭਲਾਂ ਹੋਰ ਕੀ ਹੋ ਸਕਦਾ ਏ, ਅਸੀਂ ਉਸ ਲਈ ਹੋਰ ਕੀ ਮੰਗ ਸਕਦੇ ਹਾਂ? ਹਰ ਕੋਈ ਰੋਣਾ ਬੰਦ ਕਰ ਦੇਵੋ; ਹਰ ਕਿਸੇ ਨੂੰ ਹੱਸਣਾ ਚਾਹੀਦਾ ਹੈ, ਜਿਵੇਂ ਮੈਂ ਕਰਦਾ ਹਾਂ...ਜਾਂ ਘੱਟੋ-ਘੱਟ ਰੱਬ ਦਾ ਧੰਨਵਾਦ ਕਰੋ-ਜਿਵੇਂ ਮੈਂ ਕਰਦਾ ਹਾਂ-ਕਿਉਂਕਿ ਮੇਰੇ ਬੇਟੇ ਨੇ, ਮਰਨ ਤੋਂ ਪਹਿਲਾਂ, ਮੈਨੂੰ ਇੱਕ ਸੁਨੇਹਾ ਭੇਜਿਆ ਸੀ ਕਿ ਉਹ ਆਪਣੀ ਜ਼ਿੰਦਗੀ ਨੂੰ ਉਸ ਸਭ ਤੋਂ ਵਧੀਆ ਤਰੀਕੇ ਨਾਲ ਖ਼ਤਮ ਕਰਕੇ ਸੰਤੁਸ਼ਟ ਮਰ ਰਿਹਾ ਹੈ ਜਿਸਦੀ ਕਿ ਉਸਨੂੰ ਇੱਛਾ ਸੀ। ਇਸ ਲਈ, ਜਿਵੇਂ ਤੁਸੀਂ ਵੇਖਦੇ ਹੋ, ਮੈਂ ਸੋਗ ਵਿਚ ਨਹੀ, ਮੈਂ ਮਾਤਮ ਨਹੀਂ ਮਨਾਉਂਦਾ ...

ਉਸਨੇ ਆਪਣਾ ਹਲਕਾ ਫਰ ਵਾਲਾ ਕੋਟ ਹਿਲਾਇਆ, ਜਿਵੇਂ ਕਿ ਇਸਦੀ ਪਰਦਰਸ਼ਨੀ ਲਾਈ ਹੋਵੇ;

ਉਸਦਾ ਥਰਥਰਾਉਂਦਾ ਬੁੱਲ੍ਹ ਉਸਦੇ ਨਿੱਕਲੇ ਹੋਏ ਦੰਦਾਂ ਵਾਲੇ ਖੋੜ ਉਪਰ ਘੁੰਮ ਰਿਹਾ ਸੀ, ਉਸਦੀਆਂ ਨਮੀ ਭਰੀਆਂ ਅੱਖਾਂ ਗਤੀਹੀਣ ਸਨ, ਅਤੇ ਇਕਦਮ ਉਹ ਜ਼ੋਰ ਨਾਲ ਹੱਸਿਆ ਤੇ ਉਸੇ ਦੌਰਾਨ ਉਸਦੀਆਂ ਅੱਖਾਂ ਵਿੱਚ ਅੱਥਰੂਆਂ ਦਾ ਸੈਲਾਬ ਸਾਫ਼ ਦਿਖ ਰਿਹਾ ਸੀ।

"ਬਿਲਕੁਲ ...ਬਿਲਕੁਲ ..."ਬਾਕੀਆਂ ਨੇ ਸਹਿਮਤੀ ਦਿੱਤੀ।

ਉਹ ਔਰਤ, ਜੋ ਆਪਣੇ ਕੋਟ ਦੇ ਹੇਠਾਂ ਇਕ ਕੋਨੇ ਵਿਚ ਬੰਨ੍ਹੀ ਬੈਠੀ, ਪਿਛਲੇ ਤਿੰਨ ਮਹੀਨਿਆਂ ਤੋਂ ਸੁਣ ਰਹੀ ਸੀ - ਆਪਣੇ ਪਤੀ ਅਤੇ ਉਸਦੇ ਦੋਸਤਾਂ ਦੇ ਸ਼ਬਦਾਂ ਵਿੱਚੋਂ ਆਪਣੇ ਆਪ ਨੂੰ ਡੂੰਘੇ ਦੁੱਖ ਵਿਚ ਦਿਲਾਸਾ ਦੇਣ ਲਈ ਕੁਝ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ, ਅਜਿਹਾ ਕੁਝ ਜੋ ਉਸਨੂੰ ਦੱਸ ਸਕਦਾ ਹੋਵੇ ਕਿ ਇਕ ਮਾਂ ਆਪਣੇ ਪੁੱਤ ਨੂੰ ਮੌਤ ਵੱਲ ਹੀ ਨਹੀਂ ਬਲਕਿ ਜੀਵਨ ਦੇ ਭਾਵੀ ਖ਼ਤਰਿਆਂ ਵੱਲ ਵੀ ਭੇਜਣ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰੇ; ਮੋਹ-ਮੁਕਤ ਕਿਵੇਂ ਹੋਵੇ ।ਸਾਰਿਆਂ ਵੱਲੋਂ ਕਹੇ ਏਨੇ ਸ਼ਬਦਾਂ ਵਿੱਚੋਂ ਵੀ ਉਸਨੂੰ ਕੋਈ ਸ਼ਬਦ ਨਹੀਂ ਸੀ ਮਿਲਿਆ ਜੋ ਉਸਦੇ ਦੁੱਖ ਨੂੰ ਘਟਾ ਸਕੇ... ਸਗੋਂ ਇਹ ਦੇਖ ਕੇ ਉਸਦਾ ਦੁੱਖ ਹੋਰ ਵੀ ਵਧ ਗਿਆ ਸੀ ਕਿ ਕੋਈ ਵੀ ਉਸਦੀਆਂ ਭਾਵਨਾਵਾਂ ਨੂੰ ਸਮਝ ਨਹੀਂ ਸੀ ਸਕਿਆ। ਪਰ ਹੁਣ ਇਸ ਮੋਟੇ ਯਾਤਰੀ ਦੇ ਸ਼ਬਦਾਂ ਨੇ ਉਸਨੂੰ ਹੈਰਾਨ ਕਰ ਦਿੱਤਾ ਬਹੁਤ ਹੀ ਅਚੰਭਿਤ। ਉਸ ਨੂੰ ਅਚਾਨਕ ਅਹਿਸਾਸ ਹੋਇਆ ਕਿ ਜੋ ਉਹ ਸੋਚਦੀ ਸੀ ਕਿ ਲੋਕ ਗਲਤ ਹਨ; ਇਹ ਗੱਲ ਠੀਕ ਨਹੀਂ ਸੀ ਲੋਕ ਗਲਤ ਨਹੀਂ ਸਨ ਪਰ ਉਹ ਖ਼ੁਦ ਗਲਤ ਸੀ ਜੋ ਉਹਨਾਂ ਮਾਂਵਾਂ ਤੇ ਪਿਤਾ ਵਾਂਗ ਉੱਚੀ ਅਵਸਥਾ'ਤੇ ਨਹੀਂ ਪਹੁੰਚ ਸਕੀ ਜੋ ਆਪਣੇ ਪੁੱਤਰਾਂ ਦੇ ਦੂਰ ਜਾਣ 'ਤੇ ਹੀ ਨਹੀਂ ਸਗੋਂ ਉਹਨਾਂ ਦੀ ਮੌਤ 'ਤੇ ਵੀ ਨਹੀਂ ਡੋਲਦੇ, ਬਿਨਾਂ ਰੋਏ, ਬਿਨਾਂ ਸੋਗ 'ਚ ਡੁੱਬੇ ਜੀਅ ਸਕਦੇ ਨੇ ।

ਉਸਨੇ ਆਪਣਾ ਸਿਰ ਉੱਚਾ ਕੀਤਾ, ਉਸਨੇ ਆਪਣੀ ਥਾਂ ਤੋਂ ਝੁਕ ਕੇ ਉਹਨਾਂ ਵੇਰਵਿਆਂ ਨੂੰ ਬਹੁਤ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕੀਤੀ ਜੋ ਮੋਟਾ ਆਦਮੀ ਆਪਣੇ ਸਾਥੀਆਂ ਨੂੰ ਦੱਸ ਰਿਹਾ ਸੀ ਕਿ ਉਸਦਾ ਪੁੱਤਰ ਇਕ ਨਾਇਕ ਵਜੋਂ ਕਿਵੇਂ ਆਪਣੇ ਰਾਜੇ ਤੇ ਦੇਸ਼ ਲਈ ਕੁਰਬਾਨ ਹੋਇਆ ਸੀ,ਖ਼ੁਸ਼ੀ- ਖ਼ੁਸ਼ੀ, ਬਿਨਾਂ ਕਿਸੇ ਪਛਤਾਵੇ ਦੇ ।ਉਸਨੂੰ ਇਉਂ ਲੱਗ ਰਿਹਾ ਕਿ ਉਹ ਇਕ ਅਜਿਹੀ ਦੁਨੀਆਂ ਵਿਚ ਆ ਗਈ ਹੈ ਜਿਸਦਾ ਉਸਨੇ ਕਦੇ ਸੁਪਨਾ ਵੀ ਨਹੀਂ ਸੀ ਲਿਆ ਇਕ ਅਜਿਹੀ ਦੁਨੀਆਂ ਜਿਸ ਤੋਂ ਉਹ ਹੁਣ ਤੱਕ ਅਣਜਾਣ ਸੀ, ਤੇ ਉਸਨੂੰ ਇਹ ਸੁਣ ਕੇ ਬਹੁਤ ਖੁਸ਼ੀ ਹੋਈ ਕਿ ਹਰ ਕੋਈ ਉਸ ਬਹਾਦਰ ਪਿਤਾ ਨੂੰ ਵਧਾਈ ਦੇਣ ਵਿੱਚ ਸ਼ਾਮਲ ਹੋਇਆ ਹੈ ਜੋ ਆਪਣੇ ਬੱਚੇ ਦੀ ਮੌਤ ਬਾਰੇ ਇੰਨੀ ਬੇਬਾਕੀ ਨਾਲ ਗੱਲ ਕਰ ਸਕਦਾ ਸੀ।

ਫਿਰ ਅਚਾਨਕ, ਜਿਵੇਂ ਕਿ ਉਸਨੇ ਕੁਝ ਵੀ ਸੁਣਿਆ ਨਹੀਂ ਸੀ ਕਿ ਕੀ ਕਿਹਾ ਗਿਆ ਸੀ ਅਤੇ ਲਗਭਗ ਜਿਵੇਂ ਕਿ ਇਕ ਸੁਪਨੇ ਤੋਂ ਜਾਗੀ ਹੋਵੇ; ਉਹ ਬੁੱਢੇ ਆਦਮੀ ਵੱਲ ਮੁੜਦੀ ਹੈ, ਉਸਨੂੰ ਪੁੱਛਦੀ ਹੈ:

"ਫੇਰ... ਕੀ ਤੁਹਾਡਾ ਪੁੱਤ ਸੱਚਮੁੱਚ ਮਰ ਗਿਆ ਹੈ?

ਸਾਰੇ ਉਸ ਵੱਲ ਦੇਖ ਰਹੇ ਸਨ। ਬੁੱਢਾ ਆਦਮੀ ਵੀ ਉਸ ਵੱਲ ਦੇਖਣ ਲਈ ਮੁੜਿਆ, ਉਸ ਦੀਆਂ ਵੱਡੀਆਂ, ਉਭਰੀਆਂ, ਭਿਆਨਕ ਰੂਪ ਨਾਲ ਪਾਣੀ ਭਰੀਆਂ ਹਲਕੇ ਸਲੇਟੀ ਰੰਗ ਦੀਆਂ ਅੱਖਾਂ ਉਸ ਔਰਤ ਦੇ ਚਿਹਰੇ 'ਤੇ ਗੱਡੀਆਂ ਗਈਆਂ।ਕੁਝ ਸਮੇਂ ਲਈ ਉਸਨੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਸਨੂੰ ਸ਼ਬਦ ਨਹੀਂ ਸਨ ਔੜ ਰਹੇ। ਉਹ ਉਸ ਵੱਲ ਇਕ ਟਕ ਦੇਖਦਾ ਰਿਹਾ; ਉਸ ਔਰਤ ਦੇ ਮੂਰਖਾਨਾ ਸਵਾਲ ਨੇ ਉਸਨੂੰ ਅਚਾਨਕ ਮਹਿਸੂਸ ਕਰਵਾਇਆ ਕਿ ਉਸ ਦਾ ਪੁੱਤ ਸੱਚਮੁੱਚ ਮਰ ਗਿਆ ਹੈ-ਹਮੇਸ਼ਾ ਲਈ। ਉਸਦਾ ਚਿਹਰਾ ਇਕਦਮ ਸੁੰਗੜਿਆ ਤੇ ਭਿਆਨਕ ਰੂਪ ਵਿਚ ਵਿਗੜ ਗਿਆ, ਫਿਰ ਉਸਨੇ ਝੱਟਪੱਟ ਆਪਣੀ ਜੇਬ ਵਿੱਚੋਂ ਇਕ ਰੁਮਾਲ ਕੱਢਿਆ ਤੇ . ਤੇ ਸਭ ਨੂੰ ਅਚੰਭਿਤ ਕਰ ਦੇਣ ਵਾਲੀਆਂ ਦਰਦੀਲੀਆਂ, ਦਿਲ ਕੰਬਾਊ, ਬੇਕਾਬੂ ਚੀਕਾਂ ਮਾਰਨ ਲੱਗਾ।(**ਸੰਪਰਕ 97794-21283**)

ਕਹਾਣੀ

# ਸ਼ਰਤ

ਰਘਬੀਰ ਸਿੰਘ ਮਾਨ



"ਤੇਰਾ ਫਿਊਚਰ, ਮੇਰੀ ਸ਼ਰਤ 'ਤੇ ਡੀਪੈਂਡ ਐ...।" ਸੋਫੇ 'ਤੇ ਬੈਠੀ ਹਰਪਾਲ ਕੌਰ, ਸਰਬੀ ਵੱਲ ਦੇਖ ਖਰ੍ਹਵਾ ਬੋਲੀਂ।

"ਜੀ...।" ਸਾਮ੍ਹਣੇ ਬੈਠੀ ਸਰਬੀ ਕੰਬੀ।

"ਜੇ ਸ਼ਰਤ ਪੂਰੀ ਨਾ ਹੋਈ ਤਾਂ ਮੇਰੇ ਹੱਥ ਖੜ੍ਹੇ ਆ...।" ਹਰਪਾਲ ਕੌਰ ਲੀਕ ਖਿੱਚੀ।

ਸਰਬੀ ਅੰਦਰ ਕਿਤੇ ਬਰਛੀ ਉੱਤਰੀ। ਦਿਲ ਡੁੱਬਿਆ। ਜ਼ਬਾਨ ਠਾਕੀ ਗਈ। ਚੁੱਪ ਜਾਲ ਵਾਂਗ ਤਣ ਗਈ।

ਹਰਪਾਲ ਕੌਰ ਨੇ ਮੜ੍ਹਕ ਨਾਲ ਮੇਜ਼ ਤੋਂ ਚਾਹ ਦਾ ਕੱਪ ਚੁੱਕਿਆ। ਸੋਫੇ ਨਾਲ ਢੋਅ ਲਾਇਆ। ਸਿੱਧਾ ਸਰਬੀ ਦੀਆਂ ਅੱਖਾਂ ਵਿਚ ਝਾਕੀ।

"ਪਈ ਡਮਾਕ 'ਚ ਮੇਰੀ ਗੱਲ...?"

ਤਣੀ ਚੁੱਪ ਚੀਰੀ ਗਈ। ਭੈਅ ਪਸਰਿਆ ਤਾਂ ਸੁੰਘੜੀ ਸਰਬੀ ਦੇ ਹੱਥ ਕੰਬਣ ਲੱਗੇ।

"ਹਾਂ ਜੀ, ਮੰਮੀ ਜੀ...।" ਕੰਬਦੇ ਹੱਥਾਂ ਨੂੰ ਲਕੋਦੀ ਉਹ ਮਸਾਂ ਬੋਲੀ।

ਹਰਪਾਲ ਕੌਰ, ਬਿਸਕੁਟ ਚੁੱਕਿਆ, ਚਾਹ 'ਚ ਡੁਬੋਇਆ ਤੇ ਮੂੰਹ 'ਚ ਪਾ ਲਿਆ।

"ਇਕ ਵਾਰ ਧੋਖਾ ਖਾ ਲਿਆ। ਹੁਣ ਨ੍ਹੀਂ ਖਾਂਦੀ।" ਹਰਪਾਲ ਕੌਰ ਦੇ ਮੱਥੇ ਰੋਹ ਦੀ ਚਿਣਗ ਮੱਚੀ, "ਮੈਂ ਤਾਂ, ਨਿਖਸਮੀਂ ਦੇ ਰੱਜਵੇਂ ਚਾਅ ਕੀਤੇ ਸੀ। ਪਲਕੀਂ ਬਿਠਾਇਆ। ਪੂੰਨਿਆਂ ਵਾਂਗ ਰੱਖੀ। ਇਕ ਲੌਂਦੀ ਸੀ ਇਕ ਪੌਂਦੀ ਸੀ। ਸੋਨੇ ਨਾਲ ਪੀਲ਼ੀ ਕੀਤੀ...। ਰੁੱਗ ਪੈਸਿਆਂ ਦਾ ਲਾ, ਚੌਂਹ ਮਹੀਨਿਆਂ 'ਚ ਕਨੇਡਾ ਸੱਦੀ। ਕਮਜ਼ਾਤ ਨੂੰ ਭੱਲ ਨ੍ਹੀਂ ਪਚੀ...। ਸਾਡੀ ਬਣਦੀ ਤਾਂ ਰਾਜ ਕਰਦੀ...। ਮੈਂ ਸੁਣਿਆਂ, ਹੁਣ ਬੇਰੀਆਂ ਤੋੜਦੀ ਫਿਰਦੀ ਐ।" ਅੰਤਾਂ ਦੀ ਤੱਤੀ ਹੋਈ ਹਰਪਾਲ ਕੌਰ, ਮੂੰਹੋਂ ਝੱਗ ਸੁੱਟਦਿਆਂ, ਸੈਂਡੀ ਦੀ ਪਹਿਲੀ ਵਹੁਟੀ ਬਾਰੇ ਗੁਭ-ਗੁਲਾਟ ਕੱਢਿਆ।

ਸੈਂਡੀ ਦੀ ਪਹਿਲੀ ਵਹੁਟੀ ਨੇ ਹਰਪਾਲ ਕੌਰ ਨੂੰ ਕਨੇਡਾ ਪਹੁੰਚਣ ਦੀ ਗਲਤ ਤਾਰੀਖ਼ ਦੱਸੀ ਸੀ। ਦੱਸੀ ਤਾਰੀਖ਼ ਨੂੰ ਹਰਪਾਲ ਕੌਰ ਧੀਆਂ ਤੇ ਜਵਾਈਆਂ ਨਾਲ ਏਅਰ ਪੋਰਟ 'ਤੇ ਉਹਨੂੰ ਉਡੀਕਦੀ ਸਾਰਾ ਦਿਨ ਖੱਜਲ ਹੁੰਦੀ ਰਹੀ। ਪਰ ਵਹੁਟੀ ਇਕ ਦਿਨ ਪਹਿਲਾਂ ਈ ਏਅਰ ਪੋਰਟ ਤੋਂ ਆਪਣੇ ਰਿਸ਼ਤੇਦਾਰਾਂ ਨਾਲ ਰਫੂ-ਚੱਕਰ ਹੋ ਚੁੱਕੀ ਸੀ। ਹਰਪਾਲ ਕੌਰ ਜਵਾਈਆਂ ਸਾਮ੍ਹਣੇ ਨਮੋਸ਼ੀ ਵਿਚ ਮਰਨ ਵਾਲੀ ਹੋ ਗਈ। ਕਈ ਦਿਨ ਘਰੋਂ ਬਾਹਰ ਨਾ ਨਿਕਲੀ। ਗੁਰਦੁਆਰੇ ਵੀ ਨਾ ਗਈ। ਉਥੇ ਨਸ਼ੇੜੀ ਪੁੱਤ ਦੀ ਚੰਦ ਵਰਗੀ ਵਹੁਟੀ ਦੇ ਇੰਡੀਆਂ ਤੋਂ ਆਉਣ ਬਾਰੇ ਸਹੇਲੀਆਂ ਨੂੰ ਹੁੱਬ ਕੇ ਦੱਸਿਆ ਸੀ। ਧੋਖਾ ਹੋਣ ਤੋਂ ਬਾਅਦ ਉਹ ਸੋਚਦੀ, 'ਹੁਣ ਗੁਰਦੁਆਰੇ ਉਹਨਾਂ ਸਾਮ੍ਹਣੇ ਕਿਹੜਾ ਮੂੰਹ ਲੈ ਕੇ ਜਾਵਾਂਗੀ?'

"ਮੇਰੀ ਅਕਲ 'ਤੇ ਪੜਦਾ ਪੈ ਗਿਆ ਸੀ। ਉਦੋਂ ਈ ਇਹ ਸ਼ਰਤ ਰੱਖਦੀ ਤਾਂ ਮੁੜ ਇਹ ਖੂਹ ਨਾ ਗੇੜਨਾ ਪਈਂਦਾ।" ਹਰਪਾਲ ਕੌਰ ਗੁੱਸੇ 'ਚ ਫੁੰਕਾਰੇ ਜਿਹਾ ਸਾਹ ਲਿਆ।

ਸਰਬੀ, ਮਲਕੜੇ ਜਿਹੇ ਹਰਪਾਲ ਕੌਰ ਵੱਲ ਪਲਕਾਂ ਚੁੱਕੀਆਂ।

"ਕਹਿੰਦੇ 'ਦੁੱਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰਦਾ।' ਤਾਂ ਹੀ ਸ਼ਰਤ ਰੱਖੀ ਆ...। ਯਾਦ ਐ ਸ਼ਰਤ...?"

"ਹਾਂ ਜੀ..., ਮੰਮੀ ਜੀ..., ਯਾਦ ਐ ।" ਸਰਬੀ ਰੁਕ-ਰੁਕ ਬੋਲੀ।

"ਜੇ ਪੂਰੀ ਨਾ ਹੋਈ ਤਾਂ ਪੇਕੀਂ ਬੈਠੀ ਭੱਠ ਝੋਕਦੀ ਰਹੀਂ...।" ਹਰਪਾਲ ਕੌਰ, ਸਰਬੀ ਨੂੰ ਕੰਡਿਆਂ ਤੋਂ ਧੂਹਿਆ।



ਸਰਬੀ 'ਚ ਫੱਕਾ ਨਾ ਰਿਹਾ।ਚੁੱਪ ਸੀ।ਅੰਦਰੋਂ-ਬਾਹਰੋਂ ਸਬੂਤੀ ਬੁਝ ਗਈ। ਕੰਬਦੇ ਹੱਥੀਂ ਚਾਹ ਦਾ ਭਰਿਆ ਕੱਪ ਚੁੱਕਣ ਲੱਗੀ।ਹੱਥ ਕੰਬਿਆ। ਚਾਹ ਦੇ ਕੱਪ ਨੂੰ ਛਲਕਾ ਵੱਜਿਆ।ਮੇਜ਼ 'ਤੇ ਡੁਲ ਗਈ

"ਮੈਂ ਬਗਿਆੜੀ ਤਾਂ ਨ੍ਹੀਂ ।ਤੈਨੂੰ ਮੂੰਹ 'ਚ ਤਾਂ ਨ੍ਹੀਂ ਪਾਉਣ ਲੱਗੀ।ਗੱਲ ਈ ਕਰਦੀ ਆਂ।ਕਾਂਬਾ ਕਿਉਂ ਛਿੜ ਗਿਆ ?" ਛਲਕੇ ਨਾਲ ਮੇਜ਼ 'ਤੇ ਡੁਲੀ ਚਾਹ ਵੱਲ ਘੂਰ ਕੇ ਦੇਖਦੀ ਹਰਪਾਲ ਕੌਰ, ਛੱਤਣੀ ਜਾ ਲੱਗੀ, ਸਰਬੀ ਦਾ ਕਾਂਬਾ ਹੋਰ ਵਧਿਆ।ਉਸ ਡੋਲਦੇ ਹੱਥੀਂ ਚਾਹ ਦਾ ਕੱਪ ਮੁੜ ਮੇਜ਼ 'ਤੇ ਰੱਖਿਆ।ਚੁੱਪ-ਚਾਪ ਉੱਠੀ। ਪੁਰਾਣਾ ਕਪੜਾ ਲੈ ਮੇਜ਼ ਸਾਫ਼ ਕਰਨ ਲਗੀ।ਹਰਪਾਲ ਕੌਰ ਮੱਥੇ ਵੱਟ ਪਾ ਉਸ ਨੂੰ ਘੂਰਦੀ ਰਹੀ।

ਮੇਜ਼ ਸਾਫ਼ ਕਰ, ਹੱਥ ਧੋਤੇ।ਮੁੜ ਸੋਫੇ 'ਤੇ ਸਹਿਜ ਨਾਲ ਬੈਠ ਗਈ।

"ਸਰਬਜੋਤ...।" ਹਰਪਾਲ ਕੌਰ, ਥਰ-ਥਰ ਕੰਬਦੀ ਸਰਬੀ ਵੱਲ ਦੇਖ ਮੁਸਕਰਾਈ, ਫਿਰ ਮੁਲੈਮ ਜਿਹਾ ਬੋਲੀ, "ਮੇਰੀ ਨੇਚਰ ਤਾਂ ਬਹੁਤ ਠੰਢੀ ਐ।ਪਰ ਜਦੋਂ ਮੇਰੇ ਨਾਲ ਕੋਈ ਚੀਟਿੰਗ ਕਰਦੈ ਤਾਂ ਮੈਥੋਂ ਟੌਲਰੇਟ ਨ੍ਹੀਂ ਹੁੰਦਾ...।ਭੱਖ ਉਠਦੀ ਆਂ।ਫੇਅ ਨ੍ਹੀਂ ਪਰਵਾਹ ਕਰਦੀ, ਭਾਂਵੇਂ ਘਿਓ ਦੇ ਘੜੇ ਰੁੜ੍ਹ ਜਾਣ...।"

ਸਰਬੀ ਸੁੰਨ-ਵੱਟਾ ਬਣੀ ਬੈਠੀ ਸੀ।ਜਿਵੇਂ ਸੱਪ ਸੁੰਘ ਗਿਆ ਹੋਏ।ਸਾਹਾਂ ਦੀ ਆਵਾਜ਼ ਨਾ-ਮਾਤਰ। ਲੰਮੀ ਚੁੱਪ।ਚੁਫੇਰੇ ਤਨਾਅ।

"ਗੂੰਗੀ ਐਂ...? ਹੁੰਗਾਰਾ ਨ੍ਹੀਂ ਦੇ ਸਕਦੀ...।ਮੈਂ ਕੁੱਤੀ ਆਂ, ਜਿਹੜੀ ਭੌਂਕੀ ਜਾਨੀ ਆਂ।"

"ਜੀ ਮੰਮੀ ਜੀ...।" ਸਰਬੀ ਤ੍ਰਬਕ ਕੇ ਪਲਕ ਹਰਪਾਲ ਕੌਰ ਵੱਲ ਚੁੱਕੀ। ਧੜਕਣ ਨੂੰ ਮੁੱਠੀ 'ਚ ਘੁੱਟਿਆ ।ਸੰਘ ਵਿਚੋਂ ਆਵਾਜ਼ ਮਸਾਂ ਨਿਕਲੀ।

"ਕੋਈ ਡਾਊਟ ਨ੍ਹੀਂ, ਸੈਂਡੀ ਮੇਰਾ ਸਿੱਧੜਾ ਆ।ਪਰ ਪੈਸੇ 'ਚ ਖੇਲਦਾ।ਬਹਿ ਕੇ ਖਾ ਸਕਦਾ...।ਥੁਆਡਾ ਘਰ-ਬਾਰ ਦੇਖ ਕੇ ਮੈਨੂੰ ਨੇਕੀ ਦਾ ਕੰਮ ਲੱਗਿਆ ਸੀ।'ਨਾਲ਼ੇ ਪੁੰਨ ਨਾਲ਼ੇ ਫ਼ਲੀਆਂ।' ਤਾਂਹੀ ਰਿਸ਼ਤਾ ਕੀਤਾ ਮੈਂ...।ਗੱਲ ਸੁਣ ਮੇਰੀ...।" ਹਰਪਾਲ ਕੌਰ ਟੱਣਕ ਕੇ ਕਿਹਾ ਤਾਂ ਸਰਬੀ ਧੜਕਣ ਰੋਕੀ।"ਸੈਂਡੀ ਦੇ ਜ਼ਰੀਹੇ, ਥੁਆਡੇ ਤਿੰਨ ਜੀਅ ਕਨੇਡਾ ਚਲੇ ਜਾਣੇ ਆਂ...।ਪਤਾ ਤੈਨੂੰ...? ਅਜੰਟ ਚਾਲੀ-ਚਾਲੀ ਲੱਖ ਲੈਂਦੇ ਆ ਇਕ ਬੰਦੇ ਦਾ...।ਕਰ ਲੈ ਕਾਊਂਟ...।"

ਸਰਬੀ ਹੁੰਗਾਰੇ ਵਜੋਂ ਸਿਰ ਹਿਲਾਇਆ।ਨੀਵੀਂ ਪਾਈ।ਪੈਰ ਨਾਲ ਧਰਤੀ ਖੁਰਚੀ।

ਵਿਆਹ ਤੋਂ ਤਿੰਨ ਮਹੀਨੇ ਬਾਅਦ ਵੀ ਉਹਦੀ ਕੁੱਖ ਸੁੰਨੀ ਸੀ।

"ਜਿੱਦਣ ਤੂੰ ਪ੍ਰੈਗਨੈਂਟ ਹੋਈ, ਓਦਣ ਤੂੰ ਮੇਰੀ ਨੂੰਹ ਕਹਾਏਂਗੀ।" ਹਰਪਾਲ ਕੌਰ ਗੁੱਸੇ 'ਚ ਖ਼ਾਲੀ ਕੱਪ ਮੇਜ਼ 'ਤੇ ਸੁੱਟਣ ਵਾਂਗ ਰੱਖਿਆ।

ਸਰਬੀ ਦਾ ਰੋਣ ਨਿਕਲਿਆ। ਨੀਵੀਂ ਚੁੱਕੀ। ਹਰਪਾਲ ਕੌਰ ਦੀਆਂ ਬਲਦੀਆਂ ਅੱਖਾਂ ਵਿਚ ਝਾਕ ਉਹ ਰਾਖ਼ ਹੋ ਗਈ।

ਹਰਪਾਲ ਕੌਰ, ਟਿਸ਼ੂ ਪੇਪਰ ਚੁੱਕਿਆ । ਬੁੱਲ੍ਹਾਂ 'ਤੇ ਫੇਰਿਆ।

"ਚਾਹ 'ਚ ਸ਼ੂਗਰ ਘੱਟ ਪਾਇਆ ਕਰ। ਕਾੜ੍ਹਾ ਬਣਾ ਲੈਂਨੀ ਐਂ। ਪਤਾ ਨ੍ਹੀਂ ਤੂੰ ਕੋਈ ਕੰਮ ਸਿੱਖਿਆ ਵੀ ਆ ਕਿ ਨਈਂ।"

ਹਰਪਾਲ ਕੌਰ ਦੀ ਝਿੜਕ ਨਾਲ ਸਰਬੀ ਹੋਰ ਵੀ ਮਿੱਟੀ ਹੋ ਗਈ।

ਉਸ, ਗੱਲ ਅੱਗੇ ਵਧਾਈ,

"ਸੈਂਡੀ ਦਾ ਡੈਡੀ, ਤੇਰੇ ਬਾਰੇ ਰੋਜ਼ ਪੁੱਛਦੈ। ਦੱਸ, ਕੀ ਦੱਸਾਂ ਮੈਂ ਉਹਨੂੰ...?" ਹਰਪਾਲ ਕੌਰ ਤਪਦੀ ਬੋਲੀ, "ਜਦੋਂ ਨਾਂਹ ਕਹਿੰਨੀ ਆਂ ਤਾਂ ਬੁਝ ਜਾਂਦਾ। ਖਿੱਝ ਕੇ ਸਭ ਕੁਸ਼ ਛੱਡ ਛਡਾਅ, ਛੇਤੀ ਕਨੇਡਾ ਔਣ ਲਈ ਕਹਿੰਦਾ। ਸਰਬਜੋਤ, ਉਹ ਸੱਚਾ ਅ... 'ਕੱਲਾ ਐ। ਆਪੇ ਹੱਥ ਲੂੰਹਦਾ। ਉਹਦੇ ਲਈ ਕਿਚਨ ਦਾ ਕੰਮ ਕਰਨਾ ਹਾਰਡ ਜਾਬ ਐ। ਮੈਂ ਤਾਂ ਸੋਚਿਆ ਸੀ, ਮਹੀਨੇ-ਸਵਾ ਮਹੀਨੇ ਚੇ ਈਂ ਖ਼ੁਸ਼ਖ਼ਬਰੀ ਹੋ ਜਊ। ਸੁਰਖ਼ਰੂ ਹੋ ਕਨੇਡਾ ਚਲੇ ਜਾਊਂਗੀ। ਤੇਰੇ ਵੱਲ ਦੇਖਦੀ ਦੀਆਂ, ਅੱਖਾਂ ਪੱਕ ਗਈਆਂ ਮੇਰੀਆਂ। ਮੇਰੀ ਤਾਂ ਘੜੀ ਨ੍ਹੀਂ ਨੰਘਦੀ...। ਇਕ-ਇਕ ਦਿਨ ਸਾਲਾਂ ਵਾਂਗ ਬੀਤਦਾ।" ਹਰਪਾਲ ਕੌਰ, ਰੋਣਹਾਕੀ ਹੋ ਮੱਥੇ ਵਲ਼ ਪਾਏ।

ਸਰਬੀ ਸਾਹ ਸੂਤੀ, ਪਲਕਾਂ ਝਪਕੀਆਂ । ਮੇਜ਼ 'ਤੇ ਪਏ ਖਾਲੀ ਬਰਤਨਾਂ ਵੱਲ ਦੇਖਿਆ। ਅੰਦਰੇ-ਅੰਦਰ ਰੋਣ ਨਿਕਲਿਆ।

"ਮੈਂ ਤਾਂ ਅੱਕੀ ਪਈ ਆਂ। ਦੱਸ, ਕਿੰਨਾ ਚਿਰ ਹੋਰ ਵੇਟ ਕਰਾਂ...? ਮੈਨੂੰ ਨਾ ਦਿਨੇ ਚੈਨ ਐਂ ਨਾ ਰਾਤ ਨੂੰ...। ਸੁਤੀ ਪਈ ਵੀ ਤ੍ਰਬਕ-ਤ੍ਰਬਕ ਉੱਠਦੀ ਆਂ। ਨਾ ਕਨੇਡਾ ਜਾਣ ਜੋਗੀ ਆਂ, ਨਾ ਇਥੇ ਰਹਿਣ ਜੋਗੀ ਆਂ...। ਵਿਚਾਲੇ ਲਟਕਦੀ ਪਈ ਆਂ।" ਹਰਪਾਲ ਕੌਰ ਰਿੱਝਣ ਲੱਗੀ, "ਬੈਠੀ ਮੈਂ ਏਥੇ ਆਂ, ਸੁਤਾ ਮੇਰੀ ਕਨੇਡਾ ਐ...।"

ਸਰਬੀ ਦਾ ਦਿਲ ਡੁੱਬਣ ਲੱਗਾ। ਹਰਪਾਲ ਕੌਰ ਦੇ ਮੂੰਹੋਂ ਬੋਲ ਨਹੀਂ ਅੰਗਿਆਰ ਡਿੱਗਦੇ ਲੱਗੇ। ਬੈਠਣਾ ਔਖਾ ਹੋਇਆ ਤਾਂ ਸਰਬੀ ਚੁੱਪ-ਚਾਪ ਉੱਠੀ। ਮੇਜ਼ ਤੋਂ ਚਾਹ ਵਾਲੇ ਖ਼ਾਲੀ ਬਰਤਨ ਚੁੱਕੇ । ਰਸੋਈ ਵਿਚ ਚਲੇ ਗਈ।

'ਗਰੀਬੀ ਬੰਦੇ ਨੂੰ ਕਿੰਨਾ ਲਾਚਾਰ ਬਣਾ ਦਿੰਦੀ ਐ...।' ਰਸੋਈ ਵਿਚ ਆ ਉਹ ਮਨ ਹੀ ਮਨ ਰੱਜ ਰੋਈ। ਹਉਕਾ ਖਿੱਚ ਕਿਤੇ ਡੂੰਘੇ ਜਾ ਉਤਰੀ, 'ਸੈਂਡੀ ਤਾਂ ਰੂਪ ਦੇ ਪੈਰ ਵਰਗਾ ਵਨੀਂ...। ਸੁਪਨਿਆਂ ਮੇਰੇ ਅੱਖੀਂ-ਘੱਟਾ ਪਾ ਦਿਤਾ। ਹੀਰੇ ਨੂੰ ਠੁਕਰਾਇਆ। ਅੱਕ ਚੱਬਿਆ। ਕੂੜੇ 'ਤੇ ਡਿੱਗੀ। ਹੁਣ ਪਤਾ ਨ੍ਹੀਂ ਕਨੇਡਾ ਜਾਊਂਗੀ ਵੀ ਕਿ ਇਥੇ ਭੱਠ ਝੋਕੂੰ...।' ਧੁਰ ਅੰਦਰ ਕਿਤੇ ਪੀੜ ਹੋਈ। ਉਹਨੂੰ ਲੱਗਾ ਉਹ ਕਿਤਨੀ ਇਕੱਲੀ ਅਤੇ ਬੇ-ਸਾਹਾਰਾ ਹੈ।

ਵਿਆਹ ਤੋਂ ਥੋੜ੍ਹੇ ਦਿਨ ਬਾਅਦ ਤੱਕ ਸੈਂਡੀ, ਸਰਬੀ ਤੋਂ ਲੁਕ-ਛਿਪ ਕੇ ਨਸ਼ੇ ਕਰਦਾ ਰਿਹਾ। ਛੇਤੀਂ ਨੰਗਾ ਹੋ ਗਿਆ। ਸਭ ਕੁਝ ਦੇਖ, ਸਰਬੀ ਰੜੇ ਪਈ ਮੱਛੀ ਵਾਂਗ ਤੜਫੀ। ਹਰਪਾਲ ਕੌਰ ਸ਼ਾਂਤ ਸੀ। ਸੈਂਡੀ ਬਾਰੇ ਸਭ ਕੁਝ ਜਾਣਦੀ ਸੀ।

'ਕੱਲੀ ਬੈਠੀ, ਸਰਬੀ ਦੀ ਉਦਾਸ ਸੁਤਾ ਬਹੁਤ ਪਿੱਛੇ ਚਲੇ ਜਾਂਦੀ। ਬਾਰ੍ਹਵੀਂ ਵਿਚ ਪੜ੍ਹਦਿਆਂ ਈਂ ਉਹ ਵਿਦੇਸ਼ ਜਾਣ ਦੇ ਸੁਪਨੇ ਲੈਣ ਲੱਗੀ। ਦਿਨ-ਰਾਤ ਸੁਪਨਿਆਂ ਵਿਚ ਅੰਬਰ ਛੂੰਹਣ ਲੱਗੀ । ਉਹਦੀ ਅੱਖ

ਕੈਨੇਡਾ ਨੂੰ ਜਾਂਦੇ ਜ਼ਹਾਜ ’ਤੇ ਟਿਕ ਗਈ। ਅੱਜ ਉਹ ਸੁਪਨੇ ਉਹਨੂੰ ਜੀਅ ਦਾ ਜੰਜਾਲ ਬਣ ਗਏ ਜਾਪਦੇ।

“ਮੰਮੀ, ਕੁਸ਼ ਵੀ ਹੋਵੇ, ਮੈਂ ਤਾਂ ਬਾਹਰ ਈ ਜਾਣਾ। ਪਲੀਜ਼, ਮੈਨੂੰ ਇਥੇ ਵਿਆਹ ਕਰਾਉਣ ਲਈ ਮਜਬੂਰ ਨਾ ਕਰਿਓ।” ਉਠਦਿਆਂ ਬਹਿੰਦਿਆਂ ਉਹ ਜਗੀਰੋ ਨੂੰ ਆਖਦੀ।

ਬਾਰ੍ਹਵੀਂ ਦੇ ਇਮਤਿਹਾਨ ਹੋਏ । ਪਾਸ ਹੋਈ। ਨਤੀਜੇ ਦੀ ਮਾਰਕ-ਸ਼ੀਟ ਲੈਣ ਉਹ ਸਕੂਲ ਗਈ । ਨੂਰਪੁਰ ਦੇ ਰੱਜੇ-ਪੁੱਜੇ ਘਰ ਦੇ ਖ਼ੂਬਸੂਰਤ ਤੇ ਹੁੰਦੜਹੇਲ ਸਹਿਪਾਠੀ, ਇਕਰੂਪ ਨਾਲ ਸਾਹਮਣਾ ਹੋਇਆ। ਰੂਪ ਨੇ ਇਕਾਂਤ ਵਿਚ ਹੋ, ਸਰਬੀ ਦਾ ਹੱਥ ਮੰਗਿਆ। ਸਰਬੀ, ਨਾਂਹ ਕਰਦਿਆਂ, ਛਾਲ਼ ਮਾਰ, ਰੂਪ ਤੋਂ ਦੋ ਕਦਮ ਪਰ੍ਹਾਂ ਜਾ ਖਲੋਤੀ ।

ਰੂਪ, ਕਲਾਸ ਵਿਚ ਵੀ ਉਸ ਦੇ ਆਲ਼ੇ-ਦੁਆਲ਼ੇ ਮੰਡਰਾਉਂਦਾ ਰਹਿੰਦਾ ਸੀ, ਪਰ ਸਰਬੀ ਹਾਮੀ ਨਾ ਭਰੀ। ਫਿਰ ਵੀ ਰੂਪ ਉਸ ਦਾ ਪਿੱਛਾ ਕਰਦਾ ਰਿਹਾ।

“ਸੌਰੀ ਰੂਪ, ਮੈਂ ਤਾਂ ਬਾਹਰ ਜਾਣਾ । ਬਾਹਰਲੇ ਮੁੰਡੇ ਨਾਲ ਈ ਵਿਆਹ ਕਰੌਣਾ।”

“ਸਰਬੀ, ਪਤਾ ਤੈਨੂੰ, ਬਾਹਰ ਦੀ ਲਾਈਫ਼ ਬਹੁਤ ਹਾਰਡ ਐਂ। ਮਸ਼ੀਨ ਬਣ ਕੇ ਕੰਮ ਕਰਨਾ ਪੈਂਦਾ। ਸੁਣਿਆ, ਉਥੇ ਸੋਹਣੀਆਂ-ਸੋਹਣੀਆਂ ਕੁੜੀਆਂ ਵੀ ਰੁਲ਼ਦੀਆਂ ਫਿਰਦੀਆਂ…।”

“ਕੁਸ਼ ਵੀ ਆ, ਮੈਂ ਤਾਂ ਹਰ ਹੀਲੇ ਬਾਹਰ ਜਾਣਾ। ਭਾਵੇਂ ਮੈਨੂੰ ਕੁਸ਼ ਵੀ ਕਰਨਾ ਪਵੇ। ਮੈਂ ਫੈਸਲਾ ਕਰ ਲਿਆ ਤਾਂ ਬਸ ਕਰ ਲਿਆ । ਬਦਲ ਨ੍ਹੀਂ ਸਕਦੀ।”

“ਪਛਤਾਏਂਗ…। ਛੱਡ ਬਾਹਰ ਦਾ ਖ਼ਿਆਲ…। ਵਿਆਹ ਲਈ ਹਾਂ ਕਰ। ਰਾਣੀ ਬਣਾ ਕੇ ਰੱਖੂੰ। ਰਾਜ ਕਰਾਊਂ। ਅੱਗੇ-ਪਿੱਛੇ ਨੌਕਰ-ਚਾਕਰ ਹੋਣਗੇ। ਡੱਕਾ ਭੰਨ ਕੇ ਦੋਹਰਾ ਨ੍ਹੀਂ ਕਰਨਾ ਪਊ।” ਰੂਪ ਛਾਤੀ ’ਤੇ ਹੱਥ ਰੱਖ ਚੌੜਾ ਹੋਇਆ। ਸਰਬੀ ਦੀ ਮੁਹੱਬਤ ਵਿਚ ਉਹ ਨੱਕੋ-ਨੱਕ ਡੁੱਬਿਆ ਪਿਆ ਸੀ।

“ਰੂਪ, ਸੱਚੀ ਗੱਲ ਦੱਸਾਂ…।” ਸਰਬੀ ਗਹਿਰਾ ਹਉਕਾ ਖਿੱਚਿਆ, “ਸਾਡੇ ਘਰ ਗੁਰਬਤ ਦੀ ਗੋਡੇ-ਗੋਡੇ ਗਾਰ ਚੜੀ ਹੋਈ ਐ। ਮੈਂ ਸੋਚ ਰੱਖਿਆ, ਮੈਰਿਜ਼ ਬੇਸ ’ਤੇ ਕਨੇਡਾ ਜਾ ਕੇ ਟੱਬਰ ਨੂੰ ਗਾਰ ’ਚੋਂ ਕੱਢਣਾ ਐਂ। ਰੂਪ, ਤੇਰਾ ਹੱਥ ਫੜ ਕੇ ਮੇਰੀ ਲਾਈਫ਼ ਤਾਂ ਬਣ ਜੂ ਪਰ ਮੰਮੀ-ਡੈਡੀ ਦਾ ਕੀ ਬਣੂੰ…? ਭਰਾ ਕਿੱਦਾਂ ਸੈਟ ਹਊ ?”

ਰੂਪ, ਦਰਸ਼ਨੀ ਗਭਰੂ ਸੀ। ਹੁੰਦੜਹੇਲ। ਗੋਰਾ ਨਿਸ਼ੋਹ। ਟੂਣੇਹਾਰੀ ਦਿੱਖ। ਇਮਾਨਦਾਰ। ਸੱਚਾ-ਸੁੱਚਾ। ਮਿੱਠ ਬੋਲੜਾ। ਕਦਰਾਂ-ਕੀਮਤਾਂ ਦਾ ਮੁਦਈ। ਗੁੰਦੀ ਹੋਈ ਦੇਹ। ਪਰ, ਸਰਬੀ ਲਈ ਵਿਦੇਸ਼ ਜਾਣ ਦੀ ਆਪਣੀ ਇੱਛਾ ਅੱਗੇ ਇਹ ਸਭ ਤੁੱਛ ਸੀ।

ਕਈ ਵਾਰੀ ਰੂਪ ਨੂੰ ਵੇਖ ਸੁਭਾਵਿਕ ਹੀ ਸਰਬੀ ਦੇ ਅੰਦਰ ਤਰਬਾਂ ਛਿੜਦੀਆਂ। ਸੁਪਨਿਆਂ ਵਿਚ ਚੰਨ-ਚਾਨਣੀ ਰਾਤ ਉਤਰਦੀ। ਤਾਰੇ ਸੈਨਤਾਂ ਕਰਦੇ ਜਾਪਦੇ। ਪਰ ਘਰ ਦੀ ਗੁਰਬਤ। ਮਾਪਿਆਂ ਦਾ ਮਰ-ਮਰ ਹੁੰਦਾ ਗੁਜ਼ਾਰਾ। ਭਰਾ ਦਾ ਭਵਿੱਖ ਤੇ ਆਪਣੇ ਅੰਬਰੀਂ ਉੱਡਣ ਦੇ ਸੁਪਨੇ। ਇੰਡੀਆ ਹੌਲੀ ਡੇ ਕਰਨ ਆਈਆਂ ਕਨੇਡਣਾਂ ਦੀ ਚਮਕ-ਦਮਕ ਵਾਲੀ ਦਿੱਖ ਦੇਖ, ਉਹਦੀ ਬਾਹਰ ਜਾਣ ਦੀ ਇੱਛਾ ਹੋਰ ਚਮਕ ਉੱਠਦੀ।

“ਜੇ ਬਾਹਰ ਈ ਜਾਣਾ, ਫੇਅ ਆਈਲੈਟ ਕਰ ਲੈ. . .। ਦੋਵੇਂ ਕਨੇਡਾ ਚਲਾਂਗੇ।” ਰੂਪ, ਸਰਬੀ ਘੇਰੀ,

“ਘਰ ’ਚ ਤਾਂ ਗਰੀਬੀ ਆ। ਆਈਲਟ ਦੀਆਂ ਫੀਸਾਂ ਤੇ ਬਾਹਰ ਦੇ ਖਰਚੇ ਲਈ ਲੱਖਾਂ ਰੁਪਈਏ…?”

“ਤੂੰ ਆਈਲੈਟ ਕਰ, ਏ ਟੂ ਜ਼ੈਡ ਖਰਚਾ ਮੇਰਾ ਰਿਹਾ…।” ਰੂਪ ਉਹਦੀ ਗੱਲ ਕੱਟ, ਛਾਤੀ ਠਕੋਰੀ ।

“ਸੱਚ…?”

“ਹਾਂ ਸਰਬੀ…।” ਉਹ, ਸਰਬੀ ਦੇ ਹੋਰ ਨੇੜੇ ਆਇਆ। ਹੌਲ਼ੀ ਜਿਹੀ ਬੋਲਿਆ, “ਸੌਂਹ ਲੱਗੇ, ਮੈਂ ਤੈਨੂੰ ਆਪਣੀ ਬਣਾਉਣੀ ਚੌਹਨਾ। ਹਰ ਹੀਲੇ…। ਹਮੇਸ਼ਾ ਲਈ…।” ਰੂਪ ਆਪਣੀ ਘੰਡੀ ਨੂੰ ਹੱਥ ਲਾ, ਸਰਬੀ ਦੇ

ਪੈਰੀਂ ਵਿਛਣ ਤੱਕ ਗਿਆ।

ਸਰਬੀ ਦੀ ਦਿੱਖ ਸਧਾਰਨ ਨਹੀਂ ਸੀ।ਸਰੂ ਵਰਗਾ ਕੱਦ।ਟੂੰਬਵੇਂ ਨੈਣ-ਨਕਸ਼, ਭਰਿਆ ਜੁਸਾ ਤੇ ਡੀਲ ਡੌਲ ਹਰ ਗਭਰੂ ਨੂੰ ਕੀਲ ਲੈਂਦੀ ਸੀ।ਨੈਣ-ਨਕਸ਼ ਜਿਵੇਂ ਕਿਸੇ ਨੇ ਰੀਝ ਨਾਲ ਘੜੇ ਹੋਣ।ਬੁਲ੍ਹ ਸੰਤਰੇ ਦੀਆਂ ਫਾੜੀਆਂ ਵਰਗੇ।ਮੋਰਨੀ ਵਰਗੀ ਧੌਣ ਤੇ ਹਿਰਨੀ ਵਰਗੀ ਤੋਰ।ਰੂਪ, ਸਰਬੀ ਨੂੰ ਦੇਖ ਮਸਤ ਹੋਇਆ, ਡੀਕ ਲਾ ਪੀ ਜਾਣ ਨੂੰ ਤਰਸਦਾ।

ਸਰਬੀ ਆਈਲੈਟ ਕਰਨ ਲੱਗੀ।ਆਈਲੈਟ 'ਚੋਂ ਆਏ ਪੰਜ ਬੈਂਡਾਂ ਨੇ ਰੂਪ ਦੀਆਂ ਆਸਾਂ 'ਤੇ ਪੋਚਾ ਫੇਰ ਦਿਤਾ।ਉਹ ਮਾਯੂਸ ਹੋ ਗਿਆ।

"ਤੂੰ ਦਿਲ ਲਾ ਕੇ ਆਈਲੈਟ ਦੀ ਤਿਆਰੀ ਨ੍ਹੀਂ ਕੀਤੀ।" ਰੂਪ ਖਿੱਝ ਕੇ ਰੋਸਾ ਕੀਤਾ।

"ਇੰਗਲਿਸ਼ ਮੇਰੇ ਵੱਸ ਦਾ ਕੰਮ ਨ੍ਹੀਂ।" ਸਰਬੀ ਰੁੱਖਾ ਜਿਹਾ ਆਖ ਗੱਲ ਮੁਕਾਈ।

ਰੂਪ ਦੇ ਸੁਪਨੇ ਰਾਖ ਬਣ ਗਏ।ਉਹ ਅੰਤਾਂ ਦੀ ਹੱਦ ਤੱਕ ਮਾਯੂਸ ਹੋਇਆ।

ਸਰਬੀ ਕੁੜੀਆਂ ਦੇ ਕਾਲਜ ਵਿਚ ਅਗਲੇਰੀ ਪੜ੍ਹਾਈ ਲਈ ਦਾਖ਼ਲ ਹੋ ਗਈ।ਉਹਦਾ ਵਿਚਾਰ ਸੀ, ਬਾਹਰਲਾ ਰਿਸ਼ਤਾ ਹੋਣ ਤੱਕ ਪੜ੍ਹਾਈ ਜਾਰੀ ਰੱਖਣੀ ਜ਼ਰੂਰੀ ਹੈ।

ਜਦੋਂ ਪਿੰਡ ਦੀ ਕਿਸੇ ਕੁੜੀ ਦੇ ਵਿਦੇਸ਼ ਵਿਚ ਰਿਸ਼ਤਾ ਹੋਣ ਦੀ ਭਿਣਕ ਸਰਬੀ ਤੇ ਜਗੀਰੋ ਦੇ ਕੰਨੀਂ ਪੈਂਦੀ ਤਾਂ ਦੋਹਾਂ ਦੀ ਦੇਹ 'ਚ ਆਰੀਆਂ ਲੰਘ ਜਾਂਦੀਆਂ।ਪੈਰਾਂ ਹੇਠ ਅੰਗਿਆਰ ਮੱਚ ਜਾਂਦੇ।ਦੋਵੇਂ ਹਉਕੇ ਭਰਦੀਆਂ।ਕੰਡਿਆਂ 'ਤੇ ਲਿਟਦੀਆਂ।

"ਜੌਹਲਾਂ ਦੀ ਨਿੰਦੀ। ਬਰਾੜਾਂ ਦੀ ਚੰਨੀ। ਸੰਧੂਆਂ ਦੀ ਰਾਣੀ। ਘੁੱਗੇ ਦੀ ਤਾਰੋ। ਸਭ ਬਾਹਰ ਚਲੇ ਗਈਆਂ।ਮਾਂ ਮੇਰੀਏ, ਮੇਰਾ ਕੀ ਬਣੂੰ...?" ਸਰਬੀ ਰੌਣਹਾਕੀ ਹੋ ਜਾਂਦੀ।

"ਅਸੀਂ ਖਰਿਆ ਕੀ ਰੱਬ ਦੇ ਮਾਂਹ ਮਾਰੇ ਆ।ਜੈ ਵੱਢੇ ਦਾ, ਬੌਹੜਦਾ ਦਾ ਈ ਨ੍ਹੀਂ।ਤੇਰੇ ਸੰਯੋਗ ਪਤਾ ਨ੍ਹੀਂ ਕਿਥੇ ਅੜੇ ਹੋਏ ਆ?" ਜਗੀਰੋ ਮੱਚਦੀ।

ਸਰਬੀ, ਬੀ. ਏ. ਦੇ ਦੂਜੇ ਸਾਲ ਵਿਚ ਸੀ ਜਦੋਂ ਇੰਦਰ ਸਿੰਘ ਦੇ ਮਹਿੰਦੀਪੁਰ ਵਾਲੇ ਦੋਸਤ ਸੁਖਚੈਨ ਸਿੰਘ ਨੇ ਸਰਬੀ ਲਈ ਕਨੇਡਾ ਤੋਂ ਆਏ ਮੁੰਡੇ ਦੀ ਦਸ ਪਾਈ ।ਮੁੰਡਾ ਥੋੜ੍ਹਾ ਸਿੱਧਾ ਸੀ।ਤਲਾਕ-ਸ਼ੁਦਾ।ਪਰ ਰੱਜੇ ਘਰੋਂ ਸਰਫੇ ਦਾ ਪੁੱਤ।ਪੇਟ ਘਰੋੜੀ ਦਾ, ਦੋ ਭੈਣਾਂ ਦਾ ਇਕਲੌਤਾ ਭਰਾ।

"ਬਾਹਰਲੇ ਜੰਪ-ਪਲ ਮੁੰਡੇ ਤਾਂ ਲੋਲੇ ਜਿਹੇ ਈ ਹੁੰਦੇ ਆ ਸੁਖਚੈਨ ਸਿੰਹਾਂ. . .।ਜੇ ਮੁੰਡਾ ਮੂੰਹ-ਮੱਥੇ ਲਗਦਾ ਹੋਇਆ ਤਾਂ ਦੁਹਾਜੂ ਹੋਣ ਦਾ ਵੀ ਕੋਈ 'ਤਰਾਜ਼ ਨ੍ਹੀਂ। ਰਿਸ਼ਤਾ ਕਰ ਦਿਆਂਗੇ।" ਇੰਦਰ ਸਿੰਘ ਨੇ ਘਰ ਸਲਾਹ ਕਰਕੇ ਸੁਖਚੈਨ ਨੂੰ ਹਾਮੀ ਭਰੀ ।

ਦੇਖ-ਦਿਖਾਲ਼ਾ ਹੋਇਆ।ਦੇਖਣ ਨੂੰ ਮੁੰਡਾ ਸਿੱਧਾ ਲਗਦਾ ਈ ਨਹੀਂ ਸੀ।ਪਹਿਲੀ ਨਜ਼ਰੇ ਜਗੀਰੋ ਤੇ ਇੰਦਰ ਦੇ ਦਿਲ 'ਚ ਉਤਰ ਗਿਆ।ਉਹਨਾਂ ਨੂੰ ਚਾਅ ਚੜ੍ਹ ਗਿਆ।ਕੋਲ਼ ਬੈਠੀ ਸਰਬੀ ਨੂੰ ਪੁੱਛਿਆ।ਉਹਨੇ ਵੀ ਹਾਂ ਕੀਤੀ।ਟੱਬਰ ਸੁਖਾਵਾਂ ਸਾਹ ਲਿਆ।

ਪ੍ਰੌਣਿਆਂ ਦੇ ਬੈਠਿਆਂ ਇੰਦਰ ਸਿੰਘ ਤੇ ਜਗੀਰੋ ਸਰਫ਼ੇ ਦੇ ਸਾਹ ਭਰਨ ਲੱਗੇ।ਨਾਪ-ਤੋਲ ਕੇ ਬੋਲਣ ਲੱਗੇ।ਸਾਰਾ ਟੱਬਰ ਸਾਹ ਰੋਕ ਹਰਪਾਲ ਕੌਰ ਵੱਲ ਦੇਖ ਰਿਹਾ ਸੀ।

"ਮੈਨੂੰ ਲੜਕੀ ਪਸੰਦ ਐ।" ਹਰਪਾਲ ਕੌਰ ਕਿਹਾ ਤਾਂ ਟੱਬਰ, ਰੋਕੇ ਸਾਹ ਛੱਡੇ। "ਭੈਣ ਜੀ. . .।" ਜਗੀਰੋ ਵੱਲ ਦੇਖ ਉਹ ਕੜਕ ਕੇ ਬੋਲੀ, "ਸ਼ਗਨ ਕਰਨ ਤੋਂ ਪਹਿਲਾਂ ਮੈਂ ਆਪਣੀ ਸ਼ਰਤ ਦੱਸਣਾ ਚਾਹੁੰਦੀ ਆਂ।"

ਜਗੀਰੋ ਦੇ ਹੌਲ ਪਿਆ।ਬੁਲ੍ਹ ਜੁੜੇ।ਅੰਦਰੋਂ ਬੁਝ ਗਈ।ਹਰਪਾਲ ਕੌਰ ਦੇ ਬੋਲਾਂ ਉਹਦੇ ਸਾਹ ਸੂਤ ਲਏ।

ਉਸ ਹੱਥ ਜੋੜੇ। ਚੁੱਪ ਵਰਤ ਗਈ ਸੀ। ਘਰ ਦੀ ਗਰੀਬੀ ਧੂੰਆਂ ਬਣ ਜਗੀਰੋ ਦੇ ਜ਼ਿਹਨ ਵਿਚ ਫੈਲ ਗਈ।

ਹਰਪਾਲ ਕੌਰ ਆਲ਼ਾ-ਦੁਆਲ਼ਾ ਦੇਖ ਫਿਰ ਬੋਲੀ,

"ਵਿਆਹ ਕਰੂੰਗੀ ਸਾਦਾ, ਬਿਨਾਂ ਉਚੇਚ ।ਕੁੜੀ ਤਿੰਨੀਂ ਕਪੜੀਂ ਲੈ ਜੂੰ।" ਹਰਪਾਲ ਕੌਰ ਅਹਿਸਾਨ ਕਰਨ ਵਾਂਗ ਕਿਹਾ, "ਕੁੜੀ ਨੂੰ ਕਨੇਡਾ ਉਦੋਂ ਈ ਸੱਦੂੰ, ਜਦੋਂ ਇਥੇ ਏਹਦੇ ਬੇਬੀ ਹੋ ਗਿਆ।"

ਜਗੀਰੋ ਤ੍ਰਬਕੀ। ਠੰਡਾ ਹਉਕਾ ਨਿਕਲਿਆ। ਫਰਜ਼ੀ ਜਿਹਾ ਮੁਸਕਰਾਈ। ਚੁੱਪ ਤੋੜੀ। ਹੰਮੇ ਨਾਲ ਬੋਲੀ,

"ਭੈਣ ਜੀ, ਸਾਨੂੰ ਮਨਜ਼ੂਰ ਐ. . .।ਉਪਰ ਵਾਲਾ ਕਰੂ ਕਿਰਪਾ ।" ਜਗੀਰੋ ਜੁੜੇ ਹੱਥ ਸਿਰ ਤੋਂ ਉਪਰ ਚੁੱਕੇ। ਫਿਰ ਮੱਥੇ ਨੂੰ ਲਾਏ। ਹਰਪਾਲ ਕੌਰ ਵੱਲ ਦੇਖਿਆ। ਹੁੱਬ ਕੇ ਬੇਪਰਵਾਹ ਜਿਹਾ ਬੋਲੀ, "ਚਿੰਤਾ ਨਾ ਕਰੋ ਭੈਣ ਜੀ। ਬੇਫਿਕਰ ਹੋ ਕੇ ਔਂਦੇ ਵਰ੍ਹੇ ਲ੍ਹੋੜੀ ਪੌਣ ਦੀ ਤਿਆਰੀ ਕਰੋ ।"

ਹਾਸੇ ਖਿੱਲਰੇ। ਖਿਲ਼ਾਅ ਵਿਚ ਮਹਿਕ ਘੁੱਲ਼ੀ। ਮਾਹੌਲ ਸਾਵਾਂ ਹੋਇਆ।

ਸ਼ਗਨ ਹੋਇਆ ਤਾਂ ਸਾਰਾ ਟੱਬਰ ਧਰਤੀ ਉਤੇ ਤੁਰ ਨਹੀਂ, ਉੱਡ ਰਿਹਾ ਸੀ। ਸਰਬੀ ਜਿਵੇਂ ਕਿਲ੍ਹਾ ਜਿੱਤ ਲਿਆ ਹੋਵੇ। ਤੋਰ ਵਿਚ ਮੜ੍ਹਕ ਆ ਗਈ। ਰੋਜ਼ ਕਨੇਡਾ ਦੇ ਸੁਪਨੇ ਸਜਾਉਂਦੀ। ਅੰਦਰੋਂ ਬਾਹਰੋਂ ਚਾਅ ਨਾਲ ਭਰੀ ਰਹਿੰਦੀ।

ਹਰਪਾਲ ਕੌਰ ਦੇ ਵਾਪਸ ਜਾਣ ਦੀ ਤਰੀਕ ਛਾਲਾਂ ਮਾਰ ਨੇੜੇ ਆ ਰਹੀ ਸੀ।

ਸਰਬੀ, ਅੰਦਰੋ-ਅੰਦਰੀ ਬੇਚੈਨੀ ਵਿਚ ਘੁਲ਼ ਰਹੀ ਸੀ। ਹਰਪਾਲ ਕੌਰ ਦੀ ਤਿੱਖੀ ਨਜ਼ਰ ਰੋਜ਼ ਸਰਬੀ ਦੀ ਦੇਹ ਦਾ ਮੁਆਇਨਾ ਕਰਦੀ। ਵਿਆਕੁਲ ਹੋਈ ਅੱਕੀ ਤੇ ਖਿੱਝੀ ਰਹਿੰਦੀ। ਰੋਜ਼ ਪੁੱਛਦੀ। ਸਰਬੀ ਮਲ਼ਵੀਂ ਜੀਭੇ ਨਾਂਹ ਕਹਿੰਦੀ ਤਾਂ ਹਰਪਾਲ ਕੌਰ ਪੈਰੋਂ ਹੀ ਮੱਚ ਉਠਦੀ।

"ਦੇਖ ਵਹੁਟੀਏ, ਸਾਡੀਆਂ ਟਿਕਟ ਕਨਫਰਮ ਐ। ਓਸੇ ਡੇਟ 'ਤੇ ਕੈਨੇਡਾ ਮੁੜਨਾ ਪੈਣਾ। ਤਰੀਕ ਅੱਗੇ ਵਧਾਉਂਗੀ ਤਾਂ ਖਰਚ ਹੋਏਗਾ। ਉਹ ਮੈਂ ਨ੍ਹੀਂ ਕਰਨਾ।" ਹਰਪਾਲ ਕੌਰ ਨਫ਼ਰਤ ਨਾਲ ਮੱਥੇ ਵੱਟ ਪਾ ਅਵੈੜਾ ਬੋਲੀ, "ਤੂੰ ਪ੍ਰੈਗਨੈਂਟ ਨਾ ਹੋਈ, ਅਸੀਂ ਕਨੇਡਾ ਚਲੇ ਜਾਣਾ। ਦੇਖਾਂਗੇ, ਜੇ ਦੋ ਸਾਲ ਬਾਅਦ ਆ ਹੋਇਆ ਤਾਂ...। ਪਰ, ਮੇਰੀ ਪੱਥਰ 'ਤੇ ਲੀਕ ਐ। ਤੈਨੂੰ ਕਨੇਡਾ ਤਾਂਹੀਂ ਸੱਦੂੰ, ਜੇ ਸ਼ਰਤ ਪੂਰੀ ਹੋਈ। ਨਹੀਂ ਤਾਂ ਨਹੀਂ...।"

ਸਰਬੀ ਨੂੰ ਲੱਗਿਆ, ਉਹ ਜਿਥੋਂ ਤੁਰੀ ਸੀ, ਓਦੂੰ ਵੀ ਪਿੱਛੇ ਜਾ ਪਈ ਐ।

ਕੰਮ ਮੁਕਾਅ ਸਰਬੀ, ਹਰਪਾਲ ਕੌਰ ਕੋਲ਼ ਬੈਠਦੀ ਤਾਂ ਉਹ ਕੈਨੇਡਾ ਵਾਲੇ ਘਰ ਦੀਆਂ ਗੱਲਾਂ ਕਰਦੀ। ਅਮੀਰੀ ਦੀ ਧੌਂਸ ਦਿੰਦੀ। ਸਟੇਟਸ ਦੀ ਗੱਲ ਕਰਦੀ। ਘੁਮੰਡ ਵਿਚ ਬੋਲਦੀ,

"ਜਦੋਂ ਮੇਰਾ ਪੋਤਾ ਲੈ ਕਨੇਡਾ ਪਹੁੰਚੀ, ਸੋਨੇ ਨਾਲ ਪੀਲ਼ੀ ਕਰ ਦਊਂ।" ਹਰਪਾਲ ਕੌਰ ਮਗਰੂਰੀ ਵਿਚ ਬੋਲੀ, "ਰਾਣੀ ਬਣਾ ਕੇ ਰੱਖੂੰ। ਰਾਜ ਕਰੇਂਗੀ। ਜੋ ਵੀ ਐ, ਸਭ ਸੈਂਡੀ ਦਾ ਈ ਐ। ਮੁੱਕਣਾ ਨ੍ਹੀਂ, ਭਾਵੇਂ ਬਹਿ ਕੇ ਖਾਈਂ।" ਉਹ ਪਲ ਕੁ ਅੱਟਕੀ। ਭਰਵੱਟੇ ਫਰਕੇ। ਬੁੱਲ੍ਹ ਕੰਬੇ। ਧੌਣ ਅਕੜਾਈ। ਕੜਕ ਕੇ ਬੋਲੀ, "ਜੇ ਕਨੇਡਾ ਆ ਕੇ ਚੂੰ-ਚਾਂ ਕੀਤੀ। ਬਰੰਗ ਮੋੜੂੰ। ਹਰਪਾਲ ਕੌਰ ਆਂ ਮੈਂ...। ਮੇਰੇ ਹੁਕਮ ਬਿਨਾਂ ਘਰ 'ਚ ਪੱਤਾ ਨ੍ਹੀਂ ਹਿੱਲਦਾ।"

ਹਰਪਾਲ ਕੌਰ ਦਿਨ ਗਿਣਦੀ ਰਹਿੰਦੀ। ਹਰ ਚੜ੍ਹਦੀ ਸਵੇਰ ਉਹਨੂੰ ਖੁਸ਼ੀ ਵਾਲਾ ਦਿਨ ਚੜ੍ਹਨ ਦੀ ਉਮੀਦ ਜਾਗਦੀ। ਉਹ ਬਿਸਤਰੇ ਵਿਚੋਂ ਉਤਸੁਕ ਹੋਈ ਉੱਠਦੀ। ਚਾਅ ਠਾਠਾਂ ਮਾਰਨ ਲੱਗਦੇ।

ਸਰਬੀ ਚਾਹ ਬਣਾਈ। ਹਰਪਾਲ ਕੌਰ ਦੇ ਕਮਰੇ ਦੀਆਂ ਬਰੂਹਾਂ 'ਚ ਖੜ੍ਹ, ਉਹਨੂੰ ਡਰਾਇੰਗ ਰੂਮ ਵਿਚ ਆਉਣ ਲਈ ਕਿਹਾ ।ਅੱਜ ਹਰਪਾਲ ਕੌਰ ਨੂੰ ਸਰਬੀ ਦੇ ਚਿਹਰੇ 'ਤੇ ਪਹਿਲਾਂ ਨਾਲੋਂ ਵੱਧ ਰੌਣਕ ਪਸਰੀ ਲੱਗੀ। ਸਰਬੀ ਪਿੱਛਾਂਅ ਮੁੜ, ਉੱਡਦੇ ਜਿਹੇ ਪੈਰੀਂ ਰਸੋਈ ਵੱਲ ਗਈ । ਹਰਪਾਲ ਕੌਰ ਉਹਦੇ ਉੱਡਦੇ ਪੈਰਾਂ

ਵੱਲ ਵੇਖ ਮਨੋਂ ਚਾਅ ਨਾਲ ਭਰ ਗਈ।

'ਸੱਚਿਆ ਪਾ'ਸ਼ਾਹ . . .ਅੱਜ ਭਾਗਾਂ ਵਾਲਾ ਦਿਨ ਈ ਚੜ੍ਹੇ। ਮਿਹਰ ਕਰੀਂ। ਨੂੰਹ ਵੱਲੋਂ ਚੰਗੀ ਖ਼ਬਰ ਸੁਣਾਈਂ। ਮੈਂ ਵੀ ਕਿਸੇ ਬੰਨ੍ਹੇ-ਕੰਢੇ ਲੱਗਾ।"

ਜਦੋਂ ਸਰਬੀ, ਰਸੋਈ ਵਿਚੋਂ ਚਾਹ ਵਾਲਾ ਟ੍ਰੇਅ ਲੈ ਡਰਾਇੰਗ ਰੂਮ ਵਿਚ ਆਈ ਤਾਂ ਹਰਪਾਲ ਕੌਰ ਕੱਛਾਂ 'ਚ ਹੱਥ ਦੇਈ, ਸੋਫ਼ੇ ਦੇ ਕੋਲ ਖੜ੍ਹੀ ਉਹਦੇ ਵੱਲ ਹਸਰਤ ਨਾਲ ਤੱਕ ਰਹੀ ਸੀ। ਵਿਆਕੁਲ ਜਿਹੀ। ਹੋਰੂੰ-ਹੋਰੂੰ ਝਾਕਦੀ। ਉਹਦੇ ਜ਼ਿਹਨ ਵਿਚ ਚਾਅ ਦੇ ਵਰੋਲ਼ੇ ਉੱਡ ਰਹੇ ਸਨ। ਸਰਬੀ ਟ੍ਰੇਅ ਮੇਜ਼ 'ਤੇ ਰੱਖਿਆ। ਆਦਰ ਵਜੋਂ ਕੋਲ ਖੜ੍ਹੀ, ਹਰਪਾਲ ਕੌਰ ਦੇ ਬੈਠਣ ਦੀ ਉਡੀਕ ਕਰਨ ਲੱਗੀ।

ਖੜ੍ਹੀ ਖੜ੍ਹੀ ਹਰਪਾਲ ਕੌਰ ਨੇ ਸਰਬੀ ਦੇ ਢਿੱਡ 'ਤੇ ਨਜ਼ਰ ਟਿਕਾਈ, ਉਮਾਹ ਨਾਲ ਹੌਲੀ ਜਿਹੀ ਪੁੱਛਿਆ,

"ਕਿੱਦਾਂ...? ਕੁਸ਼ ਹੈ...?"

ਸਰਬੀ ਦਾ ਚਿਹਰਾ ਲਟਕ ਗਿਆ। ਬੁਲ੍ਹ ਸੀਂਤੇ ਗਏ। ਉਦਾਸ ਹੋ ਨਾਂਹ ਵਿਚ ਸਿਰ ਹਿਲਾਇਆ ਤੇ ਨੀਵੀਂ ਪਾ ਲਈ।

ਹਰਪਾਲ ਕੌਰ ਦੇ ਅੰਦਰ ਭਾਂਬੜ ਮੱਚੇ। ਜੀਅ ਕੱਚਾ ਜਿਹਾ ਹੋਇਆ। ਜ਼ਿਹਨ 'ਚ ਉੱਡਦੇ ਵਰੋਲੇ ਗੁੱਸੇ ਦਾ ਤੂਫ਼ਾਨ ਬਣ ਉਹਦੇ ਮੱਥੇ ਮੱਚਣ ਲੱਗੇ। ਡੂੰਘੀਆਂ ਤਿਊੜੀਆਂ ਸਿਆੜਾਂ ਵਾਂਗ ਤਣੀਆਂ ਗਈਆਂ। ਸਰਬੀ ਵੱਲ ਵੱਢ ਖਾਣੀਆਂ ਨਜ਼ਰਾਂ ਨਾਲ ਝਾਕਿਆ। ਗਹਿਰੀ ਜਿਹੀ ਖਿੱਝ ਉਹਦੇ ਅੰਗ-ਅੰਗ 'ਤੇ ਚੜ੍ਹ ਗਈ। ਅਗਲੇ ਪਲ, ਕਾਅੜ ਕਰਦਾ ਥੱਪੜ, ਸਰਬੀ ਦੀ ਖੱਬੀ ਗਲ਼ 'ਤੇ ਨਿਸ਼ਾਨ ਪਾ ਗਿਆ। ਘੁਮੇਟਣੀ ਖਾ ਸੋਫ਼ੇ 'ਤੇ ਡਿੱਗੀ, ਸਰਬੀ ਦੀਆਂ ਅੱਖਾਂ ਅੱਗੇ ਹਨੇਰਾ ਪਸਰ ਗਿਆ। ਉਸ, ਮੂੰਹੋਂ ਨਿਕਲੀ ਚੀਕ, ਕਸੀਸ ਵੱਟ ਦੰਦਾਂ ਹੇਠ ਘੁੱਟ ਲਈ।

"ਬੰਜਰ ਕਿਹੇ ਥਾਂ ਦੀ...। ਖੁਸਰਾ ਪੱਲੇ ਪੈ ਗਿਆ ਮੇਰੇ...।" ਹਰਪਾਲ ਕੌਰ ਮੂੰਹ ਪਾੜ ਬੋਲੀ, "ਕੁਆਰੀ ਹੁੰਦੀ ਪਤਾ ਨ੍ਹੀਂ ਕਿੰਨੀਆਂ ਕੁ ਸਫਾਈਆਂ ਕਰੌਂਦੀ ਰਹੀ ਹਉ ਕਮਜ਼ਾਤ...?"

ਹਰਪਾਲ ਕੌਰ ਦੇ ਪੈਰੀਂ ਅੰਗਿਆਰ ਮੱਚੇ। ਉਹ ਸੋਫ਼ੇ 'ਤੇ ਨ੍ਹੀਂ ਬੈਠੀ। ਦੋ ਪੈਰ ਅੱਗੇ-ਪਿੱਛੇ ਤੁਰੀ। ਚਾਹ ਪੀਤੇ ਬਿਨਾਂ ਬੁੜ-ਬੁੜ ਕਰਦੀ ਬਾਹਰ ਵਿਹੜੇ ਵੱਲ ਐਂ ਦੌੜੀ ਜਿਵੇਂ ਅੰਦਰੋਂ ਉਹਨੂੰ ਕੋਈ ਭੈਅ ਡੱਸ ਰਿਹਾ ਹੋਵੇ।

ਸਰਬੀ ਦੇ ਕੰਨ ਸਾਂ ਸਾਂ ਕਰਨ ਲੱਗੇ। ਮੂੰਹ ਵਿਚੋਂ ਸੇਕ ਨਿਕਲਣ ਲੱਗਾ। ਉਸ ਹੱਥਾਂ ਵਿਚ ਆਪਣਾ ਚਿਹਰਾ ਲਕੋਇਆ। ਹਉਕਾ ਲਿਆ। ਹਰਪਾਲ ਕੌਰ ਦੇ ਚੁਭਵੇਂ ਸ਼ਬਦ ਉਹਨੂੰ ਵਿੰਨ੍ਹ ਕੇ ਰੱਖ ਗਏ। ਉਹ ਧੁਰ ਤੱਕ ਤੜਫ਼ੀ। ਅੱਥਰੂਆਂ ਦੀ ਛੱਲ ਉੱਠੀ। ਨਿਢਾਲ ਹੋਈ। ਉਹਦਾ ਗਚ ਭਰ ਆਇਆ। ਸੋਫੇ ਦੀ ਢੋਅ ਨਾਲ ਸਿਰ ਜੋੜੀ ਉਹ ਅੰਦਰੇ-ਅੰਦਰ ਡੁਸਕਦੀ ਰਹੀ।

ਮੇਜ਼ 'ਤੇ ਪਏ ਚਾਹ ਦੇ ਕੱਪ ਯੱਖ਼ ਹੋ ਗਏ।

"ਨਸ਼ੇੜੀ ਐ ਤੇਰਾ ਪੁੱਤ...।" ਸਰਬੀ ਵਿਹੜੇ ਵੱਲ ਮੂੰਹ ਕਰਕੇ ਸਾਰੇ ਜ਼ੋਰ ਨਾਲ ਚੀਕੀ,

ਵਿਹੜੇ 'ਚ ਉਚਾਟ ਫਿਰਦੀ ਹਰਪਾਲ ਕੌਰ ਸਰਬੀ ਦੇ ਬੋਲ ਸੁਣ, ਵਰੋਲ਼ੇ ਵਾਂਗ ਅੰਦਰ ਆਈ, ਤੈਸ਼ ਵਿਚ ਸਰਬੀ ਦੇ ਵਾਲ਼ਾ ਦਾ ਰੁੱਗ ਭਰਿਆ,

"ਕੁੱਤਿਆਂ ਦੀਏ ਰੰਨੇ, ਵਿਹੜੇ 'ਚ ਨਿਕਲ ਕੇ ਡੌਂਡੀ ਪਿੱਟ। ਜਿਹਨੂੰ ਨਹੀਂ ਵੀ ਪਤਾ, ਉਹਨੂੰ ਵੀ ਦੱਸ।" ਹਰਪਾਲ ਕੌਰ ਨੇ ਸਰਬੀ ਦੇ ਵਾਲ਼ਾ ਨੂੰ ਪਿਛਾਂਹ ਵੱਲ ਖਿੱਚਿਆ, ਉਹਦਾ ਮੂੰਹ ਉਪਰ ਚੁੱਕਿਆ, "ਨਾਂਹ ਦੱਸ, ਨਸ਼ੇੜੀਆਂ ਦੇ ਨਿਆਣੇ ਨ੍ਹੀਂ ਜੰਮਦੇ?" ਪਰ, ਹਰਪਾਲ ਕੌਰ ਅੰਦਰੇ ਅੰਦਰ ਠਠੰਬਰ ਵੀ ਗਈ। ਉਹਨੇ ਕਿਤੇ ਸੁਣਿਆ ਸੀ, ਨਸ਼ਾ ਕਰਨ ਵਾਲਿਆਂ ਵਿਚ ਇਹ ਸਮਰੱਥਾ ਘੱਟ ਜਾਂਦੀ ਹੈ।

ਟੱਬਰ ਦਾ ਭਲਾ ਲੋਚਣ ਵਾਲੀ ਹਰਪਾਲ ਕੌਰ, ਸਰਬੀ ਨੂੰ ਹਊਆ ਜਾਪਣ ਲੱਗੀ। ਉਹ ਉੱਚਾ ਬੋਲਦੀ, ਸਰਬੀ ਸਹਿਮ ਕੇ ਸੁੰਘੜ ਜਾਂਦੀ। ਉਹ ਹੁਕਮ ਕਰਦੀ, ਸਰਬੀ ਸੁੱਕੇ ਪੱਤ ਵਾਂਗ ਉਡਦੀ। ਪਰ ਅੱਜ ਉਹਦੇ ਅੰਦਰ ਕੋਈ ਚਿੰਗਿਆੜੀ ਮੱਚੀ । ਪਲ ਦੀ ਪਲ ਉਹ, ਹਰਪਾਲ ਕੌਰ ਦੇ ਭੈਅ ਨੂੰ ਖੇਰੂੰ-ਖੇਰੂੰ ਕਰ ਦੇਣ ਤੱਕ ਸੋਚ ਗਈ।

ਸਰਬੀ ਦੀ ਕੁੱਖ ਵਿਚ ਚਾਨਣ ਦਾ ਬੀਜ ਨਾ ਪੁੰਗਰਿਆ। ਉਹ ਸੋਚਾਂ 'ਚ ਗੁਆਚੀ ਰਹਿੰਦੀ। ਢਿੱਡੀਂ ਮੁਕੀਆਂ ਦਿੰਦੀ। ਬੁਣਤਾਂ ਬੁਣਦੀ। ਰਾਹ ਤਲਾਸ਼ਦੀ। ਉਹਨੂੰ ਸੁਝ ਨਹੀਂ ਸੀ ਰਿਹਾ, ਕੀ ਕਰੇ.. .? ਅਣ-ਕਿਆਸੇ ਤਨਾਅ ਵਿਚ ਉਹਦਾ ਸਿਰ ਬੋਝਲ ਹੋਇਆ ਫੱਟ ਜਾਣ ਨੂੰ ਕਰਦਾ।

'ਕਿਤੇ ਮੈਂ ਅਈਥੇ ਈ ਨਾ ਰਹਿ ਜਾਂ. . .।' ਉਸ ਡੁੱਬ ਕੇ ਸੋਚਿਆ। ਉਹਦੇ ਰਹਿੰਦੇ ਸਾਹ ਉਖੜੇ। ਅੰਦਰ ਝੱਖੜ ਝੁਲਿਆ। ਉਮੀਦਾਂ ਤੜਪੀਆਂ। ਬੁਲ੍ਹਾਂ 'ਤੇ ਹਉਕੇ ਸਹਿਕੇ। ਅੰਦਰੋਂ ਭੁੱਬ ਨਿਕਲੀ। ਸੁਪਨੇ ਜ਼ਿਹਨ 'ਚ ਮਰਦੇ ਲੱਗੇ। ਪਰ ਅਗਲੇ ਪਲ਼ ਸੁਪਨੇ ਸਾਕਾਰ ਕਰਨ ਦਾ ਚਿਣਗ ਮਾਤਰ ਅਹਿਸਾਸ ਉਹਦੀ ਦੇਹ ਵਿਚ ਮਹਿਕ ਵਾਂਗ ਘੁੱਲ਼ ਗਿਆ। ਦਲੇਰੀ ਉਹਦੇ ਅੰਗ-ਅੰਗ ਝੂਲੀ। ਨੂਰਪੁਰ ਦਾ ਰੂਪ ਉਹਦੇ ਅੰਦਰ ਅਸਮਾਨੀ ਬਿਜਲੀ ਵਾਂਗ ਲਿਸ਼ਕਿਆ। ਕਿਸੇ ਆਸ ਦੀ ਕਿਰਨ ਨਾਲ ਉਹਦੇ ਅੰਦਰ ਚਾਨਣ ਖਿਲਰ ਗਿਆ। ਹੌਲੀ ਫੁੱਲ ਹੋਈ, ਉਹ ਅੰਦਰੋਂ-ਬਾਹਰੋਂ ਚਾਅ ਨਾਲ ਭਰ ਗਈ। ਮਨੋਂ ਝੂਮਣ ਲੱਗੀ।

"ਮੰਮੀ ਜੀ, ਮੇਰੇ ਕਾਲਜ ਤੋਂ ਫੋਨ ਆਇਆ । ਇਕ ਦਿਨ ਲਈ ਬੇਗ਼ਮਪੁਰੇ ਜਾਣਾ ਪੈਣਾ। ਕਾਲਜ ਐਗਜ਼ਾਮ ਦਾ ਫੌਮ ਤੇ ਫੀਸ ਯੂਨੀਵਰਸਿਟੀ ਭੇਜਣੀ ਐ।" ਦੋ ਦਿਨਾਂ ਬਾਅਦ ਹਰਪਾਲ ਕੌਰ ਦੀਆਂ ਅੱਖਾਂ ਵਿਚ ਅੱਖਾਂ ਪਾ ਉਹ ਬੇਝਿਜਕ ਬੋਲੀ,

"ਕੋਈ ਨਾ, ਮੈਂ ਤੇ ਸੈਂਡੀ ਤੈਨੂੰ ਛੱਡ ਆਵਾਂਗੇ।" ਹਰਪਾਲ ਕੌਰ ਹੀਲ-ਹੁੱਜਤ ਨਾ ਕੀਤੀ, "ਤੂੰ ਨੈਕਸ ਡੇ ਕਾਲਜ ਦਾ ਕੰਮ ਫਿਨਿਸ਼ ਕਰਕੇ ਹਰਜੋਤ ਨਾਲ ਚਾਹਲੀਂ ਆ ਜਾਈਂ।"

ਉਹ ਤਿੰਨੇ ਦੁਪਹਿਰੋਂ ਬਾਅਦ ਬੇਗ਼ਮਪੁਰੇ ਆ ਗਏ।

ਹਰਪਾਲ ਕੌਰ ਚਾਹ ਪੀਤੀ ਤੇ ਤੁਰਨ ਲਈ ਉੱਠੀ।

"ਭੈਣ ਜੀ, ਤੁਸੀਂ ਵੀ ਰਾਤ ਰਹੋ...।" ਜਗੀਰੋ ਸ਼ਿਸ਼ਟਾਚਾਰ ਵਜੋਂ ਲਿਫ਼ਦਿਆਂ ਕਿਹਾ।

"ਨਹੀਂ ਭੈਣ ਜੀ, ਸਰਬਜੋਤ ਨੂੰ ਪਤੈ, ਮੈਂ ਕਿਤੇ ਰਾਤ ਨ੍ਹੀਂ ਰਹਿੰਦੀ।" ਹਰਪਾਲ ਕੌਰ ਬਾਂਹ ਵਿਚ ਬੈਗ ਲਟਕਾਉਂਦੀ ਗੱਡੀ ਵਿਚ ਜਾ ਬੈਠੀ।

ਗੱਡੀ ਤੁਰੀ ਤਾਂ ਜਗੀਰੋ ਦੇ ਭਰਵੱਟੇ ਕੰਬੇ, ਬੁਲ੍ਹ ਫਰਕੇ...।

"ਕਨੇਡਣ ਐਂ। ਨਖਰਾ ਨ੍ਹੀਂ ਮਾਣ। ਸਾਡੇ ਗਰੀਬੜੇ ਜਿਹੇ ਘਰ ਕਿੱਦਾਂ ਰਾਤ ਰਹਿ ਲਊ? ਏਹਦੀ ਠਾਠ-ਬਾਠ ਨੂੰ ਵਿੰਗ ਨਾ ਪੈ ਜਊ?" ਜਗੀਰੋ ਨਹੋਰੇ ਨਾਲ ਬੋਲੀ। ਲੰਮਾ ਹਉਕਾ ਲੈ ਘਰ ਵੱਲ ਉਦਾਸ ਜਿਹਾ ਝਾਕਿਆ,

ਥੁੜ੍ਹਿਆ ਜਿਹਾ ਘਰ, ਰੰਗ-ਰੋਗਨ ਤੋਂ ਸੱਖਣਾ। ਕੱਚਾ ਵਿਹੜਾ। ਮੀਂਹ ਦੇ ਪਾਣੀ ਦੀਆਂ ਧਰਾਲਾਂ ਨਾਲ ਥਾਂ-ਥਾਂ ਤੋਂ ਕਾਲ਼ੀਆਂ ਹੋਈਆਂ ਬਾਹਰਲੀਆਂ ਕੰਧਾਂ। ਵਾਗਲ਼ੇ ਦੀਆਂ ਕੰਧਾਂ ਤੋਂ ਲੱਥੇ ਪੱਸਤਰ ਦੇ ਖਰੇਪੜ। ਅੰਦਰਾਂ 'ਚੋਂ ਉਠਦੀ ਸਲਾਭੇ ਦੀ ਹਮਕ। ਜਗੀਰੋ ਨੂੰ ਹਰਪਾਲ ਕੌਰ ਦੇ ਪਾਂ-ਪਾਸਕ ਵੀ ਨਾ ਲੱਗਾ।

ਸਰਬੀ ਤੇ ਜਗੀਰੋ ਵਿਹੜੇ 'ਚ ਬੈਠ, ਗੱਲੀਂ ਲੱਗੀਆਂ। ਕਨੇਡਾ 'ਚ ਉਨ੍ਹਾਂ ਦੇ ਅੰਨ੍ਹੇ ਰਿਜ਼ਕ ਬਾਰੇ ਸੁਣ ਜਗੀਰੋ ਦੀਆਂ ਵਾਛਾਂ ਖਿੜੀਆਂ। ਹਰਪਾਲ ਕੌਰ ਦੇ ਅੱਖੜ ਤੇ ਹੰਕਾਰੀ ਸੁਭਾਅ ਨੇ ਉਹਨੂੰ ਚਿੰਤਾ 'ਚ ਪਾਇਆ।

"ਦੇਖ ਸਰਬੀ, ਮੇਰੀ ਗੱਲ ਲੜ ਬੰਨ੍ਹ ਲੈ, ਤੇਰੀ ਸੱਸ ਤੈਨੂੰ ਮੰਦਾ-ਚੰਗਾ ਕੁਸ਼ ਵੀ ਬੋਲੇ, ਸੀ ਨਾ ਕਰੀਂ।

ਅੰਨ੍ਹੇ ਰਿਜ਼ਕ ਆਲ਼ਾ ਘਰ ਐ। ਰਾਜ ਕਰੂੰ। ਓਦਰੀਂ ਨਾ। ਦੇਖ ਲੀਂ, ਤੇਰੀ ਗੋਦ ਹਰੀ ਹੋਣ ਦੀ 'ਡੇਰ ਐ। ਏਹੀ ਹਰਪਾਲ ਕੌਰ ਤੈਨੂੰ ਚੁੰਮ-ਚੁੰਮ ਫਾਮੀਂ ਹਊ। ਸਾਰਾ ਟੱਬਰ ਬੱਚੇ ਲਈ ਦੌਂਦਿਆ ਪਿਆ।"

ਸਰਬੀ ਤ੍ਰਬਕ ਕੇ ਉਠੀ। ਹਨੇਰੀ ਵਾਂਗ ਅੰਦਰ ਗਈ । ਚਾਨਣ ਦੀ ਚਿਣਗ ਫੜਨ ਲਈ ਉਸ ਡੁਲ੍ਹਦੇ ਚਾਅ ਨਾਲ ਨੂਰਪੁਰੀਏ ਰੂਪ ਨੂੰ ਫੋਨ ਮਿਲਾਇਆ।

ਰੂਪ ਨੇ ਫੋਨ ਨਾ ਚੁੱਕਿਆ। ਸਰਬੀ ਬੇਚੈਨ ਹੋ ਗਈ। ਘਬਰਾਹਟ ਵਿਚ ਦਿਲ ਦੀ ਧੜਕਣ ਵਦਾਣ ਵਾਂਗ ਵੱਜਣ ਲਗੀ। ਉਸ ਦੁਬਾਰਾ ਫੋਨ ਮਿਲਾਇਆ। ਰਿੰਗ ਜਾਂਦੀ ਰਹੀ, ਉਸ ਫੂਨ ਫਿਰ ਨਾ ਚੁੱਕਿਆ। ਸਰਬੀ 'ਚ ਬਚਦੇ ਸਾਹ ਵੀ ਨਿਕਲ ਗਏ। ਉਹ ਮਿੱਟੀ ਹੋ ਗਈ। ਰੋਣਹਾਕੀ ਹੋ ਉਸ ਫੋਨ ਪਟਕਾ ਕੇ ਬੈੱਡ 'ਤੇ ਮਾਰਿਆ। ਫੋਨ ਦੇ ਡਿੱਗਦਿਆਂ ਸਾਰ ਰਿੰਗ ਵੱਜੀ। ਉਸ ਝਟਕੇ ਨਾਲ ਫੋਨ ਚੁੱਕਿਆ। ਕਾਲ ਰੂਪ ਦੀ ਹੀ ਸੀ। ਸਰਬੀ 'ਚ ਜਾਨ ਪੈ ਗਈ। ਉਹਨੇ ਫੋਨ ਘੁੱਟ ਕੇ ਹੱਥ ਵਿਚ ਫੜ ਲਿਆ। ਫੋਨ ਦੁਆਲ਼ੇ ਬੁੱਕ ਬਣਾਕੇ, ਉਹ ਗੱਲ ਕਰਨ ਲੱਗੀ।

"ਰੂਪ, ਪਤਾ ਤੈਨੂੰ ਮੈਂ ਕਿੰਨੀ ਅੱਪਸੈਟ ਆਂ।" ਉਸ ਹੈਲੋ ਕਹਿਣ ਦੀ ਥਾਂ ਸਿੱਧੀ ਗੱਲ ਕੀਤੀ, "ਮੈਨੂੰ ਘੰਟਾ ਹੋ ਗਿਆ ਫੋਨ ਕਰਦੀ ਨੂੰ, ਤੂੰ ਫੋਨ ਕਿਉਂ ਨ੍ਹੀਂ ਚੁੱਕਦਾ।" ਸਰਬੀ ਦੀ ਆਵਾਜ਼ ਵਿਚ ਰੋਣ ਵਰਗਾ ਨਹੋਰਾ ਸੀ।

"ਸੌਰੀ ਸਰਬੀ, ਮੈਂ ਬਿਜੀ ਸੀ। ਹਾਂ ਦੱਸ, ਮੁਦਤਾਂ ਬਾਅਦ ਮੈਨੂੰ ਕਿਵੇਂ ਯਾਦ ਕੀਤਾ?"

"ਰੂਪ, ਮੇਰਾ ਵਿਆਹ ਕਨੇਡਾ ਦੇ ਮੁੰਡੇ ਨਾਲ ਹੋ ਗਿਆ ਸੀ।"

"ਫੇਅ ਤਾਂ ਵਧਾਈਆਂ। ਤੇਰੀ ਆਸ ਪੂਰੀ ਹੋਈ। ਚੱਲ, ਤੂੰ ਤਾਂ ਉੱਡ ਕਨੇਡਾ ਨੂੰ...।"

"ਪਰ ਮੈਂ ਤਾਂ ਸੂਲ਼ੀ ਲਟਕੀ ਪਈ ਆਂ। ਬਹੁਤ ਪ੍ਰੋਬਲਿਮ 'ਚ ਆਂ।"

"ਅੱਛਾਅ...। ਹੁਣ ਕੀ ਪ੍ਰੋਬਲਿਮ ਹੋ ਗਈ ਆ?

"ਫੋਨ 'ਤੇ ਨਹੀਂ ਮਿਲ ਕੇ ਦੱਸੂੰਗੀ। ਟਾਈਮ ਬਹੁਤ ਥੋੜ੍ਹਾ ਐ । ਪਲੀਜ਼, ਅੱਜ ਸ਼ਾਮ ਨੂੰ ਮੈਨੂੰ ਮਿਲ। ਕਿਸੇ ਇਕਾਂਤ ਥਾਂ 'ਤੇ , ਜਿਥੇ ਸਿਰਫ਼ ਤੂੰ ਤੇ ਮੈਂ ਹੋਵਾਂ। ਨਾ ਮਿਲਿਆ ਤਾਂ ਮੈਂ ਬਰਬਾਦ ਹੋ ਜਾਊਂਗੀ।" ਪਲ਼ ਵਿਚ ਹੀ ਸਰਬੀ ਸਾਰੀ ਦੀ ਸਾਰੀ ਢੇਰੀ ਹੋ ਗਈ ਸੀ।

ਰੂਪ ਚੁੱਪ ਹੋ ਗਿਆ। ਕਾਫੀ ਦੇਰ ਉਸ ਵਲੋਂ ਕੋਈ ਆਵਾਜ਼ ਨਾ ਆਈ ਤਾਂ ਸਰਬੀ ਤੜਫ਼ ਕੇ ਬੋਲੀ,

"ਕੀ ਗੱਲ ਰੂਪ, ਹੁੰਗਾਰਾ ਨ੍ਹੀਂ ਭਰਿਆ? ਪਲੀਜ਼ ਸ਼ਾਮ ਦਾ ਪ੍ਰੋਗਰਾਮ ਰੱਖ। ਬਹੁਤ ਜ਼ਰੂਰੀ ਆ।"

"ਸੌਰੀ ਸਰਬੀ, ਮੈਂ ਕਿਸੇ ਵੀ ਹਾਲਤ ਵਿਚ ਆ ਨ੍ਹੀਂ ਸਕਾਂਗਾ।"

"ਕਿਉਂ. . .? ਤੂੰ ਤਾਂ ਮੇਰਾ ਕਿਹਾ ਭੁੰਜੇ ਨ੍ਹੀਂ ਸੀ ਡਿੱਗਣ ਦਿੰਦਾ। ਬਹੁਤ ਪਿਆਰ ਕਰਦਾ ਸੀ ਮੈਨੂੰ। ਮੈਂ ਤਾਂ ਅੱਜ ਵੀ ਤੈਨੂੰ ਦਿਲੋਂ ਪਿਆਰ ਕਰਦੀ ਆਂ।" ਸਰਬੀ ਤਰਲਾ ਕੀਤਾ।

"ਸਰਬੀ ਉਹ ਸਮਾਂ ਬਹੁਤ ਪਿੱਛੇ ਰਹਿ ਗਿਆ। ਹੁਣ ਹਾਲਾਤ ਬਦਲ ਗਏ ਆ।"

"ਰੂਪ, ਦਿਲ ਤਾਂ ਨ੍ਹੀਂ ਬਦਲੇ। ਪਿਆਰ ਤਾਂ ਦਿਲ ਨਾਲ ਈ ਹੁੰਦਾ ਆ ਨਾ...। ਤੂੰ ਤਾਂ ਮੇਰੇ ਲਈ ਤਾਰੇ ਤੋੜਨ ਦੀ ਗੱਲ ਕਰਦਾ ਹੁੰਦਾ ਸੀ। ਮੇਰਾ ਸਾਥ ਮਾਨਣ ਲਈ ਤੂੰ ਤਰਲੇ ਕਰਦਾ ਹੁੰਦਾ ਸੀ। ਮੈਂ ਓਹੀ ਸਰਬੀ ਆਂ। ਅੱਜ ਮੈਂ ਤਰਲੇ ਨਾਲ ਤੈਨੂੰ ਆਫ਼ਰ ਕਰ ਰਹੀ ਆਂ। ਤੂੰ ਫੇਅ ਵੀ...।"

"ਸਰਬੀ...।" ਰੂਪ ਉਸ ਦੀ ਗੱਲ ਕੱਟੀ, "ਸੁਣ, ਮੇਰਾ ਰਿਸ਼ਤਾ ਕਨੇਡਾ ਦੀ ਲੜਕੀ ਨਾਲ ਹੋ ਗਿਆ। ਕੱਲ੍ਹ ਨੂੰ ਮੇਰਾ ਵਿਆਹ ਐ।" ਸਰਬੀ ਦਾ ਸਿਰ ਘੁਮਿਆਰ ਦੇ ਚੱਕ ਵਾਂਗ ਘੁੰਮਣ ਲਗਾ। ਉਹਦੀ ਜ਼ਬਾਨ ਪਤਾਲ ਵਿਚ ਜਾ ਡਿੱਗੀ। ਜਿਵੇਂ ਉਹਨੂੰ ਦੰਦਲ ਪੈ ਗਈ ਹੋਵੇ। ਰੂਪ ਦੋ ਵਾਰ ਹੈਲੋ ਕਿਹਾ। ਸਰਬੀ ਦੀ ਕੋਈ ਆਵਾਜ਼ ਨਾ ਆਉਣ 'ਤੇ ਰੂਪ ਨੇ ਫੋਨ ਕੱਟ ਦਿਤਾ। (**ਸੰਪਰਕ: 88728-54500**)

## ਕਹਾਣੀ

# ਹਾਂ , ਮੈਨੂੰ ਬੰਦੇ ਪਸੰਦ ਨੇ

**ਸਰਬਜੀਤ ਕੌਰ ਸੋਹਲ**



ਮਨ ਦੀ ਇਸ ਊਹਾ ਪੋਹ ਨੇ ਮੈਨੂੰ ਕਾਸੇ ਜੋਗਾ ਨਹੀਂ ਛੱਡਿਆ। ਕੁਝ ਅਜੀਬ ਜਿਹੇ ਅਹਿਸਾਸ ਮਨ ਮਸਤਿਕ 'ਤੇ ਛਾਏ ਰਹਿੰਦੇ ਹਨ ।ਮਨ ਦੁਚਿੱਤੀਆਂ ਵਿੱਚ ਘਿਰਿਆ ਈ ਰਹਿੰਦਾ ਹੈ।ਏਸ ਨਿਰਮਲ ਅਕਾਸ਼ ਤੇ ਪਤਾ ਨਹੀਂ ਕਦੋਂ ਝਟ ਹੀ ਸੰਘਣੇ ਬੱਦਲ ਤਾਰੀ ਹੋ ਜਾਂਦੇ ਤੇ ਫਿਰ ਉਹ ਵਰ੍ਹਣ ਵਰ੍ਹਣ ਕਰਦੇ... ਉੱਭਲਚਿੱਤੀ, ਚੱਤੋ ਪਹਿਰ ਦੀ ਆਵਾਜ਼ਾਰੀ ਜਿਹੀ ਲੱਗੀ ਹੀ ਰਹਿੰਦੀ।

'ਮੂਡ ਸਵਿੰਗ ਆਉਂਦੇ ਹੀ ਨੇ... ਇਸ ਉਮਰ ਵਿੱਚ... ਬਸ ਇਹ ਸਮਾਂ ਵੀ ਲੰਘ ਜਾਵੇਗਾ' ਮੇਰੀ ਡਾਕਟਰ ਮੈਨੂੰ ਕਿੰਨਾ ਕੁਝ ਹੀ ਸਮਝਾਉਂਦੀ ਹੈ ਬੈਠੇ ਬਿਠਾਏ ਹੀ ਪਸੀਨਾ ਆਉਣਾ ਲਗਦਾ... ਤਰੇਲੀਆਂ ਜਿਹੀਆਂ... ਸਿਰ ਚਕਰਾਉਣ ਲਗਦਾ... ਬਸ ਡਿੱਗੀ ਕੇ ਡਿੱਗੀ... ਹੁਣੇ ਘੁਮੇਰ ਆ ਜਾਣੀ, ਜਿਵੇਂ...।

ਕਿਸੇ ਮਹੀਨੇ ਪੀਰਿਅਡਜ਼ ਆਉਂਦੇ ਹੀ ਨਹੀਂ ਤੇ ਕਈ ਵਾਰ ਖ਼ੂਨ ਦੇ ਪਰਨਾਲੇ ਹੀ ਛੁੱਟ ਜਾਂਦੇ ਨੇ...।' ਹਾਰਮੋਨਜ਼ ਦਾ ਸੰਤੁਲਨ ਵਿਗੜ ਜਾਂਦੈ, ਇਸ ਉਮਰੇ...।

ਭਲਾ ਦੱਸੋ, ਅਜੇ ਮੇਰੀ ਉਮਰ ਨੂੰ ਕੀ ਹੋਇਆ। ਹੁਣ ਤੱਕ ਤਾਂ ਗ਼ਰਜਾਂ ਫ਼ਰਜਾਂ ਦੀ ਪੂਰਤੀ ਕਰਦਿਆਂ ਹੀ ਉਮਰ ਲੰਘ ਗਈ...ਅਜੇ ਤਾਂ ਜਿਊਣਾ ਸ਼ੁਰੂ ਕਰਨਾ... ਸੁੱਖ ਨਾਲ ਬੱਚੇ ਜੁ ਹੁਣ ਉਡਾਰ ਹੋ ਗਏ। ਸੋਚਾਂ ਦੇ ਕਿੰਨੇ ਸਾਰੇ ਖ਼ੂਹ ਖ਼ਾਤੇ ਮੇਰੇ ਸਾਹਵੇਂ ਖਲੋਤੇ ਸਨ।

ਐਵੇਂ ਤਾਂ ਨਹੀਂ ਕਹਿੰਦੇ ਕਿ ਵਿਆਹ ਸ਼ਾਦੀਆਂ ਬਣਦੀਆਂ ਸਵਰਗ ਵਿੱਚ ਹਨ, ਨਿਭਾਉਂਦਿਆਂ ਨਿਭਾਉਂਦਿਆਂ ਅਕਸਰ ਨਰਕ ਦਾ ਰੁਖ਼ ਕਰ ਲੈਂਦੀਆਂ।

ਹਜੇ ਦੋ ਸਾਲ ਹੋਏ ਸੀ ਵਿਆਹ ਨੂੰ...ਚੰਗੇ ਲੰਘੇ ਸਨ, ਉਹ ਉਤਸੱਵ ਵਰਗੇ ਦਿਨ...ਪਿਆਰ ਫੁਲ ਸਵਿੰਗ ਤੇ...। ਇਕ ਦੂਜੇ ਵਿੱਚ ਰਚੇ -ਮਿਚੇ, ਖੁਭੇ-ਖੁਭੇ, ਕਮੀਆਂ ਪੇਸ਼ੀਆਂ ਤਾਂ ਕਿਧਰੇ ਵੀ ਨਹੀਂ ਸਨ। ਇਵੇਂ ਉਡਦੇ ਫਿਰਦੇ ਸਾਂ ਜਿਵੇਂ ਪਹਾੜਾਂ ਤੇ ਅਵਾਰਾ ਬੱਦਲ, ਤੇ ਓਹ ਵੀ ਮੌਨਸੂਨ ਸਮੇਂ...।

ਉੱਤੋਂ -ਥੱਲੀ ਸਾਲ ਦੇ ਫ਼ਰਕ ਨਾਲ ਦੋਵੇਂ ਬੱਚੇ ਹੋ ਗਏ। ਹਨੀਮੂਨਿੰਗ ਦਾ ਫੁਲ ਸਟਾਪ... ਘਰ ਦੇ ਤਕਾਜ਼ੇ ਪੂਰੇ ਕਰਦਿਆਂ, ਬੱਚਿਆਂ ਨੂੰ ਵੱਡੇ ਕਰਦਿਆਂ, ਸਰੀਰ ਦੀ ਬੇਧਿਆਨੀ ਵਿੱਚ ਕਮਰ ਦਾ ਕਮਰਾ ਬਣ ਗਿਆ। ਪਰ ਮੇਰੀ ਪਰਿਵਾਰ ਪ੍ਰਤੀ ਆਸਥਾ ਵਿੱਚ ਕੋਈ ਕਮੀ ਨਹੀਂ ਆਈ ਸੀ। ਇਕ ਚੰਗੀ ਮਾਂ, ਇਕ ਚੰਗੀ ਬੀਵੀ, ਇਕ ਚੰਗੀ ਬਹੂ, ਇਕ ਚੰਗੀ ਨਣਦ, ਇਕ ਚੰਗੀ ਹੋਸਟ ਬਨਣ ਵਿੱਚ ਸੁਧੀਰ ਦੀ ਪ੍ਰੇਮਿਕਾ ਕਿਤੇ ਰੁਲ਼ ਖ਼ੁਲ ਗਈ ਸੀ।

ਚੱਲ-ਸੋ-ਚੱਲ ਸੁਧੀਰ ਦੀ ਤਰੱਕੀ ਲਈ ਹੋਣ ਵਾਲੀਆਂ ਪਾਰਟੀਆਂ ਦਾ ਇੰਤਜ਼ਾਮ ਕਰਦੇ ਕਰਦੇ ਮੇਰੇ ਅੰਦਰਲੀ ਔਰਤ ਵੀ ਹੁਣ ਹੰਭ ਗਈ ਸੀ। ਭਲਾ ਕੋਈ ਕਿੰਨਾ ਕੂ ਕਰ ਸਕਦਾ ਕਿਸੇ ਲਈ?

ਇਸ ਪਰਿਵਾਰ ਲਈ ਤਾਂ ਭਾਵੇਂ ਮਰ ਵੀ ਜਾਓ, ਇਸ ਨੇ ਖ਼ੁਸ਼ ਕਦੀ ਨਹੀਂ ਹੋਣਾ।

ਮੰਮੀ ਜੀ ਦੇ ਟੀ ਵੀ ਸੀਰੀਅਲ,ਪਾਪਾ ਜੀ ਦੇ ਪਕੌੜੇ, ਬੱਚਿਆਂ ਦੇ ਸਕੂਲ ਤੇ ਸੁਧੀਰ ਦਾ ਮੇਰੇ ਵੱਲੋਂ ਬਿਲਕੁੱਲ ਹੀ ਅਵੇਸਲਾ ਹੋਈ ਜਾਣਾ।

ਜਿੰਨਾ ਮੈਂ ਉਸ ਨੂੰ ਪੁਰਾਣੇ ਦਿਨਾਂ ਦੀ ਯਾਦ ਕਰਵਾਉਣ ਦੀ ਕੋਸ਼ਿਸ਼ ਕਰਦੀ ਓਨਾਂ ਹੀ ਓਹ ਹੋਰ ਮਕੈਨੀਕਲ ਹੁੰਦਾ ਜਾ ਰਿਹਾ ਸੀ। ਓਹ ਗੱਲਾਂ ਹੀ ਹੋਰ ਕਰਨ ਲੱਗ ਪਿਆ ਸੀ। ਮੇਰੇ ਵਿੱਚ ਰੁਚੀ ਹੀ ਨਹੀਂ ਸੀ ਰਹੀ,ਜਿਵੇਂ ...।

ਹਰ ਵੇਲੇ ਬਿਜ਼ਨਸ ਦੀਆਂ ਗੱਲਾਂ... ਬੈੱਡ ਤੇ ਨਾਲ ਪਿਆ ਵੀ ਬਿਜ਼ਨਸ ਨੂੰ ਵਧਾਉਣ ਦੀਆਂ ਜੁਗਤਾਂ ਉਸ ਨੂੰ ਘੇਰੀ ਰੱਖਦੀਆਂ।

ਮੇਰੇ ਵੱਲ ਐਨੀ ਉਦਾਸੀਨਤਾ...ਕਦੀ ਕਦੀ ਤਾਂ ਮੈਨੂੰ ਇਵੇਂ ਲੱਗਦਾ ਕਿ ਬਾਹਰ ਕਿਤੇ ਕੋਈ ਹੋਰ ਹੀ ਸਹੇਲੀ ਨਾ ਬਣਾ ਲਈ ਹੋਵੇ।

ਫਿਰ ਮੈਨੂੰ ਆਪਣੇ ਆਪ ਤੇ ਹੀ ਗੁੱਸਾ ਆਉਣ ਲੱਗਦਾ, ਭਲਾ ਇਹੀ ਓਹ ਬੰਦਾ ਜਿਸ ਨਾਲ ਵਿਆਹ ਕਰਵਾਉਣ ਲਈ ਮੈਂ ਸਾਰਿਆਂ ਨਾਲ ਲੜੀ ਸਾਂ ਤੇ ਹੁਣ ਵਿਆਹ ਤੋਂ ਬਾਅਦ ਓਸੇ ਨਾਲ ਹੀ ਲੜ੍ਹ ਰਹੀ ਆਂ।

ਇਸ ਤੋਂ ਪਹਿਲਾਂ ਕਿ ਇਹ ਬੇਵਫ਼ਾ ਹੋ ਜਾਵੇ, ਭਲਾ ਮੈਂ ਹੀ ਕਿਉਂ ਨਾ ਬੇਵਫ਼ਾ ਹੋ ਜਾਵਾਂ ? ਤੰਗ ਆ ਗਈ ਆ ਮੈਂ ਇਸ ਰੋਜ਼-ਰੋਜ਼ ਦੀ ਕਿੱਟ-ਕਿੱਟ , ਕਿੜ-ਕਿੜ, ਚਿੜ-ਚਿੜ ਤੋਂ ...।

'ਭਲਾ ਐਵੇਂ ਵੀ ਕੋਈ ਕਰਦਾ ਮੇਰੇ ਅੰਦਰਲੀ ਸੰਸਕਾਰੀ ਮਾਂ ਦੀ ਸਿਖਾਈ ਔਰਤ ਗੱਜ ਵੱਜ ਕੇ ਮੇਰੇ ਹੀ ਖ਼ਿਲਾਫ਼ ਉੱਠ ਖੜੀ ਹੁੰਦੀ...ਮੈਨੂੰ ਲਾਹਣਤਾਂ ਪਾਉਂਦੀ...। 'ਫਿਰ ਨਾਲ ਦੇ ਨਾਲ ਪਿਓ ਬਾਹਰੀ ਧੀ ਦਾ ਮੁਲ੍ਹਮਾ, ਮਾਂ ਦੀਆਂ ਔਖਾਂ, ਸਭ ਦੇ ਸਭ ਮੇਰਾ ਰਾਹ ਮੱਲ ਖਲੋਂਦੇ। ਮੈਂ ਆਪਣੇ ਆਪ ਤੋਂ ਹੀ ਹਾਰਿਆ ਮਹਿਸੂਸ ਕਰਦੀ। ਹੋਰ ਮੈਨੂੰ ਕਿਸ ਹਰਾਉਣਾ ਸੀ...ਮੇਰੀ ਆਸਥਾ ਹੀ ਮੇਰੀਆਂ ਸੋਚਾਂ ਦੇ ਅੜਿੱਕੇ ਆ ਖਲੋਂਦੀ।

ਇਹ ਓਹੀ ਆਸਥਾ ਸੀ ਜਿਹੜੀ ਬੰਦੇ ਨੂੰ ਪੱਥਰ ਤੋਂ ਹੀਰਾ ਬਣਾ ਘੱਤਦੀ ਐ ਅਤੇ ਔਰਤ ਨੂੰ ਫ਼ਾਲਤੂ ਔਰਤ...ਜਿਹੜੀ ਕੰਮ ਕਾਰ ਕਰਦੀ,ਘਰ ਦੀ ਕਿਸੇ ਨੁੱਕਰੇ ਵੀ ਲੱਭ ਪਵੇਗੀ... ਸਫ਼ਾਈਆਂ ਕਰਦੀ, ਪਰਾਹੁਣੇ ਸਾਂਭਦੀ,ਨਿਆਣੇ ਵੱਡੇ ਕਰਦੀ, ਸੱਸ,ਸਹੁਰੇ, ਨਣਾਨਾਂ ਦੀ ਆਓ ਭਗਤ ਵਿੱਚ ਮਸਰੂਫ਼...

ਚਲੋ, ਓਹ ਜਾਣੇ ! ਦੁਨੀਆਦਾਰੀ ਹੈ, ਕੋਈ ਗੱਲ ਨਹੀਂ... ਪਰ ਜਦੋਂ ਦਾ ਸੁਧੀਰ ਅਵੇਸਲਾ ਹੋਇਆ, ਇਹ ਸਾਰੀਆਂ ਜ਼ਿੰਮੇਵਾਰੀਆਂ ਮੈਨੂੰ ਬੋਝ ਲੱਗਣ ਲੱਗ ਪਈਆਂ...ਕਦੀ ਕਦੀ ਤਾਂ ਇਉਂ ਲਗਦਾ ਕਿ ਮੈਂ ਓਹ ਸਦੀ ਹਾਂ ਜੋ ਬੇਮਤਲਬ ਹੀ ਲੰਘ ਜਾਣੀ ਹੈ, ਅਣਜੀਵਿਆਂ, ਜੀਣ ਦੀ ਆਸ ਵਿੱਚ...।

ਮੈਂ ਬਥੇਰੀ ਕੋਸ਼ਿਸ਼ ਕਰਦੀ, ਸੁਧੀਰ ਨੂੰ ਆਪਣੇ ਨੇੜੇ ਲਿਆਉਣ ਦੀ, ਪਰ ਨਹੀਂ ਉਸ ਦੀ ਤਾਂ ਜਿਵੇਂ ਮਿੱਟੀ ਦੀ ਖ਼ਮੀਰ ਹੀ ਬਦਲ ਗਈ ਸੀ।

ਅੱਛਾ ਸੁਧੀਰ, ਜੇ ਮੈਂ ਏਥੇ ਨਾ ਹੋਵਾਂ ਤਾਂ ਤੁਸੀਂ ਮੇਰੀ ਕਿਹੜੀ ਗੱਲ ਮਿਸ ਕਰੋਗੇ?" ਇਕ ਦਿਨ ਮੈਂ ਐਵੇਂ ਹੀ ਪੁੱਛ ਲਿਆ।


"ਤੇਰੇ ਆਲੂ ਵਾਲੇ ਪਰੌਂਠੇ।" ਯੱਕਦਮ ਉਸ ਦਾ ਜਵਾਬ ਸੁਣ ਕੇ ਮੈਂ ਇਕ ਦਮ ਭੁੰਜੇ ਲੱਥ ਗਈ ਸੀ।

"ਨਹੀਂ ਨਹੀਂ, ਮੇਰੇ ਬਾਰੇ ਦੱਸੋ ਨਾ...ਤੁਹਾਨੂੰ ਮੇਰੀ ਕਿਹੜੀ ਚੀਜ਼ ਚੰਗੀ ਲਗਦੀ ਹੈ?" ਮੈਂ ਫਿਰ ਆਸ ਦਾ ਪੱਲਾ ਫੜਦਿਆਂ ਕਿਹਾ।

"ਤੇਰਾ ਚੁੱਪ ਚਾਪ ਕੰਮ ਕਰਦੇ ਰਹਿਣਾ, ਮਾਂ ਪਾਪਾ ਦਾ ਧਿਆਨ ਰੱਖਣਾ।" ਓਹ ਫੋਨ ਵੱਲ ਵੇਖਦਾ ਬੋਲਦਾ ਰਿਹਾ।

ਪਰ ਸੁਧੀਰ ਇਹ ਤਾਂ ਤੁਹਾਡੀਆਂ ਗ਼ਰਜਾਂ ਹੋਈਆਂ ਨਾ, ਮੈਂ ਉਸ ਨੂੰ ਕੀ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸਾਂ।

ਰੋਣਹਾਕੀ ਹੋਈ ਮੈਂ ਉਸ ਕੋਲੋਂ ਉੱਠ ਗਈ ਸਾਂ...ਤੇ ਨਾਲ ਹੀ ਮੇਰਾ ਮਨ ਚੁੱਕਿਆ ਗਿਆ ਸੀ। ਸੁਧੀਰ ਤੋਂ ਹੋਰ ਕੋਈ ਆਸ ਕਰਨੀ ਫ਼ਜ਼ੂਲ ਸੀ। ਪਿਆਰ ਤਾਂ ਇਸ ਜ਼ਿੰਦਗੀ ਵਿਚੋਂ ਜਿਵੇਂ ਖੰਭ ਲਾਕੇ ਉੱਡ ਗਿਆ ਸੀ।



ਓਸ ਦਿਨ ਸ਼ਾਰਦਾ ਵੀ ਤਾਂ ਇਹੀ ਕਹਿ ਰਹੀ ਸੀ ਕਿ ਵਿਆਹ ਇਕ 'ਸੋਸ਼ਲ ਸਕੈਮ' ਹੈ। ਇਸ ਸਕੈਮ ਵਿੱਚ ਫਸਾ ਕੇ ਬੰਦਾ ਪੂਰਨ ਤੌਰ ਤੇ ਔਰਤ ਦਾ ਸੋਸ਼ਣ ਕਰਦਾ ਹੈ।

ਸ਼ਾਰਦਾ ਮੇਰੇ ਬਚਪਨ ਦੀ ਸਹੇਲੀ ਸੀ। ਉਸ ਨੂੰ ਯਾਦ ਕਰਦਿਆਂ ਹੀ ਓਹ ਨਿੱਕੀਆਂ ਨਿੱਕੀਆਂ ਗੱਲਾਂ, ਖੇਡਾਂ, ਗੁੱਡੀਆਂ ਪਟੋਲਿਆਂ, ਇਕੱਠੇ ਪੜ੍ਹਨ ਜਾਣਾ, ਘੰਟਿਆਂ ਬੱਧੀ ਕਮਰੇ ਵਿੱਚ ਵੜਿਆਂ ਰਹਿਣਾ... ਸਭ ਕੁਝ ਫ਼ਿਲਮ ਵਾਂਗਰ ਅੱਖਾਂ ਮੂਹਰੇ ਆਣ ਖੜਾ ਹੋਇਆ।

ਓਦੋਂ ਅਸੀਂ ਛੇਵੀਂ ਸੱਤਵੀਂ ਵਿੱਚ ਪੜ੍ਹਦੀਆਂ ਹੋਵਾਂਗੀਆਂ। ਘਰ ਸਾਡੇ ਨਾਲੋ ਨਾਲ ਸਨ। ਸਕੂਲ ਵੀ ਇਕੋ ਹੀ ਸੀ। ਸੈਕਸ਼ਨ ਵੱਖੋ ਵੱਖ। ਸਵੇਰੇ ਇੱਕਠਿਆਂ ਸਕੂਲ ਜਾਂਦੀਆਂ, ਅੱਧੀ ਛੁੱਟੀ ਵੇਲੇ ਰੋਟੀ ਵੀ ਇਕੱਠੀਆਂ ਖਾਂਦੀਆਂ ਤੇ ਫਿਰ ਘਰ ਆ ਕੇ ਸਕੂਲ ਦਾ ਕੰਮ ਨਬੇੜ ਗੁੱਡੀਆਂ ਪਟੋਲਿਆਂ ਨਾਲ ਖੇਡਦੀਆਂ।

ਗੁੱਡਾ ਤੇ ਗੁੱਡੀ ਸ਼ਾਰਦਾ ਦੇ ਮੰਮੀ ਨੇ ਹੀ ਬਣਾ ਕੇ ਦਿੱਤੇ ਸਨ। ਸ਼ਾਰਦਾ ਦੇ ਮੰਮੀ ਬਲਾਊਜ਼ ਪੇਟੀਕੋਟ ਪਾਈ ਸਾਰਾ ਦਿਨ ਪੈਰਾਂ ਵਾਲੀ ਮਸ਼ੀਨ ਤੇ ਲੋਕਾਂ ਦੇ ਕੱਪੜੇ ਸੀਊਂਦੇ ਰਹਿੰਦੇ। ਬਚੀਆਂ ਹੋਈਆਂ ਲੀਰਾਂ ਨਾਲ ਓਹ ਸਾਨੂੰ ਗੁੱਡੀਆਂ ਦੇ ਕੱਪੜੇ ਬਣਾ ਦਿੰਦੇ।

ਅਸੀਂ ਸ਼ਾਰਦਾ ਕੇ ਘਰੇ ਹੀ ਪਿਛਲੇ ਕਮਰੇ ਵਿੱਚ ਗੁੱਡੀਆਂ ਨਾਲ ਖੇਡਦੀਆਂ ਰਹਿੰਦੀਆਂ। ਇਹ ਕਮਰਾ ਉਂਝ ਵੀ ਸਮਾਨ ਨਾਲ ਭਰਿਆ ਹੁੰਦਾ ਸੀ। ਇਕ ਪਾਸੇ ਬਿਸਤਰਿਆਂ ਵਾਲੀ ਪੇਟੀ, ਪੇਟੀ ਉਪਰ ਟਰੰਕ ਅਤੇ ਹੋਰ ਵਰਤਣ ਵਾਲੇ ਬਿਸਤਰੇ।

ਬਸ ਥੋੜ੍ਹੀ ਜਿਹੀ ਥਾਂ ਹੀ ਬਚਦੀ ਸੀ, ਕਮਰੇ ਵਿੱਚ...ਓਥੇ ਹੀ ਨਿੱਕੀ ਜਿਹੀ ਦਰੀ ਤੇ ਬੈਠ ਅਸੀਂ

ਖੇਡਦੀਆਂ...।

ਕਿੱਡੀਆਂ ਝੱਲੀਆਂ ਸਾਂ ਓਦੋਂ...। ਸ਼ਾਰਦਾ ਨੇ ਗੁੱਡੀ ਨੂੰ ਨਵੇਂ ਕੱਪੜੇ ਪਾ ਕੇ ਸਜਾਉਣਾ, ਸੁਰਖ਼ੀ ਬਿੰਦੀ ਲਾਉਣੀ, ਕੰਨਾਂ ਵਿੱਚ ਕਾਂਟੇ, ਮੱਥੇ ਟਿੱਕਾ , ਗਲ਼ 'ਚ ਗਾਨੀ ਪਾਉਣੀ ਤੇ ਫਿਰ ਲਾਲ ਸੂਹੀ ਚੁੰਨੀ ਨਾਲ ਘੁੰਡ ਕੱਢ ਕੇ ਵਹੁਟੀ ਵਾਂਗ ਸਜਾਉਣਾ।

ਦੂਸਰੇ ਪਾਸੇ ਮੈਂ ਗੁੱਡਾ ਮੱਲ ਲੈਣਾ ਓਹਨੂੰ ਪੈਂਟ ਕਮੀਜ਼ ਪਾਉਣੀ , ਮੋਤੀਆਂ ਦੀਆਂ ਲੜੀਆਂ ਪਰੋ ਕੇ ਸਿਹਰਾ ਵੀ ਲਾਉਣਾ,... ਇਉਂ ਸਾਡਾ ਗੁੱਡਾ ਵਿਆਹ ਲਈ ਤਿਆਰ ਬਰ ਤਿਆਰ।

ਸ਼ਾਰਦਾ ਨੇ ਗੁੱਡੀ ਨੂੰ ਫੜਨਾ ਤੇ ਮੈਂ ਗੁੱਡੇ ਨੂੰ...ਦੋਵਾਂ ਨੂੰ ਭੁਆਂਟਣੀਆਂ ਦਵਾਉਣੀਆਂ, ਅਖੇ ਲਾਵਾਂ ਫੇਰੇ ਕਰਵਾ ਰਹੇ ਸਾਂ, ਫਿਰ ਸ਼ਾਰਦਾ ਨੇ ਉਂ ਉਂ ਕਰਕੇ ਰੋਣਾ, ਗੁੱਡੀ ਨੂੰ ਸਹੁਰੇ ਤੋਰਨਾ...।

ਫਿਰ, ਫਿਰ ਗੁੱਡਾ ਗੁੱਡੀ ਨੇ ਓਹੀ ਕਰਨਾ ਜੋ ਫ਼ਿਲਮਾਂ ਵਿੱਚ ਵਿਖਾਇਆ ਜਾਂਦਾ। ਬੂਟਾਂ ਵਾਲੇ ਡੱਬਿਆਂ ਨਾਲ ਬਣੇ ਘਰ ਵਿੱਚ ਮੰਜੀ ਉੱਤੇ ਗੁੱਡੇ ਗੁੱਡੀ ਨੂੰ ਸਵਾਉਣਾ ...। ਪਤਾ ਨਹੀਂ ਕਦੋਂ ਤੇ ਕਿੱਥੋਂ ਇਹ ਸਭ ਸਿੱਖ ਲਿਆ ਸੀ , ਅਸੀਂ...।

ਕਈ ਵਾਰ ਸ਼ਾਰਦਾ ਦੇ ਭਰਾ ਨੇ ਧੁੱਸ ਦੇਣੇ ਕਮਰੇ ਵਿੱਚ ਆਣ ਵੜਨਾ ਬੂਹੇ ਨੂੰ ਜ਼ੋਰ ਦੀ ਧੱਫਾ ਮਾਰ ਕੇ ਖੋਲਣਾ ਤੇ ਸਾਡੀਆਂ ਗੁੱਡੀਆਂ ਨੂੰ ਉੱਲਟ ਪਲ਼ਟ ਦੇਣਾ, ਘਰ ਨੂੰ ਪੈਰ ਮਾਰ ਕੇ ਤੋੜ ਦੇਣਾ ...ਗੁੱਡੇ ਗੁੱਡੀ ਦੇ ਸਾਰੇ ਕੱਪੜੇ ਖਿਲਾਰ ਦੇਣੇ।

ਹੁਣ ਸਮਝ ਆਉਂਦੀ ਹੈ ਕੇ ਬਚਪਨ ਦੀਆਂ ਇਹ ਖੇਡਾਂ ਹੀ ਹੁਣ ਦੀ ਗ੍ਰਿਹਿਸਥੀਦਾ ਅਧਾਰ ਬਣੀਆਂ ਹੋਈਆਂ ਨੇ।

ਅਸੀਂ ਖ਼ੂਬ ਰੌਲ਼ਾ ਪਾਉਣਾ, ਆਂਟੀ ਨੂੰ ਸ਼ਿਕਾਇਤ ਲਾਉਣੀ ਤੇ ਉਸ ਨੂੰ ਝਿੜਕਾਂ ਪਵਾ ਕੇ ਖ਼ੁਸ਼ ਹੋਣਾ।

ਓਦੋਂ ਤਾਂ ਸਾਡੀਆਂ ਗੱਲਾਂ ਕਦੀ ਮੁਕਦੀਆਂ ਹੀ ਨਹੀਂ ਸੀ ਹੁੰਦੀਆਂ। ਕਿਣ-ਮਿਣ, ਕਿਣ-ਮਿਣ...ਪਤਾ ਨਹੀਂ ਕਿਥੋਂ ਐਨੀਆਂ ਗੱਲਾਂ ਆਉਂਦੀਆਂ ਸਨ।

ਗੁੱਡੇ ਗੁੱਡੀ ਦਾ ਵਿਆਹ ਕਰਦਿਆਂ, ਸੋਚਦੀਆਂ ਕਿ ਸਾਡੇ ਮੰਮੀ ਡੈਡੀ ਵੀ ਇਉਂ ਹੀ ਕਰਦੇ ਹੋਣਗੇ। ਪਰ ਫਿਰ ਅਸੀਂ ਮੁੱਕਰ ਜਾਣਾ...ਨਹੀਂ ਨਹੀਂ...ਸਾਡੇ ਮੰਮੀ ਡੈਡੀ ਤਾਂ ਬਹੁਤ ਚੰਗੇ ਹਨ, ਓਹ ਇਹੋ ਜਿਹਾ ਗੰਦਾ ਕੰਮ ਨਹੀਂ ਕਰਦੇ। ਇਉਂ ਅਸੀਂ ਆਪਣੇ ਮੰਮੀ ਡੈਡੀ ਨੂੰ ਚੰਗੇ ਦਰਸਾਉਣ ਲਈ ਪੂਰੀ ਵਾਹ ਲਾਉਣੀ।

ਓਦੋਂ ਕੁੜੀਆਂ ਦੇ ਆਲ਼ੇ ਦੁਆਲ਼ੇ ਬੁਣੇ ਗਏ ਸਮਾਜਕ ਜਾਲ ਵਿੱਚ ਮੁੰਡੇ ਕੁੜੀ ਦਾਪਿਆਰ , ਸਰੀਰਕ ਸਬੰਧਾਂ ਨੂੰ ਬੜਾ ਗੰਦਾ ਕੰਮ ਦਰਸਾਇਆ ਜਾਂਦਾ ਸੀ।

ਹੁਣ ਆਪਣੀ ਏਸੇ ਸੋਚ ਤੇ ਮੈਂ ਹੱਸੇ ਬਿਨਾ ਨਾ ਰਹਿ ਸਕੀ। ਸ਼ਾਰਦਾ ਨਾਲ ਬਿਤਾਏ ਪਲਾਂ ਦੀ ਮਿੱਠੀ ਮਿੱਠੀ ਯਾਦ ਮਨ ਨੂੰ ਗੁਦਗੁਦਾਜ਼ ਕਰ ਰਹੀ ਸੀ।

ਜਦੋਂ ਦਾ ਸ਼ਾਰਦਾ ਨਾਲ ਮੁੜ ਰਾਬਤਾ ਕਾਇਮ ਹੋਇਆ ਓਹ ਪੁਰਾਣੀਆਂ ਹੋਈਆਂ ਬੀਤੀਆਂ ਮੁੜ ਤੋਂ ਯਾਦ ਆ ਰਹੀਆਂ ਹਨ।

ਪਤਾ ਨਹੀਂ ਕੀ ਗੱਲਾਂ ਕਰਦੀਆਂ ਸਾਂ,ਓਦੋਂ ਸਾਲ ਦਰ ਸਾਲ ਵੱਡੀਆਂ ਹੁੰਦੀਆਂ ਗਈਆਂ ਪਰ ਸਾਡਾ ਬਹੁਤ ਸਾਰਾ ਸਮਾਂ ਅਜੇ ਵੀ ਇਕੱਠੀਆਂ ਦਾ ਹੀ ਲੰਘਦਾ।

ਸ਼ਾਰਦਾ ਨੂੰ ਪੀਰੀਅਡਸ ਆ ਗਏ...ਕਈ ਦਿਨ ਅਸੀਂ ਇਸੇ ਬਾਰੇ ਘੁਸਰ-ਮੁਸਰ ਕਰਦੀਆਂ ਰਹੀਆਂ...ਮੈਨੂੰ ਵੀ ਆਉਣਗੇ...? ਬੇਚੈਨੀ ਵਿੱਚ ਸਮਾਂ ਲੰਘਦਾ। ਸ਼ਾਰਦਾ ਦੀ ਮੰਮੀ ਨੇ ਉਸ ਨੂੰ ਬਰਾ ਵੀ

ਲਿਆ ਦਿੱਤੀ। ਓਹ ਇਕ ਦਮ ਵੱਡੀ ਹੋ ਗਈ ਹੋਵੇ ਜਿਵੇਂ...।

ਗੁੱਡੀਆਂ ਪਟੋਲਿਆਂ ਦੀ ਥਾਂ ਸਾਡੀਆਂ ਗੱਲਾਂ ਹੁਣ ਬਦਲ ਗਈਆਂ ਸਨ। ਸਕੂਲ ਆਉਂਦੇ ਜਾਂਦੇ ਅਸੀਂ ਇੰਤਾਕਸ਼ਰੀ ਖੇਡਦੀਆਂ ਗਾਨਿਆਂ ਦੀ ਲੜੀ ਮੁੱਕਣ ਨਾ ਦਿੰਦੀਆਂ, ਹਿੰਦੀ ਗਾਣੇ ਮੁੱਕਦੇ ਤਾਂ ਪੰਜਾਬੀ ਛੋਹ ਲੈਂਦੀਆਂ। ਜਿੱਥੇ ਇੱਕ ਦਿਨ ਲੜੀ ਟੁੱਟਦੀ ਓਥੋਂ ਫੇਰ ਦੂਸਰੇ ਦਿਨ ਛੋਹ ਲੈਂਦੀਆਂ। ਕਿੰਨੇ ਕਿੰਨੇ ਦਿਨ ਸਾਡੇ ਗਾਣੇ ਨਾ ਮੁੱਕਣੇ। ਕਈ ਗੀਤ ਤਾਂ ਪੂਰੇ ਪੂਰੇ ਵੀ ਗਾਉਣ ਲਗ ਜਾਂਦੀਆਂ।

ਪਰ ਇਹ ਸਭ ਸਾਡੇ ਦੋਹਾਂ ਵਿੱਚ ਹੀ ਰਹਿੰਦਾ। ਉਂਝ ਸਕੂਲ ਆਉਂਦੇ ਜਾਂਦਿਆਂ ਹੁਣ ਮੁੰਡਿਆਂ ਦੀ ਨੀਤ ਵੀ ਪਛਾਨਣ ਲਗ ਪਈਆਂ ਸਾਂ।

ਐਵੇਂ ਹੀ ਇਕ ਦੂਜੀ ਨੂੰ ਛੇੜਦੀਆਂ...ਤੂੰ ਓਹਦੇ ਨਾਲ ਗੱਲ ਕਰ ਲੈ, ਵੇਖ ਤੈਨੂੰ ਕਿਵੇਂ ਵੇਖ ਰਿਹਾ..., ਬਸ ਗੱਲੀਂ ਬਾਤੀਂ ਅਸੀਂ ਰੁੱਝੀਆਂ ਰਹਿੰਦੀਆਂ।

ਹਿੱਕ ਦੇ ਉਭਾਰਾਂ ਨੂੰ ਘੜੀ ਮੁੜੀ ਚੁੰਨੀ ਨਾਲ ਢੱਕਦੀਆਂ, ਪਤਾ ਨਹੀਂ ਸੰਗ ਦੇ ਮਾਰਿਆਂ ਕੇ ਜਾਂ ਫਿਰ ਅਜੀਬ ਜ਼ਹਿਨੀ ਹਾਲਤ ਦੇ ਚਲਦਿਆਂ, ਮੋਢਿਆਂ ਨੂੰ ਅਗਾਂਹ ਨੂੰ ਝੁਕਾ ਕੇ ਤੁਰਨ ਦੀ ਆਦਤ ਪੈ ਗਈ ਸੀ, ਮੈਨੂੰ।

ਜਿਵੇਂ ਵੱਡਿਆਂ ਹੋਣਾ, ਕੋਈ ਗੁਨਾਹ ਹੋਵੇ ...ਤੇ ਫਿਰ ਜਦੋਂ ਮੈਨੂੰ ਪੀਰੀਅਡਜ਼ ਆਏ ਤਾਂ ਸ਼ਾਰਦਾ ਨੇ ਹੀ ਮੈਨੂੰ ਸਾਰੇ ਰੱਖ ਰਖਾਵ ਦੱਸੇ ਸਨ।

ਕਿੰਨਾ ਕੁਝ ਸਾਂਝਾ ਸੀ ਸਾਡੇ ਦਰਮਿਆਨ... ਗੁੱਡੀਆਂ ਪਟੋਲੇ ਤਾਂ ਨਹੀਂ ਸਨ, ਪਰ ਕਮਰਾ ਅਜੇ ਵੀ ਓਹੀ ਸੀ ਸਾਡਾ...।

ਅੰਗਾਂ ਦੇ ਵਿਕਾਸ ਨੇ ਸਾਡੇ ਦੋਹਾਂ ਦੀ ਜ਼ਿਹਨੀ ਕੈਫ਼ੀਅਤ ਨੂੰ ਅਜੀਬ ਜਿਹਾ ਸੋਚਣ ਲਾ ਦਿੱਤਾ ਸੀ। ਇਕ ਦੂਜੇ ਕੋਲ ਬੈਠੀਆਂ ਅਸੀਂ ਇਕ ਦੂਜੇ ਦਾ ਹੱਥ ਫੜ ਲੈਂਦੀਆਂ, ਘੁੱਟ ਕੇ ਇੱਕ ਦੂਜੇ ਨੂੰ ਜੱਫ਼ੀ ਪਾ ਲੈਂਦੀਆਂ ...ਤੇ ਫਿਰ ਹੋਰ ਹੋਰ ਘੁਟਦੀਆਂ ਕਿ ਸਾਡੇ ਅੰਗ ਇੱਕ ਦੂਜੀ ਨਾਲ ਛੂੰਹਦੇ ਅਜੀਬ ਜਿਹਾ ਸਵਾਦ ਆਉਂਦਾ। ਪਤਾ ਨਹੀਂ ਕੀ ਸੀ ਇਹ , ਪਰ ਇੱਕ ਦੂਜੀ ਦਾ ਸਾਥ ਬੜਾ ਚੰਗਾ ਲਗਦਾ। ਨੇੜਤਾ ਵੱਧਦੀ ਤਾਂ ਬੂਹਾ ਖੁੱਲਣ ਦਾ ਧਿਆਨ ਵੀ ਰੱਖਣਾ ਪੈਂਦਾ ਸੀ। ਪਤਾ ਨਹੀਂ ਸ਼ਾਰਦਾ ਦਾ ਭਰਾ ਕਦੋਂ ਖ਼ਰੂਦ ਪਾ ਦੇਵੇ। ਪੜਾਈ ਵੀ ਜਾਰੀ ਰਹੀ ਅਤੇ ਸਾਡੀ ਨੇੜਤਾ ਵੀ... ਖ਼ੁਮਾਰੀ ਜਿਹੀ ਦਾ ਆਲਮ...।

ਬਸ ਫਿਰ ਸ਼ਾਰਦਾ ਦਾ ਵਿਆਹ ਹੋ ਗਿਆ। ਵਿਆਹ ਕੇ ਓਹ ਕੈਨੇਡਾ ਚਲੀ ਗਈ। ਘਰਵਾਲਾ ਚੰਗਾ ਨਾ ਟੱਕਰਿਆ, ਇਕ ਬੇਟੀ ਹੋ ਗਈ...ਤੇ ਫਿਰ ਪਤਾ ਲੱਗਾ ਕਿ ਉਸ ਨੇ ਘਰਵਾਲੇ ਤੋਂ ਤਲਾਕ ਲੈ ਲਿਆ। ਸੋਹਣੀ ਸੁਨੱਖੀ ਔਰਤ, ਮਿਹਨਤ ਕੀਤੀ ਅਤੇ ਆਪਣੇ ਪੈਰਾਂ ਤੇ ਖੜੀ ਹੋ ਗਈ। ਆਪਣੀ ਬੇਟੀ ਨਾਲ ਹੀ ਖੁਸ਼ ਸੀ। ਮੁੜ ਵਿਆਹ ਨਹੀਂ ਕਰਵਾਇਆ।

ਇਉਂ ਆਪਣੀ ਆਪਣੀ ਗ੍ਰਹਿਸਥੀ ਵਿੱਚ ਡੁੱਬਦੀਆਂ ਤਰਦੀਆਂ ਲੰਮੇ ਅੰਤਰਾਲ ਤੋਂ ਬਾਅਦ ਹੁਣ ਉਸ ਨੂੰ ਲੱਭਿਆ, ਓਹ ਵੀ ਫੇਸ ਬੁੱਕ ਰਾਹੀਂ। ਫਰੈਂਡ ਰਿਕਵੈਸਟ ਉਸ ਨੇ ਸਵੀਕਾਰ ਕਰ ਲਈ ਸੀ। ਫੋਨ ਨੰਬਰ ਸਾਂਝਾ ਹੋਇਆ ਤਾਂ ਲੰਮੀ ਗੱਲਬਾਤ ਹੋਈ। ਕਿੰਨਾ ਕੁੱਝ ਨਵਾਂ ਤੇ ਬਹੁਤ ਕੁੱਝ ਪੁਰਾਣਾ ਚੇਤਿਆਂ ਵਿੱਚ ਹਸਤਾਖ਼ਰ ਕਰਦਾ ਚਲਾ ਗਿਆ।

ਯਾਦਾਂ ਦੀਆਂ ਘੁੰਮਣਘੇਰੀਆਂ ਅਹਿਸਾਸਾਂ ਦੀ ਬੇੜੀ ਵਿੱਚ ਹਿਚਕੋਲੇ ਲੈਣ ਲਗੀਆਂ। ਸਮੇਂ ਦੀ ਜੀਵਨ ਗਾਥਾ ਤੇ ਲਿਖੇ ਹਰਫ਼ਾਂ ਵਾਂਗ ਸਭ ਚਮਕਦਾਰ ਦਿਸਣ ਲੱਗ ਪਿਆ। ਭੁੱਲੇ ਵਿਸਰੇ ਗਾਏ ਗੀਤ ਮੁੜ ਸੁਨਣ ਦਾ ਸਵਾਦ ਆਉਣ ਲੱਗਾ। ਦੂਰ ਹੋ ਕੇ ਵੀ ਅਸੀਂ ਨੇੜੇ ਹੋਣ ਦੀ ਕੈਫ਼ੀਅਤ ਜਿਉਂ ਰਹੀਆਂ ਸਾਂ।

ਤਪਦੇ ਦਿਲ ਨੂੰ ਕੁਝ ਰਾਹਤ ਜ਼ਰੂਰ ਮਹਿਸੂਸ ਹੋਈ। ਅੱਜ ਕਲ ਮਨ ਕੁਝ ਪਰਚਿਆ ਪਰਚਿਆ ਰਹਿਣ ਲੱਗਿਆ। ਓਹ ਕਹਿੰਦੇ ਨੇ ਕਿ ਉਦਾਸ ਪਲਾਂ ਵਿੱਚ ਕੁੱਝ ਚੰਗੀਆਂ ਹੋਈਆਂ ਬੀਤੀਆਂ ਘੜੀਆਂ ਨੂੰ ਯਾਦ ਕਰ ਲੈਣਾ ਚਾਹੀਦਾ ਹੈ।

ਮੈਂ ਉਦਾਸ ਸਾਂ। ਕੁਝ ਤਾਂ ਇਹਨਾਂ ਸਰੀਰਕ ਤਬਦੀਲੀਆਂ ਕਰਕੇ ਚਿੜਚਿੜਾਪਨ ਹਾਵੀ ਰਹਿੰਦਾ ਤੇ ਦੂਸਰਾ ਸੁਧੀਰ ਦੇ ਵਿਹਾਰ ਕਰਕੇ। ਓਸ ਦੀ ਮੇਰੇ ਪ੍ਰਤੀ ਬੇਰੁਖੀ ਹੋਰ ਤਕਲੀਫ਼ਦੇਹ ਹੁੰਦੀ ਜਾ ਰਹੀ ਸੀ। ਇਹਨਾਂ ਦੋਵਾਂ ਮੁਹਾਜ਼ਾਂ ਤੇ ਲੜਦਿਆਂ ਉਦਾਸੀ, ਨਿਰਾਸ਼ਾ, ਸੁੰਨਾਪਨ ਮੈਨੂੰ ਘੇਰੀ ਰੱਖਦਾ।

ਭਲਾ ਬੱਚਿਆਂ ਨਾਲ ਕਿਵੇਂ ਸਾਂਝਾ ਕਰਾਂ ਇਹ ਸਭ...ਬੇਟੀ ਕੁਝ ਕੁਝ ਸਮਝ ਲੈਂਦੀ ਪਰ ਓਹ ਵੀ ਆਪਣੀ ਮੈਡੀਕਲ ਦੀ ਪੜ੍ਹਾਈ ਵਿੱਚ ਮਸਰੂਫ਼ ਰਹਿੰਦੀ...ਤੇ ਬੇਟੇ ਦਾ ਤਾਂ ਕਹਿਣਾ ਹੀ ਕੀ...ਉਸ ਨੂੰ ਆਪਣੇ ਦੋਸਤਾਂ ਅਤੇ ਪਾਰਟੀਆਂ ਤੋਂ ਹੀ ਫ਼ੁਰਸਤ ਨਹੀਂ ਸੀ। ਦਾਦਾ ਦਾਦੀ ਦਾ ਲਾਡਲਾ ਪੋਤਾ ...ਕਿਸੇ ਦੀ ਕੀ ਮਜ਼ਾਲ ਕੇ ਉਸ ਨੂੰ ਕੁਝ ਆਖ ਸਕੇ। ਪੂਰਾ ਝਮਲਾਇਆ ਹੋਇਆ ਸੀ ਓਹਨਾਂ ਦਾ...।

ਚਲੋ ਓਹਨਾਂ ਦੀਆਂ ਓਹ ਜਾਨਣ ਸੁਧੀਰ ਮੇਰੇ ਤੋਂ ਦੂਰ ਹੋਰ ਦੂਰ ਹੁੰਦਾ ਜਾ ਰਿਹਾ ਸੀ। ਕਦੀ ਕਦੀ ਤਾਂ ਮੈਨੂੰ ਇਵੇਂ ਲੱਗਦਾ ਕੇ ਜਿਵੇਂ ਹੁਣ ਮੇਰੇ ਵਿੱਚ ਓਹ ਪਹਿਲਾਂ ਵਾਲੀ ਗੱਲ ਨਹੀਂ ਰਹੀ। ਭਾਰ ਵੀ ਵੱਧ ਗਿਆ ਸੀ ਅਤੇ ਉੱਤੋਂ ਇਹ ਹੌਟ ਫਲੈਸ਼ਿਜ਼, ਮੂਡ ਸਵਿੰਗਸ, ਪੈਰਾਂ ਵਿਚਲਾ ਸੇਕ...ਅਜੀਬ ਜ਼ਹਿਨੀ ਹਾਲਤ ਵਿੱਚ ਮੈਂ ਇਕੱਲੀ, ਨਿਤਾਂਤ ਇਕੱਲੀ....ਆਪਣੇ ਆਪ ਨਾਲ ਘੁਲ਼ ਰਹੀ....। ਡਾਕਟਰ ਤਾਂ ਇਸ ਨੂੰ ਕੁਦਰਤੀ ਵਰਤਾਰਾ ਦੱਸ ਕੇ ਕੈਲਸ਼ੀਅਮ ਅਤੇ ਵਿਟਾਮਿਨ ਲੈਣ ਲਈ ਲਾਜ਼ਮੀ ਕਰਦਿਆਂ ਗੱਲੀਂ ਬਾਤੀਂ ਪੂਰੀ ਤਸੱਲੀ ਕਰਵਾ ਦਿੰਦੇ।

'ਜਿਸ ਤਨ ਲੱਗੇ ਸੋ ਤਨ ਜਾਣੇ ਕੌਣ ਜਾਣੇ ਪੀੜ ਪਰਾਈ' ਮੇਰੀਆਂ ਦੁਸ਼ਵਾਰੀਆਂ ਤਾਂ ਮੈਨੂੰ ਹੀ ਕੱਟਣੀਆਂ ਪੈਣੀਆਂ ਸਨ। ਕਦੀ ਕਦੀ ਤਾਂ ਦਿਲ ਕਰਦਾ ਕੇ ਸਭ ਕੁੱਝ ਛੱਡ ਛਡਾ ਕੇ ਕਿਤੇ ਦੂਰ ਚਲੀ ਜਾਵਾਂ। ਹੁਣ ਇਸ ਘਰ ਨੂੰ ਵੀ ਮੇਰੀ ਕੋਈ ਲੋੜ ਨਹੀਂ ਰਹੀ। ਉਂਝ ਮੈਂ ਰੁਟੀਨ ਦੇ ਕੰਮ ਕਾਰ ਕਰਦੀ ਰਹਿੰਦੀ। ਜੇ ਦਿਲ ਨਾ ਕਰਦਾ ਤਾਂ ਚੁੱਪ ਚਾਪ ਆਪਣੇ ਕਮਰੇ ਵਿੱਚ ਸੁੱਤੀ ਰਹਿੰਦੀ। ਹੁਣ ਤਾਂ ਜਿਵੇਂ ਮੈਂ ਵੀ ਘਰ ਪ੍ਰਤੀ ਅਵੇਸਲੀ ਹੋਣ ਲਗ ਪਈ ਸਾਂ।

ਘਰ, ਬੱਚੇ, ਪਰਿਵਾਰ ਸਭ ਦੇ ਸਭ ਰਿਸ਼ਤੇ ਜਜ਼ਬਾਤਾਂ ਰਾਹੀਂ ਹੀ ਜੁੜੇ ਹੁੰਦੇ ਨੇ... ਪਰ ਦੂਸਰੇ ਪਾਸੇ ਘਰ ਇਕ ਅਜਿਹੀ ਦਲਦਲ ਦੀ ਨਿਆਂਈ ਹੁੰਦਾ, ਜੋ ਬੰਦੇ ਨੂੰ ਜਿਊਣ ਵੀ ਨਹੀਂ ਦਿੰਦੀ ਤੇ ਮਰਨ ਵੀ...। ਬਸ ਖੁਭੇ ਰਹੋ, ਨਾ ਜੀਓ ਨਾ ਮਰੋ, ਹਵਾ ਵਿੱਚ ਉਲਟੇ ਲਟਕੇ ...ਡਿੱਗਣ ਡਿੱਗਣ ਕਰਦੇ। ਕਿਤੇ ਕੋਈ ਖਿੜਕੀ ਤਾਂ ਹੋਵੇ ਸਾਹ ਲੈਣ ਲਈ...। ਤਾਂ ਹੀ ਤਾਂ ਮੇਰੀ ਉਮਰੇ ਦੀਆਂ ਬਹੁਤੀਆਂ ਔਰਤਾਂ ਡਿਪਰੈੱਸ਼ਨ ਦਾ ਸ਼ਿਕਾਰ ਹੋ ਜਾਂਦੀਆਂ।

ਕਈ ਵਾਰ ਮੈਨੂੰ ਲੱਗਦਾ,ਮੇਰਾ ਇੰਝ ਸੋਚਣਾ ਬਿਲਕੁਲ ਨਿਰਮੂਲ ਹੈ ਇਹ ਸਭ ਤਾਂ ਐਵੇਂ ਹੀ ਮੇਰੇ ਦਿਲ ਦੀ ਕਾਢ ਹੈ ਸਭ ਕੁਝ ਤਾਂ ਓਵੇਂ ਦਾ ਓਵੇਂ ਹੀ ਹੈ ਪਰ ਫਿਰ ਇਹ ਵੈਕੂਉਮ ਜਿਹਾ ਕੀ ਹੋਇਆ, ਭਲਾ?

ਜਦੋਂ ਕਦੀ ਜਿਆਦਾ ਹੀ ਬੇਚੈਨੀ ਹੁੰਦੀ ਤਾਂ ਮੈਂ ਖ਼੍ਰੀਦਦਾਰੀ ਕਰਨ ਤੁਰ ਪੈਂਦੀ

ਆਪਣੀ ਪੂਰੀ ਦੀ ਪੂਰੀ ਖਿਝ ਫਰਸਟ੍ਰੇਸ਼ਨਪੈਸਿਆਂ ਨੂੰ ਬੇਦਰਦੀ ਨਾਲ ਖ਼ਰਚ ਕਰਨ ਵਿੱਚ ਕੱਢ ਲੈਂਦੀ।

ਦਾਲਾਂ , ਸਬਜੀਆਂ, ਫਰੂਟ ਨਾਲ ਘਰ ਭਰ ਦਿੰਦੀ। ਦੋਵੇਂ ਫਰਿਜਾਂ ਫੁਲ ਬਟਾ ਫੁਲ ਭਰ ਜਾਂਦੀਆਂ। ਹੋਰ ਨਹੀਂ ਤਾਂ ਕਿਸੇ ਨਰਸਰੀ ਵਿਚੋਂ ਬੂਟੇ ਚੱਕ ਲਿਆਉਂਦੀ, ਮਾਲੀ ਨੂੰ ਉਡੀਕੇ ਬਿਨਾ ਹੀ ਬੂਟੇ ਲਾਉਣ

ਲੱਗ ਜਾਂਦੀ।

ਬੀਜੀ ਮਾੜੀ ਮੋਟੀ ਤਿੜ ਫਿੜ ਕਰਦੇ ਤਾਂ ਮੈਂ ਓਹਨਾਂ ਦਾ ਵੀ ਘਰ ਪੂਰਾ ਕਰ ਦਿੰਦੀ। "ਕੋਈ ਗੱਲ ਨਹੀਂ ਬੀਜੀ ਵਸਦੇ ਘਰਾਂ ਵਿੱਚ ਚੀਜ਼ਾਂ ਦੀ ਲੋੜ ਪਈ ਹੀ ਰਹਿੰਦੀ ਆ। ਏਥੇ ਤਾਂ ਲੋਕ ਬੰਦਿਆਂ ਨੂੰ ਵਰਤ ਜਾਂਦੇ ਨੇ ਇਹ ਤਾਂ ਫਿਰ ਵੀ ਚੀਜ਼ਾਂ ਨੇ, ਵਰਤੀਆਂ ਹੀ ਜਾਣੀਆਂ।"

ਬੀਜੀ ਸੁਧੀਰ ਨੂੰ ਘੇਰ ਲੈਂਦੇ, "ਅਖੇ ਤੂੰ ਘਰ ਨੂੰ ਸਮਾਂ ਨਹੀਂ ਦਿੰਦਾ।"

ਸੁਧੀਰ ਦੇ ਕੰਨ ਤੇ ਜੂੰ ਨਾ ਸਰਕਦੀ। ਪਤਾ ਨਹੀਂ ਓਹ ਕਿਉਂ ਮੈਨੂੰ ਫੋਰ ਗ੍ਰਾਂਟਿਡ ਲੈਣ ਲੱਗ ਪਿਆ ਸੀ।

"ਚਲੋ ਛੱਡੋ ! ਮੈਂ ਹੀ ਕਿਉਂ ਪ੍ਰਵਾਹ ਕਰਾਂ ਦਫ਼ਾ ਕਰੋ, ਨਹੀਂ ਤਾਂ ਨਾ ਸਹੀ...ਮੈਨੂੰ ਕੋਈ ਬਹੁਤੀ ਲੋੜ ਆ।" ਸੋਚਦਿਆਂ ਮੈਂ ਲਾਪ੍ਰਵਾਹ ਹੋਣ ਦੀ ਲੱਖ ਕੋਸ਼ਿਸ਼ ਕਰਦੀ ਪਰ ਫਿਰ ਕਿਤੇ ਨਾ ਕਿਤੇ ਮਨ ਵਿੱਚ ਟੀਸ ਉੱਠ ਖੜਦੀ।

ਇਹ ਘਰ, ਇਹ ਵਿਆਹ ਦੀ ਮਿੱਠੀ ਕੈਦ, ਘੁਣ ਵਾਂਗ ਔਰਤ ਦੇ ਸੁਪਨੇ ਖਾ ਜਾਂਦੀ। ਪਤਾ ਓਦੋਂ ਹੀ ਲਗਦਾ ਹੈ ਜਦੋਂ ਖੋਖਲੀ ਹੋਈ ਔਰਤ ਧੜੱਮ ਦੇਣੀ ਡਿੱਗ ਜਾਂਦੀ।

ਹੁਣ ਤਾਂ ਇਉਂ ਲਗਦਾ ਸੀ, ਜਿਵੇਂ ਇਸ ਘਰ ਵਿੱਚ ਮੇਰੀ ਕੋਈ ਹੋਂਦ ਹੀ ਨਾ ਹੋਵੇ। ਘਰ ਵਿੱਚ ਦੌਲਤ ਦੇ ਨਾਲ ਨਾਲ ਸੁੱਖ ਸਹੂਲਤਾਂ ਤਾਂ ਆਈਆਂ ਹੀ ਘਰ ਦੇ ਕੰਮਾਂ ਲਈ ਵੀ ਨੌਕਰਾਂ ਦੇ ਆਉਣ ਨਾਲ ਹੁਣ ਮੈਂ ਵਿਹਲੀ ਹੋ ਗਈ ਸਾਂ।

ਸਾਰਾ ਦਿਨ ਆਪਣੇ ਕਮਰੇ ਵਿੱਚ ਬੈਠਿਆਂ ਨੈੱਟਫਲਿਕਸ ਤੇ ਵੈੱਬ ਸੀਰੀਜ਼ ਵੇਖਣੀਆਂ ਤੇ ਥੱਕ ਹਾਰ ਕੇ ਸੌਂ ਜਾਣਾ। ਬਲੱਡ ਪਰੈਸ਼ਰ ਵੀ ਕੁਝ ਵਧਣ ਲਗ ਪਿਆ ਸੀ।

ਹਾਲਤ ਇਹ ਹੋ ਗਈ ਸੀ ਕਿ ਕਿਸੇ ਨਾਲ ਬੋਲਣ ਚਾਲਣ ਨੂੰ ਵੀ ਦਿਲ ਨਹੀਂ ਸੀ ਕਰਦਾ। ਮਨ ਨੂੰ ਕੋਈ ਗੱਲ ਨਾ ਪੋਹੰਦੀ ਹੋਵੇ, ਜਿਵੇਂ ਕੋਈ ਚਾਅ , ਕੋਈ ਕਿੱਕ...ਨਹੀਂ ਸੀ ਕਿਧਰੇ,ਕੋਈ...।

ਡਾਕਟਰ ਮੁਤਾਬਕ ਮੈਂ ਡਿਪਰੈੱਸ਼ਨ ਦਾ ਸ਼ਿਕਾਰ ਹੋ ਗਈ ਸਾਂ। ਉਸ ਨੇ ਲਗਾਤਾਰ ਦਵਾਈਆਂ ਲੈਣ ਦੀ ਸਲਾਹ ਦਿੱਤੀ ਸੀ।

ਪਤਾ ਸੀ ਮੈਨੂੰ ਕੇ ਆਪਣੇ ਆਪ ਦਾ ਧਿਆਨ ਰੱਖਣਾ ਮੇਰੀ ਹੀ ਜ਼ਿੰਮੇਵਾਰੀ ਹੈ... ਪਰ ਮੈਂ ਕੀ ਕਰਦੀ...ਮੇਰਾ ਆਪਾ ਹੀ ਮੇਰੇ ਵਿਰੁੱਧ ਮੁਹਾਜ਼ ਲਾਈ ਖੜ੍ਹਾ ਹੁੰਦਾ।

ਜਦੋਂ ਦਾ ਸ਼ਾਰਦਾ ਨਾਲ ਰਾਬਤਾ ਕਾਇਮ ਹੋਇਆ ...ਕੁਝ ਚੰਗਾ ਚੰਗਾ ਜਿਹਾ ਲਗ ਰਿਹਾ।

ਉਸ ਦਿਨ ਤਾਂ ਮੈਂ ਸੁਧੀਰ ਨੂੰ ਫ਼ੁਰਮਾਨ ਹੀ ਲਾ ਦਿੱਤਾ ਸੀ।ਆਪਾਂ ਕੈਨੇਡਾ ਜਾਣਾ ...ਮੈਨੂੰ ਕੁਝ ਨਹੀਂ ਪਤਾ...ਜਾਣਾ ਹੈ ਤਾਂ ਬਸ ਜਾਣਾ ਹੀ ਜਾਣਾ... ਮੇਰਾ ਤੇ ਸੁਧੀਰ ਦਾ ਵੀਜ਼ਾ ਲੱਗ ਕੇ ਆ ਗਿਆ ਅਤੇ ਐਨ ਆਖਰੀ ਮੌਕੇ ਤੇ ਉਹ ਮੁਕਰ ਗਿਆ, ਓਹੀ ਕੰਮ ਦਾ ਬਹਾਨਾ।

ਪਰ ਮੈਂ ਤਾਂ ਜਾਣ ਲਈ ਬਜਿੱਦ ਸਾਂ ਤੇ ਮੇਰੀ ਜ਼ਿੱਦ ਪੂਰੀ ਵੀ ਹੋ ਗਈ।

ਸ਼ਾਰਦਾ ਏਅਰਪੋਰਟ ਤੇ ਹੀ ਮੈਨੂੰ ਲੈਣ ਆਈ ਹੋਈ ਸੀ। ਓਹੋ ਜਿਹੀ ਦੀ ਓਹੋ ਜਿਹੀ...ਸਗੋਂ ਪਹਿਲਾਂ ਨਾਲੋਂ ਵੀ ਵੱਧ ਨਿੱਖਰੀ ਹੋਈ, ਤੰਦਰੁਸਤ ਲਗ ਰਹੀ ਸੀ। ਹਾਂ, ਵਾਲ ਜ਼ਰੂਰ ਛੋਟੇ ਕਰਵਾਏ ਹੋਏ ਸਨ। ਇਕ ਵਾਰ ਤਾਂ ਮੇਰੀ ਪਹਿਚਾਣ ਵੀ ਧੋਖਾ ਖਾ ਗਈ ਸੀ... ਪਰ ਨਹੀਂ ਉਸ ਦੀ ਗੱਲਵੱਕੜੀ ਦੀ ਨਿੱਘ ਅਤੇ ਉਮਾਹ ਨਾਲ ਮਿਲਣੀ...ਇਹ ਓਹੀ ਸ਼ਾਰਦਾ ਸੀ...ਮੇਰੇ ਬਚਪਨ ਦੀ ਸਹੇਲੀ,ਤੇ ਸਹੇਲੀ ਤੋਂ ਵੀ ਅਘਾਂ ਕਈ ਕੁਝ...।

ਐਨੇ ਸਾਲਾਂ ਬਾਅਦ ਮਿਲੀਆਂ ਸਹੇਲੀਆਂ ਦੀਆਂ ਗੱਲਾਂ ਕਿਹੜੀਆਂ ਥੋੜੀਆਂ ਹੁੰਦੀਆਂ। ਘਰ

ਵਾਲੇ ਤੋਂ ਅਲਹਿਦਗੀ, ਬਿਗਾਨੇ ਮੁਲਕ ਵਿੱਚ ਇਕੱਲਿਆਂ ਸਿਰ ਪਈ ਨੂੰ ਨਜਿੱਠਣਾ, ਬੇਟੀ ਦੀ ਪਰਵਰਿਸ਼ ਕੋਈ ਜਭੇ ਵਾਲੀ ਔਰਤ ਹੀ ਕਰ ਸਕਦੀ ਸੀ। ਉਹ ਜਿਉਂ ਜਿਉਂ ਆਪਣੇ ਬਾਰੇ ਦੱਸ ਰਹੀ ਸੀ, ਤਿਉਂ ਤਿਉਂ ਮੈਂ ਉਸ ਦੇ ਹੌਂਸਲੇ ਤੇ ਹਿੰਮਤ ਦੀ ਦਾਦ ਦੇ ਰਹੀ ਸਾਂ।

ਮੁਸ਼ਕਲਾਂ ਨੇ ਸਗੋਂ ਉਸ ਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੋਇਆ ਸੀ। ਦੋ-ਦੋ, ਤਿੰਨ-ਤਿੰਨ ਨੌਕਰੀਆਂ ਕਰਦਿਆਂ ਹੁਣ ਓਹ ਚੰਗੀ ਸੈਟਲ ਹੋ ਗਈ ਸੀ। ਬੇਟੀ ਵੀ ਦੂਸਰੇ ਸ਼ਹਿਰ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਸੀ। ਮਾਂ ਧੀ ਦੀ ਆਪਣੀ ਹੀ ਦੁਨੀਆ ਸੀ, ਬਸ...। ਇਸ ਵਿੱਚ ਹੋਰ ਕਿਸੇ ਦੀ ਕੋਈ ਗੁੰਜਾਇਸ਼ ਹੀ ਨਹੀਂ ਛੱਡੀ ਸੀ ਦੋਵਾਂ ਨੇ...।

ਹੁਣ ਪਤਾ ਲੱਗਿਆ ਕਿ ਜਦੋਂ ਕਿਸੇ ਨੂੰ ਬੜੇ ਚਿਰ ਬਾਅਦ ਮਿਲੀਏ ਅਤੇ ਗੱਲਾਂ ਵੀ ਬਹੁਤ ਸਾਰੀਆਂ ਕਰਨ ਵਾਲੀਆਂ ਹੋਣ ਤਾਂ ਫਿਰ ਸਮਝ ਨਹੀਂ ਆਉਂਦੀ ਕੇ ਗੱਲ ਕਿੱਥੋਂ ਸ਼ੁਰੂ ਕਰੀਏ...ਕਿਹੜੀ ਪਹਿਲਾਂ ਤੇ ਕਿਹੜੀ ਪਿੱਛੋਂ ...ਤੇ ਫਿਰ ਅਜਿਹੀ ਮਨੋਅਵੱਸਥਾ ਵਿੱਚ ਜਿਵੇਂ ਗੱਲ ਹੀ ਨਹੀਂ ਹੁੰਦੀ , ਸਗੋਂ ਮੌਨ ਛਾ ਜਾਂਦਾ।

ਘਰ ਜਾਂਦਿਆਂ ਰਵਾਇਤੀ ਜਿਹੀਆਂ ਗੱਲਾਂ ਹੁੰਦੀਆਂ ਰਹੀਆਂ। ਸ਼ਾਰਦਾ ਦੇ ਆਉਣ ਤੋਂ ਬਾਅਦ ਓਹਦਾ ਭਰਾ ਵੀ ਕੈਨੇਡਾ ਆ ਗਿਆ ਅਤੇ ਕਦੀ ਕਦਾਈਂ ਗੇੜਾ ਮਾਰ ਜਾਂਦਾ...ਆਪਣੇ ਘਰ ਪਰਿਵਾਰ ਵਿੱਚ ਮਗਨ...।

ਹਾਲਾਤ ਦੇ ਥਪੇੜਿਆਂ ਨੇ ਸ਼ਾਰਦਾ ਨੂੰ ਕਠੋਰ ਬਣਾ ਦਿੱਤਾ ਸੀ, ਸ਼ਾਇਦ...। ਉਹ ਭਿੱਜੀ-ਭਿੱਜੀ ਨਿੱਘੀ -ਨਿੱਘੀ ਸ਼ਾਰਦਾ ਤਾਂ ਪਤਾ ਨਹੀਂ ਕਿੱਥੇ ਚਲੀ ਗਈ ਸੀ? ਇਕ ਵਾਰ ਤਾਂ ਲੱਗਿਆ ਕੇ ਮੈਂ ਕਿਤੇ ਗਲਤੀ ਤਾਂ ਨਹੀਂ ਕਰ ਲਈ।

ਬੇਟੀ ਦਾ ਫੋਨ ਜ਼ਰੂਰ ਆਇਆ ਸੀ ਉਸੇ ਨੇ ਹੀ ਸੁਧੀਰ ਤੇ ਹੋਰਨਾਂ ਨੂੰ ਮੇਰੇ ਸੁੱਖੀ ਸਾਂਦੀ ਪਹੁੰਚਣ ਦੀ ਰਿਪੋਰਟ ਦੇ ਦਿੱਤੀ ਸੀ।

ਸਮਾਨ ਕਮਰੇ ਵਿਚ ਟਿਕਾਉਣ ਤੋਂ ਬਾਅਦ ਸ਼ਾਰਦਾ ਚਾਹ ਬਣਾਉਣ ਲਈ ਰਸੋਈ ਵੱਲ ਹੋ ਤੁਰੀ। ਮੈਂ ਕੱਪੜੇ ਕੱਢ ਨਹਾਉਣ ਲਈ ਬਾਥਰੂਮ ਵਿੱਚ ਜਾ ਵੜੀ। ਘਰ ਜੇ ਬਹੁਤਾ ਵੱਡਾ ਨਹੀਂ ਤਾਂ ਛੋਟਾ ਵੀ ਨਹੀਂ ਸੀ। ਸੁੱਖ ਸੁਵਿਧਾ ਦੀਆਂ ਸਾਰੀਆਂ ਚੀਜ਼ਾਂ ਸਨ, ਉਥੇ...ਮੈਨੂੰ ਨਹਾ ਕੇ ਆਈ ਨੂੰ ਸ਼ਾਰਦਾ ਨੇ ਇਕ ਵਾਰ ਫਿਰ ਗਲਵਕੜੀ ਵਿਚ ਘੁੱਟ ਲਿਆ।

ਆਹਾ, ਆਹ ਹੋਈ ਨਾ ਗੱਲ, ਹੁਣ ਮੈਨੂੰ ਮੇਰੀ ਪੁਰਾਣੀ ਵਾਲੀ ਸਹੇਲੀ ਮਿਲੀ ਹੈ, ਨਹੀਂ ਤਾਂ ਮੈਨੂੰ ਇਉਂ ਲੱਗੀ ਜਾਂਦਾ ਸੀ, ਜਿਵੇਂ ਮੈਂ ਹੋਰ ਹੀ ਕਿਤੇ ਆ ਗਈ ਹੋਵਾਂ।

ਚਾਹ ਪੀਂਦਿਆਂ ਅਸੀਂ ਇੱਕੋ ਸੋਫੇ ਤੇ ਬੈਠ ਗਈਆਂ। ਸਫ਼ਰ ਦੀ ਥਕਾਵਟ ਕਾਰਨ ਮੈਂ ਸੋਫੇ ਤੇ ਚੌਂਕੜੀ ਮਾਰ ਲਈ ਅਤੇ ਸਿਰ ਓਹਦੇ ਮੋਢੇ ਤੇ ਰੱਖ ਲਿਆ।

ਕਿੰਨਾ ਸਕੂਨ ਸੀ ਬਿਨਾਂ ਬੋਲਿਆਂ ਹੀ ਸਾਡਾ ਸਭ ਕੁਝ ਸਾਂਝਾਂ ਮੀਂਝਾ ਹੋਈ ਜਾ ਰਿਹਾ ਸੀ। ਕੋਲ ਕੋਲ ਬੈਠੀਆਂ ਦੀਆਂ ਦੇਹਾਂ ਬਿਨਾਂ ਬੋਲੇ ਹੀ ਸਭ ਮਹਿਸੂਸ ਕਰ ਰਹੀਆਂ ਸਨ। ਸਰਕਦਾ ਸਰਕਦਾ ਮੇਰਾ ਸਿਰ ਉਹ ਦੀ ਗੋਦੀ ਵਿੱਚ ਜਾ ਪਿਆ... ਸ਼ਾਰਦਾ ਬੜੇ ਪਿਆਰ ਨਾਲ ਮੇਰੇ ਵਾਲਾਂ ਵਿੱਚ ਹੱਥ ਫੇਰ ਰਹੀ ਸੀ। ਪਤਾ ਨਹੀਂ ਕਿੰਨਾ ਚਿਰ ਅਸੀਂ ਇਸੇ ਅਵਸਥਾ ਵਿੱਚ ਬੈਠੀਆਂ ਰਹੀਆਂ।

ਆਪੋ ਆਪਣੀ ਥਾਂ ਕਿੰਨਾ ਕੁਝ ਬਰਦਾਸ਼ਤ ਕੀਤਾ ਸੀ ਅਸੀਂ... ਮੈਂ ਤਾਂ ਚਲੋ ਫਿਰ ਵੀ ਸੁਧੀਰ ਅਤੇ ਬੱਚਿਆਂ ਦੇ ਮੋਹ ਭਰਮ ਵਿੱਚ ਮੁਹੱਬਤ ਲੱਭਦੀ ਰਹੀ ਸਾਂ ਪਰ ਸ਼ਾਰਦਾ ਨੇ ਤਾਂ ਜਿਵੇਂ ਦਿਲ ਦੇ ਸਾਰੇ ਬੂਹੇ ਢੋਅ ਲਏ ਸਨ। ਕਿਸੇ ਮਰਦ ਲਈ ਕੋਈ ਬਾਰੀ ਵੀ ਨਹੀਂ ਸੀ ਰੱਖੀ... ਸਰਾਸਰ... ਭੋਰਾ ਗੁੰਜਾਇਸ਼ ਨਹੀ...ਕਿਸੇ

ਲਈ।

ਅੱਖਾਂ ਮੀਟੀ ਮੈਂ ਪਤਾ ਨਹੀਂ ਕੀ ਦਾ ਕੀ ਸੋਚੀ ਜਾ ਰਹੀ ਸਾਂ।ਅਚਾਨਕ ਮਨ ਵਿਚ ਪਤਾ ਨਹੀਂ ਕੀ ਆਇਆ ਕੇ ਉਸ ਨੇ ਝੁਕ ਕੇ ਮੇਰਾ ਮੱਥਾ ਚੁੰਮ ਲਿਆ।ਸ਼ਾਇਦ ਉਹ ਉਸ ਪੁਰਾਣੀ ਸਹੇਲੀ ਦੀ ਹੋਂਦ ਦਾ ਅਸਰ ਹੀ ਸੀ।

ਗੱਲੀਂ ਲੱਗੀਆਂ ਅਸੀਂ ਖਾਣੇ ਲਈ ਕਿਚਨ ਦੇ ਨਾਲ ਹੀ ਪਏ ਡਾਇਨਿੰਗ ਟੇਬਲ ਤੇ ਬੈਠ ਗਈਆਂ।

"ਵਾਈਨ ਤਾਂ ਲਵੇਂਗੀ ਨਾ।" ਉਸ ਨੇ ਐਨੇ ਪਿਆਰ ਨਾਲ ਕਿਹਾ ਕਿ ਮੈਥੋਂ ਨਾਂਹ ਨਹੀਂ ਹੋਈ।

"ਹਾਂ ਬਿਲਕੁਲ... ਕਿਉਂ ਨਹੀ, ਜਿਸ ਜ਼ਿੰਦਗੀ ਵਿੱਚੋਂ ਮੈਂ ਆਈ ਹਾਂ ਓਥੇ ਪੂਰਨ ਤੌਰ ਤੇ ਬੋਰੀਅਤ ਹੈ... ਨਿਰਅਹਿਸਾਸ ਜ਼ਿੰਦਗੀ...ਨਿਰਹੋਂਦ ਜਿਹੀ ਹੋਂਦ ਲਈ... ਹਾਸ਼ੀਏ ਤੇ ਧੱਕੀ ਹੋਈ ...।" ਕਹਿੰਦਿਆਂ ਮੇਰੀਆਂ ਅੱਖਾਂ ਡਬ-ਡਬਾ ਗਈਆਂ।

"ਚੀਅਰਜ਼, ਮੈਂ ਜਿਉਣਾ ਚਾਹੁੰਦੀ ਹਾਂ...ਆਪਣੇ ਆਪ ਨੂੰ ਮਹਿਸੂਸ ਕਰਨਾ, ਕੇ ਮੈਂ ਹਾਂ ਵੀ ਕੇ ਨਹੀਂ।" ਮੈਂ ਕਹਿਣੋਂ ਨਾ ਰਹਿ ਸਕੀ।

ਹੌਲੀ ਹੌਲੀ ਸਿਪ- ਸਿਪ ਕਰਕੇ ਅਸੀਂ ਵਾਈਨ ਪੀਣ ਲੱਗੀਆਂ, ਇਉਂ ਮਹਿਸੂਸ ਹੋਇਆ ਜਿਵੇਂ ਮਨ ਤੋਂ ਮਣਾਂ-ਮੂੰਹੀਂ ਬੋਝ ਉੱਤਰ ਗਿਆ ਹੋਵੇ। ਘਰ ਪਰਿਵਾਰ , ਬੱਚੇ ਸਭ ਜਿਵੇਂ ਮੈਥੋਂ ਅਲਿਹਦਾ ਹੋ ਗਏ ਹੋਣ ...। ਇਉਂ ਲੱਗ ਰਿਹਾ ਸੀ ਜਿਵੇ ਮੈਂ ਆਪਣੀ ਹੀ 'ਮੈਂ' ਨੂੰ ਮਿਲਣ ਆਈ ਹੋਵਾਂ।

ਵਾਇਨ ਦੇ ਸਰੂਰ ਨਾਲ ਸਭ ਚੰਗਾ ਚੰਗਾ ਲੱਗ ਰਿਹਾ ਸੀ।ਸ਼ਾਰਦਾ ਨੇ ਪੁਰਾਣੇ ਹਿੰਦੀ ਗਾਣੇ ਲਗਾ ਦਿੱਤੇ ਸਨ। ਗਾਣੇ ਸੁਣਦਿਆਂ ਸੁਣਦਿਆਂ ਅਸੀਂ ਵਾਈਨ ਦਾ ਇੱਕ ਇੱਕ ਹੋਰ ਗਲਾਸ ਪੀ ਗਈਆਂ।

ਸਰੀਰ ਹਲਕਾ ਫੁੱਲ ਲੱਗ ਰਿਹਾ ਸੀ। ਤੇ ਓਪਰਾਪਨ ਸਭ ਗਾਇਬ ਹੋ ਗਿਆ ਸੀ।ਸਰੀਰਾਂ ਤੋਂ ਉਪਰ ਉੱਠ ਹੁਣ ਅਸੀਂ ਓਹੀ ਨਿੱਕੀਆਂ ਕੁੜੀਆਂ ਹੀ ਬਣ ਗਈਆਂ ਸਾਂ।ਸਮੇਂ ਦੀ ਕਾਲ ਰੇਖਾ ਤੋਂ ਜੀਵਨ ਦੇ ਵਿਚਕਾਰਲੇ ਬੀਤੇ ਸਾਲ ...ਕਿਤੇ ਛਾਈਂ ਮਾਈਂ ਹੋ ਗਏ ਸਨ।

ਥੋੜਾ ਥੋੜਾ ਖਾ ਕੇ ਅਸੀਂ ਉੱਠ ਗਈਆਂ ਸਾਂ।ਸ਼ਾਰਦਾ ਨੇ ਬੜੀ ਅਦਾ ਨਾਲ਼ ਆਪਣਾ ਹੱਥ ਵਧਾਉਂਦੇ ਹੋਏ ਮੈਨੂੰ ਡਾਂਸ ਕਰਨ ਲਈ ਪੁੱਛਿਆ... ਕਿ ਮੈਨੂੰ ਓਹਦਾ ਡਾਢਾ ਹੀ ਪਿਆਰ ਆ ਗਿਆ।ਅਸੀਂ ਹੌਲੀ-ਹੌਲੀ ਨੱਚਣ ਲੱਗੀਆਂ ਇਕ ਦੂਜੇ ਦਾ ਹੱਥ ਫੜੀ, ਜਿਵੇਂ ਕੋਈ ਪ੍ਰੇਮੀ ਪ੍ਰੇਮਿਕਾ, ਇਕ ਦੂਜੇ ਦੀ ਮੁਹੱਬਤ ਵਿੱਚ ਗ਼ਲਤਾਨ...।

ਸ਼ਾਰਦਾ ਮੇਰੇ ਹੋਰ ਨੇੜੇ ਆ ਗਈ, ਇਕ ਵਾਰ ਫਿਰ ਉਸ ਨੇ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ, ਏਸ ਜੱਫ਼ੀ ਦਾ ਨਿੱਘ ਉਹ ਬਚਪਨ ਵਾਲੇ ਅਹਿਸਾਸਾਂ ਨਾਲ ਲਬਰੇਜ਼ ਸੀ। ਪਤਾ ਨਹੀਂ ਉਸ ਨੂੰ ਕੀ ਹੋ ਗਿਆ ਕੇ ਉਸ ਨੇ ਅੱਗੇ ਵੱਧ ਕੇ ਮੇਰੇ ਬੁੱਲ੍ਹਾਂ ਨੂੰ ਚੁੰਮ ਲਿਆ।

ਮੈਂ ਠਠੰਬਰ ਤਾਂ ਗਈ ਸਾਂ ਪਰ ਓਹ ਜਾਣੇ !ਪੁਰਾਣੀਆਂ ਸਹੇਲੀਆਂ ਹਾਂ ...ਅਰਸੇ ਬਾਅਦ ਮਿਲਿਆ ਹਾਂ ...ਹੋ ਜਾਂਦਾ ਹੈ ਇੰਝ ਕਦੀ ਕਦਾਈਂ...। ਪਿਆਰ ਦੀ ਇਸੇ ਕੈਫ਼ੀਅਤ ਵਿੱਚ ਹੀ ਅਸੀਂ ਸੌਣ ਤੁਰ ਪਈਆਂ।

"ਅਜੇ ਨਹੀਂ ਮੈਂ ਤੈਨੂੰ ਸੌਣ ਦੇਣਾ ਬਹੁਤ ਗੱਲਾਂ ਕਰਨੀਆਂ ਨੇ ਅਜੇ...।" ਉਸ ਮੋਹ ਭਿੱਜੀ ਅਵਾਜ਼ ਵਿੱਚ ਕਿਹਾ।

ਮੇਰੀ ਸੋਨਾ ਮੋਨਾ, ਮੈਂ ਹੁਣ ਇਥੇ ਹੀ ਹਾਂ, ਤੇਰੇ ਕੋਲ, ਜਿੰਨੇ ਦਿਨ ਮਰਜੀ ਰੱਖ ਲਈਂ ... ਖੁੱਲੀ ਛੁੱਟੀ ਐ।" ਮੈਂ ਉਸ ਦੀ ਗਲ਼ ਥਾਪੜਦਿਆਂ ਕਿਹਾ।

ਗੱਲਾਂ ਦਾ ਸਿਲਸਿਲਾ ਸ਼ੁਰੂ ਹੋਇਆ ਕਿ ਮੁੱਕਣ ਦਾ ਨਾਮ ਹੀ ਨਹੀਂ ਸੀ ਲੈ ਰਿਹਾ। ਨਿੱਕੀ ਤੋਂ ਨਿੱਕੀ

ਗੱਲ ਵੀ ਯਾਦ ਸੀ, ਉਸ ਨੂੰ...।

ਅਗਲਾ ਦਿਨ ਤੇ ਫੇਰ ਉਸ ਤੋਂ ਅਗਲਾ ਦਿਨ ...ਅਸੀਂ ਉੱਠਦੀਆਂ, ਖਾਂਦੀਆਂ ਤੇ ਗੱਡੀ ਚੱਕ ਘੁੰਮਣ ਤੁਰ ਪੈਂਦੀਆਂ। ਇੰਤਾਂਕਸ਼ਰੀ ਖੇਡ ਲਈ। ਓਹ ਸਾਰੇ ਲੰਡੀ ਬੁੱਚੀ ਮੁੰਡੇ, ਜਿਹੜੇ ਮੋੜਾਂ ਤੇ ਖੜੇ ਸਾਨੂੰ ਤਾੜਦੇ ਰਹਿੰਦੇ ਸਨ ...ਓਹਨਾਂ ਨੂੰ ਵੀ ਯਾਦ ਕਰ ਲਿਆ ਸੀ।

ਪਤਾ ਨਹੀਂ ਇਹ ਕਿਹੋ ਜਿਹੀ ਸਾਂਝ ਸੀ? ਮੈਂ ਗੱਲ ਸੋਚ ਰਹੀ ਹੁੰਦੀ , ਤੇ ਓਹ ਗੱਲ ਕਹਿ ਦਿੰਦੀ ਸੀ। ਮਾਨਸਿਕ ਵੇਵਲੈਂਥ ਦਾ ਤਾਲਮੇਲ ਸੀ, ਸ਼ਾਇਦ...।

ਸ਼ਾਰਦਾ ਨੇ ਤਾਂ ਕੰਮ ਤੋਂ ਵੀ ਛੁੱਟੀਆਂ ਲੈ ਰੱਖੀਆਂ ਸਨ। ਇਸ ਵੀਕ ਐਂਡ ਤਾਂ ਉਸ ਦੀ ਬੇਟੀ ਨੇ ਵੀ ਨਹੀਂ ਸੀ, ਆਉਣਾ।ਐਨੀ ਆਜ਼ਾਦ, ਐਨੀ ਪ੍ਰਾਈਵੇਸੀ... ਖਾਣ- ਪੀਣ, ਉਠਣ- ਬੈਠਣ, ਪਾਉਣ-ਲਾਹੁਣ, ਜਾਣ - ਆਉਣ ਦੀ ... ਮੈਂ ਤਾਂ ਕਦੀ ਇਹੋ ਜਿਹੀ ਜ਼ਿੰਦਗੀ ਦਾ ਤਸੱਵੁਰ ਵੀ ਨਹੀਂ ਸੀ ਕੀਤਾ।

ਹੌਲੀ ਹੌਲੀ ਮੇਰੀ ਮੈਂ, ਮੈਨੂੰ ਮੇਰੇ ਹੋਣ ਦਾ ਅਹਿਸਾਸ ਕਰਵਾ ਰਹੀ ਸੀ।

ਕਿੰਨੀ ਨੇੜਤਾ ਸੀ, ਸਾਡੇ ਦੋਹਾਂ ਵਿੱਚ, ਓਦੋਂ ਵੀ ਤੇ ਹੁਣ ਵੀ...ਇਕ ਦੂਜੇ ਦੇ ਮਨ ਦੀਆਂ ਤੇ ਤਨ ਦੀਆਂ ਸਾਰੀਆਂ ਗੱਲਾਂ, ਰਮਜ਼ਾਂ ਸਾਡੀ ਪਕੜ ਵਿੱਚ ਆ ਜਾਂਦੀਆਂ ਸਨ।

ਹਾਲਾਤ ਦੀਆਂ ਮਾਰੀਆਂ ਅਸੀਂ ਜਿਹੜੀਆਂ ਜੀਣਾ ਭੁੱਲ ਗਈਆਂ ਸਾਂ, ਹੁਣ ਹਵਾ ਦੇ ਬੁੱਲਿਆਂ ਨਾਲ ਉੱਡਣ ਲਗੀਆਂ।

ਫੁੱਲਾਂ ਵਾਂਗਰਾਂ ਮਹਿਕਣ ਲਗੀਆਂ।ਹੌਲੇ ਫੁੱਲ ਸਰੀਰਾਂ ਨਾਲ ਆਪਣੇ ਆਪ ਨੂੰ ਜਾਣਨ ਤੇ ਮਾਨਣ ਦਾ ਖ਼ੂਬਸੂਰਤ ਅਹਿਸਾਸ ਰੂਹਾਂ ਤੇ ਤਾਰੀ ਹੀ ਰਹਿੰਦਾ। ਇਉਂ ਲਗਦਾ ਜਿਵੇਂ ਸਾਡੇ ਬਿਨਾਂ ਇਸ ਦੁਨੀਆਂ ਵਿੱਚ ਹੋਰ ਕੋਈ ਵੀ ਨਹੀਂ ਰਹਿੰਦਾ।

ਇਕੋ ਬੈਡ ਤੇ ਇਕੋ ਕੰਬਲ, ਜੁੜ ਜੁੜ ਕੇ ਸੌਂਦਿਆਂ, ਕਦੋਂ ਸਰੀਰ ਹਰਕਤ ਵਿੱਚ ਆ ਜਾਂਦੇ, ਸਾਨੂੰ ਆਪ ਨੂੰ ਵੀ ਪਤਾ ਨਾ ਲਗਦਾ। ਅਚੇਤ ਸੁੱਤੇ ਸਿੱਧ ਸਭ ਵਾਪਰ ਜਾਂਦਾ। ਦੂਜੇ ਨੂੰ ਸੁੱਖ ਦਾ ਅਹਿਸਾਸ ਕਰਵਾ ਅਸੀਂ ਖੁਸ਼ ਹੁੰਦੀਆਂ। ਇਹ ਬਿਲਕੁਲ ਵੱਖਰਾ ਅਹਿਸਾਸ , ਸੁਧੀਰ ਤੋਂ ਤਾਂ ਬਿਲਕੁਲ ਹੀ ਵੱਖਰਾ ... ਸੁਧੀਰ ਨੇ ਹਮੇਸ਼ਾਂ ਆਪਣੇ ਆਪ ਨੂੰ ਹੀ ਤਰਜੀਹ ਦਿੱਤੀ ਸੀ। ਜੈਂਡਰ ਤੋਂ ਉੱਪਰ ਉੱਠ ਕੇ, ਸਰੀਰਾਂ ਤੋਂ ਵੀ ਅਲੱਗ ...ਹੋਂਦ ਦਾ ਅਹਿਸਾਸ, ਰੂਹਾਂ ਦੀ ਤਰਲਤਾ, ਪਾਰੇ ਵਾਂਗ ਵਹਿੰਦੇ ਸਰੀਰ, ਅਲੋਕਾਰ ਵਾਪਰਦਾ ਕੁਝ...।

ਗਿਲਟ ਤਾਂ ਨਹੀਂ ਸੀ, ਸ਼ਾਂਤੀ ਸੀ, ਵੈਰਾਗਮਈ ਅਵੱਸਥਾ...ਓਹ ਕਨੈਕਸ਼ਨ ਜੋ ਸਾਡੇ ਦਰਮਿਆਨ ਸੀ,ਓਹ ਪਲ ,ਓਹ ਅਹਿਸਾਸ...ਸੁਧੀਰ ਨਾਲ ਇਹੋ ਜਿਹੀ ਫੀਲਿੰਗ ਕਦੀ ਨਹੀਂ ਆਈ ਸੀ। ਸੁਧੀਰ ਨੂੰ ਖੁਸ਼ ਕਰਨ ਦੀ ਚਾਹਤ ਵਿੱਚ ਮੈਂ ਆਪ ਨਾਖੁਸ਼ ਹੀ ਰਹਿ ਜਾਂਦੀ ਸਾਂ।

ਕਮਾਲ ਐ ਨਾ, ਸ਼ਾਰਦਾ ਨਾਲ ਇਸ ਤਰ੍ਹਾਂ ਦੀ ਤੀਬਰਤਾ ਵਾਲੇ ਰਿਸ਼ਤੇ ਕਾਰਨ ਮੈਨੂੰ ਇਉਂ ਲੱਗਿਆ ਜਿਵੇਂ ਮੈਂ ਹੁਣ ਹੀ ਆਪਣੀ ਵਰਜਿਨਿਟੀ ਗੁਆਈ ਹੋਵੇ।

ਮੇਰੀ ਸੋਲ-ਮੇਟ ਸ਼ਾਰਦਾ, ਤੇ ਬਾਡੀ- ਮੇਟ ਸੁਧੀਰ... ਕੀ ਅੰਤਰ ਸੀ ਦੋਹਾਂ ਦੀ ਛੋਹ ਵਿੱਚ...। ਦੇਹ -ਸੁੱਖ ਵੀ ਸੀ, ਮਨ ਦੀ ਤ੍ਰਿਪਤੀ ਵੀ, ਬੋਝ ਰਹਿਤ...ਆਪਸੀ ਰਿਸ਼ਤਾ...। ਲਾਭ ਹਾਨੀ ਤੋਂ ਮੁਕਤ, ਫ਼ਰਜਾਂ ਲੋੜਾਂ ਤੋਂ ਵੀ ਮੁਕਤ...ਅਹਿਸਾਸ ਦੇ ਸੂਖ਼ਮਤਰੀਨ ਪਲ...। ਜਿਵੇਂ ਕੋਈ ਸਮਾਧੀ, ਭਗਤੀ...ਭਾਵਨਾਵਾਂ ਦੀ ਤੀਬਰਤਾ, ਖੁੱਭ -ਖੁੱਭ ਜਾਣ ਵਾਲੀ ਸ਼ਿੱਦਤ... ਕੁੱਝ ਤਾਂ ਸੀ ਨਿਵੇਕਲਾ, ਸ਼ਾਰਦਾ ਵਿੱਚ... ਐਨੇ ਸਾਲਾਂ ਵਿੱਚ ਸੁਧੀਰ ਨਾਲ ਇਹ ਅਹਿਸਾਸ ਕਿਉਂ ਨਹੀਂ ਹੋਇਆ? ਮੈਂ ਆਪਣੇ ਆਪ ਨੂੰ ਪੁੱਛਦੀ...।

ਕਹਿਣ ਨੂੰ, ਵੇਖਣ ਨੂੰ ਮੇਰੀ ਭਰੀ ਭਰਾਈ ਸੱਜੀ ਸਜਾਈ ਗ੍ਰਹਸਤੀ...ਪਰ ਕਮੀ ਤਾਂ ਸੀ, ਕੋਈ...।

ਇਹ ਕਿਹਾ ਪਿਆਰ ਸੀ ਕੇ ਜਿਸ ਵਿਚੋਂ ਜੈਂਡਰ ਦੀ ਹੋਂਦ ਹੀ ਮਨਫ਼ੀ ਹੋ ਗਈ ਸੀ। ਸਾਰੀਆਂ ਕਮੀਆਂ ਪੇਸ਼ੀਆਂ ਸਮੇਤ... ਇਕ ਦੂਜੇ ਪ੍ਰਤੀ ਮੁਹੱਬਤਮੁੱਖਤਾ... ਅਨਕਨਡੀਸ਼ਨਲ ਲਵ...।

"ਤੂੰ ਬਿਲਕੁੱਲ ਵੀ ਡਿਮਾਂਡਿਗ ਨਹੀਂ ਹੈਂ, ਪਾਣੀ ਵਾਂਗ ਤਰਲ ਤਰਲ ਵਹਿਣ ਵਾਲੀ, ਕੋਈ ਤਣਾਓ ਨਹੀਂ।" ਸ਼ਾਰਦਾ ਮੈਨੂੰ ਆਖ ਰਹੀ ਸੀ

"ਤੇਰੇ ਤੋਂ ਪਹਿਲਾਂ ਵੀ ਇਕ ਦੋ ਕੁੜੀਆਂ ਮੇਰੀ ਜ਼ਿੰਦਗੀ ਵਿੱਚ ਆਈਆਂ, ਪਰ ਜਿਆਦਾ ਨਿਭੀਆਂ ਨਹੀਂ। ਯਾਦ ਆ ਆਪਾਂ ਜਦੋਂ ਗੁੱਡੀਆਂ ਪਟੋਲਿਆਂ ਨਾਲ ਖੇਡਦੇ ਗੁੱਡੇ ਗੁੱਡੀ ਦਾ ਵਿਆਹ ਕਰਦੇ...ਆਪ ਹੀ ਗੁੱਡਾ ਗੁੱਡੀ ਬਣ ਜਾਂਦੀਆਂ ਸਾਂ। ਮੈਨੂੰ ਲਗਦਾ, ਉਸ ਉਮਰ ਵਿੱਚ ਸਰੀਰਕ ਤਬਦੀਲੀਆਂ, ਹਰਮੋਂਜ ਦੀ ਚੱਕ ਥੱਲ, ਸਮਾਜ ਦਾ ਡਰ, ਸਾਨੂੰ ਮੁੰਡਿਆਂ ਤੋਂ ਪਰਹੇਜ਼ਗਾਰੀ ਹੀ ਸਿਖਾਉਂਦਾ ਰਿਹਾ। ਸ਼ਾਇਦ ਇਸੇ ਲਈ ਅਸੀਂ ਓਦੋਂ ਇਕ ਦੂਜੇ ਪ੍ਰਤੀ ਖਿੱਚ ਮਹਿਸੂਸ ਕਰਦੀਆਂ ਸਾਂ।" ਮੈਂ ਸ਼ਾਰਦਾ ਨੂੰ ਤਰੀਕੇ ਨਾਲ ਸਮਝਾ ਰਹੀ ਸਾਂ।

"ਪਰ ਵੇਖ ਸ਼ਾਰਦਾ, ਮੇਰੇ ਤਾਂ ਦੋ ਬੱਚੇ ਹਨ, ਸੁਧੀਰ ਹੈ...ਭਲਾ ਮੈਂ ਤੇਰੇ ਨਾਲ ਕਿਵੇਂ ਸਹਿਜ ਮਹਿਸੂਸ ਕਰ ਰਹੀ ਹਾਂ? ਮੈਂ ਲੈਸਬੀਅਨ ਤਾਂ ਨਹੀਂ ਹੋ ਸਕਦੀ? ਮੇਰਾ ਵਿਆਹ ਹੋਇਆ ਹੈ ਫਿਰ ਆਪਣਾ ਇਹ ਕੁਨੈਕਸ਼ਨ ਕਿਵੇਂ ਜੁੜ ਗਿਆ? ਕਿਤੇ ਅਸੀਂ ਭਾਵੁਕ ਮੂਰਖ ਤਾਂ ਨਹੀਂ, ਇਮੋਸ਼ਨਲ ਫੂਲਜ਼, ਐਵੇਂ ਹੀ ਆਪਣੀ ਲਸਟ ਨੂੰ ਲੋਜੀਕਲੀ ਜਸਟੀਫਾਈ ਕਰਨ ਵਾਲੇ।" ਮੈਂ ਆਪਣਾ ਪੱਖ ਰੱਖਦਿਆਂ ਕਿਹਾ।

ਪਰ ਇਹ ਵੀ ਸੱਚ ਹੈ ਕਿ ਮੇਰਾ ਘਰ ਮੇਰੇ ਲਈ ਪ੍ਰੈਸ਼ਰ ਕੁਕਰ ਬਣ ਗਿਆ ਹੋਇਆ ਹੈ। ਮੇਰੇ ਸੀਟੀ ਤੇ ਸੀਟੀ ਮਾਰਨ ਦੇ ਬਾਵਜੂਦ ਵੀ ਓਹਨਾਂ ਨੂੰ ਮੇਰੀ ਹਾਲਤ ਦਾ ਕੋਈ ਅਹਿਸਾਸ ਨਹੀਂ ਸੀ। ਜੇ ਕੁੱਝ ਚਿਰ ਹੋਰ ਇਵੇਂ ਹੀ ਰਹਿੰਦਾ ਤਾਂ ਮੈਂ ਆਪਣੇ ਹੀ ਪ੍ਰੈਸ਼ਰ ਨਾਲ ਫਟ ਜਾਣਾ ਸੀ। ਆਹ ਬ੍ਰੇਕ ਦੀ ਤਾਂ ਮੈਨੂੰ ਸਖ਼ਤ ਲੋੜ ਸੀ।" ਮੈਂ ਗੱਲ ਪੂਰੀ ਕਰਦਿਆਂ ਕਿਹਾ।

ਓਏ ਹੋਏ! ਮੇਰੀ ਸਹੇਲੀ ਹੁਣ ਕੈਟਰਪਿਲਰ ਤੋਂ ਬਟਰਫਲਾਈ ਬਣ ਗਈ ਹੈ, ਹੁਣ ਵਾਪਿਸ ਕੈਕੂਨ ਵਿੱਚ ਕਿਵੇਂ ਜਾਵੇਂਗੀ?" ਸ਼ਾਰਦਾ ਮੈਨੂੰ ਛੇੜਦੀ ਹੈ।

"ਤੂੰ ਨਹੀਂ ਸਮਝ ਸਕਦੀ ਡਿਅਰ...।"

ਮੇਰੀ ਸਾਰੀ ਜ਼ਿੰਦਗੀ ਦੂਸਰਿਆਂ ਲਈ ਦੂਸਰਿਆਂ ਦਾ ਧਿਆਨ ਰੱਖਦਿਆਂ, ਦੂਸਰਿਆਂ ਦੇ ਮਗਰ ਮਗਰ ਤੁਰਦਿਆਂ ਹੀ ਲੰਘੀ ਹੈ। ਇਸ ਵਿੱਚ ਮੈਂ ਤਾਂ ਕਿਤੇ ਵੀ ਸ਼ਾਮਿਲ ਨਹੀਂ ਰਹੀ। ਪਾਪਾ ਦੇ ਜਾਣ ਤੋਂ ਬਾਅਦ ਮਾਂ ਕਿਤੇ ਹਰਟ ਨਾ ਹੋ ਜਾਵੇ, ਇਹੀ ਧਿਆਨ ਰਹਿੰਦਾ। ਮਾਂ ਦੀ ਡਰਾਈ ਹੋਈ ਮੈਂ ਸੁਧੀਰ ਦੇ ਵੀ ਮਗਰ ਮਗਰ ਰਹੀ...ਕਿਤੇ ਇਹ ਮੈਨੂੰ ਛੱਡ ਨਾ ਜਾਵੇ।"

"ਹੁਣ ਬੱਸ, ਬਹੁਤ ਹੋ ਗਿਆ, ਮੈਂ ਕਿਸੇ ਦੇ ਪਿੱਛੇ ਨਹੀਂ ਨਾਲ ਤੁਰਨਾ ਹੈ। ਦੂਸਰੇ ਦੇ ਡਰ ਤੋਂ ਨਹੀਂ, ਆਪਣੀ ਬੇਗਾਨਗੀ ਤੋਂ ਵੀ ਨਹੀਂ, ਸਗੋਂ ਆਪਣੇ ਲਈ ਕੁੱਝ ਕਰਨਾ ਹੈ...।" ਮੈਂ ਜਿਵੇਂ ਆਪਣੇ ਆਪ ਨਾਲ ਹੀ ਬੋਲੀ ਜਾ ਰਹੀ ਸਾਂ।

"ਏਸੇ ਲਈ ਤਾਂ ਮੈਂ ਅਲਿਹਦਾ ਹੋ ਗਈ ਸਾਂ। ਨਿੱਕੀ ਅਜੇ ਦੋ ਸਾਲ ਦੀ ਵੀ ਨਹੀਂ ਹੋਈ ਸੀ। ਬੱਚਾ ਸੰਭਾਲੋ, ਘਰ ਸੰਭਾਲੋ ਤੇ ਪਤੀ ਦਾ ਹਰ ਰਾਤ ਰੇਪ ਵੀ ਸਹੋ। ਮੈਨੂੰ ਓਹ ਕਦੀ ਵੀ ਚੰਗਾ ਨਹੀਂ ਸੀ ਲੱਗਿਆ। ਨਾਲੇ ਇਸ ਮੁਲਕ ਵਿੱਚ ਬਹੁਤ ਸਾਰੀਆਂ ਔਰਤਾਂ ਬੰਦੇ ਅਲਿਹਦਾ ਹੋ ਜਾਂਦੇ ਹਨ। ਇਹ ਕਿਹੜਾ ਇੰਡੀਆ ਆ ਕੇ ਲੋਕ ਗੱਲਾਂ ਕਰਨਗੇ। ਕੁੜੀ ਦਾ ਡਾਈਵੋਰਸ ਹੋ ਗਿਆ, ਜ਼ਰੂਰ ਕੁੜੀ ਵਿੱਚ ਹੀ ਕੋਈ ਨੁਕਸ ਹੋਵੇਗਾ, ਵਗੈਰਾ ...ਵਗੈਰਾ।" ਸ਼ਾਰਦਾ ਬੜੀ ਬੇਪਰਵਾਹੀ ਨਾਲ ਦੱਸ ਰਹੀ ਸੀ।

"ਪਰ ਮੇਰੇ ਲਈ ਇਹ ਸੰਭਵ ਨਹੀਂ ਹੈ, ਮੇਰੇ ਦੋ ਬੱਚੇ ਹਨ...ਸੁਧੀਰ ਹੈ, ਭਾਵੇਂ ਕਿਹੋ ਜਿਹਾ ਵੀ ਹੈ, ਹੈ ਤਾਂ ਪਤੀ ਹੀ।" ਮੇਰੇ ਅੰਦਰਲੀ ਰਵਾਇਤ ਬਾਂਗਾਂ ਦੇ ਰਹੀ ਸੀ।

ਮਨ ਅੰਦਰਲੀ ਵਿਰੋਧੀ ਧਿਰ ਫਿਰ ਸਿਰ ਚੁੱਕ ਕੇ ਨਾਬਰੀ ਦਾ ਸੁਰ ਉਚਾਰਦਿਆਂ ਦੁਹਾਈ ਪਾਉਣ ਲਗਦੀ ਹੈ। ਹਜੇ ਉਸ ਦਿਨ ਟੀ ਵੀ ਤੇ ਖ਼ਬਰਾਂ ਸੁਣਦਿਆਂ ਮੈਂ ਕਿਸੇ ਮਸਲੇ ਤੇ ਰਾਇ ਦੇਣੀ ਚਾਹੀ ਤਾਂ ਸੁਧੀਰ ਫੱਟ ਦੇਣੀ ਬੋਲ ਪਿਆ, "ਪਹਿਲਾਂ ਰੋਟੀਆਂ ਸਾੜਨੀਆਂ ਬੰਦ ਕਰ ਫਿਰ ਦੇਸ਼ ਬਾਰੇ ਸੋਚੀਂ।"

"ਭਲਾ ਮੈਂ ਕੋਈ ਮੂਰਖ ਹਾਂ...ਰੋਟੀਆਂ ਪਕਾਉਣ ਵਾਲੀ, ਘਰ ਸਾਂਭਣ ਵਾਲੀ ਬਿਨ ਤਨਖ਼ਾਹਓਂ ਕੰਮ ਕਰਨ ਵਾਲੀ, ਮੁਫ਼ਤ ਦੀ ਨੌਕਰਾਣੀ। ਬੜਾ ਗੁੱਸਾ ਆਇਆ ਸੀ ਮੈਨੂੰ, ਪਰ ਫਿਰ ਵੀ ਮੈਂ ਗੁੱਸਾ ਪੀ ਜਾਣਾ ਹੀ ਮੁਨਾਸਿਬ ਸਮਝਿਆ।"

"ਸੁਧੀਰ ਨਾਲ ਹੋਵੇ ਤਾਂ ਸਭ ਕੁਝ ਅਟਕ ਜਿਹਾ ਜਾਂਦਾ, ਖੜੋਤ, ਬਕਬਕੀ ਜ਼ਿੰਦਗੀ...ਨਾ ਲੂਣ, ਨਾ ਮਿੱਠਾ, ਤੇ ਨਾ ਹੀ ਕੋਈ ਕਿੱਕ ... ਪਰ, ਵੇਖ ਨਾ ਜਦੋਂ ਤੂੰ ਹੁੰਦੀ ਐ ਤਾਂ ਸਭ ਕੁੱਝ ਫਲੋ ਕਰਨ ਲਗਦਾ। ਕੁੱਝ ਕਹਿਣਾ ਹੀ ਨਹੀਂ ਪੈਂਦਾ ... ਜਿਵੇਂ ਆਪਾਂ ਦੋਵੇਂ ਹਾਂ, ਨਿਰਉਚੇਚ, ਸਹਿਜ ਪਰਵਾਹ ਸੰਗ ਵਿਚਰਦਿਆਂ...।"

ਪਰ ਫਿਰ ਕਿਤੇ ਨਾ ਕਿਤੇ ਮੈਨੂੰ ਇਹ ਸਭ ਸਤਾਉਣ ਲੱਗਦਾ। ਆਪਣਾ ਆਪ ਦੋਸ਼ੀ ਲੱਗਣ ਲੱਗਦਾ। ਗ੍ਰਹਿਸਤੀ ਦੀ ਫੁਲਕਾਰੀ ਦਾ ਹਰੇਕ ਧਾਗਾ ਮੈਂ ਬੜੀ ਰੀਝ ਨਾਲ ਕੱਢਿਆ ਸੀ, ਹੁਣ ਕਿਹੜਾ ਧਾਗਾ ਖਿੱਚਾਂ ...? ਸਭ ਤਹਿਸ ਨਹਿਸ ਹੀ ਨਾ ਹੋ ਜਾਵੇ।" ਮੈਂ ਸ਼ਾਰਦਾ ਮੂਹਰੇ ਆਪਣਾ ਤੌਖਲਾ ਪ੍ਰਗਟਾਇਆ।

"ਕੋਈ ਗੱਲ ਨਹੀਂ, ਤੇਰੀਆਂ ਉਲਝਣਾਂ ਵੀ ਸੁਲਝ ਜਾਣਗੀਆਂ। ਚਾਹੇ ਤਾਂ ਤੂੰ ਹਮੇਸ਼ਾਂ ਲਈ ਏਥੇ ਮੇਰੇ ਕੋਲ ਰਹਿ ਜਾ। ਨਾ ਕੋਈ ਨਾਰਾਜ਼ਗੀ, ਨਾ ਕੋਈ ਨਫ਼ਰਤ, ਨਾ ਕੋਈ ਡਿਮਾਂਡ, ਸਭ ਸਹਿਜ ਪ੍ਰਵਾਹ ਜਿਹਾ...।" ਸ਼ਾਰਦਾ ਨੇ ਇਸਰਾਰ ਕਰਦਿਆਂ ਕਿਹਾ।

"ਹੂੰ, ਮੈਂ ਵੀ ਜਾਣਾ ਤਾਂ ਨਹੀਂ ਚੌਂਹਦੀ, ਤੇਰੇ ਨਾਲ ਮੈਨੂੰ ਆਪਣੇ ਆਪ ਦਾ ਅਹਿਸਾਸ ਹੋਇਆ...ਆਪਣੇ ਰਿਸ਼ਤੇ ਦੀ ਸਹਿਜਤਾ ਨੇ ਮੈਨੂੰ ਮੇਰੇ ਜਿਊਂਦੇ ਹੋਣ ਦਾ ਅਹਿਸਾਸ ਦਵਾਇਆ। ਮੁੜ ਜਿਊਂਦੇ ਰਹਿਣ ਲਈ ਰੀਝ ਦਿੱਤੀ ਐ। ਮੇਰੇ ਲਈ ਇਹੋ ਹੀ ਬੜੀ ਤਸੱਲੀ ਵਾਲੀ ਗੱਲ ਹੈ। ਇਸ ਸਟੇਜ ਤੇ ਬੱਚਿਆਂ ਨੂੰ ਨਮੋਸ਼ੀ ਦਿਵਾਉਣੀ ... ਬੜਾ ਹੌਸਲਾ ਚਾਹੀਦਾ।" ਮੈਂ ਫਿਰ ਆਪਣਾ ਪੱਖ ਸਪੱਸ਼ਟ ਕੀਤਾ।

"ਠੀਕ ਹੈ, ਜਿਵੇਂ ਤੇਰੀ ਮਰਜ਼ੀ...ਬਸ ਖੁਸ਼ ਰਹਿ...ਏਥੇ ਜਾਂ ਓਥੇ, ਇਸ ਘਰ ਦੇ ਦਰਵਾਜ਼ੇ ਹਮੇਸ਼ ਤੇਰੇ ਲਈ ਖੁੱਲ੍ਹੇ ਰਹਿਣਗੇ।" ਸ਼ਾਰਦਾ ਨੇ ਉਦਾਸ ਹੁੰਦਿਆਂ ਕਿਹਾ।

ਇੱਕ ਮਹੀਨਾ ਕਦੋਂ ਲੰਘ ਗਿਆ,ਪਤਾ ਹੀ ਨਹੀਂ ਲੱਗਿਆ। ਵਿੱਛੜਣ ਵੇਲੇ ਅਸੀਂ ਦੋਵੇਂ ਉਦਾਸ ਸਾਂ।

ਵਾਪਿਸ ਪਹੁੰਚੀ ਤਾਂ ਘਰ ਦੀ ਨੁਹਾਰ ਬਦਲੀ ਬਦਲੀ ਜਿਹੀ ਸੀ। ਸੁਧੀਰ ਬੜੇ ਚਾਅ ਨਾਲ ਮਿਲਿਆ। ਬੱਚੇ ਵੀ ਓਦਰੇ ਪਏ ਸਨ। ਇਹ ਮੇਰੇ ਲਈ ਸਕੂਨ ਵਾਲੀ ਗੱਲ ਸੀ।

ਸ਼ਾਰਦਾ ਨਾਲ ਬਿਤਾਏ ਪਲ ਮੇਰਾ ਅਨਮੋਲ ਖ਼ਜ਼ਾਨਾ ਸਨ। ਮੈਂ ਜਦੋਂ ਚਾਹਾਂ ਉਸ ਕੋਲ ਜਾ ਸਕਦੀ ਸਾਂ। ਸ਼ਾਰਦਾ ਮੇਰੀ ਆਕਸੀਜ਼ਨ ਵਾਲੀ ਖਿੜਕੀ ਸੀ।

ਸ਼ਾਰਦਾ ਦਾ ਫੋਨ ਆਉਂਦਾ ਹੈ, ਮੈਂ ਉਸ ਨੂੰ ਦੱਸਦੀ ਹਾਂ, ਰਾਤ ਮੈਂ ਸੁਧੀਰ ਨਾਲ ਸੁੱਤੀ ਸਾਂ। ਤੇ ਪਤਾ ਕੀ ...ਪਹਿਲੀ ਵਾਰ ਮੈਂ ਮੌਜੂਦ ਸਾਂ।"

ਮੈਂ ਸੋਚ ਰਹੀ ਸਾਂ...ਆਪਣੇ ਆਪ ਨੂੰ ਤਸੱਲੀ ਦੇ ਰਹੀ ਸਾਂ ... ਹਾਂ, ਵਾਕੇ ਹੀ... ਮੈਨੂੰ ਬੰਦੇ ਪਸੰਦ ਨੇ...।"

**(ਸੰਪਰਕ-98151-72073)**

ਕਹਾਣੀ

# ਵੈਰਾਗ



ਭੁਪਿੰਦਰ ਸਿੰਘ ਮਾਨ

ਦੇਬੀ ਨੇ ਮੱਥਾ ਟੇਕਿਆ ਤੇ ਖੜੇ ਹੋਣ ਸਮੇਂ ਉਸ ਦੀ ਖਰੋੜੀ ਤਿਲਕ ਗਈ। ਜੇ ਕਰਮ ਸਿੰਘ ਨਾ ਫੜਦਾ ਤਾਂ ਉਸ ਡਿੱਗ ਹੀ ਪੈਣਾ ਸੀ। ਕਰਮ ਸਿੰਘ ਨੇ ਉਸ ਨੂੰ ਸੰਭਾਲਿਆ ਤੇ ਬਿਠਾਉਂਦੇ ਕਿਹਾ, "ਹਰਦੇਵ ਸਿਆ ਸੰਭਲ, ਅੱਜ ਸ਼ਗਨਾ ਦੇ ਦਿਨ ਸੱਟ ਨਾ ਖਾ ਲਵੀ।"

ਉਸ ਦੇ ਮੂੰਹੋਂ ਕੁਝ ਨਾ ਫੁੱਟਿਆ। ਉਸ ਦੇ ਮਨ ਵਿੱਚ ਕੂਕ ਉੱਠੀ , ਕਰਮ ਸਿਆ ਸੱਟ ਤਾਂ ਕਦੋਂ ਦੀ ਵੱਜ ਚੁੱਕੀ ਹੈ। ਫਿਰ ਉਸ ਨੇ ਆਪਣੇ ਵੱਲ ਧਿਆਨ ਮਾਰਿਆ ਉਸ ਨੂੰ ਲੱਗਿਆ ਜਿਵੇਂ ਉਸ ਦੇ ਸਰੀਰ ਵਿੱਚ ਰੂਹ ਹੋਵੇ ਹੀ ਨਾ ਬਸ ਕਲਬੂਤ ਹੀ ਰਹਿ ਗਿਆ ਹੋਵੇ ।ਪੋਲੀਓ ਨਾਲ ਛੋਟੀ ਰਹਿ ਗਈ ਲੱਤ ਤੇ ਉਸਦਾ ਹੱਥ ਆਪ ਮੁਹਾਰੇ ਹੀ ਚਲਾ ਗਿਆ। ਉਸਦੀ ਨਜ਼ਰ ਗੁਰਦੁਆਰੇ ਦੇ ਭਾਈ ਜੀ ਅਤੇ ਕੀਰਤਨ ਕਰਨ ਵਾਲਿਆਂ ਤੇ ਗਈ ਜਿਹੜੇ ਹਰਮੋਨੀਅਮ ਅਤੇ ਤਬਲੇ ਨੂੰ ਸੁਰ ਕਰ ਰਹੇ ਸਨ। ਪਿੰਕੀ ਆਪਣੇ ਹੋਣ ਵਾਲੇ ਘਰਵਾਲੇ ਨਾਲ ਆ ਕੇ ਆਨੰਦ ਕਾਰਜ ਲਈ ਬੈਠ ਗਈ ਸੀ। ਉਸ ਨਾਲ ਸਤਵੰਤ ਤੇ ਕਈ ਜਨਾਨੀਆ ਵੀ ਆ ਬੈਠੀਆ ।ਉਸ ਦੀ ਤਿਲਕਦੀ ਨਜ਼ਰ ਸਤਵੰਤ ਤੇ ਪਈ, ਉਨਾਭੀ ਰੰਗ ਦਾ ਸੂਟ ਪਾਈ ਇੱਕ ਵਾਰ ਤਾਂ ਉਸ ਨੂੰ ਬਹੁਤ ਸੋਹਣੀ ਲੱਗੀ। ਹਰਦੇਵ ਨੇ ਸੋਚਿਆ ਇਸ ਉਮਰ ਵਿੱਚ ਵੀ ਸਤਵੰਤ ਤੇ ਕਿੰਨਾ ਰੂਪ ਚੜ੍ਹਿਆ ਹੋਇਆ ਸੀ। ਫਿਰ ਨਾਭੀ ਰੰਗ ਜਿਵੇਂ ਉਸ ਦੀਆਂ ਅੱਖਾਂ ਵਿੱਚ ਚੁਭਿਆ। ਨਾਭੀ ਰੰਗ ਦੀ ਪੱਗ ਤੇ ਟਾਈ ਲਾਈ ਬੈਠਾ ਗੁਰਸਾਹਿਬ ਇੱਕ ਤਰਾ ਨਾਲ ਉਸ ਨੂੰ ਚਿੜਾ ਹੀ ਰਿਹਾ ਸੀ। ਉਸ ਦੀਆਂ ਠੂੰਹੇਂ ਵਰਗੀਆਂ ਮੁੱਛਾਂ ਦੇਖ ਕੇ ਇੱਕ ਵਾਰੀ ਤਾਂ ਦੇਬੀ ਨੂੰ ਲੱਗਿਆ ਜਿਵੇ ਮੁੱਛਾ ਨਹੀ ਸੱਚਮੁੱਚ ਦੇ ਠੂੰਹੇਂ ਹੋਣ, ਜਿਨ੍ਹਾਂ ਦਾ ਜ਼ਹਿਰ ਉਸ ਦੇ ਸਰੀਰ ਚੜ੍ਹ ਰਿਹਾ ਹੋਵੇ ।ਉਸਨੇ ਮਨ ਹੀ ਮਨ ਵਿੱਚ ਸੋਚਿਆ ਮੇਰਾ ਸਾਲਾ ਕਿਵੇਂ ਮੈਚਿੰਗ ਕਰੀ ਬੈਠਾ।

ਉਸ ਦਾ ਹੱਥ ਮੱਲੋ ਮੱਲੀ ਆਪਣੀ ਪੱਗ ਵੱਲ ਚਲਾ ਗਿਆ ।ਚਿੱਟੇ ਕੁੜਤੇ ਪਜਾਮੇ ਨਾਲ ਪੱਗ ਤਾਂ ਉਸਨੇ ਵੀ ਨਾਭੀ ਹੀ ਬੰਨੀ ਸੀ। ਇਹ ਪੱਗ ਵੀ ਸਤਵੰਤ ਲੈ ਕੇ ਆਈ ਸੀ। ਉਸ ਦੇ ਮਨ ਨੂੰ ਸਵੇਰ ਤੋਂ ਹੀ ਟਿਕਾਅ ਨਹੀਂ ਆ ਰਿਹਾ ਸੀ। ਇੱਕੋ ਗੱਲ ਵਾਰ ਵਾਰ ਦਿਮਾਗ ਵਿਚ ਆਉਂਦੀ ਕਿ ਅੱਜ ਤਾਂ ਭਾਂਡਾ ਫੁੱਟ ਹੀ ਜਾਣਾ ਹੈ। ਕਾਲੋਨੀ ਅਤੇ ਪਿੰਡ ਦੇ ਕਿੰਨੇ ਬੰਦੇ ਬੁੜੀਆ ਗੁਰਦੁਆਰੇ ਵਿੱਚ ਬੈਠੇ ਸਨ। ਅੱਜ ਉਸ ਦੀ ਅਸਲੀਅਤ ਨੇ ਨੰਗਾ ਹੋ ਜਾਣਾ। ਦਿਮਾਗ ਵਿਚ ਗੱਲ ਰਹਿ ਰਹਿ ਕੇ ਆ ਰਹੀ ਸੀ ਕਿ ਅੱਜ ਤੋਂ ਬਾਅਦ ਉਸ ਕੋਲ ਮਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿਣਾ। ਉਸ ਦੇ ਮਨ ਵਿੱਚ ਆਇਆ ਕਿ ਪਿੰਕੀ ਹਾਲੇ ਸਹੁਰੇ ਘਰ ਪਹੁੰਚੀ ਨਹੀਂ ਹੋਵੇਗੀ ਕਿ ਉਸ ਤੋਂ ਪਹਿਲਾਂ ਹੀ ਉਸ ਨੂੰ ਜ਼ਿੰਦਗੀ ਛੱਡਣ ਲਈ ਕੋਈ ਹੂਲਾ ਫਕਣਾ ਹੀ ਪਵੇਗਾ ।ਗੁਰੂਘਰ ਵਿਚ ਆਤਮਘਾਤ ਦੀ ਗੱਲ ਸੋਚ ਕੇ ਉਸ ਨੂੰ ਇੱਕ ਵਾਰ ਗਿਲਾਨੀ ਜਿਹੀ ਵੀ ਆਈ ਕਿ ਇਸ ਪਵਿੱਤਰ ਸਥਾਨ ਤੇ ਬੈਠ ਕੇ ਉਹ ਕੀ ਸੋਚ ਰਿਹਾ ।ਕਥਾ ਕੀਰਤਨ ਵਿਚ ਕਈ ਵਾਰ ਉਸ ਨੇ

ਸੁਣਿਆ ਸੀ ਕਿ ਆਤਮਘਾਤ  ਸਭ ਤੋਂ ਮਾੜਾ ਕੰਮ ਹੈ ਪਰ ਅੱਜ ਉਹ ਉਸ ਨਾਲ ਇਹ ਸਾਰਾ ਵਰਤਾਰਾ ਵਾਪਰਨਾ ਹੀ ਸੀ। ਦੇਬੀ ਨੇ ਸੋਚਿਆ ਇਸ ਤੋਂ ਪਹਿਲਾਂ ਤਾਂ ਸ਼ਹਿਰ ਵਿਚ ਰਹਿਣ ਕਰਕੇ ਸਭ ਢਕੀ ਰਿੱਝ ਰਹੀ ਸੀ ਪਰ ਹੁਣ ਤਾਂ ਹਰ ਚੀਜ਼ ਨੇ ਜੱਗਰ ਹੋ ਜਾਣਾ ਸੀ ਤੇ ਫੇਰ ਉਸ ਦੇ ਉਸ ਕੋਲ ਮਰਨ ਤੋਂ ਬਿਨਾਂ ਹੋਰ ਕੋਈ ਰਾਹ ਵੀ ਕਿਹੜਾ ਬਾਕੀ ਬਚਣਾ ਸੀ।

ਵਿਆਹ ਦੀ ਸਾਰੀ ਖ਼ਰੀਦਦਾਰੀ ਸਤਵੰਤ ਨੇ ਤੇ ਸਾਹਿਬ ਨੇ ਹੀ ਕੀਤੀ  ਸੀ। ਉਸਨੂੰ ਸਤਵੰਤ ਰੰਗ ਵਾਲਿਆਂ ਦੀ ਰਾਖੀ ਛੱਡ ਜਾਂਦੀ ਤੇ ਆਖਦੀ, "ਤੁਸੀਂ ਰੰਗ ਆਲਿਆਂ ਦਾ ਖਿਆਲ ਰੱਖਿਓ, ਚਾਹ ਪਾਣੀ ਬਣਾ ਦਿਓ ਮੈਂ ਖਰੀਦਦਾਰੀ  ਕਰ ਲਿਆਵਾ।"

ਪਿੰਕੀ, ਸਤਵੰਤ ਤੇ ਗੁਰਸਾਹਿਬ ਵੱਡੇ ਸ਼ਹਿਰ ਨੂੰ ਤੁਰ ਜਾਂਦੇ । ਰੰਗ ਬਿਰੰਗੇ ਲਿਫ਼ਾਫ਼ਿਆਂ ਨਾਲ ਲੱਦੀ ਗੱਡੀ ਸ਼ਾਮ ਨੂੰ ਮੁੜਦੀ ਤਾਂ ਪਿੰਕੀ ਦਾ ਚਿਹਰਾ ਖ਼ੁਸ਼ੀ ਨਾਲ ਚਮਕ ਰਿਹਾ ਹੁੰਦਾ । ਰਵੀ ਨੂੰ ਵੀ ਵੀਡੀਓ ਕਾਲ ਲਾ ਕੇ ਕੱਪੜੇ ਦਿਖਾਏ ਜਾਂਦੇ । ਸਤਵੰਤ ਉਸ ਨੂੰ ਵੀ ਸੁਲਹ ਮਾਰਦੀ, "ਤੁਸੀਂ ਵੀ ਦੇਖ ਲਓ ਕੱਪੜੇ !"

ਪਰ ਉਹ ਹੂੰ ਹਾਂ ਕਰ ਕੇ ਖਰੋੜੀਆਂ ਖੜਕਾਉਂਦਾ ਪਾਸੇ ਨੂੰ ਤੁਰ ਜਾਂਦਾ। ਖਰੋੜੀਆਂ ਫਰਸ਼ ਤੇ ਠੱਕ ਠੱਕ ਕਰਕੇ ਵੱਜਦੀਆਂ। ਗੁਰਸਾਹਿਬ ਪੱਗ ਲਾਹ ਕੇ ਕੁਰਸੀ ਤੇ ਬੈਠ ਜਾਂਦਾ। ਜ਼ੀਰੋ ਨੰਬਰ ਦੀ ਮਸ਼ੀਨ ਲਾ ਕੇ ਮੁੰਨੇ ਹੋਏ ਸਿਰ ਤੇ ਹੱਥ ਫੇਰਦਾ ਤੇ ਕਲਫ਼ ਲੱਗੀ ਦਾੜ੍ਹੀ ਨੂੰ ਸੰਵਾਰਦਾ ਹੁੱਬ ਹੁੱਬ ਕੇ ਗੱਲਾਂ ਮਾਰਨ ਵਿੱਚ ਜੁੱਟ ਜਾਂਦਾ। ਸਤਵੰਤ ਉਸ ਅੱਗੇ ਲਿਆ ਕੇ ਬੋਤਲ ਰੱਖਦੀ। ਥੋੜ੍ਹੇ ਸਮੇਂ ਬਾਅਦ ਸਲਾਦ ਚੀਰ ਕੇ ਆ ਜਾਂਦਾ ਤੇ ਉਹ ਪੀਣ ਦਾ ਕੰਮ ਸ਼ੁਰੂ ਕਰ ਦਿੰਦਾ । ਪਿੰਕੀ ਅੰਕਲ ਜੀ, ਅੰਕਲ ਜੀ ਆਖਦੀ ਉਸ ਦੇ ਆਸੇ ਪਾਸੇ ਸਾਮਾਨ ਲੈ ਕੇ ਘੁੰਮਦੀ। ਗੁਰਸਾਹਿਬ ਤਿੰਨ ਚਾਰ ਪੈੱਗ ਲਗਾਕੇ ਥਰਥਰਾਉਂਦੀ ਆਵਾਜ਼ ਵਿਚ ਕਹਿੰਦਾ, "ਆਜਾ ਹਰਦੇਵ ਸਿਆ ਤੂੰ ਵੀ ਕਰਲਾ ਮੂੰਹ ਸਲੂਣਾ।"

ਉਸ ਦਾ ਦਿਲ ਕਰਦਾ ਕਿ ਖਰੋੜੀ ਮਾਰ ਕੇ ਸਿਰ ਪਾੜ ਪਾ ਦੇਵੇ, ਮੇਰੇ ਘਰ ਵਿਚ ਆ ਕੇ ਮਾਲਕ ਬਣਿਆ ਬੈਠਾ ਹੈ। ਉਸ ਦੇ ਹੱਥ ਖਰੋੜੀਆਂ ਤੇ ਕੱਸੇ ਜਾਂਦੇ। ਉਹ ਆਪਣੇ ਗੁੱਸੇ ਨੂੰ ਜ਼ਬਤ ਕਰਦਾ  ਅੰਦਰਲੇ ਕਮਰੇ ਨੂੰ ਤੁਰ ਜਾਦਾ। ਉਹ  ਜ਼ੋਰ-ਜ਼ੋਰ ਨਾਲ ਖਰੋੜੀਆਂ ਫ਼ਰਸ ਤੇ ਮਾਰਦਾ ਜਿਵੇਂ ਆਪਣਾ ਗੁੱਸਾ ਦੱਸਣਾ ਚਾਹੁੰਦਾ ਹੋਵੇ। ਅੰਦਰਲੇ ਕਮਰੇ ਵਿਚ ਲੁਕੋ ਕੇ ਰੱਖੀ ਬੋਤਲ ਵਿੱਚੋਂ ਬਿਨਾਂ ਪਾਣੀ ਪਾਏ ਗਲਾਸ ਭਰ ਕੇ ਅੰਦਰ ਠੋਕਦਾ। ਦਾਰੂ ਅੰਦਰ ਵੱਢਦੀ ਤੁਰੀ ਜਾਂਦੀ। ਉਸ ਦੇ ਮਾਨਸਿਕ ਤਣਾਅ ਨੂੰ ਥੋੜ੍ਹਾ ਜਿਹਾ ਠੁਮ੍ਹਣਾ ਮਿਲਦਾ। ਉਸ ਨੂੰ ਲੱਗਦਾ ਕਿ ਹਣ ਸ਼ਰਾਬ ਹੀ ਉਸ ਦੀ ਸਾਥੀ ਹੈ। ਤਿੰਨ ਚਾਰ ਪੈੱਗ ਉਹ ਕਾਹਲੀ ਨਾਲ ਹੀ ਲਾ ਲੈਂਦਾ। ਪਿੰਕੀ ਉਸ ਨੂੰ ਲੱਭਦੀ ਪਹੁੰਚ ਜਾਦੀ , "ਪਾਪਾ ਜੀ ਰੋਟੀ ਖਾ ਲਵੋ।"

ਉਸ ਦੇ ਨਾ ਨਾ ਕਰਨ ਦੇ ਬਾਵਜੂਦ  ਮੱਲੋ ਮਲੀ ਰੋਟੀ ਵਾਲੀ ਥਾਲੀ ਫੜਾ ਜਾਦੀ। ਅੱਧੀ ਪਚੱਧੀ ਰੋਟੀ ਖਾਂਦਾ ਤੇ ਉਹ ਲੁੜਕ ਜਾਂਦਾ। ਇਹ ਵਰਤਾਰਾ ਪਿਛਲੇ ਕਾਫ਼ੀ ਸਮੇਂ ਤੋਂ ਲਗਾਤਾਰ ਚਲਦਾ ਰਿਹਾ ਸੀ। ਰੋਟੀ ਨਾ ਖਾਣ ਕਰਕੇ ਉਹ ਤਾਂ ਹੱਡੀਆਂ ਦੀ ਮੁੱਠ ਬਣ ਕੇ ਹੀ ਰਹਿ ਗਿਆ ਸੀ। ਗੁਰਸਾਹਿਬ ਚੁਬਾਰੇ ਵਿੱਚ ਡੇਰਾ ਲਾਈ ਬੈਠਾ ਸੀ। ਉਸ ਨੂੰ ਪਤਾ ਸੀ ਕਿ ਪਿੰਕੀ ਦੇ ਸੌਣ ਤੋਂ ਬਾਅਦ ਸਤਵੰਤ  ਗੁਰਸਾਹਿਬ ਕੋਲ ਚੁਬਾਰੇ ਵਿਚ ਪਹੁੰਚ ਜਾਵੇਗੀ।

ਪਹਿਲੀ ਵਾਰੀ ਜਦੋਂ ਉਸ ਨੇ  ਸਤਵੰਤ ਨੂੰ  ਸਾਹਿਬ ਕੋਲ ਚੁਬਾਰੇ ਵਿੱਚ ਜਾਂਦੇ ਦੇਖਿਆ ਸੀ ਤਾਂ ਉਹ ਸਮਝ ਗਿਆ ਕਿ ਜਿਹਡ ਗੱਲਾਂ ਪਹਿਲਾਂ ਸੁਣਦਾ ਰਿਹਾ ਉਹ ਵੀ ਸੱਚੀਆਂ ਹੀ ਹੋਣਗੀਆਂ। ਉਸਨੂੰ ਸਤਵੰਤ ਤੇ ਬਹੁਤ ਗੁੱਸਾ ਆਇਆ। ਉਸਨੇ ਸੋਚਿਆ ਨਾਮ ਤਾ ਸਤਵੰਤ ਤੇ ਕੰਮ ਕਿਹੜੇ ਕਰਦੀ ਫਿਰਦੀ

ਐ, ਕੁਝ ਨਾਮ ਦਾ ਹੀ ਧਿਆਨ ਰੱਖ ਲੈਂਦੀ। ਉਸ ਦੇ ਮਨ ਵਿੱਚ ਕਈ ਗੱਲਾਂ ਇਕੱਠੀਆਂ ਹੀ ਚਲਦੀਆਂ ਰਹਿੰਦੀਆਂ। ਫਿਰ ਉਸ ਦਾ ਦਿਮਾਗ਼ ਆਪਣੀ ਕਹੀ ਗੱਲ ਤੋਂ ਉਲਟ ਪਾਸੇ ਤੁਰ ਪੈਂਦਾ ਕੀ ਜੇ ਸਤਵੰਤ ਨੇ ਉਸਦਾ ਹੱਥ ਨਾ ਫੜਿਆ ਹੁੰਦਾ ਤਾਂ ਅੱਜ ਵੀ ਉਹ ਪਿੰਡ ਵਿੱਚ ਭਰਜਾਈ ਦੇ ਹੱਥਾਂ ਵੱਲ ਹੀ ਦੇਖ ਰਿਹਾ ਹੁੰਦਾ।



ਉਸ ਦਿਨ ਤੋਂ ਬਾਅਦ ਉਸ ਦਾ ਮਨ ਖ਼ਰਾਬ ਹੀ ਰਹਿਣ ਲੱਗ ਪਿਆ ਸੀ। ਉਹ ਦਿਮਾਗ ਵਿੱਚ ਗੋਂਦਾਂ ਗੁੰਦਦਾ। ਦੇਬੀ ਸੋਚਦਾ ਕਿ ਇਸ ਕਲਮੂੰਹੀ ਨੂੰ ਪਾਰ ਬੁਲਾ ਦੇਵੇ। ਕਦੇ ਆਪਣੇ ਵੱਲ ਦੇਖ ਕੇ ਉਸ ਦਾ ਮਨ ਕਰਦਾ ਕਿ ਨਹੀਂ ਉਸ ਨੂੰ ਬੰਦੇ ਦੀ ਜੂਨੀ ਵਿੱਚ ਲਿਆਉਣ ਵਾਲੀ ਦਾ ਸਤਵੰਤ ਹੀ ਹੈ।

ਉਸ ਦੀ ਸੁਤਾ ਬਚਪਨ ਵੱਲ ਤੁਰ ਜਾਂਦੀ। ਜਦੋਂ ਉਸ ਦੀ ਸੁਰਤ ਸੰਭਲੀ ਸੀ ਤਾਂ ਉਹ ਦੇਖਦਾ ਕਿ ਉਹ ਆਪਣੇ ਭਰਾਵਾਂ ਨਾਲੋਂ ਵੱਖਰਾ ਸੀ। ਦਰਮਿਆਨੇ ਜੱਟਾਂ ਦਾ ਪਰਿਵਾਰ ਹੋਣ ਦੇ ਬਾਵਜੂਦ ਵੀ ਘਰ ਵਿੱਚ ਗ਼ਰੀਬੀ ਸੀ, ਕਿਉਂਕਿ ਪਿਉ ਅਮਲੀ ਭੰਗੀ ਸੀ। ਕੰਮ ਕਰਨ ਉਸ ਦਾ ਦਿਲ ਹੀ ਨਹੀਂ ਕਰਦਾ ਸੀ। ਉਹ ਜ਼ਮੀਨ ਨੂੰ ਹਿੱਸੇ ਤੇ ਦੇ ਛੱਡਦਾ। ਦਿਨ ਚੜਨ ਸਾਰ ਪੋਸਤ ਖਾ ਕੇ ਸੱਥ ਵਿੱਚ ਜਾ ਬੈਠਦਾ ਤੇ ਪੂਰਾ ਦਿਨ ਟਕੇ ਟਕੇ ਦੀਆਂ ਗੱਲਾਂ ਲੋਕਾਂ ਨੂੰ ਸੁਣਾ ਕੇ ਘਰ ਆ ਜਾਂਦਾ। ਉਸ ਦੀ ਮਾਂ ਬਥੇਰੀ ਰੀ ਰੀ ਕਰਦੀ ਪਰ ਉਸਦੀ ਕੋਈ ਪੇਸ਼ ਨਾ ਜਾਂਦੀ। ਸ਼ਾਇਦ ਉਸ ਦੇ ਪੋਲੀਓ ਦਾ ਇਲਾਜ ਹੋ ਜਾਂਦਾ ਜੇ ਘਰ ਵਿੱਚ ਗ਼ਰੀਬੀ ਨਾ ਹੁੰਦੀ। ਮਾਂ ਨੇ ਭੱਜ ਨੱਠ ਕੀਤੀ ਪਰ ਇੱਕ ਲੱਤ ਕਮਜ਼ੋਰ ਹੀ ਰਹਿ ਗਈ। ਜਿਸ ਕਰਕੇ ਬਚਪਨ ਤੋਂ ਹੀ ਤੁਰਨ ਤੋਂ ਆਹਰੀ ਰਿਹਾ। ਮਾਂ ਨੇ ਤਾਂ ਨਾਮ ਹਰਦੇਵ ਰੱਖਿਆ ਸੀ ਪਰ ਪਰਿਵਾਰ ਲਈ ਦੇਬੀ ਸੀ। ਬਾਹਰਲੇ ਉਸਨੂੰ ਡੁੱਡਾ ਕਹਿ ਕੇ ਹੀ ਬੁਲਾਉਂਦੇ।

ਵੱਡਾ ਤੇ ਛੋਟਾ ਭਰਾ ਤਾਂ ਬਾਰ੍ਹਵੀਂ ਤਕ ਪੜ੍ਹ ਕੇ ਕੰਮਾਂ ਵਿਚ ਲੱਗ ਗਏ ਪਰ ਉਹ ਪੰਜਵੀਂ ਤੋਂ ਅੱਗੇ ਨਾ ਜਾ ਸਕਿਆ ਕਿਉਂਕਿ ਪਿੰਡ ਵਿੱਚ ਪੰਜਵੀਂ ਦਾ ਹੀ ਸਕੂਲ ਸੀ। ਇੱਥੇ ਤਾਂ ਕੋਈ ਨਾ ਕੋਈ ਉਸ ਨੂੰ ਗੋਦੀ ਚੁੱਕ ਕੇ ਛੱਡ ਆਉਂਦਾ ਸੀ ਜਾਂ ਭਰਾ ਲੈ ਜਾਂਦੇ ਸਨ। ਵੱਡਾ ਸਕੂਲ ਪਿੰਡ ਤੋਂ ਦਸ ਕਿਲੋਮੀਟਰ ਤੇ ਸੀ। ਉਸ ਨੂੰ ਉਥੇ ਰੋਜ਼ ਕੌਣ ਲੈ ਕੇ ਜਾਂਦਾ। ਘਰ ਦੀ ਗ਼ਰੀਬੀ ਕਰਕੇ ਟਰਾਈ ਸਾਈਕਲ ਬਾਰੇ ਤਾਂ ਕਿਸੇ ਨੇ ਸੋਚਿਆ ਵੀ ਨਾ। ਉਸ ਤੋਂ ਬਾਅਦ ਉਹ ਦਰਵਾਜ਼ੇ ਵਿੱਚ ਬੈਠ ਕੇ ਹੀ ਸਮਾਂ ਪਾਸ ਕਰਦਾ ਰਿਹਾ। ਬੁੱਧੀ ਉਸਦੀ ਤੀਖਣ

ਸੀ ਪਰ ਕਿਸੇ ਸਹੀ ਪਾਸੇ ਨਾ ਲੱਗੀ। ਪਿਉ ਨੂੰ ਤਾਂ ਅਮਲਾਂ ਤੋਂ ਵਿਹਲ ਨਹੀਂ ਸੀ ਤੇ ਮਾਂ ਵਿਚਾਰੀ ਘਰ ਦੇ ਕੰਮ ਧੰਦਿਆਂ ਵਿੱਚ ਰੁਲ਼ੀ ਰਹਿੰਦੀ। ਵੱਡੇ ਭਰਾ ਨੇ ਉਸ ਨੂੰ ਖਰੌੜੀਆ ਦੇ ਸਹਾਰੇ ਤੁਰਨ ਦਾ ਵੱਲ ਸਿਖਾ ਦਿੱਤਾ। ਉਸਤੋਂ ਬਾਅਦ ਉਹ ਹੌਲੀ-ਹੌਲੀ ਖਰੌੜੀਆ ਨਾਲ ਤੁਰਦਾ ਸੱਥ ਤੱਕ ਜਾ ਆਉਦਾ। ਜਦੋਂ ਉਹ ਖਾਸਾ ਗੱਭਰੂ ਹੋ ਗਿਆ ਤਾਂ ਮਾਂ ਨੇ ਉਸ ਨੂੰ ਕਿਹਾ ਕਿ ਗੁਰਦੁਆਰੇ ਦਾ ਗ੍ਰੰਥੀ ਹੀ ਬਣ ਜਾਵੇ। ਘਰੇ ਧਾਰਮਿਕ ਮਾਹੌਲ ਬਿਲਕੁੱਲ ਨਹੀਂ ਸੀ। ਉਸ ਨੂੰ ਧਰਮ ਪ੍ਰਤੀ ਕੋਈ ਸ਼ਰਧਾ ਨਹੀਂ ਸੀ। ਉਹ ਤਾਂ ਉਸ ਸਮੇਂ ਤੱਕ ਪਿੰਡ ਦੀ ਮੰਡੀਹਰ ਨਾਲ ਰਲ ਕੇ ਘਰ ਦੀ ਕੱਢੀ ਦਾਰੂ ਨਾਲ ਮੂੰਹ ਸਲੂਣਾ ਕਰਨ ਲੱਗ ਪਿਆ ਸੀ। ਅੱਗੇ ਪਿੱਛੇ ਹੋ ਕੇ ਉਹ ਬੀੜੀਆਂ ਸਿਗਰਟਾਂ ਵੀ ਖਿੱਚ ਲੈਂਦਾ। ਉਸ ਦਾ ਧਾਰਮਿਕ ਪਾਸੇ ਮਨ ਕਿੱਥੇ ਲੱਗਣਾ ਸੀ।

ਇੱਕ ਦਿਨ ਪਿਉ ਨੇ ਅਮਲ ਜ਼ਿਆਦਾ ਕਰ ਲਿਆ ਤੇ ਰਾਤ ਨੂੰ ਸੁੱਤਾ ਸਵੇਰੇ ਉੱਠਿਆ ਹੀ ਨਾ। ਜਦੋਂ ਉਸ ਦੀ ਮੌਤ ਹੋਈ ਤਾਂ ਦੇਬੀ ਤੋਂ ਬਿਨਾਂ ਪਰਿਵਾਰ ਦਾ ਕਿਸੇ ਹੋਰ ਜੀਅ ਨੇ ਜ਼ਿਆਦਾ ਅਫ਼ਸੋਸ ਨਾ ਜਤਾਇਆ। ਉਸਦੇ ਭਰਾ ਤਾਂ ਸਗੋਂ ਔਖੇ ਸਨ ਕਿ ਪੰਦਰਾਂ ਵਿਚੋਂ ਨੌਂ ਕਿੱਲੇ ਜ਼ਮੀਨ ਹੀ ਬਾਕੀ ਰਹਿ ਗਈ ਸੀ। ਸੱਥਰ ਤੇ ਅਫ਼ਸੋਸ ਕਰਨ ਆਏ ਕਈ ਬੰਦਿਆ ਤੋਂ ਤਾਂ ਅੱਗੇ ਪਿੱਛੇ ਉਸ ਨੇ ਇਹ ਕਹਿੰਦੇ ਸੁਣਿਆ, "ਜੇ ਪੰਜ ਸੱਤ ਸਾਲ ਹੋਰ ਜਿਉਂਦਾ ਰਹਿ ਜਾਂਦਾ ਤਾਂ ਜੁਆਕਾਂ ਦੇ ਹੱਥ ਠੂਠਾ ਹੀ ਫੜਾ ਜਾਂਦਾ।"

ਵੱਡਾ ਭਰਾ ਪੰਚਾਇਤ ਸੈਕਟਰੀ ਲੱਗ ਗਿਆ ਤੇ ਛੋਟਾ ਖੇਤੀਬਾੜੀ ਵਿੱਚ ਰੁੱਝ ਗਿਆ। ਉਹ ਘਰ ਵਿੱਚ ਕਿਸੇ ਗਿਣਤੀ ਵਿਚ ਨਹੀਂ ਸੀ। ਭਾਵੇਂ ਵਿਰਾਸਤ ਚੜਨ ਸਮੇਂ ਹਿੱਸੇ ਬਹਿੰਦੀ ਜ਼ਮੀਨ ਉਸ ਦੇ ਨਾਮ ਹੋ ਗਈ ਸੀ। ਜ਼ਮੀਨ ਭਾਵੇਂ ਥੋੜ੍ਹੀ ਸੀ ਪਰ ਦੋਵੇਂ ਭਰਾਵਾਂ ਦੇ ਵਿਆਹ ਹੋ ਗਏ। ਵੱਡਾ ਤਾਂ ਨੌਕਰੀ ਕਰ ਕੇ ਵਿਆਹਿਆ ਗਿਆ। ਛੋਟੇ ਵੇਲੇ ਥੋੜ੍ਹਾ ਜਿਹਾ ਟਾਈਮ ਲੱਗਿਆ। ਫਿਰ ਜਦੋਂ ਵਿਚੋਲੇ ਨੇ ਉਸ ਦੇ ਸਹੁਰਿਆਂ ਨੂੰ ਦੱਸਿਆ ਕਿ ਦੇਬੀ ਵਾਲੀ ਜ਼ਮੀਨ ਦਾ ਹਿੱਸਾ ਵੀ ਛੋਟੇ ਨੂੰ ਦਿੱਤਾ ਜਾਵੇਗਾ ਤਾਂ ਉਸ ਦਾ ਵਿਆਹ ਵੀ ਨੇਪਰੇ ਚੜ੍ਹ ਗਿਆ । ਮਾਂ ਤੇ ਹਰਦੇਵ ਛੋਟੇ ਨਾਲ ਸਨ । ਦੇਬੀ ਕੰਨੀ ਦੇ ਕਿਆਰੇ ਵਾਂਗੂ ਸੁੱਕਾ ਹੀ ਰਹਿ ਗਿਆ। ਘਰ ਵਾਲਿਆਂ ਦਾ ਧਿਆਨ ਉਸ ਵੱਲ ਨਹੀਂ ਸੀ। ਕੁਦਰਤ ਨੇ ਭਾਵੇਂ ਅੰਗਹੀਣ ਕਰ ਦਿੱਤਾ ਸੀ ਪਰ ਜਵਾਨੀ ਤਾਂ ਉਸਤੇ ਵੀ ਆਈ ਸੀ। ਉਹ ਖਰੌੜੀਆ ਨਾਲ ਤੁਰਦਾ ਤਾਂ ਧਰਤੀ ਤੇ ਮਿੱਟੀ ਪੁੱਟ ਸੁੱਟਦਾ। ਲੋਕ ਕਹਿੰਦੇ ਦੇਖ ਸਾਲਾ ਡੁੱਡਾ ਕਿਵੇਂ ਖੁਰਵੱਢ ਕਰਦਾ , ਕੋਈ ਚੰਦ ਨਾ ਚਾੜ੍ਹ ਦੇਵੇ। ਉਹ ਕੁਝ ਨਾ ਕੁਝ ਪੁੱਠਾ ਸਿੱਧਾ ਕਰਦਾ ਰਹਿੰਦਾ। ਜਿਸ ਦੇ ਉਲਾਂਭੇ ਘਰੇ ਆ ਜਾਂਦੇ ਤੇ ਵੱਡੇ ਭਰਾ ਨੂੰ ਕੁੱਟਣ ਪੈਂਦੇ। ਉਹ ਉਸ ਦੀ ਮਨੋ ਦਸ਼ਾ ਨਹੀਂ ਸਮਝਦੇ ਸਨ। ਦੋਵੇਂ ਭਰਾ ਆਪਣੀਆਂ ਘਰਵਾਲੀਆਂ ਨੂੰ ਲੈ ਕੇ ਜਦੋਂ ਅੰਦਰ ਵੜ ਜਾਂਦੇ ਤਾਂ ਦੇਬੀ ਦੇ ਮਨ ਤੇ ਕੀ ਵਾਪਰਦੀ ਉਨ੍ਹਾਂ ਦੇ ਚਿੱਤ ਚੇਤੇ ਵੀ ਨਹੀਂ ਸੀ। ਘਰ ਦਾ ਕੋਈ ਜੀਅ ਨਹੀਂ ਸਮਝਦਾ ਸੀ ਕਿ ਉਸ ਦੀਆਂ ਵੀ ਉਮੰਗਾਂ ਤੇ ਮਨ ਵਿਚ ਵਲਵਲੇ ਹਨ । ਕਈ ਵਾਰੀ ਦੇਬੀ ਨੂੰ ਆਪਣੀ ਸਰੀਰਕ ਹਾਲਤ ਦੇਖ ਕੇ ਰੋਹ ਚੜਣ ਲੱਗਦਾ ਕਿ ਉਹ ਪਸ਼ੂਆਂ ਨਾਲੋਂ ਵੀ ਮਾੜਾ ਹੈ। ਉਸ ਦੇ ਮਨ ਅੰਦਰ ਕਾਮ ਦੀ ਇੱਛਾ ਲਗਾਤਾਰ ਉੱਬਲਦੀ ਰਹਿੰਦੀ। ਉਸ ਦੀਆਂ ਖਰੌੜੀਆ ਹੋਰ ਜ਼ਿਆਦਾ ਧਰਤੀ ਨੂੰ ਪੁੱਟਣ ਲੱਗਦੀਆਂ। ਇਕ ਦਿਨ ਗੁਆਂਢੀਆਂ ਦੀ ਬਹੂ ਨੂੰ ਲੁੱਚਾ ਮਜ਼ਾਕ ਕਰ ਬੈਠਿਆ । ਉਸ ਨੇ ਆਪਣੇ ਘਰ ਵਾਲੇ ਨੂੰ ਦੱਸ ਦਿੱਤਾ ਤੇ ਉਸ ਨੇ ਆ ਕੇ ਦੇਬੀ ਦੀ ਕੁਟਾਈ ਕਰ ਦਿੱਤੀ। ਪਿੰਡ ਵਿਚ ਉਸ ਦੀ ਖਾਸੀ ਬਦਨਾਮੀ ਹੋ ਗਈ। ਕੋਈ ਉਸ ਨਾਲ ਗੱਲ ਕਰ ਕੇ ਵੀ ਰਾਜ਼ੀ ਨਹੀ ਸੀ।

ਉਸ ਘਟਨਾ ਤੋਂ ਬਾਅਦ ਗੋਰੇ ਤੋਂ ਬਿਨਾਂ ਹੁਣ ਉਹਦਾ ਕੋਈ ਸਾਥੀ ਨਹੀਂ ਰਿਹਾ ਸੀ। ਉਸ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਵੱਡਾ ਭਰਾ ਤਾਂ ਵੱਡੇ ਸ਼ਹਿਰ ਰਹਿਣ ਲੱਗ ਪਿਆ ਸੀ। ਉੱਥੇ ਹੀ ਉਸਨੇ ਮਕਾਨ

ਬਣਾ ਲਿਆ ਤੇ ਉਸ ਦੇ ਬਾਲ ਬੱਚੇ ਉੱਥੇ ਪੜ੍ਹਨ ਲੱਗੇ। ਛੋਟੇ ਦੇ ਵੀ ਦੋ ਨਿਆਣੇ ਹੋ ਗਏ ਸਨ ।ਉਹ ਖੇਤੀ ਵਿੱਚ ਮੱਥਾ ਮਾਰਦਾ ਕਬੀਲਦਾਰੀ ਦਾ ਗੱਡਾ ਖਿੱਚਦਾ ਰਹਿੰਦਾ। ਦੇਬੀ ਸਾਰਾ ਦਿਨ ਖਰੌੜੀਆ ਖੜਕਾਉਂਦਾ ਵਿਹਲਾ ਗਲੀਆਂ ਕੱਛਦਾ ਜਾਂ ਗੋਰੇ ਕੋਲ ਜਾ ਬੈਠਦਾ।

ਗੋਰੇ ਦੀ ਆਪਣੀ ਮਜਬੂਰੀ ਸੀ। ਉਸ ਨੂੰ ਸ਼ਰਾਬ ਦੀ ਲਤ ਸੀ। ਗੋਰੇ ਦਾ ਪਿਉ ਕ੍ਰਿਸ਼ਨ ਸੁਨਿਆਰਾ ਆਪਣੇ ਸਮੇਂ ਦਾ ਮੰਨਿਆ ਪ੍ਰਮੰਨਿਆ ਗਹਿਣਿਆਂ ਦਾ ਕਾਰੀਗਰ ਸੀ ।ਉਸ ਦੇ ਸਮੇਂ ਦੁਕਾਨ ਚੰਗੀ ਚੱਲਦੀ ਸੀ। ਕ੍ਰਿਸ਼ਨ ਦਾਰੂ ਦਾ ਸ਼ੌਂਕੀ ਸੀ। ਦਾਰੂ ਪੀਣ ਦਾ ਸ਼ੌਕ ਗੋਰੇ ਨੂੰ ਵੀ ਵਿਰਾਸਤ ਵਿੱਚ ਦੇ ਗਿਆ। ਪਿੰਡਾਂ ਦੀ ਆਰਥਿਕਤਾ ਵੀ ਪਹਿਲਾਂ ਵਾਲੀ ਨਹੀਂ ਰਹੀ ਸੀ। ਇਸ ਲਈ ਪਿੰਡ ਵਿੱਚ ਗਹਿਣਿਆਂ ਦੀ ਦੁਕਾਨ ਤੇ ਕਿਹੜਾ ਸੋਨਾ ਚਾਂਦੀ ਵਿਕਦਾ ਸੀ। ਉਸ ਕੋਲ ਵੱਧ ਤੋਂ ਵੱਧ ਕੋਈ ਚਾਂਦੀ ਦੀਆਂ ਝਾਂਜਰਾਂ ਜਾਂ ਕੋਕਾ ਲੈਣ ਵਾਲਾ ਹੀ ਆਉਂਦਾ। ਮਹੀਨੇ ਵਿਚ ਇਕ ਅੱਧੀ ਵਾਰ ਕੋਈ ਨਾ ਕੋਈ ਜ਼ਨਾਨੀ ਗਹਿਣੇ ਨੂੰ ਟਾਂਕਾ ਲਵਾਉਣ ਆ ਜਾਂਦੀ। ਉਸ ਦੀ ਘਰਵਾਲੀ ਸਤਵੰਤ ਲੀੜਾ ਕੱਪੜਾ ਸਿਉਂ ਕੇ ਗੁਜ਼ਾਰਾ ਕਰਦੀ। ਗੋਰਾ ਤਾਂ ਦੁਕਾਨ ਤੇ ਬੈਠ ਕੇ ਸਿਰਫ਼ ਬੀੜੀਆਂ ਖਿੱਚਦਾ ਤੇ ਆਥਣੇ ਦਾਰੂ ਦਾ ਕੋਈ ਜੁਗਾੜ ਕਰਦਾ। ਦੇਬੀ ਨਾਲ ਉਸ ਦੀ ਸੱਥਰੀ ਇਸੇ ਲਈ ਪੈਂਦੀ ਸੀ ਕਿ ਉਹ ਦੋਵੇਂ ਜਣੇ ਆਥਣੇ ਇਕੱਠੇ ਮੂੰਹ ਕੌੜਾ ਕਰ ਲੈਂਦੇ ।ਦੇਬੀ ਮਾਂ ਤੋਂ ਲੜ ਝਗੜ ਕੇ ਪੈਸੇ ਲੈ ਜਾਂਦਾ। ਪਿੰਡ ਵਿਚੋਂ ਘਰ ਦੀ ਕੱਢੀ ਹੋਈ ਆਮ ਮਿਲ ਜਾਂਦੀ ਤੇ ਉਹ ਗੋਰੇ ਦੀ ਦੁਕਾਨ ਤੇ ਪਹੁੰਚ ਜਾਦਾ।

ਦੇਬੀ ਸਤਵੰਤ ਨੂੰ ਭਾਬੀ-ਭਾਬੀ ਕਹਿ ਕੇ ਨਿੱਕੇ ਨਿੱਕੇ ਮਖੌਲ ਕਰਦਾ ਰਹਿੰਦਾ ਤੇ ਉਹ ਮੁਸਕਰਾ ਕੇ ਜਵਾਬ ਦਿੰਦੀ। ਦੇਬੀ ਦਾ ਆਪਣੇ ਘਰ ਜਾਣ ਨੂੰ ਦਿਲ ਹੀ ਨਹੀਂ ਕਰਦਾ ਸੀ। ਗੋਰੇ ਦੇ ਦੋਵੇਂ ਨਿਆਣੇ ਪਿੰਕੀ ਤੇ ਰਵੀ ਉਸ ਨਾਲ ਚਾਚਾ ਚਾਚਾ ਕਰਦੇ ਖੇਡਦੇ ਰਹਿੰਦੇ। ਦੇਬੀ ਸਤਵੰਤ ਵੱਲ ਆਸ ਭਰੀਆਂ ਨਜ਼ਰਾਂ ਨਾਲ ਦੇਖਦਾ ।ਕਈ ਵਾਰ ਦੇਖਦਾ ਸਤਵੰਤ ਦੇ ਗੋਰਾ ਧੌਲ ਧੱਫਾ ਕਰ ਰਿਹਾ ਹੁੰਦਾ। ਉਸ ਨੂੰ ਰੋਕਦਾ ਤੇ ਤੀਵੀਂ ਦੀ ਮਾਰਕੁੱਟ ਲਈ ਲੜਦਾ ,"ਮੇਰੇ ਯਾਰ ਜਿਹੋ ਜਿਹੀ ਮਿੱਟੀ ਕੁੱਟ ਲਈ ਉਹੋ ਜਿਹੀ ਤੀਮੀਂ ਕਾਹਨੂੰ ਪਾਪ ਕਰਦਾ ਹੈ।"

ਸਤਵੰਤ ਪਾਸੇ ਬੈਠੀ ਡੁਸਕਦੀ ਤਾ ਗੋਰਾ ਕਹਿੰਦਾ ,"ਇਹਦੇ ਚਾਲੇ ਠੀਕ ਨਹੀਂ ਮੇਰੇ ਸਾਲੇ ਦੀ ਦੇ, ਜੇ ਜੁਆਕ ਨਾ ਹੁੰਦੇ ਨਾ ਤਾਂ ਵੱਢ ਕੇ ਦੱਬ ਦਿੰਦਾ।"

ਦੇਬੀ ਉਸ ਨੂੰ ਠੰਡਾ ਕਰਦਾ ਤੇ ਫੇਰ ਦੋਵੇਂ ਦਾਰੂ ਵਾਲੇ ਪਾਸੇ ਹੋ ਜਾਂਦੇ ।ਦੇਬੀ ਨੂੰ ਕਨਸੋਅ ਸੀ ਕਿ ਸਤਵੰਤ ਦਾ ਆਪਣੇ ਪੇਕੇ ਪਿੰਡ ਕਿਸੇ ਨਾਲ ਪੁਰਾਣਾ ਯਾਰਾਨਾ ਹੈ। ਇਹੋ ਜਿਹੀਆਂ ਗੱਲਾਂ ਪਿੰਡ ਵਿਚ ਘੱਟ ਹੀ ਲੁਕੀਆਂ ਰਹਿੰਦੀਆਂ ਹਨ। ਫੇਰ ਅਚਾਨਕ ਦੇਬੀ ਨੇ ਮਹਿਸੂਸ ਕੀਤਾ ਜਿਵੇਂ ਸਤਵੰਤ ਉਸਨੂੰ ਜਾਣਬੁਝ ਕੇ ਛੂਹ ਲੈਂਦੀ ਹੋਵੇ। ਹੁਣ ਉਹ ਸਮਾਨ ਫੜਾਉਣ ਆਈ ਉਸ ਵੱਲ ਝਾਕਦੀ ਤਾ ਅੱਖ ਵਿੱਚ ਅੱਖ ਪਾ ਕੇ ਗੱਲ ਕਰਦੀ। ਦੇਬੀ ਦਾ ਸਰੀਰ ਥਰਥਰਾਉਣ ਲੱਗ ਜਾਂਦਾ। ਉਸ ਨੇ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਸ ਦੀ ਜ਼ਿੰਦਗੀ ਵਿਚ ਅਜਿਹੇ ਪਲ ਵੀ ਆ ਸਕਦੇ ਹਨ ।ਫਿਰ ਉਸ ਨੂੰ ਪਤਾ ਹੀ ਨਾ ਲੱਗਿਆ ਕਦੋਂ ਉਹ ਸਤਵੰਤ ਦੇ ਨੇੜੇ ਹੋ ਗਿਆ। ਹੁਣ ਤਾਂ ਸਗੋਂ ਉਹ ਗੋਰੇ ਨੂੰ ਜ਼ਿਆਦਾ ਦਾਰੂ ਪਿਆ ਦਿੰਦਾ। ਗੋਰਾ ਜਦੋਂ ਸ਼ਰਾਬੀ ਹੋ ਕੇ ਲੁੜਕ ਜਾਂਦਾ ਤਾਂ ਸਤਵੰਤ ਉਸ ਦੀਆਂ ਬਾਹਾਂ ਵਿੱਚ ਆ ਜਾਦੀ। ਹੌਲੀ ਹੌਲੀ ਉਸ ਨੂੰ ਜਿਵੇਂ ਸਤਵੰਤ ਦਾ ਨਸ਼ਾ ਹੀ ਹੋ ਗਿਆ ਹੋਵੇ। ਉਸ ਦੀਆਂ ਖਰੌੜੀਆਂ ਨੇ ਧਰਤੀ ਪੱਟਣੀ ਬੰਦ ਕਰ ਦਿੱਤੀ ਸੀ। ਸਤਵੰਤ ਅਕਸਰ ਆਪਣੀ ਸਰੀਰ ਚ ਪਏ ਕੁੱਟ ਦੇ ਨਿਸ਼ਾਨ ਦਿਖਾਉਂਦੀ ਤੇ ਆਖਦੀ, "ਦੇਖ ਕਿਵੇਂ ਮੈਨੂੰ

ਕਸਾਈਆਂ ਵਾਂਗੂੰ ਕੋਹਦਾ, ਜੇ ਇਹ ਮਰਜਾਣਾ ਪਿੱਛੋਂ ਲਹੇ ਮੈਂ ਤਾਂ ਸਾਰੀ ਜ਼ਿੰਦਗੀ ਤੇਰੇ ਨਾਲ ਹੀ ਗੁਜ਼ਾਰ ਲਵਾਂਗੀ।"

ਉਸ ਦੀਆਂ ਗੱਲਾਂ ਨੇ ਦੇਬੀ ਦਾ ਦਿਮਾਗ਼ ਖ਼ਰਾਬ ਕਰਨਾ ਸ਼ੁਰੂ ਕਰ ਦਿੱਤਾ। ਸਤਵੰਤ ਸੋਚਦੀ ਕਿ ਤਿੰਨ ਕਿੱਲਿਆਂ ਦਾ ਮਾਲਕ ਹੈ । ਉਸ ਨੂੰ ਵੀ ਆਪਣੀ ਮਰਜ਼ੀ ਕਰਨ ਦਾ ਮੌਕਾ ਮਿਲ ਜਾਵੇਗਾ। ਉਸ ਦੀਆਂ ਗੱਲਾਂ ਦਾ ਅਸਰ ਇੰਨਾ ਹੋ ਗਿਆ ਕਿ ਇੱਕ ਦਿਨ ਉਹ ਤਕੀਪੁਰ ਵਾਲੇ ਵੈਦ ਤੋਂ ਦਵਾਈ ਵਿਚ ਪਾਉਣ ਦੇ ਨਾਂ ਤੇ ਸੰਖੀਆ ਲੈ ਆਇਆ। ਉਸ ਨੇ ਅਧੀਏ ਵਿਚ ਪੂਰੀ ਪੁੜੀ ਉਲਟਾ ਕੇ ਚੰਗੀ ਤਰ੍ਹਾਂ ਅਧੀਏ ਨੂੰ ਹਿਲਾਇਆ ।ਆਥਣੇ ਜਿਹੇ ਉਹ ਅਧੀਆ ਗੋਰੇ ਨੂੰ ਫੜਾ ਕੇ ਬਹਾਨਾ ਮਾਰ ਕੇ ਮੁੜ ਆਇਆ ਕਿ ਅੱਜ ਤਾਂ ਘਰੇ ਰਿਸ਼ਤੇਦਾਰ ਆਏ ਨੇ , ਉਸ ਨੇ ਉਹਨਾ ਕੋਲ ਬੈਠਣਾ ਹੈ।

ਸ਼ਰਾਬ ਨੂੰ ਦੇਖਕੇ ਤਾ ਗੋਰੇ ਦੀ ਚੀਕ ਨਿਕਲ ਜਾਂਦੀ ਸੀ। ਗੋਰੇ ਨੇ ਉਸ ਨੂੰ ਜੱਫੀ ਵਿਚ ਲੈਂਦੇ ਕਿਹਾ ਸੀ, "ਓਏ ਮੇਰਿਆ ਯਾਰਾ , ਤੇਰੇ ਅਰਗਾ ਦੋਸਤ ਰੱਬ ਹਰ ਕਿਸੇ ਨੂੰ ਦੇਵੇ, ਤੇਰੇ ਹੁੰਦਿਆਂ ਮੈਨੂੰ ਕਿਸੇ ਚੀਜ਼ ਦੀ ਘਾਟ ਨਹੀ।"

ਦਾਰੂ ਦੀ ਤਲਬ ਨੇ ਉਸ ਨੂੰ ਦੇਬੀ ਦੀ ਉਸਤਤ ਕਰਨ ਲਈ ਮਜਬੂਰ ਕਰ ਦਿੱਤਾ ਸੀ।

ਦੇਬੀ ਨੂੰ ਪੂਰੀ ਰਾਤ ਨੀਂਦ ਨਹੀਂ ਆਈ ਸੀ। ਸਵੇਰੇ ਉਹ ਬਾਹਰ ਜਾਣ ਦੇ ਬਹਾਨੇ ਗੋਰੇ ਦੇ ਘਰ ਵਾਲੀ ਫਿਰਨੀ ਤੇ ਗਿਆ ਤਾ ਸਤਵੰਤ ਦੇ ਵੈਣ ਉਸਦੇ ਕੰਨੀਂ ਪਏ। ਇੱਕ ਵਾਰ ਤਾਂ ਉਸ ਦੇ ਹੱਥ ਪੈਰ ਠੰਢੇ ਹੋ ਗਏ ।ਉਸ ਨੇ ਸੋਚਿਆ ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ ਉਹ ਕਿਸੇ ਪਾਸੇ ਦਾ ਨਹੀਂ ਰਹੇਗਾ। ਸਾਰੀ ਉਮਰ ਜੇਲ੍ਹ ਵਿੱਚ ਚੱਕੀ ਪੀਸਣੀ ਪੈ ਸਕਦੀ ਹੈ। ਪਰ ਸਤਵੰਤ ਨੇ ਇਹੋ ਜਿਹਾ ਪਰਪੰਚ ਰਚਿਆ ਸੀ ਕਿਸੇ ਨੂੰ ਸ਼ੱਕ ਹੀ ਨਾ ਹੋਇਆ। ਗ਼ਰੀਬ ਬੰਦੇ ਦਾ ਖਿਆਲ ਕੌਣ ਕਰਦਾ ਹੈ। ਆਂਢ ਗੁਆਂਢ ਵਾਲੇ ਗੋਰੇ ਨੂੰ ਚੁੱਕ ਕੇ ਫੂਕ ਆਏ।

ਗੋਰੇ ਦਾ ਭੋਗ ਪਿੰਡ ਦੇ ਗੁਰਦੁਆਰੇ ਵਿਚ ਪਿਆ ।ਦੇਬੀ ਨੂੰ ਖੁੱਲ੍ਹ ਹੀ ਹੋ ਗਈ ।ਉਹ ਸਾਰਾ ਦਿਨ ਹੀ ਗੋਰੇ ਦੇ ਘਰੇ ਵੜਿਆ ਰਹਿੰਦਾ।ਆਂਢ ਗੁਆਂਢ ਚ ਚਵਾ ਚਵੀ ਹੋਣ ਲੱਗੀ । ਪਿੰਡ ਵਿੱਚ ਕਈ ਜਣੇ ਗੱਲ ਕਰਦੇ , "ਦੇਖ ਮੇਰਾ ਸਾਲਾ ਡੁੱਡਾ ਕਿਵੇਂ ਮੂਨ ਵਰਗੀ ਜ਼ਨਾਨੀ ਨੂੰ ਦੱਬੀ ਫਿਰਦੈ।"

ਘਰ ਵਿਚ ਮਾਂ ਤੇ ਛੋਟਾ ਭਰਾ ਵੀ ਕਲਪਣ ਲੱਗੇ ਤਾਂ ਦੇਬੀ ਨੇ ਸੋਚਿਆ ਕਿ ਹੁਣ ਸਮਾਂ ਆਰ ਜਾਂ ਪਾਰ ਦਾ ਹੈ। ਉਸ ਨੇ ਸਤਵੰਤ ਨਾਲ ਗੱਲ ਕੀਤੀ ਉਸ ਨੇ ਵੀ ਹਿੱਕ ਥਾਪੜ ਦਿੱਤੀ। ਅਗਲੇ ਦਿਨ ਹੀ ਤੁਰੰਤ ਰਜਿਸਟਰੀ ਤੇ ਨੰਬਰਦਾਰਾਂ ਨੂੰ ਡੂਢ ਕਿੱਲਾ ਵੇਚ ਕੇ ਦੇਬੀ ਤੇ ਸਤਵੰਤ ਸ਼ਹਿਰ ਨੂੰ ਤੁਰ ਗਏ। ਛੋਟਾ ਭਰਾ ਅਤੇ ਮਾਂ ਬਥੇਰਾ ਪਿੱਟੇ ਪਰ ਉਸ ਦੇ ਸਿਰ ਤੇ ਤਾਂ ਇਸ਼ਕ ਦਾ ਭੂਤ ਸਵਾਰ ਸੀ।

ਉੱਥੇ ਉਨ੍ਹਾਂ ਨੇ ਸ਼ਹਿਰ ਦੇ ਬਾਹਰਵਾਰ ਬਣੀ ਕਾਲੋਨੀ ਵਿਚ ਇਕ ਘਰ ਦਾ ਸੌਦਾ ਕਰ ਲਿਆ। ਘਰ ਬਾਵਾ ਖੁੱਲ੍ਹਾ ਸੀ ਦੋ ਕਮਰੇ ਤੇ ਰਸੋਈ ਬਣੀ ਹੋਈ ਸੀ। ਸਤਵੰਤ ਥੋੜ੍ਹੇ ਦਿਨਾਂ ਬਾਅਦ ਆਪਣਾ ਸਾਮਾਨ ਵੀ ਚੁੱਕ ਲਿਆਈ। ਜਦੋਂ ਬਚਦਾ ਡੇਢ ਕਿੱਲਾ ਦੇਬੀ ਨੇ ਨੰਬਰਦਾਰਾਂ ਨੂੰ ਠੇਕੇ ਤੇ ਦੇਣ ਦੀ ਗੱਲ ਕੀਤੀ ਤਾਂ ਛੋਟੇ ਭਰਾ ਨੇ ਵੀ ਈਨ ਮੰਨ ਲਈ ਤੇ ਆਪਣੇ ਕੋਲੋਂ ਜ਼ਮੀਨ ਦਾ ਠੇਕਾ ਦੇਣਾ ਮੰਨ ਲਿਆ।

ਸ਼ਹਿਰ ਵਿੱਚ ਆ ਕੇ ਦੇਬੀ ਇੱਕ ਵਾਰੀ ਤਾਂ ਹਰਦੇਵ ਸਿੰਘ ਬਣ ਗਿਆ। ਜਦੋਂ ਭਾਈ ਜੀ ਨੇ ਅਰਦਾਸ ਵਿਚ ਹਰਦੇਵ ਸਿੰਘ ਤੇ ਸਤਵੰਤ ਕੌਰ ਦੀ ਜੋੜੀ ਨੂੰ ਨਵੇਂ ਘਰ ਦੀ ਵਧਾਈ ਦਿੱਤੀ ਤਾਂ ਖਰੌੜੀਆਂ ਦੇ ਸਹਾਰੇ ਖੜੇ ਦੇਬੀ ਦੀ ਹਿੱਕ ਪਾਟਣ ਤਕ ਆ ਗਈ ਸੀ। ਉੱਥੇ ਸਤਵੰਤ ਨੇ ਸਿਲਾਈ ਦਾ ਕੰਮ ਸ਼ੁਰੂ ਕਰਨ

ਦੀ ਕੋਸ਼ਿਸ਼ ਕੀਤੀ ਪਰ ਬਾਹਰਵਾਰ ਆਬਾਦੀ ਤੋਂ ਹੋਣ ਕਰਕੇ ਕੰਮ ਬਹੁਤਾ ਨਾ ਰੁੜ੍ਹਿਆ ।ਜ਼ਮੀਨ ਦਾ ਥੋੜ੍ਹਾ ਬਹੁਤਾ ਠੇਕਾ ਆ ਜਾਂਦਾ ਬਾਕੀ ਸਤਵੰਤ ਕੰਮ ਧੰਦਾ ਕਰ ਲੈਂਦੀ ਤੇ ਘਰ ਦਾ ਰੁੜ੍ਹਨਾ ਰੁੜ੍ਹੀ ਜਾਦਾ। ਪਿੰਕੀ ਤੇ ਰਵੀ ਉਸ ਨੂੰ ਪਾਪਾ ਜੀ ਕਹਿ ਕੇ ਬੁਲਾਉਣ ਲੱਗੇ ਸਨ। ਬੱਚੇ ਵੱਡੇ ਹੋਣ ਲੱਗੇ ਤਾਂ ਘਰ ਦੇ ਖਰਚੇ ਵੀ ਵਧਣੇ ਸ਼ੁਰੂ ਹੋ ਗਏ।ਕਦੇ ਕਦੇ ਸਤਵੰਤ ਦੇਬੀ ਨਾਲ ਗੁੱਸੇ ਵੀ ਹੋ ਜਾਂਦੀ ਕਿ ਉਹ ਕਿਸੇ ਕੰਮ ਕਾਰ ਦਾ ਨਹੀਂ। ਦੇਬੀ ਨੇ ਤਾਂ ਕਦੇ ਜ਼ਿੰਦਗੀ ਵਿੱਚ ਕੋਈ ਕੰਮ ਕੀਤਾ ਹੀ ਨਹੀਂ ਸੀ। ਫਿਰ ਵੀ ਉਸ ਨੇ ਚਾਰ ਕਨਾਲਾਂ ਜ਼ਮੀਨ ਵੇਚ ਕੇ ਘਰ ਵਿੱਚ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਪਾ ਲਈ ਤੇ ਟਾਈਮ ਪਾਸ ਕਰਨ ਲੱਗਿਆ।

ਇਸ ਕਾਲੋਨੀ ਵਿਚ ਬਣ ਬਣ ਦੀ ਲੱਕੜ ਇਕੱਠੀ ਹੋਈ ਹੋਈ ਸੀ। ਕਿਸੇ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਪਿੰਡ ਵਿੱਚ ਤਾਂ ਕਿੰਨੀਆਂ ਹੀ ਸਮਾਜਿਕ ਬੰਦਸ਼ਾਂ ਹੁੰਦੀਆਂ ਹਨ। ਇੱਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ ਸੀ। ਸਤਵੰਤ ਤੇ ਵੀ ਸ਼ਹਿਰ ਦਾ ਰੰਗ ਚੜ੍ਹਨਾ ਸ਼ੁਰੂ ਹੋ ਗਿਆ। ਹੁਣ ਸਤਵੰਤ ਅਕਸਰ ਬਾਜ਼ਾਰ ਵੱਲ ਤੁਰ ਜਾਂਦੀ।ਉਸ ਨੇ ਸੱਜਣਾ ਸੰਵਰਨਾ ਵੀ ਥੋੜ੍ਹਾ ਜਿਹਾ ਵਧਾ ਦਿੱਤਾ ਸੀ। ਦੇਬੀ ਨੂੰ ਕਦੇ ਕਦੇ ਸ਼ੱਕ ਪੈਂਦਾ ਕਿ ਉਸ ਦੇ ਪੇਕੇ ਪਿੰਡ ਵਾਲਾ ਬੰਦਾ ਤਾਂ ਉਸ ਕੋਲ ਨਹੀਂ ਆਉਣ ਲੱਗ ਪਿਆ। ਕਿਤੇ ਇਥੇ ਕਿਸੇ ਗ਼ਲਤ ਰਾਹ ਤੇ ਨਾ ਤੁਰ ਪਈ ਹੋਵੇ। ਇਨ੍ਹਾਂ ਦਿਨਾਂ ਵਿਚ ਸਤਵੰਤ ਦਾ ਵਿਵਹਾਰ ਬਿਲਕੁਲ ਬਦਲ ਗਿਆ।ਉਸ ਲੜਨ ਦੀ ਬਜਾਏ ਉਹਦੇ ਨਾਲ ਪਿਆਰ ਨਾਲ ਗੱਲ ਕਰਦੀ ।ਦੁਕਾਨ ਤੇ ਆਏ ਕਈ ਬੰਦੇ ਹਾਸੀ ਹਾਸੀ ਵਿੱਚ ਦੇਬੀ ਨੂੰ ਗੱਲ ਰੜਕਾਉਂਦੇ ਤਾਂ ਉਹ ਔਖਾ ਭਾਰਾ ਹੋ ਜਾਂਦਾ ।ਇੱਕ ਦਿਨ ਤਾਂ ਉਸ ਨੇ ਸਤਵੰਤ ਨਾਲ ਸਿੱਧੀ ਗੱਲ ਹੀ ਕਰ ਲਈ ਕਿ ਲੋਕ ਉਸ ਬਾਰੇ ਗੱਲਾਂ ਬਣਾਉਂਦੇ ਹਨ। ਸਤਵੰਤ ਨੇ ਅੱਖਾਂ ਭਰਦਿਆਂ ਕਿਹਾ, "ਭੈੜਿਆ ਤੂੰ ਵੀ ਮੇਰੇ ਤੇ ਸ਼ੱਕ ਕਰਦਾ, ਤੈਨੂੰ ਲੱਗਦੈ ਇਹੋ ਜਿਹੀ ਹੋਵਾਂਗੀ, ਲੋਕਾਂ ਦਾ ਕੰਮ ਤਾਂ ਗੱਲਾਂ ਬਣਾਉਣੀਆਂ ਨੇ ਤੇਰੇ ਨਾਲ ਮੇਰਾ ਵਾਅਦਾ ਹੈ ਕਿ ਮੈਂ ਕਿਸੇ ਮਾੜੀ ਗੱਲ ਨੂੰ ਘਰ ਤਕ ਨਹੀਂ ਆਉਣ ਦੇਵਾਂਗੀ।"

ਦੇਬੀ ਦਾ ਮਨ ਟਿਕਾਅ ਵਿਚ ਆ ਗਿਆ। ਪਰ ਜਿਵੇਂ ਸਿਆਣੇ ਆਖਦੇ ਹਨ ਕਿ ਸ਼ੱਕ ਦਾ ਕੀੜਾ ਜਦੋਂ ਕੁਲਬੁਲਾਉਣ ਲੱਗਦਾ ਹੈ ਤਾਂ ਫਿਰ ਉਹ ਮਰਦਾ ਨਹੀਂ ।ਗਾਹੇ ਬਗਾਹੇ ਕਦੇ ਨਾ ਕਦੇ ਸਰਸਰਾਹਟ ਕਰਨ ਹੀ ਲੱਗਦਾ।ਸਤਵੰਤ ਦਾ ਤੋਰਾ ਫੇਰਾ ਬਾਹਰ ਵਧਦਾ ਜਾ ਰਿਹਾ ਸੀ।ਘਰ ਵਿੱਚ ਚੀਜ਼ਾਂ ਵੀ ਆਉਣ ਲੱਗ ਪਈਆਂ। ਜਦੋਂ ਉਹ ਇਨ੍ਹਾਂ ਬਾਰੇ ਪੁੱਛਦਾ ਤਾਂ ਸਤਵੰਤ ਪਹਿਲਾਂ ਤਾਂ ਮਿੱਠੀ ਪਿਆਰੀ ਹੋ ਕੋਈ ਨਾ ਕੋਈ ਬਹਾਨਾ ਬਣਾ ਕੇ ਚੁੱਪ ਕਰਾਉਂਦੀ ਰਹੀ। ਇੱਕ ਦਿਨ ਜਦੋਂ ਬਹੁਤੀ ਗੱਲ ਵਧ ਗਈ ਤਾਂ ਉਸ ਨੇ ਆਪਣਾ ਰੌਦਰ ਰੂਪ ਦਿਖਾਇਆ ਅਤੇ ਬੋਲੀ , "ਦੇਖ ਮੈਂ ਆਪਣੀ ਕਬੀਲਦਾਰੀ ਦਾ ਗੱਡਾ ਤਾਂ ਤੋਰਨਾ ਏ, ਜੇ ਤੈਨੂੰ ਚੰਗਾ ਲੱਗਦੈ ਤਾਂ ਰਹਿ, ਮੈਂ ਤੇਰੀ ਪੂਰੀ ਸੇਵਾ ਇਸੇ ਤਰ੍ਹਾਂ ਕਰਦੀ ਰਹੂ , ਜੇ ਇਸੇ ਤਰ੍ਹਾਂ ਟੋਕ ਟਕਾਈ ਕਰਨੀ ਹੈ ਤਾਂ ਤੇਰੀ ਮਰਜ਼ੀ ਜਿੱਥੇ ਮਰਜ਼ੀ ਜਾਹ।"

ਉਸ ਦਿਨ ਉਹ ਹੈਰਾਨ ਰਹਿ ਗਿਆ ਸੀ ।ਸਤਵੰਤ ਨੇ ਉਸ ਨੂੰ ਤੋੜ ਕੇ ਬਿਠਾ ਦਿੱਤਾ ਸੀ। ਪਰ ਹੁਣ ਉਸ ਕੋਲ ਹੋਰ ਕੋਈ ਟਿਕਾਣਾ ਨਹੀਂ ਸੀ ।ਮਾਂ ਤਾਂ ਕਦੋਂ ਦੀ ਦੂਜੇ ਜਹਾਨ ਵਿੱਚ ਤੁਰ ਗਈ ਸੀ। ਇਕ ਕਿੱਲੇ ਤੇ ਭਰਾ ਨੇ ਕਿੱਥੇ ਰੋਟੀ ਦੇਣੀ ਸੀ , ਨਾਲੇ ਫੇਰ ਪਿੰਡ ਦੀ ਤੋਏ ਤੋਏ ਉਸ ਤੋਂ ਵੀ ਭੈੜੀ ਸੀ। ਹਰ ਕਿਸੇ ਨੇ ਟਿੱਚਰ ਕਰਕੇ ਲੰਘਣਾ ਸੀ। ਇੱਥੇ ਪਿੰਡ ਤੋਂ ਦੂਰ ਵਸਦਾ ਸੀ , ਜਿਵੇਂ ਵੀ ਸੀ ਠੀਕ ਸੀ। ਉਸ ਨੇ ਮਨ ਮਾਰ ਲਿਆ।ਹੁਣ ਉਸਨੇ ਸਤਵੰਤ ਨੂੰ ਟੋਕਣਾ ਹੀ ਬੰਦ ਕਰ ਦਿੱਤਾ।ਸਤਵੰਤ ਵੀ ਉਸ ਦੇ ਮਨ ਦੀ ਗੱਲ ਸਮਝ ਗਈ ਸੀ ।ਉਹ ਉਸ ਨਾਲ ਪਹਿਲਾਂ ਵਾਂਗ ਹੀ ਘਟ ਹੱਸਦੀ ਬੋਲਦੀ। ਉਸ ਨੂੰ ਹਰ ਗੱਲ ਪੁੱਛਦੀ ਪਰ ਦੇਬੀ

ਦੇ ਮਨ ਵਿਚ ਇਕ ਗੰਢ ਜਿਹੀ ਬੱਝ ਗਈ ਸੀ।

ਗੁਰਸਾਹਿਬ ਦਾ ਦਾਖ਼ਲਾ ਉਸਦੇ ਘਰ ਵਿਚ ਉਸ ਸਮੇਂ ਹੋਇਆ ਜਦੋਂ ਐਮ ਐਲ ਏ ਦੀਆਂ ਚੋਣਾਂ ਦੇ ਵਿੱਚ ਸਤਵੰਤ ਨੇ ਪੰਜਾਬ ਪਾਰਟੀ ਵਾਲਿਆਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ।ਗੁਰਸਾਹਿਬ ਪਾਰਟੀ ਦੇ ਲੀਡਰ ਦਾ ਖ਼ਾਸ ਬੰਦਾ ਸੀ।ਉਹ ਪੁਲਿਸ ਵਿਚੋਂ ਰਿਟਾਇਰ ਹੋਇਆ ਸੀ ।ਉਸ ਦੀ ਘਰਵਾਲੀ ਕਈ ਸਾਲ ਪਹਿਲਾਂ ਮਰ ਗਈ ਸੀ।ਦੋਵੇਂ ਮੁੰਡੇ ਕੈਨੇਡਾ ਜਾ ਸੈੱਟ ਹੋਏ ਸਨ।ਗੁਰਸਾਹਿਬ ਵੀ ਛੇ ਕੁ ਮਹੀਨੇ ਉੱਥੇ ਰਹਿ ਕੇ ਮੁੜ ਆਇਆ ਸੀ।ਉਸ ਦੀਆਂ ਪੁਲਿਸ ਵਾਲੀਆਂ ਆਦਤਾਂ ਕਰਕੇ ਨਿਆਣਿਆਂ ਨਾਲ ਉਸ ਦੀ ਰਚਕ ਨਹੀਂ ਬੈਠੀ ਸੀ।ਉਹ ਅਕਸਰ ਉਨ੍ਹਾਂ ਦੇ ਘਰ ਆ ਕੇ ਬੈਠਾ ਰਹਿੰਦਾ ।ਉਸ ਨੇ ਸਤਵੰਤ ਨੂੰ ਮਹਿਲਾ ਮੰਡਲ ਦੀ ਪ੍ਰਧਾਨ ਬਣਾ ਦਿੱਤਾ ।ਪੰਜਾਬ ਪਾਰਟੀ ਵਾਲਿਆਂ ਦੀ ਸਰਕਾਰ ਆ ਗਈ ਤਾਂ ਗੁਰਸਾਹਿਬ ਦੀ ਵਾਹਵਾ ਚੜ੍ਹਤ ਹੋ ਗਈ ।ਐੱਮ ਐੱਲ ਏ ਉਸ ਨੂੰ ਹਮੇਸ਼ਾਂ ਨਾਲ ਰੱਖਦਾ।ਸਤਵੰਤ ਵੀ ਹੁਣ ਲੋਕਾਂ ਦੇ ਕੰਮ ਧੰਦੇ ਕਰਵਾਉਂਦੀ ਤੇ ਗਲੀ ਗੁਆਂਢ ਦੇ ਵਿੱਚ ਉਸ ਲਈ ਪ੍ਰਧਾਨ ਜੀ-ਪ੍ਰਧਾਨ ਜੀ ਹੋਣ ਲੱਗੀ ।ਹੁਣ ਸਤਵੰਤ ਨੇ ਬਾਹਰ ਅੰਦਰ ਜਾਣਾ ਬੰਦ ਕਰ ਦਿੱਤਾ ਸੀ।ਘਰ ਦਾ ਰੰਗ ਰੂਪ ਹੀ ਬਦਲਣ ਲੱਗਿਆ ਸੀ ।ਸਤਵੰਤ ਨੇ ਘਰ ਦੀ ਮੁਰੰਮਤ ਕਰਵਾਈ ਤੇ ਇੱਕ ਚੁਬਾਰਾ ਬਣਾਇਆ ਗਿਆ ।ਹਰ ਦੂਜੇ ਤੀਜੇ ਦਿਨ ਗੁਰਸਾਹਿਬ ਦਾ ਡੇਰਾ ਉੱਥੇ ਹੀ ਲਗਦਾ।ਦੇਬੀ ਸਮਝ ਗਿਆ ਕਿ ਸਾਰਾ ਖ਼ਰਚਾ ਗੁਰਸਾਹਿਬ ਕਰਦਾ ਹੈ।

ਪਿੰਕੀ ਦੇ ਰਵੀ ਵੀ ਵੱਡੇ ਹੋ ਗਏ ਸਨ।ਦੇਬੀ ਹੈਰਾਨ ਹੁੰਦਾ ਕਿ ਮਾਂ ਦੀਆਂ ਹਰਕਤਾਂ ਦਾ ਉਨ੍ਹਾਂ ਤੇ ਖਾਸ ਅਸਰ ਨਹੀਂ ਸੀ।ਸ਼ਾਇਦ ਅੱਜ ਦੀ ਪੀੜ੍ਹੀ ਲਈ ਪੈਸਾ ਹੀ ਵੱਡੀ ਚੀਜ਼ ਸੀ।ਪਿੰਕੀ ਤਾਂ ਕਾਲਜ ਵਿੱਚ ਪੜ੍ਹ ਰਹੀ ਸੀ।ਰਵੀ ਨੇ ਬਾਰ੍ਹਵੀਂ ਕਰਕੇ ਕੈਨੇਡਾ ਜਾਣ ਦਾ ਮਨ ਬਣਾ ਲਿਆ।ਅਸਲ ਵਿੱਚ ਇਸ ਪਿੱਛੇ ਬਹੁਤਾ ਬਹੁਤੀ ਹੱਲਾਸ਼ੇਰੀ ਗੁਰਸਾਹਿਬ ਦੀ ਸੀ। ਜਿਹੜਾ ਪੈੱਗ ਲਾ ਕੇ ਰਵੀ ਨੂੰ ਬਾਹਰ ਦੀਆਂ ਗੱਲਾਂ ਸੁਣਾਉਂਦਾ ਤੇ ਆਖਦਾ ਤੂੰ ਵੀ ਮੇਰਾ ਪੁੱਤ ਹੈ।ਜਿਵੇਂ ਮੈਂ ਦੋਵੇਂ ਮੁੰਡੇ ਭੇਜਿਆ ਇਵੇਂ ਤੈਨੂੰ ਵੀ ਬਾਹਰ ਭੇਜੂ। ਰਵੀ ਦੂਜੀ ਵਾਰ 'ਚ ਬੈਂਡ ਲੈ ਗਿਆ ਤਾਂ ਫੀਸ ਭਰਨ ਦੀ ਗੱਲ ਚੱਲ ਪਈ ।ਸਤਵੰਤ ਨੇ ਪਿੰਡ ਵਾਲਾ ਘਰ ਵੇਚ ਦਿੱਤਾ।ਉਸ ਨੇ ਦੇਬੀ ਨੂੰ ਕਿਹਾ ਕਿ ਉਹ ਪੈਸਿਆਂ ਦਾ ਪ੍ਰਬੰਧ ਕਰੇ।ਉਸ ਨੇ ਜ਼ਮੀਨ ਦੇ ਸੌਦੇ ਦੀ ਗੱਲ ਚਲਾਈ ਤਾਂ ਉਸ ਦੇ ਭਰਾ ਨੇ ਐਲਾਨ ਕਰ ਦਿੱਤਾ ਕਿ ਜ਼ਮੀਨ ਦੀਆਂ ਗਿਰਦਾਵਰੀਆਂ ਮੇਰੇ ਨਾਮ ਹਨ । ਜਿਹੜਾ ਜ਼ਮੀਨ ਖ਼ਰੀਦੇਗਾ ਉਹ ਤਕਸੀਮ ਕਰਵਾ ਕੇ ਲੈ ਲਵੇ ।ਜ਼ਮੀਨ ਸਾਂਝੇ ਖਾਤੇ ਵਿੱਚ ਸੀ ਜਿਹੜੀ ਉਹਨਾਂ ਦੇ ਦਾਦਿਆਂ ਪੜਦਾਦਿਆਂ ਤੋਂ ਇੱਕੋ ਲਾਣੇ ਵਿੱਚ ਚੱਲਿਆ ਆ ਰਿਹਾ ਸੀ ।ਇਸੇ ਕਰਕੇ ਜ਼ਮੀਨ ਦਾ ਕੋਈ ਗਾਹਕ ਛੇਤੀ ਨੇੜੇ ਨਾ ਖੜਿਆ ।ਗੁਰਸਾਹਿਬ ਨੇ ਤੁਰ ਫਿਰ ਕੇ ਜ਼ਮੀਨ ਵਿਚ ਨੇੜੇ ਦੇ ਇਕ ਬਦਮਾਸ਼ ਨੂੰ ਵਿਕਵਾ ਦਿੱਤੀ ਪਰ ਮੁੱਲ ਬਹੁਤ ਘੱਟ ਪਿਆ। ਹਾਲੇ ਹੋਰ ਕਾਫ਼ੀ ਪੈਸਿਆਂ ਦੀ ਲੋੜ ਸੀ। ਸਤਵੰਤ ਨੇ ਗੁਰਸਾਹਿਬ ਵੱਲ ਦੇਖਿਆ ਤਾਂ ਉਸ ਨੇ ਪੈਸਿਆਂ ਦਾ ਪ੍ਰਬੰਧ ਤਾਂ ਕਰ ਦਿੱਤਾ ਪਰ ਸਤਵੰਤ ਉੱਤੇ ਪੱਕੀ ਕਾਠੀ ਹੀ ਪਾ ਲਈ।ਰਵੀ ਦੇ ਕੈਨੇਡਾ ਜਾਣ ਤੋਂ ਬਾਅਦ ਉਸ ਦਾ ਡੇਰਾ ਪੱਕਾ ਹੀ ਚੁਬਾਰੇ ਵਿੱਚ ਹੋ ਗਿਆ ।ਅਕਸਰ ਉਹ ਤੇ ਸਤਵੰਤ ਹੀ ਬਜਾਰ ਵਿਚੋਂ ਸਬਜ਼ੀ ਖਰੀਦਣ ਤੇ ਰਾਸ਼ਨ ਲੈਣ ਜਾਂਦੇ।ਗੁਰਸਾਹਿਬ ਤਾਂ ਇਉਂ ਵਿਚਰਦਾ ਜਿਵੇਂ ਸਤਵੰਤ ਉਸਦੀ ਘਰਵਾਲੀ ਹੋਵੇ ਤੇ ਦੇਬੀ ਬੈਠਾ ਖਿੱਝਦਾ ਰਹਿੰਦਾ। ਉਹ ਸੋਚਦਾ ਘਰੇ ਜਵਾਨ ਕੁੜੀ ਹੈ ਸਤਵੰਤ ਨੇ ਕਿਵੇਂ ਸ਼ਰਮ ਲਾਹ ਰੱਖੀ ਹੈ।ਸਤਵੰਤ ਦੀ ਸੋਚ ਤਾਂ ਹੋਰ ਹੀ ਸੀ। ਉਸ ਨੇ ਪਿੰਕੀ ਲਈ ਮੁੰਡਾ ਭਾਲ ਕੇ ਵਿਆਹ ਰੱਖ ਦਿੱਤਾ ।

ਦੇਬੀ ਜਾਣਦਾ ਸੀ ਕਿ ਸਾਰਾ ਖ਼ਰਚਾ ਗੁਰਸਾਹਿਬ ਹੀ ਕਰ ਰਿਹਾ ।ਉਹ ਅਕਸਰ ਸ਼ਰਾਬੀ ਹੋਇਆ

ਹੁੱਬ ਹੁੱਬ ਕੇ ਆਖਦਾ ਕੰਨਿਆ ਦਾਨ ਕਰਕੇ ਮੈਂ ਵੀ ਪੁੰਨ ਦਾ ਭਾਗੀ ਬਣ ਜਾਵਾਂਗਾ। ਦੇਬੀ ਦੇ ਮਨ੍ਹਾ ਕਰਨ ਦੇ ਬਾਵਜੂਦ ਵੀ ਸਤਵੰਤ ਨੇ ਪਿੰਡ ਦੇ ਕਾਫੀ ਬੰਦਿਆਂ ਨੂੰ ਵਿਆਹ ਦੇ ਕਾਰਡ ਭੇਜ ਦਿੱਤੇ ਸਨ । ਜ਼ਮੀਨ ਦੇ ਰੱਫੜ ਕਰਕੇ ਦੇਬੀ ਦੇ ਭਰਾਵਾਂ ਨੇ ਤਾਂ ਉਸ ਦਾ ਜਿਊਂਦੇ ਦਾ ਹੀ ਡੱਕਾ ਤੋੜ ਦਿੱਤਾ ਸੀ ਤੇ ਮਰਨ ਜਿਊਣ ਮੁਕਾ ਲਿਆ ਸੀ। ਸਭ ਕੁਝ ਦੇ ਬਾਵਜੂਦ ਪਿੰਡ ਤੋਂ ਕਾਫੀ ਜਣੇ ਵਿਆਹ ਵਿੱਚ ਸ਼ਾਮਲ ਹੋਣ ਆ ਗਏ ਸਨ। ਹੁਣ ਆਨੰਦ ਕਾਰਜਾਂ ਦੇ ਸਮੇਂ ਉਹ ਸਾਰੇ ਗੁਰਦੁਆਰੇ ਵਿੱਚ ਬੈਠੇ ਸਨ । ਸਾਰੀ ਕਲੋਨੀ ਦੀਆਂ ਔਰਤਾਂ ਤੇ ਮਰਦ ਵੀ ਬਿਰਾਜਮਾਨ ਸਨ। ਇਸੇ ਕਰਕੇ ਦੇਬੀ ਦਾ ਮਨ ਡਿੱਕ ਡੋਲੇ ਖਾ ਰਿਹਾ ਸੀ। ਉਸ ਦਾ ਮਨ ਕਰ ਰਿਹਾ ਸੀ ਕਿ ਧਰਤੀ ਪਾਟ ਜਾਵੇ ਤੇ ਉਹ ਵਿੱਚ ਹੀ ਨਿੱਘਰ ਜਾਵੇ। ਜਦੋਂ ਭਾਈ ਜੀ ਅਨੰਦ ਕਾਰਜ ਦੀ ਅਰਦਾਸ ਸਮੇਂ ਸਮੇਂ ਲਾੜੇ ਦੇ ਕੇ ਮਾਂ ਬਾਪ ਤੇ ਕੁੜੀ ਦੇ ਮਾਂ ਬਾਪ ਨੂੰ ਖੜ੍ਹੇ ਹੋਣ ਲਈ ਆਖਣਗੇ ਤਾਂ ਸਤਵੰਤ ਨਾਲ ਗੁਰਸਾਹਿਬ ਹੀ ਖੜ੍ਹਾ ਹੋਵੇਗਾ ਤਾਂ ਉਸ ਲਈ ਜਿਊਣ ਦਾ ਤਾਂ ਕੋਈ ਅਰਥ ਹੀ ਨਹੀਂ ਰਹਿ ਜਾਵੇਗਾ। ਗੁਰਸਾਹਿਬ ਪਿੰਕੀ ਦਾ ਪੱਲਾ ਲਾੜੇ ਨੂੰ ਫੜਾਵੇਗਾ ਤਾਂ ਉਹ ਕਿਥੋਂ ਜਿਊਂਦਿਆਂ ਵਿੱਚ ਰਹੇਗਾ। ਸਤਵੰਤ ਇਸ ਤੋਂ ਪਹਿਲਾਂ ਭਾਵੇਂ ਕੁਝ ਵੀ ਕਰਦੀ ਫਿਰਦੀ ਸੀ ਪਰ ਪਿੰਡ ਤੇ ਕਲੋਨੀ ਵਾਲਿਆਂ ਲਈ ਤਾਂ ਉਹ ਹੀ ਉਸ ਦੇ ਸਿਰ ਦਾ ਸਾਈ ਸੀ। ਇੱਕ ਵਾਰ ਤਾਂ ਉਸ ਦਾ ਜੀਅ ਕੀਤਾ ਕਿ ਉੱਠ ਕੇ ਤੁਰ ਜਾਵੇ । ਉਸ ਨੇ ਆਸੇ ਪਾਸੇ ਨਿਗ੍ਹਾ ਵੀ ਮਾਰੀ ਸੀ ਪਰ ਪਿੱਛੇ ਦੂਰ ਤਕ ਲੋਕ ਬੈਠੇ ਸਨ । ਇਸ ਤਰ੍ਹਾਂ ਉਸ ਦਾ ਉੱਠ ਕੇ ਜਾਣਾ ਵੀ ਸੌਖਾ ਨਹੀਂ ਸੀ। ਪਾਠ ਤੋਂ ਬਾਅਦ ਭਾਈ ਜੀ ਅਰਦਾਸ ਕਰਨ ਲਈ ਖੜ੍ਹੇ ਹੋਏ ਤੇ ਕਿਹਾ, "ਛੋਟੀ ਅਰਦਾਸ ਲਈ ਸਿਰਫ਼ ਲੜਕੇ ਦੇ ਮਾਂ ਬਾਪ ਤੇ ਲੜਕੀ ਦੇ ਮਾਂ ਬਾਪ ਅਰਦਾਸ ਵਿੱਚ ਸ਼ਾਮਲ ਹੋਣ।"

ਉਸ ਨੇ ਘੁੱਟ ਕੇ ਅੱਖਾਂ ਮੀਚ ਲਈਆਂ ਤੇ ਇੰਨੀ ਨੀਵੀਂ ਪਾ ਲਈ ਕਿ ਉਸ ਦਾ ਸਿਰ ਬਿਲਕੁਲ ਧਰਤੀ ਨਾਲ ਜਾ ਲੱਗਿਆ। ਉਹ ਆਪਣੀ ਬਰਬਾਦੀ ਦਾ ਮੰਜ਼ਰ ਬਿਲਕੁਲ ਦੇਖਣਾ ਨਹੀਂ ਚਾਹੁੰਦਾ ਸੀ। ਉਸ ਦੇ ਦਿਮਾਗ ਵਿੱਚ ਭੰਬੂ ਤਾਰੇ ਨੱਚਣ ਲੱਗ ਪਏ ਸਨ। ਉਸ ਦਾ ਦਿਲ ਕਰਦਾ ਸੀ ਧਰਤੀ ਪਾਟ ਜਾਵੇ ਤੇ ਉਹ ਉਸ ਵਿੱਚ ਸਮਾ ਜਾਵੇ । ਉਸ ਦੇ ਕੰਨਾਂ ਵਿੱਚ ਸਾਂ ਸਾਂ ਹੋਣ ਲੱਗੀ । ਉਸ ਨੂੰ ਕੁਝ ਵੀ ਸੁਣਾਈ ਦੇਣਾ ਬੰਦ ਹੋ ਗਿਆ ਸੀ । ਉਸ ਦੀ ਚੇਤਨਾ ਉਸ ਸਮੇਂ ਵਾਪਿਸ ਆਈ ਜਦੋਂ ਕਿਸੇ ਨੇ ਉਸ ਦਾ ਮੋਢਾ ਫੜ ਕੇ ਹਲੂਣਿਆ। ਉਸ ਨੇ ਦੇਖਿਆ ਸਤਵੰਤ ਖੜ੍ਹੀ ਉਸ ਨੂੰ ਹਲੂਣ ਰਹੀ ਸੀ। "ਕਿੱਥੇ ਖੋਏ ਬੈਠੇ ਹੋ,ਖੜ੍ਹੇ ਹੋਵੋ ਅਰਦਾਸ ਵਿੱਚ ਸ਼ਾਮਲ ਨਹੀ ਹੋਣਾ।" ਸਤਵੰਤ ਦੇ ਬੋਲ ਉਸ ਦੇ ਕੰਨਾਂ ਵਿੱਚ ਪਏ। ਉਸ ਨੂੰ ਲੱਗਿਆ ਜਿਵੇਂ ਜ਼ਿੰਦਗੀ ਦੁਬਾਰਾ ਉਸ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਈ ਹੋਵੇ। ਉਸ ਦਾ ਸਰੀਰ ਕੰਬਣ ਲੱਗਾ। ਗਵਾਂਢੀ ਕਰਮ ਸਿੰਘ ਨੇ ਉਸ ਨੂੰ ਫੜ ਕੇ ਖੜ੍ਹਾ ਕਰਨ ਵਿਚ ਮਦਦ ਕੀਤੀ। ਖਰੋੜੀਆ ਨਾਲ ਹੱਥ ਜੋੜ ਕੇ ਖੜ੍ਹਾ ਸੀ ਤਾਂ ਅੱਖਾਂ ਵਿੱਚੋਂ ਹੰਝੂਆਂ ਦੀਆਂ ਘਰਾਲਾਂ ਵਗ ਤੁਰੀਆ। ਅਰਦਾਸ ਤੋਂ ਬਾਅਦ ਜਦੋਂ ਉਹ ਬੈਠਿਆ ਤਾਂ ਕਰਮ ਸਿੰਘ ਨੇ ਮੋਢਾ ਥਾਪੜ ਕੇ ਕਿਹਾ , "ਕੋਈ ਨੀ ਹਰਦੇਵ ਸਿਆ ਬਹੁਤਾ ਵੈਰਾਗ ਨ੍ਹੀਂ ਕਰੀਦਾ, ਧੀਆਂ ਤਾਂ ਬਿਗਾਨਾ ਧਨ ਹੁੰਦੀਆਂ ਹਨ।"

ਉਸ ਨੇ ਅੱਖਾਂ ਨੂੰ ਪੂੰਝਿਆ, "ਹਾ ਬਾਈ ਵੈਰਾਗ ਕਈ ਵਾਰੀ ਆ ਹੀ ਜਾਂਦਾ।"

ਉਸ ਦੀਆਂ ਨਜ਼ਰਾਂ ਦਰਵਾਜ਼ੇ ਤੋਂ ਬਾਹਰ ਹੁੰਦੇ ਗੁਰਸਾਹਿਬ ਨੂੰ ਵੀ ਦੇਖ ਰਹੀਆਂ ਸਨ । ਔਰਤਾਂ ਵਾਲੇ ਪਾਸੇ ਦੇਬੀ ਦੀਆਂ ਅੱਖਾਂ ਵਿੱਚੋਂ ਵਗਦੇ ਹੰਝੂਆਂ ਤੇ ਵੈਰਾਗ ਦੀ ਗੱਲ ਛਿੜੀ ਪਈ ਸੀ ਪਰ ਦੇਬੀ ਅੱਖਾਂ ਬੰਦ ਕਰੀਂ ਪਾਠ ਸੁਣਦਾ ਜਿਵੇ ਹੌਲਾ ਫੁੱਲ ਹੋ ਕੇ ਹਵਾ ਵਿੱਚ ਉੱਡ ਰਿਹਾ ਸੀ।

(**ਸੰਪਰਕ-9417081419**)

## ਕਹਾਣੀ / ਬਿਪਤਾ / ਇੱਛੂਪਾਲ

***ਕਹਾਣੀਕਾਰ ਇੱਛੂਪਾਲ ਕਸ਼ਮੀਰ ਖਿੱਤੇ ਦਾ ਅਜਿਹਾ ਕਹਾਣੀਕਾਰ ਹੋਇਆ ਏ ਜਿਸ ਨੇ ਉਥੋਂ ਦੀ ਆਂਚਲਿਕਤਾ ਨੂੰ ਆਪਣੀਆਂ ਕਹਾਣੀਆਂ ਵਿਚ ਬਰੀਕੀ ਨਾਲ ਪੇਸ਼ ਕੀਤਾ ਏ। ਉਹ ਪਿੱਛੇ ਜਿਹੇ ਸਦੀਵੀਂ ਵਿਛੋੜਾ ਦੇ ਗਿਆ। ਉਸ ਨੇ ਵਿਛੋੜੇ ਤੋਂ ਕੁਝ ਮਹੀਨੇ ਪਹਿਲਾਂ ਹੀ ਇਹ ਕਹਾਣੀ 'ਕਹਾਣੀ ਧਾਰਾ' 'ਚ ਛਪਣ ਲਈ ਭੇਜੀ ਸੀ। -ਸੰਪਾਦਕ***

ਸ਼ਾਹਪੁਰੇ ਪਹੁੰਚ ਕੇ ਜਿੰਦੋ ਨੇ ਆਪਣੀ ਕਾਰ ਰੋਕ ਲਈ ਸੀ। ਕਾਰ ਇਕ ਪਾਸੇ ਮਿੱਟੀ ਦੀ ਦੀਵਾਰ ਨਾਲ ਖੜੀ ਕਰਦੀ ਹੋਈ ਨੇ ਉੱਚੀ ਆਵਾਜ਼ ਵਿਚ ਕਿਹਾ।

"ਰਾਜੀ ਮਾਸੀ ਬਾਹਰ ਆ। ਮੈਂ ਕਾਰ ਤੁਹਾਡੇ ਘਰ ਦੇ ਸਾਹਮਣੇ ਰੱਖ ਚਲੀ ਹਾਂ। ਅਰਨਪੁਰੇ ਜਾਣਾ ਹੈ। ਮੇਰੇ ਭਰਾ ਦੇ ਮੁੰਡੇ ਬੀਰੇ ਦਾ ਵਿਆਹ ਹੈ।" ਰਾਜੀ ਬਾਹਰ ਆਈ, ਨੇੜੇ ਪਹੁੰਚ ਕੇ ਕੁਝ ਪਛਾਣਨ ਦਾ ਜਤਨ ਕਰਨ ਲੱਗੀ,

"ਕੁਝ ਨਹੀਂ ਦਿਸਦਾ ਧੀਏ, ਤੇਰੀ ਬੋਲੀ ਪਛਾਣਦੀ ਹਾਂ। ਕੋਈ ਆਪਣੀ ਲਗਦੀ ਏਂ।" ਉਹ ਆਪਣੇ ਆਪ ਨਾਲ ਗੱਲਾਂ ਕਰਦੀ ਹੋਈ ਆ ਰਹੀ ਸੀ। ਨੇੜੇ ਪਹੁੰਚ ਕੇ ਬੁਲਾਣ ਵਾਲੇ ਦੇ ਚਿਹਰੇ ਨੂੰ ਗਹੁ ਨਾਲ ਵੇਖ ਰਹੀ ਸੀ।

"ਰਾਜੀ ਮਾਸੀ ਮੈਂ ਹਾਂ। ਜਿੰਦੋ... ਜਿੰਦੋ ਡਾਕਟਰਾਣੀ। ਪੂਰਨ ਸਿੰਘ ਦੀ ਧੀ।"

"ਹੱਛਾ... ਹੱਛਾ ਬੀਰੇ ਦੇ ਬਿਆਹ ਵਿਚ ਆਈਂ ਏਂ। ਠਹਿਰ ਪਹਿਲਾਂ ਅੰਦਰ ਚਲ, ਚਾਹ ਪੀ। ਆਪਣੇ ਘਰਵਾਲੇ ਨੂੰ ਵੀ ਅੰਦਰ ਲੈ ਚਲ। ਸਮਾਨ ਦੀ ਫ਼ਿਕਰ ਨਾ ਕਰ। ਆਪੇ ਸਕੂਲ ਆਏ ਬੱਚੇ ਲੈ ਜਾਣ ਗੇ। ਕਾਰ ਠੀਕ ਤਰ੍ਹਾਂ ਦੀਵਾਰ ਨਾਲ ਲਾਈ ਏ ਕਿ ਨੀਂ। ਕੌਣ ਚਲਾ ਕੇ ਲੈ ਆਇਆ ਸੀ। ਤੂੰ ਕਿਹੜੀ ਘੱਟ ਏਂ। ਅੱਜ ਦੀਆਂ ਕੁੜੀਆਂ ਜਹਾਜ਼ ਉਡਾਈ ਲੈਂਦੀਆਂ ਨੇ। ਅੰਦਰ ਚਲੋ।"

"ਨਹੀਂ ਮਾਸੀ ਇੱਥੇ ਲੱਸੀ ਮੰਗਾ ਲੈ। ਲੱਸੀ ਪੀਣੀ ਹੈ। ਮੱਖਣ ਤੇ ਅਖਰੋਟ ਲੈ ਆ।"

"ਜਿੰਦੋ ਤੂੰ ਨਹੀਂ ਬਦਲੀ। ਪਹਿਲਾਂ ਦਸ ਮੇਰੇ ਲਈ ਕੀ ਲੈ ਕੇ ਆਈ ਏਂ। ਅੱਜ ਤੈਨੂੰ ਕਮਰੇ ਵਿਚ ਬੰਦ ਕਰ ਦੇਵਾਂ ਗੀ। ਫਿਰ ਕੰਧਾਂ ਨਾਲ ਗੱਲਾਂ ਕਰਦੀ ਰਹੀਂ।" ਜਿੰਦੋ ਨੇ ਕਾਰ ਵਿਚੋਂ ਇਕ ਲਫ਼ਾਫ਼ਾ ਫ਼ੜਾਦਿਆਂ ਕਿਹਾ।

"ਰਜੀ ਮਾਸੀ ਇਹ ਲੈ ਤੇਰੇ ਜੋਗਾ। ਦੋਹਾਂ ਦਿਨਾਂ ਅੰਦਰ ਅੰਦਰ ਤਿਆਰ ਹੋ ਕੇ ਇੱਥੇ ਖਲੋ ਜਾਵੀ। ਆਪਣੇ ਨਾਲ ਤੈਨੂੰ ਸ਼ਹਿਰ ਲੈ ਜਾਵਾਂ ਗੀ।

"ਗੱਲਾਂ ਬਾਦ ਵਿਚ ਕਰੀਂ। ਪਹਿਲਾਂ ਲੱਸੀ ਪੀ। ਚਪੜ-ਚਪੜ ਨਾ ਕਰ। ਘਰ ਵਾਲੇ ਦੀ ਸ਼ਰਮ ਕਰ। ਉਹ ਸ਼ਰੀਕਾਂ ਦਾ ਪੁੱਤਰ ਕੀ ਸੋਚਦਾ ਹੋਏਗਾ। ਉਹ ਵੇਖ ਮੁੰਡੇ ਸਕੂਲੋਂ ਆ ਗਏ ਨੇ। ਤੇਰਾ ਸਾਰਾ ਸਾਮਾਨ ਘਰ ਛੱਡ ਦੇਣਗੇ। ਜਾ ਹੁਣ ਹੱਥ ਹਿਲਾਂਦੀ।" ਜਿੰਦੋ ਘਰ ਵਾਲੇ ਦਾ ਹੱਥ ਫ਼ੜ ਕੇ ਚਲ ਰਹੀ ਸੀ। ਉੱਤਰਾਈ ਉੱਤਰ ਕੇ ਇਕ ਛੋਟਾ ਜਿਹਾ ਨਾਲਾ ਪਾਰ ਕਰਨਾ ਸੀ। ਅੱਜ ਕੱਲ੍ਹ ਉੱਥੇ ਪੁਲ ਬਣਿਆ ਸੀ। ਜਿੰਦੋ ਨੇ ਆਪਣੀ ਜੁੱਤੀ ਖੋਲ੍ਹ ਕੇ ਨਾਲੇ ਤੋਂ ਪਾਰਲੇ ਬੰਨੇ ਵਗਾ ਮਾਰੀ। ਉਹਦਾ ਘਰ ਵਾਲਾ ਪੁਲ ਤੋਂ ਪਾਰ ਚਲਾ ਗਿਆ ਸੀ। ਕੁਝ ਸੋਚਦੀ ਹੋਈ ਨੇ ਘਰ ਵਾਲੇ ਨੂੰ ਕਿਹਾ,

"ਇਹ ਪਾਣੀ ਦਾ ਸਪਰਸ਼ ਕਿਨਾ ਚੰਗਾ ਲਗਦਾ ਹੈ। ਅਸੀਂ ਸਕੂਲ ਇਸੇ ਤਰ੍ਹਾਂ ਇੱਥੋਂ ਨਾਲਾ ਪਾਰ ਕਰਕੇ ਜਾਂਦੇ ਸੀ। ਇਸ ਨਾੜ (ਨਾਲੇ) ਨੂੰ ਹਸ਼-ਨਸ਼ (ਨੂਹ ਤੇ ਸੱਸ) ਨਾੜ ਕਹਿੰਦੇ ਹਨ। ਸੁਣੋ ਮੈਂ ਆਵਾਜ਼

ਮਾਰਦੀ ਹਾਂ। ਇਹ ਗੂੰਜ ਮੁੜ ਸੁਣਾਈ ਦੇਵੇਗੀ।

"ਮਾਸੀ ਕੀ ਦੇਵੇਂ ਗੀ ਧੀ ਕਿ ਪੁੱਤਰ।" ਗੂੰਜ ਦਾ ਮੋੜਵਾ ਉੱਤਰ

"ਪੁੱਤਰ...।" ਅੱਜ ਉਹ ਥੋੜ੍ਹੀ ਜਿਹੀ ਚੜ੍ਹਾਈ ਚੜ੍ਹਨ ਨਾਲ ਥੱਕ ਗਈ ਸੀ। ਅੱਧੇ ਰਸਤੇ ਵਿਚ ਬੈਠ ਗਈ। ਕੁਝ ਸੋਚਦੀ ਹੋਈ ਨੇ ਭੌਂਈ ਤੇ ਬਾਹਵਾ ਫ਼ੈਲਾ ਕੇ ਲੇਠ ਗਈ। ਉਹਦੇ ਲਾਗੇ ਹੀ ਘਰ ਵਾਲਾ ਖੜਾ ਸੀ। ਉਹ ਕਹਿਣ ਲੱਗੀ।



"ਵੇਖੋ ਇੱਥੇ ਲੇਟ ਕੇ ਕਿਨ੍ਹਾਂ ਸਕੂਨ ਮਿਲਦਾ ਹੈ। ਉਪਰ ਅਸਮਾਨ। ਨੀਲੇ ਰੰਗ ਦੀ ਚੁੰਨੀ। ਇਹ ਕਿੱਕਰ ਦੇ ਬੂਟਿਆਂ ਦਾ ਝੁੰਡ। ਕਿੱਕਰ ਦੇ ਪੱਤੇ ਮੇਰੇ ਮੂੰਹ ਤੇ ਇੰਝ ਛਾਂ ਕਰ ਰਹੇ ਨੇ ਜਿਵੇਂ ਮੇਰੀਆਂ ਹੀ ਜ਼ੁਲਫ਼ਾ ਚਿਹਰੇ ਨੂੰ ਲੁਕਾ ਰਹੀਆਂ ਹੋਣ। ਚਿਹਰਾ ਨਹੀਂ ਝਲਦਾ ਇਨ੍ਹਾਂ ਕਾਲੀਆਂ ਜ਼ੁਲਫ਼ਾਂ ਨੂੰ। ਮੇਰੇ ਪਾਸ ਆ ਕੇ ਆਪਣੇ ਹੱਥਾਂ ਦੇ ਸਪਰਸ਼ ਨਾਲ ਹਟਾ ਦਿਉ ਇਸ ਚਿਹਰੇ ਤੋਂ।" ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਕਹਿੰਦੀ, ਪਿੰਡ ਦਾ ਇਕ ਮੁੰਡਾ ਨੇੜੇ ਆ ਗਿਆ ਸੀ।

"ਭੂਆ ਤੁਸੀਂ... ਚਲੋ ਨਾ...। ਕੋਈ ਸਮਾਨ ਤੇ ਨਹੀਂ ਹੈ। ਹਾਂ ਸ਼ਾਹਪੁਰੇ ਤੁਹਾਡੇ ਕਾਰ ਵੇਖੀ ਸੀ।"

"ਮੇਰੇ ਤਾਏ ਦਾ ਪੋਤਰਾ ।ਐਗਰੀਕਲਚਰ ਵਿਚ ਐਮ. ਐਸ ਸੀ ਕਰ ਰਿਹਾ ਹੈ। ਚਲੋ ਹੁਣ ਚਲਦੇ ਹਾਂ।"

"ਜਿੰਦਰ ਇਨੇ ਸਾਲਾਂ ਮਗਰੋਂ ਤੂੰ ਪਿੰਡ ਦੀ ਨਿੱਕੀ ਤੋਂ ਨਿੱਕੀ ਗੱਲ ਨਹੀਂ ਭੁੱਲੀ। ਰਿਸ਼ਤੇਦਾਰਾਂ ਵਿਚ ਝਟ ਘੁਲ ਮਿਲ ਜਾਣਾ, ਚਲੋ ਚੰਗੀ ਗੱਲ ਹੈ।"

ਕੋਈ ਦਸਾਂ ਮਿੰਟਾਂ ਮਗਰੋਂ ਜਿੰਦੋ ਆਪਣੇ ਪੇਕਿਆਂ ਦੀ ਦਹਿਲੀਜ਼ ਟੱਪ ਕੇ ਅੰਦਰ ਚਲੀ ਗਈ ਸੀ। ਢੋਲ ਵਾਲੇ ਨੇ ਢੋਲ ਵਜਾ ਕ ਸਵਾਗਤ ਕੀਤਾ। ਮਖਾਣੇ ਟਾਫ਼ੀਆਂ ਉਨ੍ਹਾਂ ਤੋਂ ਵਾਰੀਆਂ ਗਈਆਂ। ਜਿੰਦੋ ਨੂੰ ਸਾਰਿਆਂ ਘੇਰ ਲਿਆ ਸੀ। ਪਰ ਉਹਨੇ ਪਹਿਲਾਂ ਗੁਰਦੇਵ ਨੂੰ ਕਮਰੇ ਵਿਚ ਬਠਾਇਆ। ਕਮਰੇ ਵਿਚ ਗੁਰਦੇਵ ਨੂੰ ਸਾਰੇ ਇਕ ਇਕ ਕਰਕੇ ਮਿਲੇ। ਪਾਣੀ ਚਾਹ ਅਤੇ ਚਾਹ ਨਾਲ ਅਨੇਕਾਂ ਵਸਤਾਂ ਖਾਣ ਲਈ ਰੱਖੀਆਂ ਗਈਆਂ ਸੀ। ਜਿੰਦੋ ਨੇ ਵੀ ਘਰ ਵਾਲੇ ਨਾਲ ਬੈਠ ਕੇ ਆਪਣੇ ਲਈ ਨਮਕੀਨ ਚਾਹ ਮੰਗਾ ਲਈ ਸੀ। ਗੁਰਦੇਵ ਲਈ ਪਿੰਡ, ਪਿੰਡ ਦੇ ਰਸਤੇ, ਵਿਆਹ ਦੇ ਰਸਮ ਰਵਾਜ਼ ਸਭ ਕੁਝ ਅਜੀਬ ਜਿਹਾ ਸੀ। ਉਹ ਇਕ ਇਕ ਗੱਲਾਂ ਨੂੰ ਨੋਟ ਕਰੀ ਜਾ ਰਹੇ ਸੀ। ਜਿੰਦੋ ਵਿਆਹ ਦੀਆਂ ਰਸਮਾਂ ਅੰਦਰ ਆਪਣੀਆਂ ਹਾਨਣਾਂ ਨਾਲ ਲੀਨ ਹੋ ਚੁੱਕੀ ਸੀ। ਉਹਨੂੰ ਸਾਰੀਆਂ ਛੇੜਦੀਆਂ। ਉਹਦੇ ਘਰਵਾਲੇ ਨਾਲ ਗੱਲਾਂ ਤੇ ਕਰਨੀਆਂ

ਚਾਹੁੰਦੀਆਂ। ਫੇਰ ਉਹਦੇ ਚਿਹਰੇ ਤੇ ਇਕ ਗੰਭੀਰ ਪ੍ਰਭਾਵ ਵੇਖ ਵਾਪਸ ਮੁੜ ਆਉਂਦੀਆਂ। ਜਿੰਦੋ ਨੇ ਉਨ੍ਹਾਂ ਨੂੰ ਕਮਰੇ 'ਚੋਂ ਬਾਹਰ ਨਿਕਲਦਿਆਂ ਵੇਖ ਲਿਆ ਸੀ। ਬਾਹਰ ਢੋਲੀ ਢੋਲ ਵਜਾ ਰਿਹਾ ਸੀ। ਬੱਚੇ ਨੱਚਦੇ ਰਹੇ। ਜਿੰਦੋ ਅੰਦਰ ਜਾ ਕੇ ਗੁਰਦੇਵ ਦਾ ਹੱਥ ਫੜ ਕੇ ਬਾਹਰ ਲੈ ਆਈ। ਨੱਚ ਰਹੇ ਬੱਚਿਆਂ ਨੂੰ ਇਕ ਪਾਸੇ ਕੀਤਾ। ਉਨ੍ਹਾਂ ਨੂੰ ਨੱਚਦਿਆਂ ਵੇਖ ਕੇ ਉਹਦੀਆਂ ਹਾਨਣਾ ਦੇ ਅੰਦਰ ਦਾ ਝਾਕਾ ਖੁੱਲ੍ਹ ਗਿਆ ਸੀ। ਗੁਰਦੇਵ ਉਂਝ ਭਾਵੇਂ ਨਹੀਂ ਸੀ ਨੱਚੇ ਪਰ ਫਿਰ ਵੀ ਹੱਸਦੇ ਹੋਏ, ਹੱਥ ਪੈਰ ਬਾਹਵਾਂ ਹਿਲਾਈ ਜਾ ਰਹੇ ਸੀ। ਜਿੰਦੋ ਨੂੰ ਭਰਜਾਈ ਨੇ ਆ ਕੇ ਕੰਨ ਵਿਚ ਕੁਝ ਕਿਹਾ।

"ਭਾਬੀ ਅਸੀਂ ਡਾਕਟਰ ਜ਼ਰੂਰ ਹਾਂ ਪਰ ਇਨਸਾਨ ਪਹਿਲਾਂ। ਹਰ ਆਦਮੀ ਅੰਦਰ ਨੱਚਣ ਦੀ ਇੱਛਾ ਹੁੰਦੀ ਹੈ। ਸਾਡੀ ਜ਼ਿੰਦਗੀ ਵਿਚ ਇਹੋ ਜਿਹੇ ਮੌਕੇ ਬੜੇ ਹੀ ਘੱਟ ਆਉਂਦੇ ਨੇ।" ਕਹਿੰਦੀ ਹੋਈ ਜਜ਼ਬਾਤੀ ਹੋ ਗਈ ਸੀ। ਪਰ ਉਹਦੀਆਂ ਹਾਨਣਾ ਦਾ ਝਾਕਾ ਉੱਠ ਗਿਆ ਸੀ। ਵਿਆਹ ਦੇ ਅਗਲੇ ਦੋ ਦਿਨ ਵੀ ਖੁਸ਼ੀ ਭਰੇ ਨਿਕਲ ਗਏ। ਗੁਰਦੇਵ ਸਵਖਤੇ ਉੱਠ ਕੇ ਖੇਤਾਂ ਵੱਲ ਚਲਾ ਜਾਂਦਾ ਸੀ। ਉਹ ਖੇਤਾਂ ਵਿਚੋਂ ਉੱਡਦੇ ਪੰਛੀਆਂ ਨੂੰ ਵੇਖਦਾ। ਫ਼ਲ ਦਾਰ ਬੂਟੇ, ਲਿਫ਼ੀਆਂ ਹੋਈਆਂ ਟਾਹਲੀਆਂ ਨੂੰ ਹੱਥ ਲਾ ਲਾ ਕੇ ਵੇਖਦਾ। ਉਹ ਸਾਰੀ ਜ਼ਿੰਦਗੀ ਸ਼ਹਿਰਾਂ ਵਿਚ ਹੀ ਰਿਹਾ। ਉਹਦਾ ਬਾਪ ਕਰਨਲ ਸੀ। ਉਹਨੇ ਆਪਣੀ ਨੌਕਰੀ ਦੌਰਾਨ ਸੈਨਕ ਕਲੋਨੀ ਵਿਖੇ ਇਕ ਫ਼ਲੈਟ ਖਰੀਦ ਲਿਆ ਸੀ। ਗੁਰਦੇਵ ਦੀ ਮਾਂ ਪਹਿਲਾਂ ਹੀ ਇਹ ਸੰਸਾਰ ਛੱਡ ਗਈ ਸੀ। ਉਦੋਂ ਗੁਰਦੇਵ ਦਸਵੀਂ ਜਮਾਤ ਪਾਸ ਕਰ ਚੁੱਕਾ ਸੀ। ਗੁਰਦੇਵ ਅਤੇ ਉਹਦੇ ਬਾਪ ਦੇ ਮੋਢੇ ਤੇ ਕਿਸੇ ਨੇ ਹੱਥ ਨਹੀਂ ਸੀ ਰੱਖਿਆ। ਕਰਨਲ ਸਾਹਿਬ ਦਿਲ, ਇਰਾਦੇ ਦਾ ਇਕ ਮਜ਼ਬੂਤ ਸ਼ਖ਼ਸ ਸੀ। ਇਹੋ ਦਲੇਰੀ ਉਹਦੇ ਪੁੱਤਰ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਡਾਕਟਰੀ ਦੇ ਆਖਰੀ ਸਾਲ ਵਿਚ ਉਹਨੂੰ ਜਸਵਿੰਦਰ ਭਾਵ ਜਿੰਦੋ ਮਿਲ ਗਈ ਸੀ। ਉਸ ਵੇਲੇ ਉਹ ਗੁਰਦੇਵ ਤੋਂ ਇਕ ਸਾਲ ਪਿਛੇ ਸੀ।

ਗੁਰਦੇਵ ਨੇ ਉਹਦਾ ਹੱਥ ਮੰਗ ਲਿਆ। ਦੋਵੇਂ ਭਾਵੇਂ ਇਕ ਦੂਜੇ ਨੂੰ ਪਿਛਲੇ ਤਿੰਨ ਸਾਲਾਂ ਤੋਂ ਵੇਖੀ ਜਾ ਰਹੇ ਸੀ। ਕਦੀ ਕਦੀ ਕੈਂਟੀਨ ਵਿਚ ਇਕੱਠੇ ਚਾਹ-ਕਾਫ਼ੀ ਪੀਂਦੇ। ਜਿੰਦੋ ਨੇ ਗੁਰਦੇਵ ਤੋਂ ਕੁਝ ਕੁਝ ਉਹਦੇ ਪ੍ਰਤੀ ਜਾਣ ਲਿਆ ਸੀ। ਅਗਲੇ ਵੀਕ ਐਂਡ ਤੇ ਆਪਣੇ ਬਾਪ ਨਾਲ ਗੱਲ ਕਰਨ ਲਈ ਪਿੰਡ ਚਲੀ ਗਈ। ਪੂਰਨ ਸਿੰਘ ਵੀ ਸੂਬੇਦਾਰ ਰਿਟਾਇਰ ਸੀ। ਉਹ ਗੁਰਦੇਵ ਦੇ ਪਿਤਾ ਕਰਨਲ ਸਾਹਿਬ ਨੂੰ ਜਾਣਦੇ ਸੀ। ਫਿਰ ਵੀ ਪੁੱਤਰ ਅਤੇ ਘਰਵਾਲੀ ਦੀ ਸਹਿਮਤੀ ਲਾਜ਼ਮੀ ਸੀ। ਗੁਰਦੇਵ ਨੂੰ ਉਹਨੇ ਆਪਣੀ ਯੂਨਿਟ ਵਿਚ ਵੇਖਿਆ ਹੋਇਆ ਸੀ। ਥੋੜੇ ਚਿਰ ਲਈ ਜਿੰਦੋ ਦੇ ਭਰਾ ਨੇ ਕੋਈ ਬਰਾਦਰੀ ਭਾਈਚਾਰੇ ਦਾ ਸਵਾਲ ਕੀਤਾ ਸੀ ਪਰ ਪੂਰਨ ਸਿੰਘ ਨੇ ਕਿਹਾ ਸੀ,

"ਕਾਰਨਲ ਸਾਹਿਬ ਪੱਕੇ ਗੁਰ ਸਿੱਖ ਅਤੇ ਨਿਤਨੇਮੀ ਸਨ। ਇਹ ਬੱਚਾ ਬੜਾ ਹੀ ਹੋਣਹਾਰ ਸੀ। ਸਾਰਿਆਂ ਨਾਲ ਰਲ਼-ਮਿਲ ਜਾਂਦਾ ਸੀ। ਮੈਨੂੰ ਹੋਰ ਕਿਸੇ ਜਾਣਕਾਰੀ ਦੀ ਲੋੜ ਨਹੀਂ। ਤੁਸੀਂ ਵੀ ਕਿਸੇ ਕਿੰਤੂ-ਪ੍ਰੰਤੂ ਨੂੰ ਖੜਾ ਨਾ ਕਰੋ।" ਸਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ। ਗਰਦੇਵ ਦਾ ਵਿਆਹ ਇਕ ਛੋਟੀ ਰਸਮ ਮਗਰੋਂ ਹੋ ਗਆ ਸੀ। ਵਿਆਹ ਵਿਚ ਗੁਰਦੇਵ ਦੀ ਇਕ ਭੂਆ ਦਾ ਟੱਬਰ ਸ਼ਾਮਿਲ ਹੋਇਆ। ਸੂਬੇਦਾਰ ਰਾਮ ਸਿੰਘ ਦੇ ਕੁਝ ਕੁ ਸਾਕ ਸੰਬੰਧੀ ਆਏ ਸੀ।

ਚਾਣਚਕ ਇਕ ਦਿਨ ਕਰਨਾ ਮਤੂ ਜਿੰਦੋ ਦੇ ਮੈਡੀਕਲ ਕਾਲੇਜ ਦੇ ਗੇਟ ਕੋਲ ਉਹਦੀ ਬਾਂਹ ਫ਼ੜਦਿਆਂ ਕਹਿਣ ਲੱਗਾ।

"ਸਾਲੀਏ ਯਾਰੀਆਂ ਕਿੱਧਰੇ ਤੇ ਲਾਵਾਂ ਕਿੱਧਰੇ। ਮੈਂ ਤੈਨੂੰ ਬਰਬਾਦ ਕਰ ਦੇਵਾਂਗਾ। ਕਿਸੇ ਜੋਗਾ ਨਹੀਂ ਛੱਡਾਂਗਾ।" ਉਹਨੇ ਜੇਬ ਵਿਚੋਂ ਤੇਜ਼ਾਬ ਦੀ ਸ਼ੀਸ਼ੀ ਕੱਢ ਲਈ ਸੀ। ਇਸ ਤੋਂ ਪਹਿਲਾਂ ਕਿ ਉਹ ਤੇਜਾਬ ਜਿੰਦੋ ਤੇ ਸੁਟਦਾ, ਕਾਲੇਜ ਦੇ ਮੁੰਡਿਆਂ ਅਤੇ ਸਕਿਉਰਟੀ ਵਾਲਿਆਂ ਨੇ ਪਹਿਲਾਂ ਢਾਹ ਲਿਆ ਸੀ। ਕਰਨੇ

ਕਰਨੇ ਮਤੂ ਨੂੰ ਪੁਲਿਸ ਦੇ ਹਵਾਲੇ ਕਰਨਾ ਚਾਹਿਆ। ਪਰ ਜਿੰਦੋ ਨਾ ਮੰਨੀ ਅਤੇ ਚਪਲਾਂ ਨਾਲ ਉਹਦੀ ਚੰਗੀ ਜੂਤ ਪਰੇਡ ਕੀਤੀ। ਨਾਲੇ ਕਹਿਣ ਲੱਗੀ।

"ਤੂੰ ਸਕੂਲ ਵਿਚ ਮੇਰੇ ਅਤੇ ਆਪਣੀ ਭੈਣ ਪ੍ਰੀਤੋ ਤੋਂ ਦੋ ਤਿੰਨ ਸਾਲ ਅੱਗੇ ਪੜ੍ਹਦਾ ਸੀ। ਪੜ੍ਹਾਈ ਛੱਡੇ ਆਵਾਗਾ ਹੋ ਗਿਆ। ਆਪਣੀ ਸ਼ਕਲ ਵੇਖ ਜਿਵੇਂ ਚੰਮਿਆ ਹੋਇਆ ਸੇਬ ਲਗਦਾ ਏਂ। ਤੈਨੂੰ ਵੇਖ ਕੇ ਕੁੱਤੀ ਵੀ ਨੇੜੇ ਨਹੀਂ ਆਏਗੀ। ਖਾਬ ਵੇਖਣੇ ਛੱਡ। ਤੇਰੀ ਭੈਣ ਦੇ ਵਿਆਹ ਵਿਚ ਧਰਮ ਦੀ ਭਐਣ ਮੈਂ ਸੀ। ਕੁਝ ਤੇ ਰਿਸ਼ਤੇ ਦੀ ਲਾਜ ਰੱਖ।" ਉਸੇ ਦਿਨ ਪ੍ਰੀਤੀ ਅਤੇ ਉਹਦਾ ਘਰ ਵਾਲਾ ਜਿੰਦੋ ਨੂੰ ਮਿਲੇ। ਮਾਫ਼ੀ ਮੰਗਦੀ ਹੋਈ ਪ੍ਰੀਤੀ ਰੋ ਪਈ ਸੀ। ਪ੍ਰੀਤੀ ਦਾ ਬਾਪ ਆਪ ਜਾ ਕੇ ਸੂਬੇਦਾਰ ਸਾਹਿਬ ਨੂੰ ਪਿੰਡ ਜਾ ਕੇ ਹੱਥ ਜੋੜ ਆਇਆ ਸੀ। ਕਰਨੇ ਮਤੂ ਦਾ ਬਾਪ ਆਪਣੇ ਬੱਚੇ ਦੇ ਪਾਗਲ ਪਨ ਤੋਂ ਜਾਣੂ ਸੀ। ਉਹ ਥੱਕ ਗਿਆ ਸੀ, ਲੋਕਾਂ ਤੋਂ ਮਾਫ਼ੀ ਮੰਗਦਾ-ਮੰਗਦਾ ਕਰਨੇ ਤੋਂ ਬਾਅਦ ਪ੍ਰੀਤੀ ਉਹਦੀ ਧੀ ਸੀ। ਪ੍ਰੀਤੀ ਨੇ ਆਪਣੇ ਮਾਂ ਬਾਪ ਦਾ ਨਾਂ ਉੱਚਾ ਕੀਤਾ ਸੀ। ਕਿਸੇ ਮਹਿਕਮੇ ਵਿਚ ਅਫ਼ਸਰ ਲੱਗੀ ਹੋਈ ਸੀ। ਭਰਾ ਦੀਆਂ ਹਰਕਤਾਂ ਅੱਗੇ ਉਹ ਵੀ ਸਿਰ ਨੀਵਾਂ ਕਰਕੇ ਚਲਦੀ ਸੀ। ਉਹਨੂੰ ਪਹਿਲਾਂ ਇਕ ਸ਼ੰਕਾ ਘੇਰੀ ਰੱਖਦਾ ਸੀ। ਸ਼ੰਕਾ ਜਿੰਦੋ ਅਤੇ ਕਰਨੇ ਨੂੰ ਲੈ ਕੇ ਕਰਨਾ ਜਾਂ ਤੇ ਆਪਣੇ ਕਮਰੇ ਵਿਚ ਲੇਟਿਆ ਰਹਿੰਦਾ, ਆਪਣੇ ਆਪ ਨਾਲ ਗੱਲਾਂ ਕਰਦਾ। ਉੱਚੀਆਂ ਉੱਚੀਆਂ ਗੱਲਾਂ।

ਪ੍ਰੀਤੀ ਨੇ ਮਾਂ ਬਾਪ ਨਾਲ ਵੀ ਗੱਲ ਕੀਤੀ ਸੀ। ਪਰ ਉਹਨੂੰ ਆਪਣੇ ਸਵਾਲਾਂ ਦਾ ਜਵਾਬ ਨਹੀਂ ਸੀ ਮਿਲਿਆ। ਇਕ ਦਿਨ ਉਹਨੇ ਆਪਣੇ ਘਰ ਵਾਲੇ ਨਾਲ ਗੱਲ ਕੀਤੀ। ਪ੍ਰੀਤੀ ਦੇ ਦਫ਼ਤਰ ਵਿਚ ਕੰਮ ਕਰਦੀ ਇਕ ਕੁੜੀ ਜ਼ੀਨਤ ਦਾ ਘਰਵਾਲਾ ਇਕ ਮਨੋਚਿਕਿਤਸਕ ਸੀ। ਦੂਜੇ ਦਿਨ ਪ੍ਰੀਤੀ ਨੇ ਆਪਣੇ ਘਰ ਵਾਲੇ ਨਾਲ ਜ਼ੀਨਤ ਦੇ ਘਰਵਾਲੇ ਨੂੰ ਸਾਰੀ ਗੱਲ ਦੱਸੀ। ਕਰਨਾ ਉਨ੍ਹਾਂ ਦਿਨਾਂ ਵਿਚ ਜਿੰਦੋ ਅਤੇ ਆਪਣੇ ਪਰਗਣੇ ਦੀਆਂ ਕੁੜੀਆਂ ਨੂੰ ਹਥਿਆਣ ਦੇ ਯਤਨ ਕਰ ਚੁੱਕਾ ਸੀ। ਪ੍ਰੀਤੀ ਨੇ ਸਾਰੀ ਗੱਲ ਖੁਲ੍ਹ ਕੇ ਕੀਤੀ ਸੀ। ਡਾਕਟਰ ਸਮਝ ਗਿਆ ਸੀ। ਉਹਨੇ ਪ੍ਰੀਤੀ ਨੂੰ ਭਰਾ ਦੇ ਕਮਰੇ ਨੂੰ ਖੋਲ ਕੇ, ਉਸ ਕਮਰੇ ਵਿਚਲੀ ਹਰ ਇਕ ਛੋਟੀ ਤੋਂ ਛੋਟੀ ਚੀਜ਼ ਦੀ ਮੋਬਾਇਲ ਤੇ ਵੀਡੀਉ ਬਣਾਣ ਲਈ ਕਿਹਾ ਸੀ।

ਕਰਨਾ ਸਵੇਰੇ-ਸਵੇਰੇ ਹੀ ਘਰੋਂ ਬਾਹਰ ਨਿਕਲ ਗਿਆ ਸੀ। ਉਹ ਆਪਣੇ ਕਮਰੇ ਦੀ ਚਾਬੀ ਆਪਣੇ ਨਾਲ ਲੈ ਜਾਂਦਾ ਸੀ। ਬੂਟਾਂ ਵਾਲੇ ਰੈਕ ਦੇ ਆਪਣੇ ਪੁਰਾਣੇ ਫਟੇ ਜਿਹੇ ਬੂਟ ਵਿਚ ਲੁਕਾ ਜਾਂਦਾ ਸੀ। ਪ੍ਰੀਤੀ ਨੇ ਘਰ ਦੇ ਗੇਟ ਨੂੰ ਅੰਦਰੋਂ ਕੁੰਡਾ ਮਾਰ ਲਿਆ ਸੀ।

ਕਮਰੇ ਅੰਦਰ ਉਹਦੀ ਨਜ਼ਰ ਪਹਿਲਾਂ ਦੀਵਾਰ ਨਾਲ ਚਪਕਾਏ ਹੋਏ ਫੋਟੂਆਂ ਤੇ ਪਈ। ਫੋਟੋਆਂ ਤਕਰੀਬਨ ਆਪਣੇ ਪਿੰਡ ਅਤੇ ਆਸੇ ਪਾਸੇ ਸਾਰਿਆਂ ਪਿੰਡਾਂ ਦੀਆਂ ਕੁੜੀਆਂ ਦੀਆਂ ਸੀ। ਕਰਨੇ ਦੇ ਬੈੱਡ ਤੇ ਪਿਆ ਬੇਤਰਤੀਬ ਜਿਹਾ ਬਿਸਤਰਾ। ਮੈਲ਼ੀ ਕੁਚੈਲੀ ਚਾਦਰ। ਬੂ ਮਾਰਦਾ ਸਾਰਾ ਕਮਰਾ। ਇਕ ਹੋਰ ਗੱਲ ਜਿਹੜੀ ਉਹਨੂੰ ਅਜੀਬ ਜਿਹੀ ਲਗਦੀ ਸੀ। ਡਬਲ ਬੈੱਡ ਦੇ ਇਕ ਪਾਸੇ ਕੰਧ ਲਾਗੇ ਸਾਰਾ ਕੁਝ ਸਾਫ਼ ਸੁਥਰਾ ਲਗ ਰਹਾ ਸੀ। ਬੈੱਡ ਤੇ ਵਿਚਲੀ ਇਕਹਰੀ ਚਾਦਰ ਹੇਠ ਕਈ ਕੁੜੀਆਂ ਦੇ ਫੋਟੂ ਇਕ ਇਕ ਕਰ ਕੇ ਵਛਾਏ ਹੋਏ ਸੀ। ਉਹਨੇ ਸਾਰੀਆਂ ਹੀ ਚੀਜ਼ਾਂ ਦੀ ਵੀਡੀਉ ਬਣਾਈ ਸੀ।

ਉਹਦੇ ਬੂ ਮਾਰ ਰਹੇ ਕੱਛਿਆਂ ਦਾ ਢੇਰ ਇਕ ਕੋਨੇ ਪਿਆ ਸੀ। ਕੀੜੀਆਂ ਦੀ ਇਕ ਗੈਂਘ ਖਿੜਕੀ ਵੱਲੋਂ ਅੰਦਰ ਬਾਹਰ ਚਲ ਰਹੀ ਸੀ। ਪ੍ਰੀਤੀ ਬਹੁਤ ਸਾਰੀਆਂ ਕੁੜੀਆਂ ਨੂੰ ਜਾਣਦੀ ਸੀ। ਇਕੋ ਪਰਗਣੇ ਵਿਚ ਰਹਿਣ ਵਾਲੀਆਂ। ਕਰਨੇ ਨੇ ਆਲਮਾਰੀ ਵਿਚ ਦੋ ਤਿੰਨ ਬੋਤਲਾਂ ਐਸਿਡ ਦੀਆਂ ਵੀ ਰੱਖੀਆਂ ਹੋਈਆਂ ਸਨ। ਪ੍ਰੀਤੀ ਥਾਏਂ ਬੈਠ ਗਈ। ਸਰਹਾਣੇ ਹੇਠ ਤੇਜ਼ ਤਰਾਰ ਸ਼ਾਰ ਵਾਲੇ ਦੋ ਛੁਰੇ ਵੀ ਵੇਖ ਲਏ ਸੀ। ਉਹਨੇ ਕਰਨੇ ਦਾ ਲੈਪਟੌਪ ਵੀ ਖੋਲ੍ਹਿਆ। ਇਹ ਲੈਪਟੌਨ ਉਹਨੇ ਭਰਾ ਨੂੰ ਪਹਿਲੀ ਤਨਖਾਹ ਲੈਣ ਮਗਰੋਂ

ਦਿੱਤਾ ਸੀ। ਪ੍ਰੀਤੀ ਨੂੰ ਲੈਪਟੌਪ ਦੇ ਖੋਲ੍ਹਣ ਦਾ ਪਾਸ ਵਰਡ ਚੇਤੇ ਆ ਗਿਆ ਸੀ। ਕਰਨੇ ਨੇ ਅਜੇ ਤੱਕ ਪਾਸ ਵਰਡ ਨਹੀਂ ਸੀ ਬਦਲਿਆ। ਪ੍ਰੀਤੀ ਸਮਝ ਗਈ ਸੀ ਕਿ ਉਹਦਾ ਭਰਾ ਕੁੜੀਆਂ ਦੇ ਚੱਕਰਾਂ ਵਿਚ ਆਤਮਿਕ ਤੌਰ ਤੇ ਰੋਗੀ ਬਣ ਗਿਆ ਸੀ। ਐਸਿਡ ਦੀਆਂ ਬੋਤਲਾਂ ਉਹਨੇ ਦੂਰ ਸੁਟ ਕੇ ਤੋੜ ਦਿੱਤੀਆਂ ਸੀ। ਛੁਰੀਆਂ ਕਪੜੇ ਵਿਚ ਲੁਕਾ ਕੇ ਆਪਣੇ ਸੂਟਕੇਸ ਵਿਚ ਸਾਂਭ ਲਈਆਂ। ਕਰਨੇ ਦਾ ਬਿਸਤਰਾ ਪੂਰੇ ਦਾ ਪੂਰਾ ਕੀੜੀਆਂ ਨਾਲ ਭਰਿਆ ਸੀ। ਉਹਨੇ ਪਲ ਦੀ ਪਲ ਕਮਰੇ ਵਿਚ ਸੁਧਾਰ ਕਰਨਾ ਚਾਹਿਆ। ਪਰ ਨਹੀਂ ਕੀਤਾ। ਇੰਝ ਕਰਨ ਤੋਂ ਉਹਨੂੰ ਜਾਂ ਉਹਦੇ ਪਰਿਵਾਰ ਨੂੰ ਖਤਰਾ ਹੋ ਸਕਦਾ ਸੀ। ਉਹਨੇ ਸਾਰੇ ਕਮਰੇ ਦੀ ਵੀਡੀਓ ਆਪਣੇ ਮੋਬਾਇਲ ਵਿਚ ਸਾਂਭ ਲਈ ਤੇ ਮੋਬਾਇਲ ਨੂੰ ਲਾਕ ਕਰ ਲਿਆ ਸੀ। ਮਾਂ ਬਾਪ ਨਾਲ ਗੱਲ ਕੀਤੀ।

"ਮਾਂ ਕਰਨਾ ਕੁਝ ਸੁਧਰਿਆ ਹੈ। ਤੁਸੀਂ ਕੀ ਮਹਿਸੂਸ ਕਰਦੇ ਹੋ। ਉਹ ਤੇ ਮੈਨੂੰ ਬੀਮਾਰ ਲੱਗ ਰਿਹਾ ਹੈ। ਉਹਦੀਆਂ ਹਰਕਤਾਂ ਹੁਣ ਕਿਸੇ ਦਾ ਵੀ ਕਤਲ ਕਰ ਸਕਦੀਆਂ ਨੇ। ਆਖਰ ਇਹ ਤੇਜ਼ਾਬ ਕਿੱਥੋਂ ਲੈ ਕੇ ਆਉਂਦਾ ਹੈ। ਇਸ ਦਾ ਚੱਕਰ ਕਿਸ ਕੁੜੀ ਨਾਲ ਸੀ ਜਾਂ ਹੈ। ਕਦੀ ਪੁੱਛਿਆ ਹੈ ਤੁਸਾਂ। ਇਹ ਸਾਡਾ ਸਿਰ ਨੀਵਾਂ ਕਰਾ ਰਿਹਾ ਹੈ। ਲਾਜ ਸ਼ਰਮ ਹਯਾ ਹੁਣ ਉਹ ਕਿੱਧਰੇ ਸਫ਼ਨ ਕਰ ਆਇਆ ਹੈ।"

"ਧੀਏ ਮੈਂ ਸੰਤ ਜੀ ਤੋਂ ਰੱਖ ਵੀ ਲੈ ਕੇ ਆਈ ਸੀ। ਪਿਛਲੀ ਫੇਰੀ ਵਿਚ ਉਨ੍ਹਾਂ ਨੇ ਆਪਣੇ ਘਰ ਵਿਚ ਚਰਨ ਵੀ ਪੁਆਏ। ਕੋਈ ਅਸਰ ਨਹੀਂ ਹੋਇਆ। ਰੱਬ ਹੀ ਜਾਣੇ।" ਥੋੜਾ ਰੁਕ ਕੇ ਫਿਰ ਕਹਿਣ ਲੱਗੀ।

"ਰਹਿਣ ਦੇ ਉਹਨੂੰ ਜਿੱਥੇ ਰਹਿਣਾ ਚਾਹੁੰਦਾ ਹੈ। ਪਤਾ ਨਹੀਂ ਕਿਹੜੀ ਪੀੜ ਹੈ ਉਸ ਦੇ ਮਨ ਅੰਦਰ। ਪੀੜ ਦੱਸੇ ਤੇ ਨਿਵਾਰਣ ਹੋ ਸਕਦਾ। ਸਾਡੇ ਨਾਲ ਬੈਠੇ। ਸਾਡੀ ਗੱਲ ਸੁਣੇ। ਆਪਣੀ ਗੱਲ ਦੱਸੇ। ਇਕ ਆਦਮੀ ਜਦੋਂ ਕੋਈ ਚੀਜ਼ ਆਪਣੇ ਮਨ ਵਿਚ ਠਾਣ ਲੈਂਦਾ ਹੈ ਅਤੇ ਲੁਕਾਂਦਾ ਵੀ ਹੋਵੇ। ਫੇਰ ਇਕ ਮਾਂ ਬਾਪ ਕੀ ਕਰਨ। ਬਸ ਜੀਣਾ ਨਾ ਮਾਤਰ। ਮੂੰਹ ਧੋ ਕੇ ਘਰੋਂ ਬਾਹਰ ਜਾਣ ਤੱਕ ਹੀ ਸੀਮਤ ਰਹ ਗਏ ਹਾਂ। ਇਹ ਸਾਡੇ ਲਈ ਬੜੀ ਬਿਪਤਾ ਬਣ ਗਈ ਹੈ।"

ਬਾਪੂ ਜੀ ਮੈਂ ਇਕ ਡਾਕਟਰ ਨੂੰ ਮਿਲੀ ਹਾਂ। ਉਹ ਮਨੋਰੋਗੀਆਂ ਦਾ ਮਾਹਿਰ ਹੈ। ਕਰਨੇ ਦਾ ਕਰਨਾ ਹੋਣ ਤੋਂ ਲੈ ਕੇ, ਕਰਨਾ ਮਤੂ ਬਣਨ ਦੀ ਗੱਲ ਕੀਤੀ ਹੈ। ਕੋਸ਼ਿਸ਼ ਕਰਾਂਗੇ ਕੋਈ ਹੱਲ ਲੱਭਣ ਦੀ। ਅੱਜ ਕੱਲ੍ਹ ਕੋਈ ਵੀ ਐਸਾ ਰੋਗ ਨਹੀਂ ਹੈ ਜਿਸ ਦਾ ਨਿਵਾਰਣ ਨਾ ਹੋ ਸਕੇ। ਜਿੰਦੋ ਅਤੇ ਜਿੰਦੋ ਦੇ ਘਰਵਾਲੇ ਨੂੰ ਮਿਲ ਚੁਕੀ ਹਾਂ। ਜਿੰਦੋ ਨੇ ਆਪਣੇ ਨਾਲ ਹੋਈ ਘਟਨਾ ਨੂੰ ਇਕ ਡਾਕਟਰ ਵਜੋਂ ਵੇਖਿਆ ਸੀ। ਇਕ ਮਰੀਜ਼ ਤੇ ਡਾਕਟਰ ਦੇ ਰਿਸ਼ਤੇ ਦੀ ਗੱਲ ਉਹਨੇ ਕਰਨੇ ਦੇ ਹਾਵ ਭਾਵ ਉਹਦੇ ਦਿਮਾਗ਼ ਨੂੰ ਪੜ੍ਹਨ ਦਾ ਯਤਨ ਕੀਤਾ ਸੀ। ਉਨ੍ਹਾਂ ਨੇ ਮਨੋਚਿਕਸਤ ਡਾਕਟਰ ਦਾ ਜ਼ਿਕਰ ਕੀਤਾ ਅਤੇ ਡਾਕਟਰ ਨੂੰ ਫੋਨ ਤੇ ਵੀ ਦੱਸਿਆ ਸੀ।"

"ਸਵਾਲ ਇੱਥੇ ਇਹ ਹੈ ਕਿ ਕਰਨੇ ਨੂੰ ਡਾਕਟਰ ਤੱਕ ਕਿੰਝ ਲੈ ਜਾ ਸਕਦੇ ਹਾਂ। ਉਹ ਇੱਧਰ ਦੀ ਗੱਲ ਨਹੀਂ ਸੁਣਦਾ। ਉਸ ਤੋਂ ਡਰ ਲਗਦਾ ਹੈ। ਇਕ ਦਿਨ ਮਾਂ ਨੇ ਪੈਸੇ ਦੇਣ ਤੋਂ ਇਨਕਾਰ ਕਰ ਲਿਆ ਤੇ ਉਹਨੇ ਮਾਂ ਦਾ ਗਲ਼ਾ ਫੜ ਲਿਆ ਸੀ। ਜੇਕਰ ਬਾਹਰੋਂ ਮੈਂ ਨਹੀਂ ਆਉਂਦਾ ਤੇ ਉਹ ਤੇਰੀ ਮਾਂ ਅੱਜ ਜ਼ਿੰਦਾ ਨ ਹੁੰਦੀ।" ਉਹਨੂੰ ਜਿੰਦੋ ਦੀਆਂ ਗੱਲਾਂ ਚੇਤੇ ਆ ਗਈਆਂ ਸੀ। ਆਪਣੇ ਕਮਰੇ ਵਿਚ ਉਹਨੂੰ ਬਿਠਾ ਕੇ ਕਹਿਣ ਲੱਗੀ।

"ਪ੍ਰੀਤੀ ਅਜਿਹੀ ਅਵਸਥਾ ਤੇ ਅਪੜ ਕੇ ਰੋਗੀ ਨਾ ਕੇਵਲ ਆਪਣੀ ਖੁਸ਼ੀ ਦੀ ਪੂਰਤੀ ਲਈ ਕਿਸੇ ਨੂੰ ਆੜੇ ਨਹੀਂ ਆਣ ਦੇਂਦਾ ਸਗੋਂ ਉਹ ਮਾਰ ਵੀ ਸਕਦਾ ਹੈ। ਉਹਦੇ ਹੱਥਾਂ ਵਿਚਲੀ ਮਜ਼ਬੂਤ ਪਕੜ੍ਹ ਨਹੀਂ ਹੁੰਦੀ। ਇਸ ਲਈ ਛੁਰੀਆਂ ਦਾ ਇਸਤੇਮਾਲ ਕਰ ਸਕਦਾ ਹੈ। ਤੇਜ਼ਾਬ ਬਹੁਤ ਹੀ ਛੋਟਾ ਹਥਿਆਰ ਹੈ ਉਸ ਲਈ। ਕਿਉਂਕਿ ਉਹ ਆਪਣੇ ਨਿਸ਼ਾਨੇ ਤੋਂ ਖੁੰਝ ਜਾਂਦਾ ਹੈ ਪਰ ਛੁਰਾ ਮਾਰਨ ਦੀ ਉਹਨੂੰ ਜਾਚ ਪੱਛਮੀ

ਰੋਗੀਆਂ ਦੀਆਂ ਫ਼ਿਲਮਾਂ ਵੇਖ ਕੇ ਆਉਂਦੀ ਹੈ। ਇਕ ਦਵਾਈ ਮੈਂ ਲਿਖ ਦੇਂਦੀ ਹਾਂ। ਪਹਿਲਾਂ ਇਕ ਹਫ਼ਤਾ ਛੋਟੀ ਡੋਜ਼ ਦਿਉ। ਇਕ ਦਮ ਜ਼ਿਆਦਾ ਮਿਕਦਾਰ ਦੇਣ ਨਾਲ ਉਹ ਸ਼ੱਕ ਕਰੇਗਾ। ਹਰ ਆਦਮੀ ਨੂੰ ਉਹ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦਾ ਹੈ। ਇਸ ਨਾਲ ਉਹਦੀ ਥੋੜ੍ਹੀ ਬੇਚੈਨੀ ਘਟੇਗੀ। ਦਵਾਈ ਖਾਣੇ ਵਿਚ ਮਿਲਾ ਕੇ ਦੇਣੀ ਹੈ। ਐਸੇ ਆਦਮੀ ਦੀ ਸੁੰਘਣ ਸ਼ਕਤੀ ਬਹੁਤ ਹੁੰਦੀ ਹੈ। ਬਰੀਕ ਤੋਂ ਬਰੀਕ ਚੀਜ਼ ਨੂੰ ਪਛਾਣ ਲੈਂਦਾ ਹੈ। ਉਹਦੇ ਕਮਰੇ ਵਿਚ ਜੇ ਕਰ ਤੁਸੀਂ ਚਲੇ ਜਾਓ ਤਾਂ ਉਹ ਪਰਫਿਊਮ ਦੀ ਮਹਕ ਪਛਾਣ ਲਵੇਗਾ।

ਪ੍ਰੀਤੀ ਨੇ ਜਾਣ ਬੁੱਝ ਕੇ ਕਰਨੇ ਦੇ ਕਮਰੇ ਦੇ ਬਾਹਰ ਪਾਉਡਰ ਸੁਟਿਆ। ਬਾਪੂ ਦੇ ਕਮਰੇ ਵਿਚ ਵੀ । ਬਾਹਰ ਵਾਰ ਦੀਆਂ ਖਿੜਕੀਆਂ ਤੇ ਵੀ। ਕਰਨਾ ਜਦੋਂ ਮੁੜਿਆ ਤੇ ਉਹ ਨੇ ਗੇਟ ਤੋਂ ਲੈ ਕੇ ਕਮਰਿਆਂ ਤੱਕ ਪਾਉਡਰ ਦੀ ਵਾਸ਼ਨਾ ਮਹਿਸੂਸ ਕੀਤੀ। ਅੰਦਰ ਆ ਕੇ ਭੈਣ ਦਾ ਸਿਰ ਦੋਹਾਂ ਹੱਥਾਂ ਨਾਲ ਫੜ ਕੇ ਉਹਦੇ ਬਾਲ ਪੁੱਟਣ ਲੱਗਿਆ, ਬਾਪੂ ਨੂੰ ਵੇਖ ਕੇ ਰੁਕ ਗਿਆ।

"ਤੂੰ ਇੱਥੇ ਸਾਰੇ ਪਾਸੇ ਪਰਫ਼ਿਊਮ ਅਤੇ ਪਾਉਡਰ ਬਖੇਰਿਆ ਹੈ? ਮੈਨੂੰ ਚੰਗਾ ਨਹੀਂ ਲੱਗਦਾ।"

"ਮੈਂ ਨਹੀਂ ਛੋਟਾ ਸੁਟ ਗਆ ਹੈ। ਨਹਾਂ ਕੇ ਜਦੋਂ ਬਾਹਰ ਨਿਕਲਿਆ ਤੇ ਮੈਂ ਇਸ ਪਿੱਛੇ ਦੌੜਦੀ ਰਹੀ। ਤੈਨੂੰ ਇਨੀ ਕਿਉਂ ਨਫ਼ਰਤ ਹੈ। ਪਹਿਲਾਂ ਤੇ ਨਹੀਂ ਸੀ। ਮੈਂ ਤੇ ਤੇਰੇ ਵਾਸਤੇ ਹੋਰ ਵੀ ਚੀਜ਼ਾਂ ਲੈ ਕੇ ਆਈ ਹਾਂ। ਮੇਰਾ ਭਰਾ ਜਿਓ ਹੋਇਆ। ਕੱਲ੍ਹ ਨੂੰ ਤੇਰਾ ਵਿਆਹ ਹੋ ਜਾਏਗਾ ਤੇਰੀ ਵਹੁਟੀ ਵੀ ਤੇ ਵਰਤੇਗੀ।"

"ਚੱਪ ਕਰਜਾ। ਬਹੁਤੀਆਂ ਗੱਲਾਂ ਨਾ ਕਰ। ਮੈਨੂੰ ਵਿਆਹ ਜਿਹੇ ਸ਼ਬਦਾਂ ਨਾਲ ਚਿੜ ਹੈ। ਔਰਤ ਜ਼ਾਤ ਨੂੰ ਮੈਂ ਨਫ਼ਰਤ ਕਰਦਾ ਹਾਂ। ਧੋਖਾ ਧੋਖੇਬਾਜ਼ੀ, ਇਨ੍ਹਾਂ ਦੇ ਚਲਿਤਰ ਮੈਂ ਸਭ ਜਾਣਦਾ ਹਾਂ। ਮੇਰੇ ਸਾਹਮਣੇ ਨਾ ਆਇਆ ਕਰ। ਹਾਂ ਆਪਣੇ ਬੱਚੇ ਸਾਂਭ ਕੇ ਰੱਖ।" ਕਹਿੰਦਾ ਹੋਇਆ ਆਪਣੇ ਕਮਰੇ ਵਿਚ ਚਲਾ ਗਿਆ। ਜਾਂਦਿਆਂ ਹੋਇਆ ਆਪਣੀਆਂ ਚੀਜ਼ਾਂ ਨੂੰ ਪਰਖ ਲੱਗਾ। ਲੈਪਟੋਪ ਨੂੰ ਖੋਲ੍ਹ ਕੇ ਬੈਠ ਗਿਆ। ਬਸ ਕਦੀ ਹੱਸੀ ਜਾਵੇ ਤੇ ਕਦੀ ਉਛਲ-ਉਛਲ ਕੇ ਵਾਹ ਵਾਹ ਕਰਦਾ। ਪ੍ਰੀਤੀ ਬਾਹਰ ਸੁਣ ਰਹੀ ਸੀ। ਉਹ ਜਾਕਣ ਦੀ ਕੋਸ਼ਿਸ਼ ਕਰਨ ਲੱਗੀ। ਮਾਂ ਨੇ ਵਰਜਦਿਆਂ ਹੋਇਆ ਕਿਹਾ।

"ਪ੍ਰੀਤੀ ਕਿੱਧਰੇ ਛੁਰੇ ਨਾਲ ਤੇਰਾ ਢਿੱਡ ਨਾ ਪਾੜ ਦੇਵੇ। ਇਸ ਧਮੂੜੀਆਂ ਦੇ ਛੱਤੇ ਨੂੰ ਹੱਥ ਨਾ ਪਾ।"

"ਮਾਂ ਇਹ ਪੈਸਿਆਂ ਦਾ ਜੁਗਾੜ ਕਿੱਥੋਂ ਕਰਦਾ ਹੈ।"

"ਕਦੀ ਪਿਓ ਕੋਲੋਂ ਤੇ ਕਦੀ ਬਾਹਰੋਂ ਬਾਹਰ ਬੂਟੇ ਵੇਚ ਕੇ। ਹੁਣ ਠੇਕੇਦਾਰ ਨੂੰ ਤੇਰੇ ਬਾਪੂ ਨੇ ਮਨ੍ਹਾਂ ਕੀਤਾ ਹੋਇਆ ਹੈ। ਇਹਦੀਆਂ ਗੱਲਾਂ ਤੇ ਹੁਣ ਕੋਈ ਇਤਬਾਰ ਨਹੀਂ ਕਰਦਾ। ਇਹਦੀ ਚੱਲੇ ਤੇ ਜ਼ਮੀਨ ਮਕਾਨ ਸਭ ਕੁਝ ਵੇਚ ਦੇਵੇਗਾ। ਤੇਰੇ ਪਿਓ ਨੇ ਸਿਆਣਪ ਤੋਂ ਕੰਮ ਲਿਆ ਹੈ। ਜਦੋਂ ਪੈਨਸ਼ਨ ਲੈ ਕੇ ਆਉਂਦਾ ਤੇ ਇਹਨੂੰ ਸਦਾ ਕੇ ਸਾਰਾ ਹਿਸਾਬ ਉਹਨੂੰ ਦਸ ਕੇ ਖਰਚ ਕਰਦੇ ਨੇ। ਉਸ ਵੇਲੇ ਸਾਡੀ ਹਾਂ ਵਿਚ ਹਾਂ ਮਿਲਾਉਂਦਾ ਹੋਇਆ ਆਪਣੇ ਪੈਸੇ ਚੁੱਕ ਲੈਂਦਾ ਹੈ। ਮੁੜ ਕਮਰੇ ਅੰਦਰ ਬੰਦ। ਫਿਰ ਵੀ ਦੌਰਾ ਪੈ ਜਾਂਦਾ ਹੈ। ਬਸ ਝੱਲੀ ਜਾ ਰਹੀ ਹਾਂ।"

ਸ਼ਾਮ ਦੀ ਰੋਟੀ ਖਾਣ ਮਗਰੋਂ ਉਹ ਬਾਹਰ ਨਹੀਂ ਗਿਆ। ਹਾਲ ਵਾਲੇ ਕਮਰੇ ਵਿਚ ਲੇਟ ਗਿਆ ਸੀ। ਉਹਨੂੰ ਉੱਥੇ ਹੀ ਨੀਂਦ ਨੇ ਘੇਰ ਲਿਆ ਸੀ। ਸਵੇਰੇ ਜਦੋਂ ਜਾਗ ਖੁੱਲ੍ਹੀ ਤੇ ਗੇਟ ਖੋਲ੍ਹ ਕੇ ਖੇਤਾਂ ਵੱਲ ਚਲਾ ਗਿਆ ਸੀ। ਜਦੋਂ ਪਰਤਿਆ ਤੇ ਉਹਦੇ ਚਿਹਰੇ ਤੇ ਚਿੰਤਾ ਵਰਗੀ ਕੋਈ ਚੀਜ਼ ਨਹੀਂ ਸੀ। ਆਉਂਦਿਆ ਹੀ ਕਹਿਣ ਲੱਗਾ,

"ਪ੍ਰੀਤੀ ਅੱਜ ਬਰੇਕਫ਼ਾਸਟ ਵਿਚ ਕੁਝ ਨਵੇਕਲਾ ਜਿਹਾ ਬਣਾ। ਬੜੀ ਭੁੱਖ ਲੱਗੀ ਹੈ। ਹਾਂ ਕੱਲ ਰਾਤ ਦੀ ਰੋਟੀ ਵੀ ਤੂੰ ਸਵਾਦਲੀ ਬਣਾਈ ਸੀ। ਮਾਂ ਦੇ ਹੱਥੋਂ ਹੁਣ ਉਹ ਸਵਾਦ ਕਿੱਥੇ?" ਉਹਦਾ ਇੰਞ

ਕਹਿਣਾ ਪਰਿਵਾਰ ਵਾਲਿਆਂ ਨੂੰ ਚੰਗਾ ਲੱਗਿਆ। ਪ੍ਰੀਤੀ ਸਮਝ ਗਈ ਸੀ। ਕਰਨੇ ਦਾ ਇਸ ਮੁਸੀਬਤ ਤੋਂ ਛੁਟਕਾਰਾ ਪਾਣਾ ਬਹੁਤ ਜ਼ਰੂਰੀ ਸੀ। ਪਰ ਬਹੁਤੀ ਦੇਰ ਤੱਕ ਪਰਿਵਾਰ ਨੂੰ ਇਹ ਖੁਸ਼ੀ ਨਸੀਬ ਨਾ ਹੋਈ। ਉਸੇ ਦਿਨ ਪ੍ਰੀਤੀ ਆਪਣੀ ਨੌਕਰੀ ਤੇ ਸ਼ਹਿਰ ਆ ਗਈ ਸੀ। ਕੁਝ ਦਿਨਾਂ ਮਗਰੋਂ ਪਤਾ ਲੱਗਿਆ ਕਿ ਕਰਨੇ ਨੇ ਬਲੇਡ ਨਾਲ ਆਪਣੀ ਦੋਨਾਂ ਬਾਹਵਾਂ ਦੀਆਂ ਨਸਾਂ ਕਟ ਲਈਆਂ ਸੀ। ਉਹਦਾ ਕਮਰਾ ਪਹਿਲਾਂ ਵਾਂਗ ਬੰਦ ਸੀ। ਮਾਂ ਸਵੇਰੇ ਸ਼ਾਮੀ ਚਾਹ ਪਾਣੀ ਅਤੇ ਰੋਟੀ ਲਈ ਦਰਵਾਜ਼ੇ ਵੱਲੋਂ ਕਹਿੰਦੀ। ਉੱਚੀ ਆਵਾਜ਼ ਵਿਚ। ਪਹਿਲਾਂ ਤੇ ਕਰਨਾ ਅੰਦਰੋਂ ਬੋਲਦਾ ਸੀ। ਪਰ ਪੂਰੇ ਦੋ ਦਿਨ ਹੋਣ ਨੂੰ ਆ ਗਏ ਸੀ। ਕਰਨੇ ਦੇ ਕਮਰੇ 'ਚੋਂ ਨਾ ਹੱਸਣ ਦੀ ਆਵਾਜ਼ ਨਾ ਹੀ ਕੋਈ ਛੇੜ ਹੋਈ ਸੀ। ਕੁੱਤਾ ਬਾਰ ਬਾਰ ਕਰਨੇ ਦੀ ਖਿੜਕੀ ਵੱਲ ਮੂੰਹ ਕਰਕੇ ਭੌਂਕੀ ਜਾ ਰਿਹਾ ਸੀ। ਕਰਨੇ ਦੇ ਬਾਪੂ ਨੇ ਖਿੜਕੀ ਦੇ ਸ਼ੀਸ਼ੇ ਵਿਚੋਂ ਅੰਦਰ ਨੂੰ ਝਾਕਿਆ। ਸ਼ੀਸ਼ਾ ਰੰਗਦਾਰ ਸੀ। ਸ਼ੀਸ਼ੇ ਅੱਗੇ ਪਰਦਾ ਵੀ ਸੀ। ਉਹਨੇ ਸ਼ੀਸ਼ਾ ਤੋੜਿਆ। ਪਰਦਾ ਖਿਸਕਾ ਕੇ ਦੇਖਿਆ ਕਰਨਾ ਫ਼ਰਸ਼ ਤੇ ਮੂਧਾ ਪਿਆ ਸੀ। ਕੀੜੀਆਂ ਦਾ ਢੇਰ ਅਤੇ ਮੱਖੀਆਂ ਦੇ ਭੀਂ-ਭੀਂ ਦੀ ਆਵਾਜ਼ ਵਿਚ ਕੁਝ ਤਰਲਾ ਸੀ, ਉਹ ਥਾਏਂ ਬਾਹਰ ਡਿੱਗ ਪਿਆ ਸੀ। ਕਰਨੇ ਦੀ ਮਾਂ ਵੀ ਬੇਹੋਸ਼ ਹੋ ਗਈ ਸੀ।

ਅੰਦਰ ਕਰਨਾ ਖ਼ੂਨ ਵਿਚ ਲਥ-ਪਥ ਹੋਇਆ ਪਿਆ ਸੀ। ਕੀੜੀਆਂ ਅਤੇ ਮੱਖੀਆਂ ਉਹਦੇ ਦੁਆਲੇ ਮੰਡਲਾ ਰਹੀਆਂ ਸੀ। ਮੁੰਡਿਆ ਨੇ ਵੇਖਿਆ ਤੇ ਕਰਨੇ ਦਾ ਜਿਸਮ ਠੰਢਾ ਪੈ ਗਿਆ ਸੀ।

ਜਿੰਦੋ ਉਸ ਵੇਲੇ ਆਪਣੇ ਕਲੀਨਿਕ ਵਿਚ ਮਰੀਜ਼ਾਂ ਨੂੰ ਵੇਖ ਰਹੀ ਸੀ। ਉਹਨੂੰ ਫ਼ੋਨ ਆ ਗਿਆ ਸੀ। ਜਿੰਦੋ ਅਤੇ ਉਹਦਾ ਘਰਵਾਲਾ ਪ੍ਰੀਤੀ ਦੇ ਘਰ ਜਾ ਕੇ ਪ੍ਰੀਤੀ ਨੂੰ ਦਲਾਸਾ ਦੇਂਦੇ ਹੋਏ ਪਿੰਡ ਲੈ ਆਏ। ਕਰਨੇ ਦੇ ਅੰਤਿਮ ਸਫ਼ਰ ਦੀ ਤਿਆਰੀ ਹੋ ਚੁੱਕੀ ਸੀ। (**ਸੰਪਰਕ-94197-95923**)


**ਭਾਗੂ, ਤੀਵੀਆਂ, ਖ਼ਬਰ ਇੱਕ ਪਿੰਡ ਦੀ, ਨਾਚ.ਫਰੋਸ਼ ਤੇ ਮੁਹੱਬਤ ਵੇਲ਼ਾ ਤੋਂ ਬਾਅਦ ਪੰਜਾਬੀ ਦੇ ਚਰਚਿਤ ਨਾਵਲਕਾਰ ਪਰਗਟ ਸਿੰਘ ਸਤੌਜ ਦਾ ਨਵਾਂ ਨਾਵਲ**

***1947***

***ਪਰਗਟ ਸਿੰਘ ਸਤੌਜ***

**ਪ੍ਰਕਾਸ਼ਕ ਕੈਲੀਬਰ ਪਬਲੀਕੇਸ਼ਨ, ਪਟਿਆਲਾ**

**ਮੁੱਲ 195, ਪੰਨੇ 144**



ਕਹਾਣੀ

# ਡੌਂਟ ਮਾਈਂਡ

ਅਨੇਮਨ ਸਿੰਘ



ਇੱਕ ਬੱਚੇ ਨੇ ਮੇਰੇ ਸਾਹਮਣੇ ਹੋ ਆਪਣੀਆਂ ਬਾਹਾਂ ਫੈਲਾਈਆਂ ਨੇ.... ਉਸਦੇ ਦੋਵੇਂ ਹੱਥ ਮੁੜੇ-ਤੁੜੇ ਨੇ, ਉਸਦੇ ਟੁੰਡੇ ਹੱਥ ਮੇਰੇ ਕੋਲੋਂ ਦੇਖੇ ਨਹੀਂ ਜਾ ਰਹੇ...ਉਏ ਤੂੰ ਕੌਣ ਏਂ? ...ਇਕ ਹੋਰ ਬੱਚਾ ਆਪਣੀਆਂ ਵਿੰਗੀਆਂ-ਟੇਢੀਆਂ ਲੱਤਾਂ ਨਾਲ ਤੁਰਦਾ ਉਸਦੇ ਮਗਰ ਮੇਰੇ ਵੱਲ ਆਉਣ ਲੱਗਾ ਏ।...ਤੇ ਫਿਰ ਕਿੰਨੇ ਹੋਰ ਬੱਚੇ ਏਦਾਂ ਹੀ ਮੇਰੇ ਵੱਲ ਤੇਜ਼ ਰਫ਼ਤਾਰ ਨਾਲ ਆਉਣ ਲੱਗੇ। ...ਖਿੜ-ਖਿੜ ਕਰਕੇ ਹੱਸਦੇ ਹੋਏ....ਜਿਵੇਂ ਮੈਨੂੰ ਚਿੜਾ ਰਹੇ ਹੋਣ।...ਉਏ ਚਲੋ, ਜਾਓ ਇੱਥੋਂ ...ਚਲੋ ਚਲੋ...! ਬੱਚੇ ਮੇਰੇ ਕੋਲੋਂ ਡਰ ਕੇ ਦੂਰ ਜਾਣ ਲੱਗੇ ਨੇ....ਪਰ....ਇਕ ਅਜੇ ਵੀ ਮੇਰੇ ਵੱਲ ਤੁਰਿਆ ਆ ਰਿਹਾ ਏ।....ਉਏ ਤੈਨੂੰ ਸੁਣਿਆ ਨ੍ਹੀਂ ਚੱਲ ਜਾਹ...ਤੂੰ ਵੀ ਉਹਨਾਂ ਨਾਲ...ਉਹਨਾਂ ਦੇ ਪਿੱਛੇ...ਪਿੱਛੇ...।ਪਰ ਇਹ ਤਾਂ ਹੱਸਦਾ ਹੋਇਆ ਬੇਖੌਫ਼ ਮੇਰੇ ਵੱਲ ਵੱਧਦਾ ਹੀ ਆ ਰਿਹਾ ਏ।...ਮੈਂ ਡਰਾਉਣ ਦੀ ਕੋਸ਼ਿਸ਼ ਕਰਦਾ ਉਸਦੇ ਵੱਲ ਹੇਠਾਂ ਪਿਆ ਇਕ ਰੋੜਾ ਚੁੱਕ ਕੇ ਵਗਾਹ ਮਾਰਦਾ ਹਾਂ, ਪਰ ਉਹ ਤਾਂ ਅਜੇ ਵੀ ਹੱਸਦਾ ਹੋਇਆ ਮੇਰੇ ਵੱਲ ਨਿੱਡਰ ਹੋ ਆ ਰਿਹਾ ਏ।...ਇਹ ਹੱਸਦਾ ਚਿਹਰਾ ਤਾਂ ਪਹਿਲਾਂ ਕਿਤੇ ਦੇਖਿਆ ਲੱਗਦਾ ਏ।...ਹੈਂਅ!...ਰਾਜਨ?...ਨ੍ਹੀਂ...ਨ੍ਹੀਂ, ਰਾਜਨ ਕਿਵੇਂ ਹੋ ਸਕਦਾ ਏ...।ਨ੍ਹੀਂ, ਨ੍ਹੀਂ ਇਹ ਰਾਜਨ ਨ੍ਹੀਂ ਹੋ ਸਕਦਾ...।ਕਿਸੇ ਖੁੱਲ੍ਹੇ ਮੈਦਾਨ 'ਚ ਚੀਕਦਾ ਚਿਲਾਉਂਦਾ ਉਹ ਅਜੇ ਵੀ ਕੁਰਲਾ ਰਿਹਾ ਏ।...ਰਾਜਨ ਦਾ ਇਸ ਤਰ੍ਹਾਂ ਕੁਰਲਾਉਣਾ ਮੇਰੇ ਕੋਲੋਂ ਦੇਖਿਆ ਨ੍ਹੀਂ ਜਾ ਰਿਹਾ।...

ਰਾਜਨ ਦਾ ਖ਼ਿਆਲ ਜਦੋਂ ਵੀ ਆਉਂਦਾ ਹੈ...ਮੇਰੇ ਅੰਦਰ ਕਿੰਨਾ ਕੁਝ ਘੁੰਮਣ ਲੱਗ ਜਾਂਦਾ ਹੈ।

ਅਜੀਬ ਜਿਹੀ ਘੁੰਮਣਘੇਰੀ 'ਚ ਘਿਰਿਆ ਮਹਿਸੂਸ ਕਰਦਾ ਹਾਂ, ਖੁਦ ਨੂੰ।ਇਸ 'ਚੋਂ ਬਾਹਰ ਆਉਣ ਦਾ ਮੈਨੂੰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਹਰ ਪਾਸੇ ਜਿਵੇਂ ਉੱਚੀਆਂ-ਉੱਚੀਆਂ ਕੰਧਾਂ ਉੱਸਰ ਗਈਆਂ ਹੋਣ।ਮੈਂ ਟਪੂਸੀਆਂ ਮਾਰਦਾ ਹਾਂ, ਇਹਨਾਂ ਨੂੰ ਚੜ੍ਹ ਕੇ ਸਰ ਕਰਨ ਲਈ ਪਰ ਅਸਫ਼ਲ ਰਹਿੰਦਾ ਹਾਂ।

ਇਹ ਘੁੰਮਣਘੇਰੀ ਮੇਰੇ ਅੱਗੇ ਰਾਜਨ ਕਾਰਨ ਹੀ ਆ ਰਹੀ ਹੈ।ਨਹੀਂ ਤਾਂ ਮੈਂ ਪਹਿਲਾਂ ਸੁਰਖ਼ਰੂ ਸਾਂ।ਹੁਣ ਰਾਜਨ ਕਾਰਨ ਮੈਂ ਟੁਕੜੇ-ਟੁਕੜੇ ਹੁੰਦਾ ਮਹਿਸੂਸ ਕਰ ਰਿਹਾ ਹਾਂ।ਪਰ ਉਸਨੂੰ ਮੇਰੀ ਇਹ ਦਸ਼ਾ ਨਾਲ ਜਿਵੇਂ ਕੋਈ ਸਰੋਕਾਰ ਹੀ ਨਹੀਂ ਹੈ।ਕਿਵੇਂ ਪਟਾਕ ਦੇਣੇ ਉਹਨੇ ਆਪਣੀ ਗੱਲ ਮੇਰੇ ਅੱਗੇ ਰੱਖੀ ਸੀ।

ਰਾਜਨ ਅੰਦਰ ਇਹ ਭਾਵਨਾ ਪਤਾ ਨਹੀਂ ਕਿਵੇਂ ਘਰ ਕਰ ਗਈ ਹੈ।ਮੈਨੂੰ ਸਮਝ ਨਹੀਂ ਆ ਰਿਹਾ ਕਿ ਉਸਨੂੰ ਹੁਣ ਕਿਵੇਂ ਸਮਝਾਵਾਂ।ਮੇਰੀ ਗੱਲ ਉਸਨੂੰ ਜੱਚ ਨਹੀਂ ਰਹੀ।ਜਾਂ ਉਹ ਨਾਂਹ ਸੁਣਨ ਦਾ ਆਦੀ ਹੀ ਨਹੀਂ ਹੈ।ਕਿਵੇਂ ਦੋ ਟੁੱਕ ਆਪਣੀ ਗੱਲ ਕਹਿ ਫੋਨ ਪਟੱਕ ਦੇਣੇ ਬੰਦ ਕਰ ਦਿੱਤਾ ਸੀ ਰਾਜਨ ਨੇ।ਚੌਵੀ ਘੰਟੇ ਹੋ ਚੱਲੇ ਨੇ ਪਰ ਮੁੜ ਕੇ ਉਸਦਾ ਨਾ ਕੋਈ ਮੈਸੇਜ ਆਇਆ ਹੈ, ਤੇ ਨਾ ਹੀ ਉਹਨੇ ਕਾਲ ਕੀਤੀ ਹੈ।

ਮੇਰਾ ਚਿੱਤ ਉਦੋਂ ਦਾ ਡੁੱਬੂੰ ਡੁੱਬੂੰ ਕਰ ਰਿਹਾ ਹੈ।ਤਾਏ ਦੇ ਪੁੱਤ ਭੁਪਿੰਦਰ ਦਾ ਚਿਹਰਾ ਅੱਖਾਂ ਅੱਗੇ ਆ ਗਿਆ ਹੈ।ਜਿਵੇਂ ਉਹ ਵੀ ਮੇਰੇ ਨਾਲ ਸਵਾਲ ਕਰਨ ਲੱਗ ਪਿਆ ਹੋਵੇ।ਉਹ ਜਦੋਂ ਦਾ ਕੈਨੇਡਾ ਗਿਆ, ਮੁੜ ਕੇ ਕਦੇ ਇੱਧਰ ਮੂੰਹ ਨਹੀਂ ਕਰਿਆ।ਜਾ ਸਮਝ ਲਓ ਕਰਨ ਜੋਗਾ ਛੱਡਿਆ ਨਹੀਂ ਸੀ।ਮੇਰੇ ਦਾਦੇ ਹੋਰਾਂ।

ਭੁਪਿੰਦਰ ਦੇ ਪਿਤਾ ਜੋ ਮੇਰਾ ਤਾਇਆ ਸੀ, ਦੀ ਮੌਤ ਹੋ ਚੁੱਕੀ ਸੀ। ਦਾਦੇ ਹੋਰਾਂ ਇਸ ਗੱਲ ਦਾ ਕਦੇ ਗਿਲਾ ਨਾ ਉਹਦੇ ਮਨ 'ਚ ਆਉਣ ਦਿੱਤਾ। ਪੈਲੀ ਗਹਿਣੇ ਰੱਖ ਕੇ ਆੜ੍ਹਤੀਏ ਕੋਲ, ਭੁਪਿੰਦਰ ਨੂੰ ਪੜ੍ਹਾ-ਲਿਖਾ ਕੇ ਵਿਦੇਸ਼ ਤੋਰਿਆ ਸੀ। ਪਰ ਉੱਥੇ ਜਾ ਕੇ ਦੋ ਸਾਲਾਂ ਮਗਰੋਂ ਉਸਨੇ ਕਿਸੇ ਅੰਗਰੇਜ਼ਣ ਨਾਲ ਵਿਆਹ ਕਰ ਉੱਧਰ ਹੀ ਸੈਟ ਹੋ ਜਾਣ ਦਾ ਆਖ ਕੇ ਦਾਦੇ ਹੋਰਾਂ ਦੇ ਮਨ ਨੂੰ ਠੇਸ ਪਹੁੰਚਾ ਦਿੱਤੀ ਸੀ। ਮੇਰਾ ਦਾਦਾ ਉਹਦਾ ਰਿਸ਼ਤਾ ਆਪਣੇ ਕਿਸੇ ਜਾਣ-ਪਛਾਣ ਵਾਲੇ ਦੋਸਤ ਦੀ ਕੁੜੀ ਨਾਲ ਕਰਨਾ ਚਾਹੁੰਦਾ ਸੀ। ਉਹਨੇ ਪੱਕ-ਠੱਕ ਵੀ ਕਰ ਦਿੱਤੀ ਸੀ। ਪਰ ਭੁਪਿੰਦਰ ਨੇ ਇਕਦੱਮ ਜਵਾਬ ਦੇ ਦਿੱਤਾ-'ਮੈਂ ਨ੍ਹੀਂ ਇਹ ਰਿਸ਼ਤਾ ਕਰਨਾ, ਮੈਂ ਤਾਂ ਇੱਧਰ ਹੀ ਵਿਆਹ ਕਰਵਾ ਲਿਆ, ਆਪਣੀ ਗਰਲ ਫਰਿੰਡ ਇਕ ਅੰਗਰੇਜ਼ਣ ਨਾਲ।'

ਦਾਦੇ ਹੋਰਾਂ ਦਾ ਪਾਰਾ ਤਾਂ ਸੱਤ ਅਸਮਾਨ ਚੜ੍ਹ ਗਿਆ। ਆਖ਼ਰ ਜ਼ੁਬਾਨ ਦਿੱਤੀ ਸੀ, ਉਹਨਾਂ ਆਪਣੇ ਜਾਣੂੰ ਨੂੰ। ਪੱਟੀ ਮੇਸ ਹੋਗੀ। ਕਹਿੰਦੇ-'ਅੰਗਰੇਜ਼ਣ ਨਾਲ ਵਿਆਹ ਕਰਵਾ ਕੇ ਸਾਡੀ ਕੁਲ ਦਾ ਨਾਸ਼ ਕੀਤਾ ਏ ਤੂੰ.....ਅੱਜ ਤੋਂ ਬਾਅਦ ਮੇਰੇ ਘਰ ਨਾ ਆਵੀਂ, ਤੈਨੂੰ ਮੈਂ ਸਾਰੇ ਕਾਸੇ 'ਚੋਂ ਛੇਕ ਦਿੱਤਾ।'

ਭੁਪਿੰਦਰ ਨੇ ਭਾਵੇਂ ਬਾਅਦ 'ਚ ਕਈ ਵਾਰ ਮਾਫ਼ੀਆਂ ਵੀ ਮੰਗੀਆਂ ਸਨ ਪਰ ਮੇਰਾ ਦਾਦਾ ਅੜਬ ਸੁਭਾਅ ਦਾ ਸੀ। ਇਕ ਵਾਰ ਜੋ ਜ਼ੁਬਾਨ 'ਚੋਂ ਨਿਕਲ ਗਿਆ ਅਟੱਲ...। ਮੁੜ ਕੇ ਭੁਪਿੰਦਰ ਸੱਚਮੁਚ ਵੀ ਘਰ ਨਹੀਂ ਆਇਆ ਜਾਂ ਇੰਝ ਸਮਝ ਲਓ ਦਾਦੇ ਨੇ ਉਸ ਨੂੰ ਇੱਧਰ ਆਉਣ ਜੋਗਾ ਨਹੀਂ ਛੱਡਿਆ ਸੀ। ਦਾਦੇ ਹੋਰਾਂ ਨੂੰ ਨਾ ਹੀ ਉਹਦੇ ਇੱਧਰ ਆਉਣ ਦਾ ਕਦੇ ਝੋਰਾ ਲੱਗਾ ਸੀ।

ਅਜਿਹੇ ਸੁਭਾਅ ਦਾ ਮਾਲਕ ਤਾਂ ਮੇਰਾ ਪਿਤਾ ਵੀ ਸੀ। ਮੇਰੇ ਦਾਦੇ ਦੇ ਹੀ ਕਦਮਾਂ 'ਤੇ ਚੱਲਣ ਵਾਲਾ। ਉਸਦੀ ਹਾਂ 'ਚ ਹਾਂ ਤੇ ਉਸਦੀ ਨਾਂਹ 'ਚ ਨਾਂਹ ਕਹਿਣ ਵਾਲਾ। ਉਸਨੇ ਵੀ ਦਾਦੇ ਦੇ ਮਰਨ ਤੋਂ ਬਾਅਦ ਵੀ ਭੁਪਿੰਦਰ ਨਾਲ ਕਦੇ ਦੋ ਬੋਲ ਸਾਂਝੇ ਨਹੀਂ ਕੀਤੇ ਸਨ। ਉਸਦੇ ਜ਼ਰੂਰ ਕਦੇ ਖ਼ਤ ਆ ਜਾਂਦੇ ਹੁੰਦੇ। ਪਰ ਭੁਪਿੰਦਰ ਦੇ ਖ਼ਤਾਂ ਦਾ ਜਵਾਬ ਕਦੇ ਪਿਤਾ ਹੋਰਾਂ ਨਾ ਦਿੱਤਾ ਗਿਆ।


'ਇਹ ਖ਼ਾਨਦਾਨੀ ਪਰੰਪਰਾ ਹੁੰਦੀ ਏ.....ਤੂੰ ਅਜੇ ਇਸ ਕਾਸੇ ਤੋਂ ਅਣਜਾਨ ਏ....ਇਕ ਦਿਨ ਸਮਝ ਜਾਵੇਂਗਾ ਤੂੰ ਵੀ....।' ਮੈਂ ਜਦੋਂ ਪਿਤਾ ਨਾਲ ਭੁਪਿੰਦਰ ਹੋਰਾਂ ਬਾਰੇ ਗੱਲ ਕਰਦਾ ਤਾਂ ਉਹ ਇਹ ਆਖ ਮੈਨੂੰ ਹਮੇਸ਼ਾ ਚੁੱਪ ਕਰਵਾ ਦਿੰਦਾ ਸੀ।

ਹੁਣ ਜਦੋਂ ਰਾਜਨ ਨੇ ਮੇਰੇ ਅੱਗੇ ਆਪਣੀ ਗੱਲ ਰੱਖੀ ਤਾਂ ਮੇਰੇ ਅੰਦਰ ਕਿੰਨਾ ਕੁਝ ਬੀਤਿਆ ਝੱਟ ਜਵਾਲਾਮੁਖੀ ਬਣ ਫਟਣ ਲੱਗ ਪਿਆ ਸੀ। ਮੰਨਿਆ ਕਿ ਰਾਜਨ ਕੁਝ ਜ਼ਿਆਦਾ ਪੜ੍ਹ ਲਿਖ ਗਿਆ ਏ। ਵਿਦੇਸ਼ ਜਾ ਕੇ ਨੌਕਰੀ ਕਰ ਰਿਹਾ ਏ। ਪਰ ਕੁਝ ਗੱਲਾਂ ਹੁੰਦੀਆਂ ਨੇ ਜਿਹਨਾਂ ਦੀ ਸਮਝ ਸਾਨੂੰ ਉਮਰ ਦੇ ਬੀਤਣ ਨਾਲ ਹੀ ਆਉਂਦੀ ਹੈ। ਉਸ ਅੰਦਰ ਲੱਗਦਾ ਹੈ, ਇਸ ਕਾਸੇ ਦੀ ਸੋਝੀ ਹੀ ਨਹੀਂ। ਜਾਪਦਾ ਏ ਕਿ ਉਸ ਨੂੰ ਮੇਰੇ ਨਾਲ ਕੋਈ ਵਾਸਤਾ ਨਹੀਂ ਏ। ਉਹ ਤਾਂ ਆਪਣੇ ਮਨ ਦੀ ਪੁਗਾਉਣਾ ਚਾਹੁੰਦਾ ਏ...। ਉਸਨੇ ਇੰਜ ਉਦਾਸ ਹੋ ਫੋਨ ਕੱਟਿਆ ਸੀ ਜਿਵੇਂ ਮੈਂ ਉਸ ਦਾ ਪਿਤਾ ਨਹੀਂ ਬਲਕਿ ਕੋਈ ਦੁਸ਼ਮਣ ਹੋਵਾਂ...।

ਦੁਸ਼ਮਣ ਹੀ ਤਾਂ ਸਮਝ ਰਿਹਾ ਏ ਮੈਨੂੰ...ਨਹੀਂ ਇੰਝ ਥੋੜ੍ਹਾ ਕੋਈ ਕਰਦਾ ਏ....ਮੈਂ ਉਸਦਾ ਪਿਓ ਹਾਂ, ਉਸਦਾ ਬੁਰਾ ਥੋੜ੍ਹਾ ਸੋਚ ਸਕਦਾ ਹਾਂ....। ਉਸ ਅੰਦਰ ਪਤਾ ਨ੍ਹੀਂ ਕੀ ਚੱਲ ਰਿਹਾ ਸੀ। ਮੇਰੀ ਨਾਂਹ ਸੁਣ ਤਾੜ ਕਰਕੇ ਫੋਨ ਕੱਟ ਗਿਆ ਸੀ ਰਾਜਨ। ਮੇਰੇ ਅੰਦਰ ਸਾਰੀ ਰਾਤ ਇਕ ਚੁੱਪ ਤਣੀ ਰਹੀ। ਸੋਚਦਾ ਰਿਹਾ ਕਿ ਸ਼ਾਇਦ ਰਾਜਨ ਜਦੋਂ ਆਪਣੇ ਦਿਮਾਗ਼ ਨਾਲ ਇਕੱਲਾ ਬੈਠ ਕੇ ਸੋਚੇਗਾ ਤਾਂ ਉਸਨੂੰ ਮੇਰੇ ਵੱਲੋਂ ਕੀਤੀ ਨਾਂਹ ਦਾ ਅਹਿਸਾਸ ਹੋਵੇਗਾ। ਪਰ ਨ੍ਹੀਂ ਚੌਵੀ ਘੰਟੇ ਹੋ ਚੱਲੇ ਨੇ ਪਰ ਉਸਨੇ ਦੁਬਾਰਾ ਫੋਨ ਨਹੀਂ ਕੀਤਾ, ਅਜੇ ਤੱਕ।

ਚੌਵੀ ਘੰਟੇ ਮੈਂ ਜਾਗਦਿਆਂ ਹੀ ਕੱਟੇ ਨੇ। ਮੈਨੂੰ ਨੀਂਦ ਹੀ ਨਹੀਂ ਆਈ। ਅੱਖ ਭੌਰਾ ਵੀ ਨਾ ਲੱਗੀ। ਰਾਜਨ ਬਾਰੇ ਹੀ ਸੋਚਦਾ ਰਿਹਾ। ਕਿੰਨੇ ਬੁਰੇ ਵਿਚਾਰ ਮੇਰੇ ਮਨ ਮਸਤਕ 'ਚ ਉਸ ਬਾਰੇ ਸੋਚ ਆਉਂਦੇ ਰਹੇ

ਸਨ। ਮੈਨੂੰ ਹੀ ਪਤਾ ਏ ਕਿ ਮੇਰੇ 'ਤੇ ਕੀ ਬੀਤ ਰਹੀ ਏ....।



'ਇਸ ਤਰ੍ਹਾਂ ਦਾ ਕਦਮ ਤਾਂ ਪਸ਼ੂ ਵੀ ਨ੍ਹੀਂ ਉਠਾਉਂਦੇ ...ਉਹ ਵੀ ਕਿੰਨਾ ਕੁਝ ਸੋਚ ਜਾਂਦੇ ਨੇ, ਇਸ ਤਰ੍ਹਾਂ ਕਰਦਿਆਂ। ਪਰ ਰਾਜਨ ਤਾਂ ਇਨਸਾਨ ਏ। ਕੈਨੇਡਾ ਤਾਂ ਉਂਝ ਵੀ ਸਾਡੇ ਦੇਸ਼ ਨਾਲੋਂ ਕਿੰਨਾ ਅੱਗੇ ਏ। ਉੱਥੋਂ ਦੇ ਲੋਕ ਤਾਂ ਐਡਵਾਂਸ ਨੇਚਰ ਦੇ ਹੁੰਦੇ ਨੇ...ਉਹ ਤਾਂ ਅਜਿਹੇ ਰਿਸ਼ਤਿਆਂ ਬਾਰੇ ਪਹਿਲਾਂ ਹੀ ਕਿੰਨਾ ਕੁਝ ਸੋਚ ਚੁੱਕੇ, ਸਮਝ ਚੁੱਕੇ ਹੁੰਦੇ ਨੇ।' ਅਜਿਹਾ ਸੋਚਦਿਆਂ ਹੀ ਦਿਮਾਗ਼ ਦੀਆਂ ਨਸਾਂ ਟਸ-ਟਸ ਕਰਕੇ ਫਟਣ ਲੱਗ ਪਈਆਂ ਹਨ। ਅਜਿਹਾ ਕੁਝ ਸੋਚਦਿਆਂ।

ਕਦੇ ਮਨ 'ਚ ਖਿਆਲ ਆਉਂਦਾ ਕਿ ਰਾਜਨ ਦਾ ਨਵਾਂ ਖ਼ੂਨ ਏ। ਕਿਤੇ ਮਨ 'ਤੇ ਲਾ ਕੇ ਹੋਰ ਹੀ ਕੋਈ ਮਾੜਾ ਕਦਮ ਨਾ ਉਠਾ ਲਏ। ਆਖ਼ਰ ਮੇਰੇ ਕੋਲ ਉਸ ਤੋਂ ਸਿਵਾ ਹੈ ਈ ਕੌਣ ਏ...। ਕਦੇ ਮਨ 'ਚ ਆਉਂਦਾ ਕਿ ਆਖ ਦੇਵਾਂ ਫੋਨ ਕਰਕੇ ਕਿ ਰਾਜਨ ਚੱਲ ਜਿਵੇਂ ਤੈਨੂੰ ਚੰਗਾ ਲੱਗਦਾ ਏ...ਕਰ, ਮੈਨੂੰ ਕੋਈ ਗਿਲਾ ਨਹੀਂ...ਪਰ...।

ਹੈਂਅ...ਉਹੋ ਬੱਚੇ ਫਿਰ ਸਾਹਮਣੇ ਆ ਰਹੇ ਨੇ ਚੀਕਦੇ ਚਿਲਾਉਂਦੇ। ਟੁੰਡੇ...ਵਿੰਗੀਆਂ-ਟੇਢੀਆਂ ਲੱਤਾਂ ਵਾਲੇ...ਅਪਾਹਜ...।...ਹੈਂਅ! ਰਾਜਨ,...ਰਾਜਨ ਚੱਲ ਹੱਟ ਪਰ੍ਹਾਂ ਹੋ ਬੇਟਾ...ਤੂੰ ਇਹਨਾਂ 'ਚ ਕੀ ਕਰ ਰਿਹਾ ਏ ...।'

ਰਾਜਨ ਦੇ ਭਵਿੱਖ ਬਾਰੇ ਹੀ ਤਾਂ ਸੋਚ ਰਿਹਾਂ ਮੈਂ। ਨਹੀਂ ਮੈਨੂੰ ਕੀ ਲੋੜ ਸੀ...ਉਸ ਬਾਰੇ ਇੰਨੀ ਚਿੰਤਾ ਕਰਨ ਦੀ...।ਮੈਂ ਤਾਂ ਹਮੇਸ਼ਾ ਇਹੋ ਚਾਹੁੰਨਾ ਕਿ ਉਹ ਖੁਸ਼ ਰਹੇ, ਅੱਗੇ ਵਧੇ-ਫੁਲੇ....ਪਰ ਸਾਡਾ ਖ਼ਾਨਦਾਨ, ....ਸਾਡਾ ਵੰਸ਼ ਵੀ ਤਾਂ ਅੱਗੇ ਵੱਧਣਾ ਜ਼ਰੂਰੀ ਏ...।

ਅਜਿਹਾ ਜਦੋਂ ਮਨ-ਮਸਤਕ 'ਚ ਆਉਂਦਾ ਤਾਂ ਕਿੰਨਾ ਕੁਝ ਧੁੰਦਲਾ-ਧੁੰਦਲਾ ਅੱਖਾਂ ਅੱਗੇ ਆ ਮੰਡਰਾਉਣ ਲੱਗਦਾ। ਰਾਜਨ ਦਾ ਚਿਹਰਾ ਮੇਰੇ ਸਾਹਮਣੇ ਆ ਤਣ ਜਾਂਦਾ ਤਾਂ ਇਕ ਕੁਰਲਾਹਟ ਹੀ ਮੇਰੇ ਅੰਦਰ ਉੱਠ ਖਲੋਂਦੀ, 'ਨ੍ਹੀਂ ਰਾਜਨ ਨ੍ਹੀਂ, ਤੂੰ ਇਸ ਤਰ੍ਹਾਂ ਕਿਵੇਂ ਕਰ ਸਕਦਾ ਏਂ...।'

ਵੈਟਰਨਰੀ ਦਾ ਕੋਰਸ ਕਰਦਿਆਂ ਕਿੰਨਾ ਕੁਝ ਪੜ੍ਹਿਆ ਮੇਰੇ ਅੱਗੇ ਆ ਸਾਕਾਰ ਹੁੰਦਾ। ਆਪਣੇ ਸਾਥੀਆਂ ਨਾਲ ਹੁੰਦੀ ਰਹਿੰਦੀ ਗੱਲਬਾਤ ਯਾਦ ਆਉਂਦੀ। ਕੋਰਸ ਕਰਨ ਵੇਲੇ ਪ੍ਰੋਫ਼ੈਸਰਾਂ ਦੀਆਂ ਸਮਝਾਈਆਂ ਕਿੰਨੀਆਂ ਗੱਲਾਂ ਜਿਹਨ 'ਚ ਆ ਕੁੱਦ ਜਾਂਦੀਆਂ। ਅਜਿਹੇ ਸਮੇਂ 'ਚ ਮੇਰੇ ਕੋਲੋਂ ਡਿਊਟੀ ਵੀ ਸਹੀ ਢੰਗ ਨਾਲ ਨਾ ਦਿੱਤੀ ਜਾਂਦੀ।

ਉਸ ਦਿਨ ਵੀ ਮੈਂ ਪੋਲੀ ਹਾਸਪਿਟਲ 'ਚ ਡਿਊਟੀ ਦੌਰਾਨ ਕੁਰਸੀ 'ਤੇ ਬੈਠਾ ਇਵੇਂ ਰਾਜਨ ਬਾਰੇ ਸੋਚ ਕੱਲ੍ਹਾ ਹੀ ਬੁੜਬੁੜਾ ਰਿਹਾ ਸਾਂ ਕਿ ਡਾ. ਗਰਗ ਜੋ ਕਿ ਮੇਰਾ ਕੁਲੀਗ ਤੇ ਮੇਰਾ ਜੂਨੀਅਰ ਸਹਿਯੋਗੀ ਸੀ, ਨੇ ਮੈਨੂੰ ਬੁੜਬੁੜਾਉਂਦਿਆਂ ਦੇਖ ਕਿਹਾ ਸੀ।

'ਕਿਵੇਂ ਤੁਸੀਂ ਠੀਕ ਓਂ, ਸਰ....।'

'ਹਾਂ, ਤਬੀਅਤ ਠੀਕ ਨ੍ਹੀਂ ਲੱਗ ਰਹੀ....।' ਉਸ ਨੂੰ ਮਸ੍ਹਾਂ ਹੀ ਜਵਾਬ ਦੇ ਸਕਿਆ ਸਾਂ। ਪਰ ਅੰਦਰੋਂ ਘਬਰਾਹਟ ਅਜੇ ਵੀ ਮਹਿਸੂਸ ਕਰ ਰਿਹਾ ਹਾਂ।

'ਕੋਈ ਟੈਬਲਿਟ ਲੈ ਲਓ, ਜਾਂ ਘਰ ਚਲੇ ਜਾਓ ਤੁਸੀਂ,....ਮੈਂ ਆਪੇ ਸਾਂਭ ਲਵਾਂਗਾ....।' ਉਹ ਮੇਰੇ ਚਿਹਰੇ ਵੱਲ ਦੇਖਦਾ ਬੋਲਿਆ ਹੈ।

'ਹਾਂ...ਹਾਂ', ਮੈਂ ਆਪਣੀ ਕੁਰਸੀ 'ਚੋਂ ਉੱਠ ਕੇ ਬਾਹਰ ਆ ਗਿਆ। ਦਰਅਸਲ ਮੈਂ ਨਹੀਂ ਚਾਹੁੰਦਾ ਸੀ ਕਿ ਡਾ. ਗਰਗ ਕੋਲ ਇਸ ਹਾਲਤ 'ਚ ਬੈਠਾ ਰਹਾਂ। ਇਸੇ ਲਈ ਮੈਂ ਆਪਣੀ ਕੁਰਸੀ 'ਤੋਂ ਉੱਠ ਕੇ ਬਾਹਰ ਖੁੱਲ੍ਹੇ ਮੈਦਾਨ 'ਚ ਆ ਟਹਿਲਣ ਲੱਗ ਪਿਆ। ਸ਼ਾਇਦ ਮਨ ਦੀ ਦਸ਼ਾ ਕੁਝ ਠੀਕ ਹੋ ਜਾਵੇ, ਅਜਿਹੇ ਖਿਆਲਾਂ ਨਾਲ ਮਨ ਨੂੰ ਢਾਰਸ ਦੇਣ ਦਾ ਯਤਨ ਕਰਨ ਲੱਗਾ ਹਾਂ।

ਖਿਆਲਾਂ 'ਚ ਹੀ ਤਾਂ ਮੈਂ ਜ਼ਿੰਦਗੀ ਬਤੀਤ ਕਰਦਾ ਆ ਰਿਹਾ ਸਾਂ। ਇਕ ਪਾਸੇ ਨੌਕਰੀ ਤੇ ਦੂਜੇ ਪਾਸੇ ਰਾਜਨ ਦੀ ਦੇਖਭਾਲ...ਜਿਵੇਂ ਦੋ ਧੁਰਾਂ ਵਿਚਾਲੇ ਪਿੱਸਦਾ ਆ ਰਿਹਾ ਸਾਂ ਮੈਂ। ਪਰ ਇਕ ਚਮਕ ਦਿਖਾਈ ਦਿੰਦੀ ਸੀ ਮੇਰੇ ਹਨੇਰਮਈ ਜੀਵਨ 'ਚ...ਉਹ ਮੈਨੂੰ ਰਾਜਨ 'ਚੋਂ ਦਿਖਾਈ ਦਿੰਦੀ। ਮੈਨੂੰ ਲੱਗਦਾ ਕਿ ਰਾਜਨ ਪੜ੍ਹ-ਲਿਖ ਕੁਝ ਬਣੇਗਾ ਤਾਂ ਇਸ ਨਾਲ ਮੇਰਾ ਤੇ ਮੇਰੇ ਖਾਨਦਾਨ ਦਾ ਨਾਮ ਵੀ ਉੱਚਾ ਹੋਵੇਗਾ।....

'ਰਣਵੀਰ ਮੈਂ ਅੱਜ ਤੱਕ ਖ਼ਾਨਦਾਨ ਦਾ ਨਾਮ ਹੀ ਉੱਚਾ ਰੱਖਿਐ....ਮੈਨੂੰ ਨ੍ਹੀਂ ਪਤਾ ਸੀ ਕਿ ਮੇਰੇ ਘਰ ਤੇਰੇ ਵਰਗਾ ਡਰਪੋਕ ਪੁੱਤਰ ਪੈਦਾ ਹੋਵੇਗਾ....।' ਪਿਤਾ ਦੇ ਬੋਲ ਅਚਾਨਕ ਮੇਰੇ ਸਿਰ 'ਚ ਆ ਗੂੰਜੇ ਹਨ। ਉਸਦਾ ਜੋਸ਼ੀਲਾ ਚਿਹਰਾ ਮੇਰੀਆਂ ਅੱਖਾਂ ਸਾਹਮੇਂ ਕੁੱਦ ਗਿਆ ਹੈ।

ਪਿਤਾ ਹਮੇਸ਼ਾ ਆਪਣੇ ਖਾਨਦਾਨ, ਆਪਣੇ ਪੁਰਖਿਆਂ ਦੀਆਂ ਗੱਲਾਂ ਹੀ ਕਰਦਾ ਰਹਿੰਦਾ ਸੀ। ਮੈਨੂੰ ਇਹ ਚੰਗੀਆਂ ਨਾ ਲੱਗਦੀਆਂ ਪਰ ਉਸਨੂੰ ਇਸ ਤਰ੍ਹਾਂ ਗੱਲਾਂ ਕਰਨ 'ਚ ਜਿਵੇਂ ਕੋਈ ਮਾਣ ਸੀ, ਫ਼ਖ਼ਰ ਮਹਿਸੂਸ ਹੁੰਦਾ ਸੀ। ਉਹ ਆਪਣੇ ਖਾਨਦਾਨ ਦੀ ਗੱਲ ਬੜੇ ਜੋਸ਼ ਨਾਲ ਕਰਦਾ। ਦੱਸਦਾ ਕਿਵੇਂ ਉਹਨਾਂ ਮਿਹਨਤ ਕਰਦੇ ਹੋਏ ਇਸ ਮੁਕਾਮ ਤੱਕ ਆਪਣੇ ਘਰ ਪਰਿਵਾਰ ਨੂੰ ਲੈ ਕੇ ਆਂਦਾ ਸੀ। ਮੈਨੂੰ ਹਮੇਸ਼ਾ ਇਸੇ ਗੱਲ ਬਾਰੇ ਸਮਝਾਉਂਦਾ ਰਹਿੰਦਾ।

ਮੈਂ ਉਸਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਬਹੁਤਾ ਮਨ 'ਤੇ ਨਾ ਲਾਉਂਦਾ। ਆਪਣੀ ਪੜ੍ਹਾਈ 'ਚ ਮਸਤ ਰਹਿੰਦਾ ਸਾਂ। ਘਰ 'ਚ ਟੰਗੀਆਂ ਮੇਰੇ ਦਾਦੇ-ਪੜਦਾਦੇ ਦੀਆਂ ਤਸਵੀਰਾਂ ਦੇਖਦਾ ਤਾਂ ਲੱਗਦਾ ਕਿ ਉਹ ਤਾਂ ਕਿਸੇ ਮਹਾਰਾਜਿਆਂ ਵਾਲੀ ਜ਼ਿੰਦਗੀ ਜਿਊਂਦੇ ਆ ਰਹੇ ਸਨ। ਪਰ ਬਾਪੂ ਦੱਸਦਾ ਕਿ ਉਹਨਾਂ ਨੇ ਬੜੀ ਮਿਹਨਤ ਕੀਤੀ। ਟਿੱਬਿਆਂ ਨੂੰ ਵਾਹ ਕੇ ਆਪਣੀ ਜ਼ਮੀਨ ਨੂੰ ਖੇਤੀ ਦੇ ਲਈ ਵਾਹੀਯੋਗ ਬਣਾਇਆ। ਉਹਨਾਂ ਦੀ ਕਰੜੀ ਮਿਹਨਤ ਦਾ ਪ੍ਰਤੀਕ ਹੀ ਤਾਂ ਹੈ ਕਿ ਅੱਜ ਅਸੀਂ ਖੁਸ਼ਨਸੀਬੀ ਵਾਲਾ ਜੀਵਨ ਬਤੀਤ ਕਰ ਰਹੇ ਹਾਂ।

ਪਰ ਮੇਰਾ ਇਹਨਾਂ ਗੱਲਾਂ ਵੱਲ ਬਚਪਨ 'ਚ ਘੱਟ ਹੀ ਧਿਆਨ ਜਾਂਦਾ ਸੀ। ਇਸ ਲਈ ਪਿਤਾ ਮੇਰੇ 'ਤੇ ਕੁੜਦਾ ਰਹਿੰਦਾ। ਗੱਲੀਂ-ਬਾਤੀਂ ਮੈਨੂੰ ਟੋਕਦਾ ਵੀ ਰਹਿੰਦਾ। ਮਾਂ ਨੂੰ ਮੇਰੇ ਬਾਰੇ ਬੋਲ ਕੇ ਤਾਅਨੇ ਕੱਸਦਾ ਰਹਿੰਦਾ-'ਇਹਨੂੰ ਐਵੇਂ ਚਮਲਾਈ ਨਾ ਜਾਇਆ ਕਰ...ਖ਼ਾਨਦਾਨ ਦਾ ਚਿਰਾਗ਼ ਏ...ਜ਼ਿਆਦਾ ਲਾਡ ਨਾਲ ਜਵਾਕ ਵਿਗੜ ਜਾਂਦੈ ਹੁੰਦੈ...।'

ਮੈਂ ਇਹਨਾਂ ਗੱਲਾਂ ਤੋਂ ਕਿਨਾਰਾ ਕਰਕੇ ਆਪਣੀ ਪੜ੍ਹਾਈ 'ਚ ਮਗਨ ਰਹਿੰਦਾ ਸਾਂ ਉਦੋਂ। ਜਦੋਂ ਮੈਂ ਆਪਣੇ ਬਲਬੂਤੇ ਵੈਟਰਨਰੀ ਕੋਰਸ ਕਰ ਡਾਕਟਰ ਬਣ ਗਿਆ ਤਾਂ ਪਿਤਾ 'ਚ ਵੀ ਥੋੜ੍ਹਾ ਸੁਧਾਰ ਆ ਗਿਆ ਸੀ। ਉਹ ਮੈਨੂੰ ਦੇਖ ਚੁੱਪ ਕਰ ਜਾਂਦਾ। ਸ਼ਾਇਦ ਉਸਨੂੰ ਮੇਰਾ ਸਰਕਾਰੀ ਨੌਕਰੀ 'ਤੇ ਲੱਗਣਾ ਅੰਦਰੋਂ ਚੰਗਾ ਲੱਗਿਆ ਸੀ। ਕਿਉਂਕਿ ਸਾਡੇ ਖਾਨਦਾਨ 'ਚੋਂ ਮੈਂ ਹੀ ਪਹਿਲਾ ਸਾਂ, ਜਿਸਨੂੰ ਸਰਕਾਰੀ ਨੌਕਰੀ ਮਿਲੀ ਸੀ। ਤੇ ਮੈਂ ਸਰਕਾਰੀ ਨੌਕਰੀ ਲੱਗ ਕੇ ਇਕ ਤਰ੍ਹਾਂ ਆਪਣੇ ਖ਼ਾਨਦਾਨ ਦਾ ਨਾਮ ਵੀ ਰੌਸ਼ਨ ਕੀਤਾ ਸੀ।

ਪਰ ਪਿਤਾ ਇਹ ਗੱਲ ਮੇਰੇ ਸਾਹਮਣੇ ਨਾ ਕਰਦਾ। ਪਿੰਡ ਦੇ ਲੋਕਾਂ 'ਚ ਕਰਦਾ ਰਹਿੰਦਾ ਸੀ। ਕਦੇ ਜੇ

ਪਿੰਡ ਦਾ ਕੋਈ ਬੰਦਾ ਉਹਨੂੰ ਮੇਰੇ ਵੈਟਰਨਰੀ ਡਾਕਟਰ ਲੱਗਣ ਬਾਰੇ ਕਹਿ ਕੇ ਮਿਹਣਾ ਮਾਰਦਾ-'ਡੰਗਰਾਂ ਆਲਾ ਡਾਕਟਰ ਐ....ਪਸ਼ੂਆਂ ਦੀ ਪੂਛ ਚੁੱਕ ਗੋਹੇ 'ਚ ਬਾਹਾਂ ਲਬੇੜਦਾ ਰਹੂਗਾ ਸਾਰੀ ਉਮਰ...ਹੋਰ ਕੀ ਉਹਨੇ ਜੱਜ ਲੱਗਣਾ ਸੀ....।'

ਤਾਂ ਪਿਤਾ ਅੱਗੋਂ ਭੁੜਕ ਕੇ ਪੈ ਜਾਂਦਾ ਸੀ, 'ਉਏ ਅਕਲ ਤੋਂ ਕੋਰਿਆ....ਥੋੜੀਆਂ ਤੀਵੀਂਆਂ ਕੀ ਕਰਦੀਆਂ ਰਹਿੰਦੀਆਂ ਨੇ ਸਾਰਾ ਦਿਨ ਘਰੇ।.....ਗੋਹਾ ਹੀ ਪੱਥਦੀਆਂ ਜਾਂਦੀਆਂ ਨੇ ਸਾਰਾ ਦਿਨ ਵਿਚਾਰੀਆਂ। ਮੇਰੇ ਮੁੰਡੇ ਨੂੰ ਪੰਤਾਲੀ ਹਜ਼ਾਰ ਚੜੇ ਮਹੀਨੇ ਮਿਲਦੇ ਨੇ,...ਨਾਲੇ ਸਰਕਾਰੀ ਸਹੂਲਤਾਂ ਅੱਡ।...ਆਹ ਥੋਡੇ ਆਲਾ ਮੁੰਡਾ ਕੀ ਕਰਦੈ...ਸਾਰਾ ਦਿਨ ਸਪਰੇਅ ਆਲੀਆਂ ਦਵਾਈਆਂ ਬਾਰੇ ਪਿੰਡਾਂ 'ਚ ਜੱਟਾਂ ਨੂੰ ਸਮਝਾਉਂਦਾ ਰਹਿੰਦਾ।...ਫੇਰ ਵੀ ਕੋਈ ਮਸ੍ਹਾਂ ਈ ਲੈਂਦਾ ਏ ਉਸ ਕੋਲੋਂ ਕੀਟਨਾਸ਼ਕ ਦਵਾਈਆਂ।...ਮਹੀਨੇ ਦਾ ਕੀ ਮਿਲਦੈ...ਮਸ੍ਹਾਂ ਦਸ-ਬਾਰ੍ਹਾਂ ਹਜ਼ਾਰ...ਉਹ ਵੀ ਰੋਜ ਮਰ ਮਰ ਕੇ...। ਜਦੋਂ ਥੋਡਾ ਕੋਈ ਲੱਗੂ ਸਰਕਾਰੀ ਨੌਕਰੀ ਫੇਰ ਦੇਖਾਂਗੇ...।'

ਮੈਨੂੰ ਜਦੋਂ ਪਿਤਾ ਬਾਰੇ ਮੇਰਾ ਕੋਈ ਦੋਸਤ ਇਸ ਤਰ੍ਹਾਂ ਦੀ ਗੱਲ ਦੱਸਦਾ ਤਾਂ ਮਨ ਖ਼ੁਸ਼ੀ ਨਾਲ ਖਿੜ ਜਾਂਦਾ ਸੀ ਮੇਰਾ ਪਰ ਪਿਤਾ ਨੇ ਮੇਰੇ ਕੋਲ ਕਦੇ ਇਸ ਤਰ੍ਹਾਂ ਨਹੀਂ ਕਿਹਾ ਸੀ। ਮੇਰੇ ਮਨ 'ਤੇ ਇਹ ਗਿਲਾ ਪਿਤਾ ਨਾਲ ਹਮੇਸ਼ਾ ਰਿਹਾ।

ਸਰਕਾਰੀ ਡਿਸਪੈਂਸਰੀ 'ਚ ਸਟਾਫ ਨਰਸ ਲੱਗੀ ਕੁਲਵਿੰਦਰ ਮੈਨੂੰ ਬੜੀ ਚੰਗੀ ਲੱਗਦੀ ਸੀ। ਅਸੀਂ ਦੋਵੇਂ ਇਕ-ਦੂਜੇ ਨੂੰ ਚਾਹੁੰਦੇ ਸਾਂ। ਕੁਲਵਿੰਦਰ ਮੈਨੂੰ ਵਿਆਹ ਦਾ ਜ਼ੋਰ ਪਾਉਂਦੀ ਸੀ ਅਕਸਰ। ਪਰ ਮੈਂ ਜਦੋਂ ਪਿਤਾ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਹ ਮੈਨੂੰ ਅੱਖਾਂ ਟੱਡ ਕੇ ਪੈ ਗਿਆ ਸੀ।

'ਉਏ ਉਹ ਤਾਂ ਤੇਰੇ ਨਾਨਕਿਆਂ ਦੀ ਗੋਤਣ ਐ...ਇਹ ਰਿਸ਼ਤਾ ਨ੍ਹੀਂ ਹੋ ਸਕਦਾ।...ਆਪਣੇ ਵੀ ਤਾਂ ਇਹੋ ਰਿਵਾਜ਼ ਏ... ਗੋਤਰ ਭਲਾ ਕਿਉਂ ਰਿਸ਼ਤਾ ਕਰਨ ਵੇਲੇ ਦੇਖੇ ਜਾਂਦੇ ਨੇ। ਖਾਨਦਾਨਾਂ ਨੂੰ ਕਿਉਂ ਪਰਖਿਆ ਜਾਂਦਾ ਏ?...ਨਾਨਕਿਆਂ ਤੱਕ ਦੀ ਗੋਤ ਮਿਲਣ 'ਤੇ ਵੀ ਰਿਸ਼ਤਾ ਨ੍ਹੀਂ ਕੀਤਾ ਜਾਂਦਾ ਸਮਝਿਆ....।' ਫੇਰ ਉਹ ਕੁਝ ਸੋਚਣ ਲੱਗਦਾ। ਤੇ ਅਚਨਾਕ ਕਹਿੰਦਾ-'ਹਾਂ, ਕੁਝ ਵਿਚਾਰੇ ਹੱਲਿਆਂ 'ਚ ਕੁਝ ਜਾਤੀਆਂ ਦੇ ਲੋਕਾਂ ਨੂੰ ਇੱਧਰ ਆ ਕੇ ਰਿਸ਼ਤੇ ਕਰਨ 'ਚ ਦਿੱਕਤ ਆਉਣ ਕਾਰਨ ਉਹ ਆਪਣੇ ਸਕੇ ਸੰਬੰਧੀਆਂ 'ਚ ਆਪਣੀਆਂ ਔਲਾਦਾਂ ਦਾ ਵਿਆਹ ਕਰ ਦਿੰਦੇ ਨੇ...ਜਿਵੇਂ ਕੁਝ ਮੁਸਲਿਮ ਜਾਤੀਆਂ ਤੇ ਹੋਰ ਜਾਤਾਂ ਦੇ ਲੋਕ...ਪਰ ਆਪਣੇ ਨ੍ਹੀਂ ਅਜਿਹਾ ਹੁੰਦਾ ਸਮਝਿਆ...।' ਪਿਤਾ ਮੈਨੂੰ ਉਸ ਦਿਨ ਲੋਹਾ-ਲਾਖਾ ਹੁੰਦਾ ਕਾਫ਼ੀ ਚਿਰ ਬੋਲਦਾ ਰਿਹਾ ਸੀ।

ਫਿਰ ਮੈਂ ਚੁੱਪ ਰਹਿਣਾ ਬੇਹਤਰ ਸਮਝਿਆ ਸੀ। ਕੁਲਵਿੰਦਰ ਨੇ ਮੇਰੀ ਚੁੱਪ ਦੇਖਕੇ ਆਪਣੇ ਮਾਪਿਆਂ ਵੱਲੋਂ ਦਿਖਾਏ ਇਕ ਮੁੰਡੇ ਨਾਲ ਵਿਆਹ ਕਰਾ ਲਿਆ ਸੀ। ਮੈਂ ਮਨ ਮਾਰ ਕੇ ਬੈਠ ਗਿਆ। ਪਿਤਾ ਨੇ ਆਪਣੀ ਜਾਣ-ਪਛਾਣ 'ਚੋਂ ਮੇਰੇ ਲਈ ਕੁੜੀ ਲੱਭ ਲਈ। ਪਹਿਲਾਂ ਤਾਂ ਮੈਨੂੰ ਦੁੱਖ ਹੋਇਆ। ਪਰ ਜਦੋਂ ਪਤਾ ਲੱਗਾ ਕਿ ਉਹ ਈਟੀਟੀ ਕਰਕੇ ਸਰਕਾਰੀ ਟੀਚਰ ਲੱਗੀ ਹੋਈ ਹੈ ਤਾਂ ਮੈਂ ਦੇਖਣ ਗਏ ਲਵਲੀਨ ਦੀ ਖ਼ੂਬਸੂਰਤੀ ਦਾ ਕਾਇਲ ਹੋ, ਝੱਟ ਹਾਂ ਕਰ ਦਿੱਤੀ।

ਮੇਰੇ ਹਾਂ ਕਹਿਣ 'ਤੇ ਜਿਵੇਂ ਪਿਤਾ ਨੂੰ ਕਾਫ਼ੀ ਸਕੂਨ ਮਿਲਿਆ ਸੀ। ਸ਼ਾਇਦ ਉਸਨੂੰ ਇਹ ਸੀ ਕਿ ਮੈਂ ਉਸ ਵੱਲੋਂ ਦਿਖਾਈ ਕੁੜੀ ਨੂੰ ਪਸੰਦ ਨਹੀਂ ਕਰਾਂਗਾ।

ਪਿਤਾ ਮੇਰਾ ਵਿਆਹ ਵੀ ਨਹੀਂ ਦੇਖ ਸਕੇਗਾ, ਇਹ ਕਦੋਂ ਪਹਿਲਾਂ ਮੈਂ ਸੋਚਿਆ ਸੀ। ਉਹ ਤਾਂ ਮਾਂ ਨਾਲ ਵੀ ਬੜੀਆਂ ਹੱਸ-ਹੱਸ ਮੇਰੇ ਵਿਆਹ ਦੀਆਂ ਗੱਲਾਂ ਕਰਨ ਲੱਗਾ ਸੀ। ਉਸਨੂੰ ਕਹਿੰਦਾ-'ਮੈਂ ਆਪਣੇ ਇਕਲੌਤੇ ਪੁੱਤ ਦਾ ਵਿਆਹ ਬੜੀ ਧੂਮ-ਧਾਮ ਨਾਲ ਕਰਾਂਗਾ। ਸ਼ਹਿਰ ਦਾ ਵੱਡਾ ਪੈਲੇਸ ਬੁੱਕ ਕਰਵਾਊਂਗਾ।

ਇਸ ਤਰ੍ਹਾ ਦਾ ਵਿਆਹ ਸਾਡੇ ਖਾਨਦਾਨ 'ਚ ਪਹਿਲਾਂ ਨਹੀਂ ਹੋਇਆ ਹੋਵੇਗਾ ਕਦੇ...।'

ਪਰ ਕਿਸਮਤ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ। ਵਿਆਹ ਦੀ ਤਰੀਕ ਮਿੱਥੀ ਜਾ ਚੁੱਕੀ ਸੀ ਪਰ ਪਿਤਾ ਉਸ ਦਿਨ ਖੇਤ ਗਿਆ ਸੀ। ਮੀਂਹ ਪੈ ਰਿਹਾ ਸੀ। ਅਚਾਨਕ ਬਿਜਲੀ ਲਿਸ਼ਕ ਕੇ ਉਸ 'ਤੇ ਆ ਡਿੱਗੀ। ਤੇ ਪਿਤਾ ਉੱਥੇ ਹੀ ਢਹਿ-ਢੇਰੀ ਹੋ ਗਿਆ। ਉਸ ਦੀ ਸੜੀ ਲਾਸ਼ ਦੇਖ ਮਾਂ ਤੇ ਮੇਰੇ ਅੱਥਰੂ ਨਹੀਂ ਸਨ ਰੁਕ ਰਹੇ। ਵਿਆਹ ਵੀ ਮੇਰਾ ਫਿਰ ਚੁੰਨੀ ਚੜਾ ਕੇ ਕੀਤਾ ਗਿਆ ਸੀ। ਚੁੱਪ-ਚਾਪ, ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ।

ਹੁਣ ਉਹ ਡਰਾਇੰਗ ਰੂਮ ਦੀ ਕੰਧ 'ਤੇ ਟੰਗੀ ਵੱਡੀ ਫੋਟੋ ਨਾਲ ਇਕ ਯਾਦ ਹੀ ਤਾਂ ਬਣ ਕੇ ਰਹਿ ਗਿਆ ਸੀ।

ਪਿਤਾ ਦੀ ਮੌਤ ਤੋਂ ਬਾਅਦ ਮੈਂ ਪਿੰਡ ਛੱਡ ਮੋਗੇ ਆ ਕੇ ਰਹਿਣਾ ਸ਼ੁਰੂ ਕੀਤਾ ਤਾਂ ਜਿਵੇਂ ਮਾਂ ਵੀ ਚੁੱਪ ਜਿਹੀ ਰਹਿਣ ਲੱਗ ਪਈ ਸੀ। ਸਮਝਦਾ ਤਾਂ ਸੀ ਮੈਂ...ਮਾਂ ਦੀ ਘੁਟਣ ਨੂੰ ਪਰ ਉਸਨੂੰ ਪਿੰਡ ਇੰਜ ਇਕੱਲਿਆਂ ਵੀ ਤਾਂ ਨਹੀਂ ਛੱਡ ਕੇ ਆ ਸਕਦਾ ਸਾਂ। ਮੈਂ ਤਾਂ ਹਮੇਸ਼ਾ ਮਾਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਹੀ ਕੀਤੀ ਸੀ। ਮੇਰੀ ਪਤਨੀ ਲਵਲੀਨ ਸਕੂਲ ਡਿਊਟੀ 'ਤੇ ਚਲੀ ਜਾਂਦੀ ਸੀ। ਰਾਜਨ ਨੇ ਜਨਮ ਲਿਆ ਤਾਂ ਉਸ ਦੀ ਸੰਭਾਲ ਮਾਂ ਹੀ ਕਰਦੀ ਹੁੰਦੀ ਸੀ। ਤਿੰਨ ਸਾਲ ਤੱਕ ਮਾਂ ਨੇ ਹੀ ਪਾਲਿਆ-ਪੋਸਿਆ ਰਾਜਨ ਨੂੰ। ਜਿੰਨਾ ਚਿਰ ਉਹ ਸਕੂਲ ਨਾ ਜਾਣ ਲੱਗਾ ਮਾਂ ਹੀ ਉਸਦਾ ਪਾਲਣ, ਪੋਸਣ, ਉਸਦੀ ਦੇਖਭਾਲ ਕਰਦੀ ਆਈ ਸੀ।

ਲਵਲੀਨ ਦੀ ਅਚਾਨਕ ਐਕਸੀਡੈਂਟ 'ਚ ਮੌਤ ਹੋ ਜਾਣ ਨਾਲ ਤਾਂ ਮੇਰੇ 'ਤੇ ਵੀ ਜਿਵੇਂ ਦੁੱਖਾਂ ਦਾ ਪਹਾੜ ਡਿੱਗ ਪਿਆ ਸੀ। ਮੈਨੂੰ ਹੀ ਪਤੈ ਕਿਵੇਂ ਦਿਨ ਬਤੀਤ ਕੀਤੇ ਸਨ ਮੈਂ। ਇਹਨਾਂ ਗੱਲਾਂ ਦਾ ਰਾਜਨ ਨੂੰ ਤਾਂ ਕੁਝ ਪਤਾ ਨਹੀਂ। ਉਸ ਦਿਨ ਲਵਲੀਨ ਸਕੂਲ ਜਾ ਰਹੀ ਸੀ। ਕੁਝ ਚਿਰ ਪਹਿਲਾਂ ਹੀ ਉਹਨੇ ਨਵੀਂ ਸਕੂਟੀ ਲਈ ਸੀ। ਸਕੂਲ ਉਸੇ 'ਤੇ ਚਲੀ ਜਾਂਦੀ। ਪਹਿਲਾਂ ਬੱਸਾਂ 'ਤੇ ਜਾਣ ਕਾਰਨ ਕਈ ਵਾਰ ਉਹ ਸਕੂਲ ਲੇਟ ਪਹੁੰਚਦੀ। ਇਸੇ ਕਾਰਨ ਮੈਂ ਸਕੂਟੀ ਦਵਾ ਦਿੱਤੀ। ਪਰ ਇਹ ਥੋੜ੍ਹਾ ਪਤਾ ਸੀ ਕਿ ਇਹ ਸਕੂਟੀ ਉਸ ਦੀ ਮੌਤ ਵੀ ਲੈ ਕੇ ਆਵੇਗੀ। ਉਸ ਦਿਨ ਘਰੋਂ ਸਕੂਲ ਪਹੁੰਚਣ ਲਈ ਸਕੂਟੀ 'ਤੇ ਨਿਕਲੀ ਸੀ, ਪਰ ਪਹੁੰਚੀ ਨਹੀਂ। ਧੁੰਦ ਕਾਰਨ ਇਕ ਟਰੱਕ ਵਾਲੇ ਨੇ ਟੱਕਰ ਮਾਰ ਦਿੱਤੀ। ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਖ਼ੂਨ ਨਾਲ ਲੱਥ ਪੱਥ ਉਸਦੀ ਦੇਹ ਦੇਖੀ ਨਹੀਂ ਸੀ ਜਾ ਰਹੀ ਕਿਸੇ ਕੋਲੋਂ।

ਰੱਬ ਦੀ ਰਜ਼ਾ ਸਮਝਦਿਆਂ ਮੈਂ ਰਾਜਨ ਵੱਲ ਦੇਖ ਜ਼ਿੰਦਗੀ ਜਿਊਣੀ ਸ਼ੁਰੂ ਕੀਤੀ। ਉਸ ਸਮੇਂ ਮੈਨੂੰ ਮਾਂ ਦਾ ਬੜਾ ਸਹਾਰਾ ਸੀ। ਜਿਸ ਕਰਕੇ ਮੈਂ ਥੋੜ੍ਹਾ ਨਿਸ਼ਚਿੰਤ ਹੋ ਗਿਆ। ਰੱਬ ਨੇ ਮਾਂ ਨੂੰ ਵੀ ਆਪਣੇ ਕੋਲ ਜਲਦੀ ਬੁਲਾ ਲਿਆ। ਪਰ ਪਤਾ ਨਹੀਂ ਲਵਲੀਨ ਦੇ ਤੁਰ ਜਾਣ ਦਾ ਦੁੱਖ ਹੋਇਆ ਸੀ ਮਾਂ ਨੂੰ, ਜ਼ਿਆਦਾ ਦੇਰ ਉਹ ਵੀ ਨਾ ਜਿਉਂ ਸਕੀ। ਇਕ ਰਾਤ ਸੁੱਤੀ ਪਈ ਸੀ ਆਪਣੇ ਰੂਮ 'ਚ। ਜਦੋਂ ਸਵੇਰ ਵੇਲੇ ਕਿੰਨੀ ਵਾਰ ਬੁਲਾਉਣ 'ਤੇ ਵੀ ਨਾ ਬੋਲੀ ਤਾਂ ਦੇਖਿਆ ਉਹ ਮੰਜੇ ਨਾਲ ਜੁੜੀ ਪਈ ਸੀ। ਡਾਕਟਰ ਨੇ ਦੇਖ ਕੇ ਦੱਸਿਆ ਕਿ ਉਸਨੂੰ ਹਾਰਟ-ਅਟੈਕ ਆਇਆ ਹੈ।

ਮੇਰੀ ਜ਼ਿੰਦਗੀ ਰੁੰਡ-ਮਰੁੰਡ ਰੁੱਖ ਵਰਗੀ ਹੋ ਕੇ ਰਹਿ ਗਈ ਸੀ ਫਿਰ ਤਾਂ। ਇਕੱਲਿਆਂ ਰਾਜਨ ਨੂੰ ਤਿਆਰ ਕਰ ਸਕੂਲ ਭੇਜਦਾ, ਫਿਰ ਡਿਊਟੀ ਚਲਾ ਜਾਂਦਾ। ਫੇਰ ਘਰ ਮੇਡ ਰੱਖ ਲਈ। ਸਾਡੇ ਪਿੰਡੋਂ ਹੀ ਸੀ। ਉਹ ਰਾਜਨ ਦਾ ਖ਼ਿਆਲ ਰੱਖਦੀ। ਸਾਡਾ ਖਾਣਾ ਬਣਾਉਂਦੀ। ਘਰ ਸਾਂਭਦੀ। ਕੱਪੜੇ ਧੋਂਦੀ।

ਅੱਖਾਂ ਦੇ ਕੋਇਆਂ 'ਚੋਂ ਅੱਥਰੂ ਨਿਕਲ ਕੇ ਮੇਰੀਆਂ ਗੱਲਾਂ 'ਤੇ ਆ ਟੱਪਕੇ ਹਨ। ਮਾਂ, ਪਿਤਾ ਤੇ ਲਵਲੀਨ ਦੀ ਯਾਦ ਹੁਣ ਸਿਰਫ ਮੇਰੇ ਜਿਹਨ 'ਚ ਉਕਰ ਕੇ ਰਹਿ ਗਈ ਹੋਵੇ। ਲਵਲੀਨ ਦੀ ਹੱਸਦੀ ਹੋਈ ਦੀ ਤਸਵੀਰ ਦੇਖ ਮੈਨੂੰ ਹੌਲ ਪੈਣ ਲੱਗਦੇ। ਕਦੇ ਸੋਚਿਆ ਨਹੀਂ ਸੀ ਕਿ ਰਾਜਨ ਨੂੰ ਮੇਰੀ ਝੋਲੀ ਛੱਡ

ਲਵਲੀਨ ਇੰਨੀ ਛੇਤੀ ਸਾਥ ਛੱਡ ਜਾਵੇਗੀ।

ਮੇਰੇ ਕੁਲੀਗ ਤਾਂ ਮੈਨੂੰ ਹੋਰ ਵਿਆਹ ਕਰਾਉਣ ਲਈ ਜ਼ੋਰ ਪਾਉਂਦੇ ਰਹਿੰਦੇ ਸਨ। ਆਖ਼ਰ ਮੇਰੀ ਉਮਰ ਵੀ ਕਿੰਨੀ ਸੀ, ਮਸ੍ਹਾਂ ਬੱਤੀ ਵਰ੍ਹਿਆਂ ਦੀ...ਪਰ ਮੈਂ ਰਾਜਨ ਦੇ ਭਵਿੱਖ ਬਾਰੇ ਸੋਚ ਅਜਿਹਾ ਕਦਮ ਨਾ ਉਠਾਇਆ। ਮੇਰੇ ਮਨ 'ਚ ਸੀ ਕਿ ਜੇ ਮੈਂ ਵਿਆਹ ਕਰ ਵੀ ਲਿਆ ਤਾਂ ਰਾਜਨ ਨੂੰ ਸ਼ਾਇਦ ਸਕੀ ਮਾਂ ਵਰਗਾ ਪਿਆਰ ਨਸੀਬ ਨਾ ਹੋਵੇ। ਤੇ ਨਾ ਹੀ ਮੈਂ ਵੀ ਜ਼ਿਆਦਾ ਉਸ ਵੱਲ ਧਿਆਨ ਦੇ ਪਾਵਾਂਗਾ। ਮੈਂ ਤਾਂ ਰਾਜਨ ਦਾ ਭਵਿੱਖ ਰੁਲਦਾ ਨਹੀਂ ਦੇਖਣਾ ਚਾਹੁੰਦਾ ਸਾਂ। ਇਹੋ ਸੋਚ ਅਜਿਹਾ ਕਦਮ ਨਾ ਉਠਾਉਣਾ ਹੀ ਬੇਹਤਰ ਸਮਝਿਆ ਸੀ। ਪਰ ਹੁਣ ਰਾਜਨ ਨੇ ਇਕਦੱਮ ਆਪਣਾ ਫ਼ੈਸਲਾ ਸੁਣਾ ਕੇ ਆਪਣੀ ਜ਼ਿੱਦ ਪੁਗਾਉਣ ਦੀ ਗੱਲ ਕੀਤੀ ਹੈ ਤਾਂ ਜਾਪਦਾ ਹੈ ਮੈਨੂੰ ਆਪਣੀ ਜਵਾਨੀ ਰਾਜਨ ਲਈ ਨਹੀਂ ਬਰਬਾਦ ਕਰਨੀ ਚਾਹੀਦੀ ਸੀ।

ਰਾਜਨ ਬਾਰੇ ਸੋਚ-ਸੋਚ ਮਨ 'ਚ ਫਿਰ ਬੁਰੇ ਖਿਆਲ ਆਉਣ ਲੱਗੇ ਹਨ।

'ਨ੍ਹੀਂ ਰਾਜਨ, ਤੂੰ ਇੰਨਾ ਅਜੇ ਸਮਝਦਾਰ ਨ੍ਹੀ ਏ... ਇਸ ਤਰ੍ਹਾਂ ਨ੍ਹੀਂ ਹੋ ਸਕਦਾ....ਤੈਨੂੰ ਨ੍ਹੀਂ ਪਤਾ ਕਿ ਇਸ ਦੇ ਭਵਿੱਖ 'ਚ ਨਤੀਜੇ ਕਿੰਨੇ ਖ਼ਤਰਨਾਕ ਹੋ ਸਕਦੇ ਹਨ....।' ਝੱਲਿਆਂ ਵਾਂਗ ਬੁੜਬੁੜਾਉਣ ਲੱਗ ਪਿਆ ਹਾਂ। ਮੇਰੀ ਆਵਾਜ਼ ਘਰ ਦੀਆਂ ਕੰਧਾਂ ਨਾਲ ਟਕਰਾਉਂਦੀ ਹੋਈ ਮੇਰੇ ਕੋਲ ਵਾਪਸ ਮੁੜ ਆਉਂਦੀ ਹੈ, ਜਿਵੇਂ ਇਨਾਂ ਨੂੰ ਸੁਣਨ ਵਾਲਾ ਕੋਈ ਵੀ ਨਾ ਰਿਹਾ ਹੋਵੇ।

ਕਦੇ ਮੈਨੂੰ ਲੱਗਦਾ ਹੈ ਕਿ ਮੇਰੇ ਇਸ ਵਿਰਲਾਪ ਨੂੰ ਮਾਂ, ਪਿਤਾ ਤੇ ਲਵਲੀਨ ਹੀ ਸੁਣ ਰਹੇ ਹਨ।...ਪਿਤਾ ਦਾ ਚਿਹਰਾ ਗੁੱਸੇ 'ਚ ਦਿਖਾਈ ਦੇਣ ਲੱਗਦਾ ਹੈ। ਜਿਵੇਂ ਕੁਰਲਾਉਣ ਲੱਗ ਪਿਆ ਹੋਵੇ।

'ਓਏ, ਹੁਣ ਸਾਡੇ ਖ਼ਾਨਦਾਨ ਦੀ ਇਹ ਹੋਣੀ ਹੋਊ...ਲੋਕ ਕੀ ਕਹਿਣਗੇ...ਥੋਡਾ ਪੜ੍ਹੇ-ਲਿਖੇ ਹੋਣ ਦਾ ਕੀ ਫਾਇਦਾ....।'

ਮਾਂ ਅੱਡ ਫ਼ਿਕਰਾਂ 'ਚ ਪਈ ਦਿਖਾਈ ਦਿੰਦੀ। ਤੇ ਲਵਲੀਨ ਤਾਂ ਜਿਵੇਂ ਮੈਨੂੰ ਹੀ ਕੋਸਣ ਲੱਗ ਪਈ ਹੋਵੇ ਜਿਵੇਂ, 'ਵਿਦੇਸ਼ 'ਚ ਰਹਿ ਕੇ ਇਸ ਤਰ੍ਹਾਂ ਹੀ ਹੋਣਾ ਸੀ...ਹੋਰ ਬਾਹਰ ਭੇਜ ਲੈ ਰਾਜਨ ਨੂੰ....।'

'ਨਾ, ਮੇਰਾ ਪੁੱਤ ਨਾ, ਤੂੰ ਇੰਜ ਨ੍ਹੀਂ ਕਰ ਸਕਦਾ.....ਤੇਰਾ ਫੈਸਲਾ ਗਲਤ ਐ....ਇਕ ਵਾਰ ਫਿਰ ਸੋਚ ਕੇ ਦੇਖ...... ਵਿਗਿਆਨਕ ਢੰਗ ਨਾਲ...ਪੁੱਤ ਤੈਨੂੰ ਮੇਰੀ ਕਸਮ...।' ਚੀਕਣ ਲੱਗ ਪਿਆ ਹਾਂ। ਰਾਜਨ ਬਾਰੇ ਸੋਚ ਸੋਚ ਕੇ। ਪਰ ਮੇਰੀ ਚੀਕ ਸੁਣਨ ਵਾਲਾ ਕੋਈ ਦਿਖਾਈ ਨਹੀਂ ਦੇ ਰਿਹਾ।

ਮੈਂ ਰਾਜਨ ਨੂੰ ਕਿਵੇਂ ਸਮਝਾਵਾਂ ਹੁਣ। ਉਹ ਮੇਰੀ ਮੰਨ ਹੀ ਨਹੀਂ ਰਿਹਾ। ਅੰਦਰ ਉੱਠ ਰਹੀਆਂ ਪੁੱਤ ਪ੍ਰਤੀ ਭਾਵਨਾਵਾਂ ਜਿਵੇਂ ਅੰਦਰ ਹੀ ਦੱਬ ਕੇ ਰਹਿ ਜਾਂਦੀਆਂ ਹੋਣ। ਲਵਲੀਨ ਜਿਵੇਂ ਮੈਨੂੰ ਆਖ ਰਹੀ ਹੋਵੇ,...'ਠੀਕ ਏ ਮੇਰੇ ਬੇਟੇ ਨੂੰ....ਆਪਣੀ ਜ਼ਿੰਦਗੀ ਜਿਊਣ ਦਾ ਹੱਕ ਏ ....ਪਰ ਇਸ ਤਰ੍ਹਾਂ ਦਾ ਕਦਮ....!'

ਮੈਨੂੰ ਹੀ ਪਤਾ ਹੈ। ਮੈਂ ਉਸਦੀ ਕਿਵੇਂ ਸੰਭਾਲ ਕੀਤੀ। ਉਸਦੇ ਬਾਰ੍ਹਵੀਂ ਕਰਨ ਤੋਂ ਬਾਅਦ ਮੈਂ ਉਸਨੂੰ ਪਟਿਆਲੇ ਆਈਲੈਟਸ ਦੀ ਕੋਚਿੰਗ ਲਈ ਭੇਜ ਦਿੱਤਾ ਤਾਂ ਕਿ ਉਹ ਕੁਝ ਬਣ ਸਕੇ। ਹੁਸ਼ਿਆਰ ਤਾਂ ਪੜ੍ਹਾਈ 'ਚ ਉਹ ਪਹਿਲਾਂ ਹੀ ਬਹੁਤ ਸੀ। ਪਹਿਲੀ ਵਾਰ ਹੀ ਉਹਨੇ ਆਈਲੈਟਸ ਕਲੀਅਰ ਕਰ ਲਿਆ। ਉਹ ਵੀ ਸਾਢੇ ਅੱਠ ਬੈਂਡ ਨਾਲ। ਮੈਂ ਉਹਦਾ ਸਟੱਡੀ ਵੀਜ਼ਾ ਅਪਲਾਈ ਕਰ ਦਿੱਤਾ। ਜਦੋਂ ਮੈਂ ਨੌਜਵਾਨ ਮੁੰਡੇ-ਕੁੜੀਆਂ ਨੂੰ ਨਸ਼ਿਆਂ 'ਚ ਗਰਕਦੇ ਤੇ ਗੁੰਡਾਗਰਦੀ ਦੇ ਰਾਹ ਪਏ ਦੇਖਦਾ ਸਾਂ ਤਾਂ ਮੇਰੇ ਅੰਦਰ ਵੀ ਰਾਜਨ ਦੇ ਭਵਿੱਖ ਨੂੰ ਲੈ ਕੇ ਡਰ ਘਰ ਕਰ ਜਾਂਦਾ। ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਕਿਵੇਂ ਕੁਰਾਹੇ ਪੈ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਮੈਂ ਆਪਣੇ ਜੋੜੇ ਹੋਏ ਪੈਸਿਆਂ ਨਾਲ ਰਾਜਨ ਨੂੰ ਕੈਨੇਡਾ ਭੇਜ ਦਿੱਤਾ। ਤਿੰਨ ਸਾਲ ਤਾਂ ਉਹ ਪੜ੍ਹਦਾ ਗਿਆ। ਫੇਰ ਉਹ ਇੱਕ ਪ੍ਰਾਈਵੇਟ ਕੰਪਨੀ 'ਚ ਜੌਬ ਕਰਨ ਲੱਗ

ਪਿਆ।

ਮੈਨੂੰ ਖੁਸ਼ੀ ਹੋਈ ਕਿ ਮੇਰਾ ਪੁੱਤ ਵਿਦੇਸ਼ 'ਚ ਜਾ ਕੇ ਨੌਕਰੀ ਕਰਨ ਲੱਗਾ ਹੈ। ਸਾਡੇ ਖ਼ਾਨਦਾਨ 'ਚੋਂ ਰਾਜਨ ਹੀ ਤਾਂ ਸੀ, ਜੋ ਵਿਦੇਸ਼ ਪੁੱਜਾ ਸੀ। ਮੈਨੂੰ ਪਿਤਾ ਵਾਂਗ ਆਪਣੇ 'ਤੇ ਵੀ ਮਾਣ ਮਹਿਸੂਸ ਹੁੰਦਾ।

ਜਦੋਂ ਰਾਜਨ ਨੇ ਫ਼ੋਨ ਕਰਕੇ ਦੱਸਿਆ ਕਿ ਇਸੇ ਸ਼ਹਿਰ 'ਚ ਚਾਚਾ ਭੁਪਿੰਦਰ ਹੋਰੀਂ ਵੀ ਰਹਿੰਦੇ ਨੇ। ਉਸਦਾ ਆਪਣੀ ਅੰਗਰੇਜ਼ ਪਤਨੀ ਨਾਲ ਤਲਾਕ ਹੋ ਚੁੱਕਾ ਹੈ, ਉਹ ਆਪਣੀ ਬੇਟੀ ਰੋਜ਼ੀ ਨੂੰ ਲੈ ਕੇ ਉਹ ਵੱਖ ਰਹਿ ਰਹੀ ਹੈ। ਤੇ ਭੁਪਿੰਦਰ ਆਪਣੇ ਪੁੱਤਰ ਨਾਲ ਅੱਡ। ਮੈਨੂੰ ਦੁੱਖ ਹੋਇਆ। ਤੇ ਦਾਦੇ ਦੀਆਂ ਦਿੱਤੀਆਂ ਨਸੀਹਤਾਂ ਵੀ ਸੱਚ ਜਾਪਣ ਲੱਗੀਆਂ ਕਿ ਅੰਗਰੇਜ਼ ਔਰਤ ਨਾਲ ਉਸਦਾ ਰਿਸ਼ਤਾ ਜ਼ਿਆਦਾ ਦੇਰ ਨਹੀਂ ਚੱਲਣ ਵਾਲਾ, ਰਿਸ਼ਤੇ ਤਾਂ ਖ਼ਾਨਦਾਨਾਂ ਦੀ ਚੂਲ ਹੁੰਦੇ ਨੇ। ਚੰਗੇ ਖ਼ਾਨਦਾਨਾਂ 'ਚ ਹੋਏ ਰਿਸ਼ਤੇ ਹੀ ਅੰਤ ਤੱਕ ਨਿੱਭਦੇ ਹਨ।

ਰਾਜਨ ਉਹਨਾਂ ਦੋਵਾਂ ਨਾਲ ਮਿਲ-ਜੁਲ ਕੇ ਰਹਿ ਰਿਹਾ ਸੀ। ਪਰਾਏ ਦੇਸ਼ 'ਚ ਚਲੋ ਉਹ ਮਿਲ-ਜੁਲ ਕੇ ਰਹੇਗਾ ਤਾਂ ਉਸਨੂੰ ਵੀ ਉਹਨਾਂ ਦਾ ਕਾਫ਼ੀ ਸਹਾਰਾ ਮਿਲੇਗਾ। ਇਹ ਸੁਣ ਕੇ ਤਾਂ ਮੈਨੂੰ ਵੀ ਚੰਗਾ ਲੱਗਾ ਸੀ। ਰਾਜਨ, ਭੁਪਿੰਦਰ ਤੇ ਉਸਦੀ ਪਤਨੀ ਬਾਰੇ ਕਿੰਨੀਆਂ ਗੱਲਾਂ ਮੇਰੇ ਨਾਲ ਫੋਨ 'ਤੇ ਕਰਦਾ ਰਹਿੰਦਾ। ਉਸਦੇ ਬੱਚਿਆਂ ਬਾਰੇ ਕਿ ਉਹ ਤਾਂ ਜਮ੍ਹਾਂ ਹੀ ਅੰਗਰੇਜ਼ ਲੱਗਦੇ ਨੇ। ਮੈਨੂੰ ਚੰਗਾ ਲੱਗਦਾ।

'ਜਦੋਂ ਮਾਂ ਅੰਗਰੇਜ਼ਣ ਹੈ, ਤਾਂ ਜਵਾਕ ਵੀ ਅੰਗਰੇਜ਼ਾਂ ਵਰਗੇ ਹੀ ਹੋਣਗੇ।' ਮੈਂ ਅੱਗੋਂ ਜਵਾਬ ਦਿੰਦਾ ਸਾਂ। ਉਹ ਭੁਪਿੰਦਰ ਦੀ ਕੁੜੀ ਰੋਜ਼ੀ ਤੇ ਮੁੰਡੇ ਸੈਮ ਬਾਰੇ ਦੱਸਦਾ ਕਿ ਉਹਨਾਂ ਦਾ ਸੁਭਾਅ ਵੀ ਬੜਾ ਵਧੀਆ ਹੈ। ਮੈਂ ਸੋਚਦਾ ਕੀ ਪਤਾ ਭੁਪਿੰਦਰ ਤੇ ਉਸਦੀ ਪਤਨੀ, ਬੱਚਿਆਂ ਕਾਰਨ ਹੀ ਦੁਬਾਰਾ ਆਪਸ 'ਚ ਮਿਲ ਜਾਣ, ਤੇ ਉਹਨਾਂ ਦਾ ਘਰ ਫਿਰ ਵੱਸ ਜਾਏ।

ਪਰ ਜਦੋਂ ਰਾਜਨ ਨੇ ਫ਼ੋਨ 'ਤੇ ਨਵੀਂ ਹੀ ਗੱਲ ਆਖ ਸੁਣਾਈ ਤਾਂ ਮੈਂ ਵੀ ਦੁਬਿਧਾ 'ਚ ਫੱਸ ਗਿਆ ਮਨ 'ਚ ਕਿੰਨੇ ਬੁਰੇ ਖਿਆਲ ਘਰ ਕਰਦੇ ਆ ਰਹੇ ਹਨ। ਵੈਟਰਨਰੀ ਡਾਕਟਰ ਹੋਣ ਕਾਰਨ ਮੇਰੇ ਅੰਦਰ ਕਿੰਨਾ ਕੁਝ ਚੱਲਣ ਲੱਗ ਪਿਆ ਸੀ। ਜਾਪਿਆ ਜਿਵੇਂ ਸਾਰਾ ਕੁਝ ਇਕ ਇਕ ਕਰਕੇ ਮੇਰੇ ਸਾਹਮਣੇ ਆਉਣ ਲੱਗ ਪਿਆ ਹੋਵੇ।

ਹੁਣ ਕਈ ਦਿਨਾਂ ਤੋਂ ਮੇਰਾ ਕੁਝ ਵੀ ਖਾਣ ਨੂੰ ਮਨ ਨਹੀਂ ਕਰ ਰਿਹਾ। ਡਿਊਟੀ ਵੀ ਅਣਮੰਨੇ ਮਨ ਨਾਲ ਕਰ ਰਿਹਾ ਹਾਂ।

ਉਸ ਦਿਨ ਸਾਡੇ ਸ਼ਹਿਰ 'ਚ ਰਾਜ ਪੱਧਰੀ ਪੋਲੀ ਮੇਲਾ ਕਰਵਾਇਆ ਗਿਆ ਸੀ। ਸਾਰੇ ਪੰਜਾਬ ਤੋਂ ਪਸ਼ੂ ਧਾਰਕ, ਪਸ਼ੂ ਪਾਲਕ ਤੇ ਪਸ਼ੂਆਂ ਦੇ ਡਾਕਟਰ ਤੇ ਖੋਜ ਅਫਸਰ ਜੁੜੇ ਹੋਏ ਸਨ। ਮੇਰੀ ਵੀ ਡਿਊਟੀ ਲੱਗੀ ਸੀ। ਜ਼ਿਲ੍ਹਾ ਇੰਚਾਰਜ ਦੇ ਤੌਰ 'ਤੇ ਪਸ਼ੂ ਪਾਲਣ ਮੰਤਰੀ ਵੀ ਮੁੱਖ ਮਹਿਮਾਨ ਬਣ ਕੇ ਆਏ ਹੋਏ ਸਨ। ਮੈਂ ਬੁਝੇ ਹੋਏ ਮਨ ਨਾਲ ਹੀ ਡਿਊਟੀ ਕਰ ਰਿਹਾ ਸਾਂ।

ਕਲੋਨ ਵਿਧੀ ਨਾਲ ਤਿਆਰ ਹੋਏ ਕਿੰਨੇ ਪਸ਼ੂ ਸ਼ਾਮਿਲ ਕੀਤੇ ਗਏ ਸਨ ਮੇਲੇ 'ਚ। ਪਸ਼ੂ ਵਿਗਿਆਨੀ ਆਪਣੀ ਖੋਜ ਨੂੰ ਮੰਤਰੀ ਅੱਗੇ ਪੂਰੇ ਮਾਣ ਨਾਲ ਬਿਆਨ ਕਰ ਰਹੇ ਸਨ। ਭੇਡ, ਬੱਕਰੀ, ਬਲਦ, ਮੱਝਾਂ, ਝੋਟੇ, ਗਾਂਵਾਂ, ਘੋੜੇ, ਸੂਰ ਆਦਿ ਕਿੰਨੇ ਜਾਨਵਰ ਇਕੱਠੇ ਪੰਜਾਬ ਭਰ ਦੇ ਕੋਨੇ-ਕੋਨੇ 'ਚੋਂ ਪਸ਼ੂ ਪਾਲਕ ਆਪਣੇ ਨਾਲ ਲਿਆਏ ਸਨ ਇੱਧਰ। ਲੋਕਾਂ ਨੇ ਕਿੰਨੇ ਸ਼ੌਂਕ ਨਾਲ ਇਹਨਾਂ ਦੀ ਦੇਖਭਾਲ ਤੇ ਸੰਭਾਲ ਕੀਤੀ ਸੀ। ਵਧੀਆ ਨਸਲ ਵਾਲੇ ਪਸ਼ੂ ਪਾਲਕਾਂ ਨੂੰ ਇਨਾਮਾਂ ਨਾਲ ਵੀ ਨਿਵਾਜਿਆ ਜਾ ਰਿਹਾ ਸੀ। ਤੇ ਲੋੜ ਅਨੁਸਾਰ ਉਹਨਾਂ ਨੂੰ ਜ਼ਰੂਰੀ ਸੁਝਾਅ ਵੀ ਡਾਕਟਰਾਂ ਵੱਲੋਂ ਦਿੱਤੇ ਜਾ ਰਹੇ ਸਨ।

ਮੈਨੂੰ ਵੀ ਜ਼ਿਲ੍ਹੇ 'ਚ ਵਧੀਆ ਸੇਵਾਵਾਂ ਦੇਣ ਦੇ ਇਵਜ਼ 'ਚ ਮੰਤਰੀ ਵੱਲੋਂ ਚੰਗੇ ਅਧਿਕਾਰੀ ਦੇ ਤੌਰ

'ਤੇ ਸਨਮਾਨਿਤ ਕੀਤਾ ਗਿਆ ਸੀ। ਪਰ ਮੇਰੇ ਅੰਦਰ ਖੁਸ਼ ਹੋਣ ਦੀ ਬਜਾਏ ਰਾਜਨ ਦਾ ਫ਼ੈਸਲਾ ਹੀ ਘਰ ਕਰ ਗਿਆ ਹੋਵੇ ਜਿਵੇਂ। ਮੈਂ ਤਾਂ ਉਸ ਬਾਰੇ ਹੀ ਸੋਚ ਰਿਹਾ ਸਾਂ ਅੰਦਰੋਂ ਸਾਰਾ ਦਿਨ। ਸਾਡੇ ਪਸ਼ੂ ਵਿਦਵਾਨਾਂ ਦੇ ਕਹੇ ਕਿੰਨੇ ਸੁਝਾਅ ਮੇਰੇ ਅੰਦਰ ਸਮਾਏ ਹੋਏ ਸਨ। ਤੇ ਇਹਨਾਂ 'ਚੋਂ ਹੀ ਇਕ ਸੁਝਾਅ ਰਾਜਨ ਕਾਰਨ ਮੇਰੇ ਅੰਦਰ ਘਰ ਕਰ ਚੁੱਕਾ ਹੈ। ਮੈਂ ਇਸੇ ਬਾਰੇ ਸੋਚ-ਸੋਚ ਹੀ ਪ੍ਰੇਸ਼ਾਨ ਹਾਂ ਕਿੰਨੇ ਚਿਰ ਤੋਂ।

ਹੁਣ ਰਾਜਨ ਤੇ ਮੈਂ ਹੀ ਤਾਂ ਹਾਂ ਇਕੱਲੇ ਰਹਿ ਗਏ ਹਾਂ। ਹੁਣ ਉਹ ਕੈਨੇਡਾ ਹੈ। ਉੱਥੇ ਜਾ ਕੇ ਆਪਣੇ ਵਿਆਹ ਦਾ ਫ਼ੈਸਲਾ ਜਦੋਂ ਦਾ ਸੁਣਾਇਆ ਤਾਂ ਮੇਰੇ ਜਿਵੇਂ ਹੱਥਾਂ-ਪੈਰਾਂ ਦੀ ਪੈ ਗਈ। ਇਹ ਕਿਵੇਂ ਹੋ ਸਕਦਾ ਹੈ।

ਰਾਜਨ ਇਸ ਤਰ੍ਹਾਂ ਦੇ ਭੰਵਰਾਂ 'ਚ ਵੀ ਗੁਆਚ ਸਕਦਾ ਹੈ, ਇਹ ਕਦੋਂ ਪਹਿਲਾਂ ਸੋਚਿਆ ਸੀ ਮੈਂ। ਇਕਦੱਮ ਮੈਨੂੰ ਪੋਲੀ ਮੇਲੇ 'ਚ ਡਾਕਟਰਾਂ ਵੱਲੋਂ ਕੀਤੀ ਬਹਿਸ ਯਾਦ ਆ ਗਈ।

'ਡਾ. ਕੀਰਤੀ...ਪਸ਼ੂਆਂ 'ਚ ਵੀ ਇਸ ਤਰ੍ਹਾਂ ਦੀ ਜ਼ਿਆਦਾ ਬਿਰਤੀ ਬਣੀ ਹੋਈ ਏ...ਉਹ ਵੀ ਆਪਣੇ ਵੰਸ਼ਜ਼ ਨਾਲ ਕਦੇ ਸੰਭੋਗ ਨ੍ਹੀਂ ਕਰਦੇ.....ਸਗੋਂ ਉਸ ਤੋਂ ਦੂਰ ਕਿਨਾਰਾ ਕਰ ਲੈਂਦੇ ਨੇ....।'

'ਹਾਂ, ਹਾਂ ਡਾ. ਮਨਿਕ....ਤੁਸੀਂ ਉਸ ਦਿਨ ਦੱਸ ਨ੍ਹੀਂ ਰਹੇ ਸੀ....ਮਨੁੱਖ ਬਾਰੇ ....ਕਿ ਇਨਸਾਨ ਦਾ ਵੀ ਆਪਣੇ ਕਰੀਬੀਆਂ ਨਾਲ ਸੰਬੰਧ ਜੋੜਨਾ ਬੜਾ ਖ਼ਤਰਨਾਕ ਸਾਬਿਤ ਹੋ ਸਕਦਾ ਏ...ਵਿਗਿਆਨੀਆਂ ਵੱਲੋਂ ਕੀਤੇ ਇਸ ਸਰਵੇਖਣ 'ਚ ਤਾਜ਼ਾ ਮਿਸਾਲ ਸਾਹਮਣੇ ਆਈ ਏ...ਉਹਨਾਂ ਖੋਜ ਕੀਤੀ ਕਿ ਇਸ ਤਰ੍ਹਾਂ ਦੇ ਕਦਮ ਨਾਲ ਕਿੰਨੀਆਂ ਜੈਨੇਟਿਕ ਬਿਮਾਰੀਆਂ ਫੈਲ ਰਹੀਆਂ ਨੇ....ਇਸ ਨਾਲ ਅਨੁਵੰਸ਼ਿਕ ਬਦਲਾਅ ਵੱਧ ਰਿਹਾ ਏ... ਵਿਗਿਆਨੀਆਂ ਦਾ ਮੰਨਣਾ ਏ ਕਿ ਇਕੋ ਖ਼ੂਨ ਵਾਲੇ ਕਰੀਬੀਆਂ ਨਾਲ ਬਣਾਏ ਸੰਬੰਧਾਂ ਕਾਰਨ ਉਹਨਾਂ 'ਚ ਪੈਦਾ ਹੋਣ ਵਾਲੀਆਂ ਔਲਾਦਾਂ 'ਚ ਸਿਕਲਸੇਲ, ਡਾਊਨ ਸਿੰਡਰੋਮ, ਥੈਲੇਸੀਮੀਆਂ ਅਤੇ ਲਿਊਕੇਮੀਆਂ ਦੇ ਮਾਮਲੇ ਵੱਧ ਰਹੇ ਨੇ....।'

ਡਾ. ਕੀਰਤੀ ਦੀ ਗੱਲ ਨੂੰ ਵਿੱਚੋਂ ਕੱਟ ਕੇ ਡਾ. ਮਨਿਕ ਇੱਕ ਰਿਪੋਰਟ ਦਿਖਾਉਂਦਿਆਂ ਬੋਲਿਆ-

'ਅਨੁਵੰਸ਼ਿਕ ਬਿਮਾਰੀਆਂ ਤੇ ਖੋਜ ਕਰ ਰਹੇ ਵਿਗਿਆਨੀਆਂ ਵੱਲੋਂ ਪੇਸ਼ ਕੀਤੀ ਇਹ ਰਿਪੋਰਟ ਦੇਖੋ.....ਇਹ ਕੋਈ ਛਪੰਜਾ ਸਾਲਾ ਅਧਿਆਪਕ ਏ, ਪਾਕਿਸਤਾਨ ਦੇ ਕਸ਼ਮੀਰ ਦਾ ਵਾਸੀ, ਜਿਸਨੇ ਆਪਣੀ ਚਚੇਰੀ ਭੈਣ ਨਾਲ ਵਿਆਹ ਕਰਵਾਇਆ ਸੀ ਅਤੇ ਉਹ ਹੁਣ ਪੰਜ ਬੱਚਿਆਂ ਦਾ ਪਿਓ ਏ। ਉਸਦੇ ਤਿੰਨ ਬੱਚੇ ਅਨੁਵੰਸ਼ਿਕ ਬਿਮਾਰੀਆਂ ਤੋਂ ਪੀੜ੍ਹਤ ਨੇ....। ਇਕ ਬੱਚੇ ਦਾ ਦਿਮਾਗ਼ ਸਹੀ ਢੰਗ ਨਾਲ ਵਿਕਸਿਤ ਨਹੀਂ ਹੋ ਸਕਿਆ, ਇਕ ਧੀ ਨੂੰ ਬੋਲਣ ਤੋਂ ਦਿੱਕਤ ਏ... ਤੇ ਤੀਜਾ ਬੱਚਾ ਅਪਾਹਜ ਏ....।' ਡਾ. ਮਨਿਕ ਕਾਫ਼ੀ ਵਿਸਥਾਰ ਨਾਲ ਦੱਸ ਰਿਹਾ ਸੀ।

ਡਾਕਟਰਾਂ ਵੱਲੋਂ ਕੀਤੀ ਜਾ ਰਹੀ ਬਹਿਸ ਇੰਨ ਬਿੰਨ ਮੇਰੇ ਅੱਗੇ ਸਕਾਰ ਹੋ ਗਈ ਹੈ। ਮੇਰੇ ਅੰਦਰ ਰਾਜਨ ਦੇ ਫ਼ੋਨ 'ਤੇ ਕਹੇ ਬੋਲ ਗੂੰਜਣ ਲੱਗੇ ਹਨ-

'ਡੈਡੀ, ਮੈਂ ਵਿਆਹ ਕਰ ਰਿਹਾਂ, ਬਿਲਕੁਲ ਸਿੰਪਲੀ......ਅਗਲੇ ਹਫ਼ਤੇ ਚਰਚ 'ਚ।'

'ਅੱਛਾ, ਇਹ ਤਾਂ ਬੜੀ ਵਧੀਆ ਗੱਲ ਏ.....ਕੁੜੀ ਕੌਣ ਏ...?' ਮੈਂ ਖੁਸ਼ੀ ਦੇ ਮਾਰੇ ਉਤਸੁਕਤਾ ਨਾਲ ਪੁੱਛਿਆ ਸੀ।

'ਰੋਜ਼ੀ ਏ.....ਤਾਏ ਭੁਪਿੰਦਰ ਦੀ ਬੇਟੀ......ਅਸੀਂ ਦੋਵੇਂ ਇਕ-ਦੂਜੇ ਨੂੰ ਪਸੰਦ ਕਰਦੇ ਆਂ.....ਸਾਡੇ ਫ਼ੈਸਲੇ ਦਾ ਤਾਏ ਤੇ ਤਾਈ ਨੇ ਵੀ ਕੋਈ ਗਿਲਾ ਨ੍ਹੀਂ ਕੀਤਾ।... ਪਲੀਜ਼ ਡੌਂਟ ਮਾਈਂਡ ਡੈਡ........ਲਵ ਯੂ.....।' ਉਹ ਬੋਲੀ ਜਾ ਰਿਹਾ ਸੀ।

ਪਰ ਮੈਂ ਜਿਵੇਂ ਗਹਿਰੇ ਘੁੰਮਣਘੇਰਾਂ 'ਚ ਗੁਆਚਦਾ ਜਾ ਰਿਹਾ ਹੋਵਾਂ। (**ਸੰਪਰਕ-98720-92101**)

## ਕਹਾਣੀ

# ਦ ਕਾਮਨ ਅਰਥ

**ਜਸਵਿੰਦਰ ਧਰਮਕੋਟ**



ਵਾਹ ! ਕਿੰਨਾ ਖ਼ੂਬਸੂਰਤ ਮਾਹੌਲ ਹੈ ਇੱਥੋਂ ਦਾ। ਮੈਂ ਆਇਆ ਤਾਂ ਇੱਥੇ ਅਧਿਆਪਕ ਦੇ ਤੌਰ ’ਤੇ ਜਾਣਕਾਰੀ ਹਾਸਲ ਕਰਨ ਸਾਂ ਪਰ ਦਿਲ ਕਰਦੈ ਕਿ ਵਿਦਿਆਰਥੀ ਬਣ ਕੇ ਇੱਥੇ ਹੀ ਦਾਖ਼ਲਾ ਲੈ ਲਵਾਂ। ਸਕੂਲ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਜਪਾਨ ਦੀ ਮਿਸ ਹਰੂਕੀ ਮੁਸਕਰਾਹਟ ਭਰੇ ਲਹਿਜ਼ੇ ਵਿੱਚ ਆਖ਼ਦੀ ਹੈ , “ਅਹਾਈਓ ! (ਸ਼ੁਭ ਸਵੇਰ) ਯੂ ਆਰ ਵੈਲਕਮ ਇਨ ਦਿਸ ਇੰਸਟੀਟਿਊਟ।”

ਅਗਲੇ ਹੀ ਪਲ ਰੂਸੀ ਸਕੂਲ ਮੁਖੀ ਮਿਸਿਜ਼ ਨੈਵੀਕੋਵ ਆਪਣਾ ਤਾਰੁਫ਼ ਕਰਾਉਂਦੇ ਹਨ, “ਮਾਈਸੈਲਫ ਨੈਵੀਕੋਵ,ਦ ਪ੍ਰਿੰਸੀਪਲ ਆਫ ਦਿਸ ਸਕੂਲ ।” ਮੈਨੂੰ ਰੂਸੀ ਤੇ ਜਾਪਾਨੀ ਵਿੱਚੋਂ ਕੋਈ ਭਾਸ਼ਾ ਸਮਝ ਨਹੀਂ ਆਉਂਦੀ। ਮੈਂ ਜੇ ਸਮਝ ਸਕਦਾ ਹਾਂ ਤਾਂ ਬੱਸ ਥੋੜ੍ਹੀ-ਬਹੁਤ ਅੰਗਰੇਜ਼ੀ। ਮੈਂ ਸ਼ਰਮਿੰਦਾ ਹਾਂ ਕਿ ਇਸ ਸਕੂਲ ਦੇ ਅਧਿਆਪਕ ਕਿੰਨੀਆਂ ਭਾਸ਼ਾਵਾਂ ਸਾਂਭੀ ਬੈਠੇ ਨੇ ਤੇ ਅਸੀਂ ਆਪਣੀ ਮਾਂ ਬੋਲੀ ਵੀ…।

ਮੇਰੀ ਮਦਦ ਲਈ ਇੱਕ ਵਿਸ਼ੇਸ਼ ਅਧਿਆਪਕਾ, ਮਿਸ ਆਗੱਮਿਆ, ਜੋ ਕਿ ਮੇਰੇ ਹੀ ਦੇਸ਼ ਦੇ ਸੂਬੇ ਕੇਰਲ ਤੋਂ ਹੈ, ਨੂੰ ਖਾਸ ਤੌਰ ਤੇ ਮੈਨੂੰ ਸਕੂਲ ਦੀ ਜਾਣਕਾਰੀ ਦੇਣ ਲਈ ਲਗਾਇਆ ਗਿਆ ਹੈ। ਆਗੰਮਿਆ, ਉਮਰ ਬਾਈ-ਤੇਈ ਸਾਲ, ਹਲਕਾ ਸਾਂਵਲਾ ਰੰਗ , ਤਿੱਖੇ ਨੈਣ-ਨਕਸ਼ । ਗੱਲਬਾਤ ਕਰਨ ਦਾ ਹੁਨਰ ਤੇ ਤੁਰਨ-ਫਿਰਨ ਦਾ ਸਲੀਕਾ ਅਜਿਹਾ ਕਿ ਜੇ ਕੋਈ ਗੱਲ ਨਾ ਵੀ ਸਮਝ ਆਵੇ ਤਾਂ ਉਸ ਦੀ ਮੁਸਕਰਾਹਟ ਆਪਣੇ-ਆਪ ਸਮਝਾ ਦੇਵੇ।“ ਆਓ, ਪਹਿਲਾਂ ਜਵਾਰਕਾ (ਰਸ਼ੀਅਨ ਚਾਹ) ਪੀਂਦੇ ਹਾਂ। ਫਿਰ ਇਸ ਮਗਰੋਂ ਆਪਾਂ ਸਕੂਲ ਦੇਖਣ ਜਾਵਾਂਗੇ।” ਚਾਹ ਪੀਣ ਦੌਰਾਨ ਹੀ ਆਗੰਮਿਆ ਮੈਨੂੰ ਮਿਸਿਜ਼ ਨੈਵੀਕੋਵ ਦੇ ਸੁਭਾਅ ਅਤੇ ਸਕੂਲ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੰਦੀ ਹੈ।

ਮਿਸਿਜ ਨੈਵੀਕੋਵ, ਦਰਮਿਆਨਾ ਕੱਦ, ਗੋਰਾ ਰੰਗ, ਚਾਂਦੀ ਰੰਗੇ ਵਾਲ, ਪਚਵੰਜਾ ਕੁ ਦੇ ਨੇੜੇ-ਤੇੜੇ ਪਹੁੰਚੀ ਉਮਰ ਪਰ ਫੁਰਤੀ ਤੇ ਜਲੌਅ ਤੀਹਾਂ-ਪੈਂਤੀਆਂ ਵਾਲਾ, ਚਿਹਰੇ ‘ਤੇ ਸਰਦੀਆਂ ਦੀ ਧੁੱਪ ‘ਚੋਂ ਮਿਲਣ ਵਾਲੀ ਨਿੱਘ ਵਰਗਾ ਧੀਰਜ। ਜਿਵੇਂ ਕੋਈ ਮੁਸਾਫ਼ਿਰ ਲੰਬੇ ਸਫ਼ਰ ਦੀ ਥਕਾਵਟ ਮਗਰੋਂ ਮਿਲਣ ਵਾਲੇ ਸਕੂਨ ਨੂੰ ਬਾਖ਼ੂਬੀ ਮਾਣ ਰਿਹਾ ਹੋਵੇ। ਬੋਲਦੇ ਤਾਂ ਮੂੰਹੋਂ ਲਫ਼ਜ਼ ਨਹੀਂ ,ਆਬਸ਼ਾਰ ਡਿੱਗਦੇ।

“ਆਓ ਸਕੂਲ ਦੇਖਣ ਚੱਲੀਏ।” ਆਗੰਮਿਆ ਨੇ ਚਾਹ ਦਾ ਕੱਪ ਰੱਖਦਿਆਂ ਮੈਨੂੰ ਸੱਦਾ ਦਿੱਤਾ।

ਅਸੀਂ ਦਫ਼ਤਰ ਦੇ ਸਭ ਤੋਂ ਨੇੜਲੇ ਕਮਰੇ ਵਿੱਚ ਦਾਖ਼ਲ ਹੁੰਦੇ ਹਾਂ । ਸਾਰੇ ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੇ ਪਹਿਰਾਵੇ ਵਿਚ ਹਨ ਤੇ ਉਹ ਉਮਰ ਵਿੱਚ ਵੀ ਇੱਕੋ ਜਿਹੇ ਨਹੀਂ ਲੱਗ ਰਹੇ।“ ਮਿਸ ਆਗੰਮਿਆ, ਕੀ ਇੱਥੇ ਵਿਦਿਆਰਥੀ ਯੂਨੀਫਾਰਮ ਨਹੀਂ ਪਾਉਂਦੇ?” ਮੈਂ ਸਵਾਲ ਕੀਤਾ। “ਆਈ ਨੋਅ, ਯੂ ਵਿਲ ਡੈਫੀਨਟਲੀ ਆਸਕ ਦਿਸ। ਅਸਲ ਵਿੱਚ ਏਨੀਂ ਦਿਨੀਂ ਇਹ ਪਹਿਰਾਵੇ ਦੇ ਚਰਿੱਤਰ ‘ਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕਰ ਰਹੇ ਨੇ। ਇਸ ਲਈ ਇਹਨਾਂ ਨੂੰ ਹਰੇਕ ਹਫ਼ਤੇ ਅਲੱਗ-ਅਲੱਗ ਦੇਸ਼ਾਂ ਦਾ ਪਹਿਰਾਵਾ ਪਾਉਣ ਲਈ ਦਿੱਤਾ ਜਾਵੇਗਾ ਤਾਂ ਕਿ ਇਹ ਉਸ ਬਾਰੇ ਖ਼ੁਦ ਅਨੁਭਵ ਕਰ ਸਕਣ। ਇਹਨਾਂ ਨੂੰ ਪਹਿਰਵਿਆਂ ਦੀ ਪਰੰਪਰਾ ਅਤੇ ਸਤਿਕਾਰ ਬਾਰੇ ਵੀ ਦੱਸਿਆ ਜਾਂਦੈ।”

ਮੈਂ ਇਹ ਸਭ ਦੇਖ ਕੇ ਇਕ ਦਮ ਬੁੜਬੁੜਾਉਂਦਾ ਹਾਂ ,"ਜੇ ਕਿਤੇ ਅਜਿਹਾ ਕੁਝ ਮੇਰੇ ਦੇਸ਼ ਵਿੱਚ ਹੁੰਦਾ ਤਾਂ ਹੁਣ ਤੱਕ ਸਕੂਲ ਤਾਂ ਕਦੋਂ ਦਾ ਬੰਦ ਹੋਇਆ ਹੀ ਹੋਣਾ ਸੀ, ਸਟਾਫ਼ ਨੂੰ ਵੀ ਜਾਨੋਂ ਮਾਰ ਦਿੱਤਾ ਗਿਆ ਹੁੰਦਾ। ਕਿਸੇ ਦੇ ਧਰਮ, ਕਿਸੇ ਦੇ ਪੰਥ ਤੇ ਕਿਸੇ ਦੀ ਭਗਤੀ ਨੂੰ ਖ਼ਤਰਾ ਪੈ ਜਾਣਾ ਸੀ। ਜਿੱਥੇ ਹਿਜ਼ਾਬ ਅਤੇ ਜੀਨ ਦੇ ਨਾਮ 'ਤੇ ਦੰਗੇ ਹੋ ਜਾਂਦੇ ਹੋਣ, ਉੱਥੇ ਪਹਿਰਾਵਿਆਂ ਦਾ ਅਨੁਭਵ ਕੋਈ ਕੀ ਸਮਝੇ-ਸਮਝਾਵੇ।"



ਅਚਾਨਕ ਮੇਰੀ ਨਜ਼ਰ, ਅੰਤ 'ਤੇ ਬੈਠੇ, ਖ਼ੂਬਸੂਰਤ ਦਸਤਾਰ ਬੰਨੀ, ਚੁੰਨੀਆਂ ਅੱਖਾਂ ਵਾਲੇ ਗੋਰਖਿਆਂ ਵਰਗੇ ਮੁੰਡੇ 'ਤੇ ਜਾਂਦੀ ਹੈ। ਮੈਂ ਉਸ ਵੱਲ ਵਧਦਾ ਹਾਂ। ਮੇਰੇ ਕੋਲ ਪਹੁੰਚਣ 'ਤੇ ਉਹ ਬੈਂਚ ਤੋਂ ਉੱਠਦਿਆਂ ਅੰਗਰੇਜ਼ੀ ਵਾਲੇ ਲਹਿਜ਼ੇ ਵਿੱਚ ਪੰਜਾਬੀ ਬੋਲਿਦਆਂ ਆਖ਼ਦਾ ਹੈ, "ਸਟ ਸ਼੍ਰੀ ਅਕਾਲ, ਸਰ । ਜੀ ਆਇਆਂ ਨੂੰ !"

"ਡੂ ਯੂ ਨੋ ਪੰਜਾਬੀ?"

"ਥੋਰੀ-ਥੋਰੀ"

"ਕੀ ਤੁਸੀਂ ਕਦੇ ਪੰਜਾਬ ਗਏ ਹੋ ?"

ਸ਼ਾਇਦ ਉਸ ਨੂੰ ਮੇਰੀ ਗੱਲ ਪੂਰੀ ਤਰ੍ਹਾਂ ਸਮਝ ਨਹੀਂ ਆਈ, ਇਸੇ ਕਰਕੇ ਉਸਨੇ ਪ੍ਰਸ਼ਨ ਭਰੀਆਂ ਨਿਗਾਹਾਂ ਨਾਲ ਮਿਸ ਆਗੰਮਿਆ ਵੱਲ ਵੇਖਿਆ।"ਇਹ ਲੜਕਾ ਥਾਈਲੈਂਡ ਤੋਂ ਐ। ਐਕਚੁਲੀ ਇੱਥੇ ਸੰਸਾਰ ਦੀਆਂ ਕੁਛ ਮਸ਼ਹੂਰ ਭਾਸ਼ਾਵਾਂ ਸਿਖਾਈਆਂ ਜਾਂਦੀਆਂ ਨੇ । ਬੱਚੇ ਵੱਖਰੇ-ਵੱਖਰੇ ਗਰੇਡਜ਼ ਦੌਰਾਨ ਇਹਨਾਂ ਭਾਸ਼ਵਾਂ ਨੂੰ ਬੋਲਣਾ ਅਤੇ ਸੁਣਨਾ ਸਿੱਖਦੇ ਨੇ।" ਆਗੰਮਿਆ ਦੱਸਦੀ ਹੈ। "ਕੀ ਇਹ ਦੂਜੀਆਂ ਭਾਸ਼ਾਵਾਂ ਆਸਾਨੀ ਨਾਲ ਸਿੱਖ ਜਾਂਦੇ ਨੇ ?" ਮੈਂ ਹੈਰਾਨੀ ਨਾਲ ਪੁੱਛਦਾ ਹਾਂ।

ਇਸ ਤੋਂ ਪਹਿਲਾਂ ਕਿ ਮਿਸ ਆਗੰਮਿਆ ਕੁਛ ਬੋਲੇ, ਬੱਚਿਆਂ ਵਿਚਕਾਰ ਖੜ੍ਹੀ ਫਰੈਂਚ ਅਧਿਆਪਕਾ ਬੋਲੀ," ਪੈਟੀ ਦ ਪੈਟੀ ਲਿਆਜੋ ਫਿਸੋਨੀ" ਸਰ! ਲਿਟਲ ਬਾਏ ਲਿਟਲ , ਅ ਬਰਡ ਬਿਲਡਜ਼ ਇਟਸ ਨੈਸਟ।"

ਮੈਂ ਇਹ ਸਭ ਦੇਖ, ਸੁਣ ਕੇ ਕੁਝ ਬੋਲਣ ਜੋਗਾ ਈ ਕਿੱਥੇ ਰਹਿ ਗਿਆ ਹਾਂ ਬਸ, ਏਨਾ ਫ਼ਖਰ ਕਰਦਿਆਂ ਅੱਗੇ ਤੁਰ ਪੈਂਦਾ ਹਾਂ ਕਿ ਮੇਰੀ ਭਾਸ਼ਾ ਵੀ ਕੁਝ ਮਸ਼ਹੂਰ ਭਾਸ਼ਾਵਾਂ ਵਿੱਚ ਸ਼ਾਮਿਲ ਹੈ, ਜਿਸ ਕਾਰਨ ਆਗੰਮਿਆ ਨੂੰ ਮੇਰੀ ਭਾਸ਼ਾ ਚੰਗੀ ਤਰ੍ਹਾਂ ਆਉਂਦੀ ਹੈ ਤੇ ਇੱਥੋਂ ਦੇ ਲੋਕ ਵੀ ਮੇਰੀ ਭਾਸ਼ਾ ਨੂੰ ਸਮਝਦੇ ਹਨ ।

ਥੋੜ੍ਹੀ ਦੂਰ ਜਾ ਕੇ, ਅਸੀਂ ਇੱਕ ਵੱਡੇ ਸਾਰੇ ਹਾਲ ਅੰਦਰ ਦਾਖ਼ਲ ਹੁੰਦੇ ਹਾਂ। ਦਰਵਾਜ਼ਾ ਖੋਲਦਿਆਂ ਮਧੁਰ ਸੰਗੀਤਕ ਧੁਨਾਂ ਕੰਨਾਂ ਵਿੱਚ ਪੈਂਦੀਆਂ ਹਨ । ਹਾਲ ਅੰਦਰਲੀ ਸਾਹਮਣੀ ਦੀਵਾਰ 'ਤੇ ਵੱਖ-ਵੱਖ ਰੰਗਾਂ ਵਾਲੇ ਗੋਲ ਦਾਇਰਿਆਂ ਵਾਲਾ ਚਿੱਤਰ ਟੰਗਿਆ ਹੋਇਆ ਹੈ, ਜਿਸ ਦੇ ਹੇਠਾਂ ਵੱਡੇ-ਵੱਡੇ ਸ਼ਬਦਾਂ ਵਿੱਚ ਉੱਕਰਿਆ ਹੈ-'ਦੇਅਰ ਇਜ਼ ਏ ਟਾਈਮ ਟੂ ਸਪੀਕ ਐਂਡ ਏ ਟਾਈਮ ਟੂ ਬੀ ਸਾਈਲੈਂਟ ' ਕਮਰੇ ਅੰਦਰ

ਸੰਗੀਤ ਦੀ ਧੀਮੀ-ਧੀਮੀ ਮੰਤਰ-ਮੁਗਦ ਕਰ ਲੈਣ ਵਾਲੀ ਧੁਨ ਤੋਂ ਬਿਨਾਂ ਹੋਰ ਕੋਈ ਆਵਾਜ਼ ਨਹੀਂ ਹੈ । ਸਾਰੇ ਵਿਦਿਆਰਥੀ ਅੱਖਾਂ ਬੰਦ ਕਰ ਧਿਆਨ ਮਗਨ ਹਨ।" ਦਿਸ ਇਜ਼ ਅਵਰ ਕੰਸਰਟੇਸ਼ਨ ਲੈਬ । ਇੱਥੇ ਮੈਡੀਟੇਸ਼ਨ ਅਤੇ ਮਨ 'ਤੇ ਕਾਬੂ ਪਾਉਣ ਦਾ ਅਭਿਆਸ ਕਰਵਾਇਆ ਜਾਂਦੈ ।" ਆਗੰਮਿਆ ਲੈਬ ਬਾਰੇ ਜਾਣਕਾਰੀ ਦਿੰਦੀ ਹੈ ।

ਹਾਲ ਵਿੱਚ ਸਭਨਾਂ ਪਾਸੇ ਦੀਵਾਰਾਂ 'ਤੇ ਲੱਗੇ ਵੱਡੇ-ਵੱਡੇ ਚਿੱਤਰ ਸਕਾਰਾਤਮਕ ਊਰਜਾ ਦਾ ਸੰਚਾਰ ਕਰ ਰਹੇ ਹਨ ।ਇੱਕ ਤਸਵੀਰ ਵਿੱਚ ਮਦਰ ਮੈਰੀ ਨੇ ਨਿੱਕੇ ਬਾਲ ਜੀਸ਼ਜ ਨੂੰ ਗੋਦ ਵਿੱਚ ਚੁੱਕਿਆ ਹੋਇਐ। ਮਮਤਾ ਅਤੇ ਪ੍ਰੇਮ ਵਿੱਚ ਦੋਹਾਂ ਦੀਆਂ ਅੱਖਾਂ ਬੰਦ ਨੇ। ਦੂਜੀ ਤਸਵੀਰ ਵਿੱਚ ਉਂਗਲੀ ਨਾਲ ਇਸ਼ਾਰਾ ਕਰਦਾ ਹੋਇਆ ਬੁੱਧ ਆਪਣੇ ਸ਼ਿਸ਼ਾਂ ਨੂੰ ਕਹਾਣੀ ਸੁਣਾ ਰਿਹੈ। ਤੀਸਰੀ ਵਿੱਚ ਬਾਬਾ ਨਾਨਕ ਹੱਥ ਵਿੱਚ ਸੋਟੀ ਫੜ੍ਹੀ ਤੁਰੀ ਜਾ ਰਿਹੈ। ਉਦਾਸੀਆਂ ਕਰਦੇ ਬਾਬੇ ਦੇ ਚਿਹਰੇ 'ਤੇ ਵੱਖਰੀ ਹੀ ਨੂਰਾਨੀ ਝਲਕ ਹੈ। ਵਿਦਿਆਰਥੀ ਡਿਸਟਰਬ ਨਾ ਹੋਣ, ਇਸ ਕਾਰਨ ਮੈਂ ਨਤਮਸਤਕ ਹੁੰਦਿਆਂ, ਹਾਲ ਕਮਰੇ 'ਚੋਂ ਛੇਤੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹਾਂ। ਬਾਹਰ ਨਿਕਲਦਿਆਂ ਹੀ ਮੈਨੂੰ ਮਿਸਿਜ਼ ਨੈਵੀਕੋਵ ਦਾ ਸ਼ਾਂਤ ਚਿਹਰਾ ਯਾਦ ਆਉਂਦਾ ਹੈ ਜੋ ਕਦੇ ਮਰੀਅਮ, ਕਦੇ ਬੁੱਧ ਤੇ ਕਦੇ ਨਾਨਕ ਦੀ ਤਸਵੀਰ ਵਿੱਚ ਵਿਲੀਨ ਹੋਣ ਲਗਦੈ।

ਅੱਗੇ ਵੱਡੀ ਸਾਰੀ ਲਾਇਬ੍ਰੇਰੀ ਹੈ। ਨਿੱਕੀ ਤੋਂ ਵੱਡੀ ਤਰਤੀਬ ਵਿਚ ਪਈ ਹਰੇਕ ਕਿਤਾਬ, ਸੁੰਦਰ ਕੈਟਾਲਾਗ ਅਤੇ ਲੇਖਕਾਂ ਦੇ ਚਿੱਤਰ ਆਪਣੇ-ਆਪ ਵਿੱਚ ਦਿਲ ਖਿੱਚਵੀਂ ਤਸਵੀਰ ਸਿਰਜ ਰਹੇ ਹਨ। ਵੱਡੇ ਸਾਰੇ ਟੇਬਲ ਅਤੇ ਲੱਕੜ ਦੀ ਕੁਰਸੀ 'ਤੇ ਸ਼ਾਂਤ ਬੈਠੇ ਇਟਲੀ ਦੇ ਮਿਸਟਰ ਲੋਰੈਂਜੋ ਸਾਡੇ ਕੋਲ ਜਾਣ 'ਤੇ ਖੜ੍ਹੇ ਹੋ ਸਵਾਗਤ ਕਰ ਰਹੇ ਹਨ, "ਨਮਸਕਾਰ, ਹਾਓ ਆਰ ਯੂ ?" ਸ਼ਾਇਦ ਉਹਨਾਂ ਨੂੰ ਮੇਰੇ ਲਹਿਜ਼ੇ ਅਤੇ ਦਿੱਖ ਤੋਂ ਮੇਰੇ ਦੇਸ਼ ਦਾ ਅੰਦਾਜ਼ਾ ਹੋ ਗਿਆ ਹੈ।

"ਮੈਨੂੰ ਗਿਆਤਰੀ ਮੰਤਰ ਬਹੁਤ ਸਕੂਨ ਦਿੰਦੈ। ਮੁਦਰਾ ਰਾਕਸ਼ਸ਼, ਜ਼ਫਰਨਾਮਾ ਕਿਆ ਖ਼ੂਬਸੂਰਤ ਇਤਿਹਾਸਕ ਸੰਦਰਭ ਨੇ। ਵਾਰਿਸ ਦੀ ਹੀਰ ਤਾਂ ਕਮਾਲ ਐ ,ਐਂਡ ਚੇਤਨ ਭਗਤ ਦੀ ਹਾਫ ਗਰਲਫਰੈਂਡ, ਮਾਈ ਗਾੱਡ ਵੱਟ ਅ ਰੋਮਾਂਸ।" ਮੈਂ ਮੂੰਹ ਅੱਡੀ ਉਸ ਇਨਸਾਈਕਲੋ ਪੀਡੀਏ ਵਰਗੇ ਇਨਸਾਨ ਦੇ ਚਿਹਰੇ ਵੱਲ ਦੇਖਦਾ ਰਹਿ ਜਾਂਦਾ ਹਾਂ।

"ਵੈਰੀ ਨਾਈਸ। ਵੈਰੀ ਨਾਈਸ ਟੂ ਮੀਟ ਯੂ। ਭਾਰਤੀ ਸਾਹਿਤ ਬਾਰੇ ਤੁਹਾਡੀ ਜਾਣਕਾਰੀ, ਸੋ ਵੰਡਰਫੁੱਲ ਸਰ।" ਮੈਨੂੰ ਜਿਵੇਂ ਸ਼ਬਦਾਂ ਦੀ ਥੁੜ ਆ ਗਈ ਹੈ।

"ਦਿਸ ਇਜ਼ ਫਾਰ ਯੂ ਸਰ । ਜਪੁਜੀ ਸਾਹਿਬ ਦਾ ਇਟੈਲੀਅਨ ਵਿੱਚ ਅਨੁਵਾਦ ।" ਉਹ ਮੈਨੂੰ ਜਾਣ ਲੱਗਿਆਂ ਤੋਹਫ਼ੇ ਵਜੋਂ ਭੇਂਟ ਕਰਦੇ ਹਨ।

ਮੇਰਾ ਸਿਰ ਲਾਇਬ੍ਰੇਰੀ ਵਿੱਚ ਹੀ ਕਿਤੇ ਨਾ ਕਿਤੇ ਰਹਿ ਗਿਆ ਹੈ ; ਮੈਂ ਸਿਰਫ ਧੜ੍ਹ ਨਾਲ ਚੁੱਕੀ ਫਿਰਦਾ ਹਾਂ। ਤਕਸ਼ਸ਼ਿਲਾ, ਨਾਲੰਦਾ, ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੀਆਂ ਨੇ। ਮੈਨੂੰ ਲੱਗ ਰਿਹੈ ਕਿ ਹਿਊਨਸਾਂਗ ਨੇ ਸੰਸਕ੍ਰਿਤ ਦੇ ਗ੍ਰੰਥ ਭਾਰਤ ਤੋਂ ਲਿਆ ਕੇ ਇੱਥੇ ਹੀ ਕਿਤੇ ਰੱਖੇ ਹੋਣਗੇ। ਫਿਰ ਜਾਪਿਆ ਜਿਵੇਂ ਬਾਬਾ ਨਾਨਕ ਮੇਰੇ ਪਿੱਛੇ-ਪਿੱਛੇ ਆ ਰਿਹੈ। ਕਦੇ ਉਹ ਇੱਕ ਭਾਸ਼ਾ ਵਿੱਚ ਸੱਜਣ ਨਾਲ ਤਾਲੁੰਬਾ ਵਿਖੇ ਸੰਵਾਦ ਰਚਾ ਰਿਹਾ, ਕਦੇ ਦੂਜੀ ਵਿਚ ਆਸਾਮ ਵਿਚ ਨੂਰਸ਼ਾਹੀ ਨਾਲ ਤੇ ਕਦੇ ਸੰਗਲਾਦੀਪ ਵਿਚ ਸ਼ਿਵਨਾਭ ਨਾਲ ।

****

ਪਤਾ ਈ ਨਹੀਂ ਚੱਲਿਆ ਕਿ ਹਫ਼ਤਾ ਕਿਵੇਂ ਬੀਤ ਗਿਆ। ਹਰ ਕਲਾਸ, ਹਰ ਵਿਭਾਗ ਵਿੱਚ ਕੁਝ

ਨਾ ਕੁਝ ਵੱਖਰਾ, ਸੁਹਜ, ਸਿਰਝਣਾ, ਕਲਾ, ਹੁਨਰ...। ਕੰਧਾਂ ਤੇ ਫਰਨੀਚਰ ਵਿੱਚ ਵੀ ਧੜਕਣ ਹੈ , ਜ਼ਿੰਦਗੀ ਹੈ। ਛੋਟੇ ਵਿਦਿਆਰਥੀਆਂ ਦਾ ਹਰੇਕ ਡੈਸਕ ਕੋਈ ਘੋੜੇ, ਕੋਈ ਹਾਥੀ, ਕੋਈ ਤੋਤੇ ਅਤੇ ਕੋਈ ਮੋਰ ਦਾ ਆਕਾਰ ਧਾਰੀ ਖੜਾ ਹੈ। ਦੀਵਾਰ 'ਤੇ ਟੰਗੀਆਂ ਘੜੀਆਂ ਵੀ ਟਿਕ-ਟਿਕ ਨਹੀਂ ਕਰਦੀਆਂ ਸਗੋਂ ਵਕਤ ਨਾਲ ਇੱਕ ਸੁਰ, ਇੱਕ ਲੈਅ ਹੁੰਦਿਆਂ ਵੱਖ-ਵੱਖ ਸਾਜ਼ਾਂ ਦੀਆਂ ਆਵਾਜ਼ਾਂ ਵਿੱਚ ਦੱਸਦੀਆਂ ਕਿ ਵਕਤ ਨੇ ਤਾਂ ਤੁਰੇ ਹੀ ਜਾਣਾ, ਰੁਕਣਾ ਤੇ ਚੱਲਣਾ ਤਾਂ ਅਸੀਂ ਹੀ ਹੈ।

"ਅਖ਼ੀਰਲਾ ਦਿਨ ਹੋਣ ਕਾਰਨ ਅੱਜ ਅਸੀਂ ਦੋ ਪਲੇਸਜ਼ 'ਤੇ ਜਾਵਾਂਗੇ ।ਪਹਿਲੀ ਪਲੇਸ ਦਾ ਨਾਮ ਹੈ 'ਦ ਵਰਲਡ ਦੈਟ ਨੇਚਰ ਵਾਂਟਸ', ਇੱਥੇ ਮਿਸਿਜ਼ ਨੈਵੀਕੋਵ ਵੀ ਸਾਡੇ ਨਾਲ ਜਾਣਗੇ।" ਆਗੰਮਿਆ ਨੇ ਅੱਜ ਦੀ ਯਾਤਰਾ ਦਾ ਬਿਉਰਾ ਦਿੰਦਿਆਂ ਆਖਿਆ।

ਨਾਸ਼ਤਾ ਕਰਨ ਉਪਰੰਤ, ਅਸੀਂ ਰਵਾਨਾ ਹੁੰਦੇ ਹਾਂ। ਮੁੱਖ ਬਿਲਡਿੰਗ ਦੇ ਖਤਮ ਹੋਣ ਤੇ ਬਾਦ ਗਰਾਊਂਡਜ ਅਤੇ ਖ਼ੂਬਸੂਰਤ ਪਾਰਕਾਂ ਤੋਂ ਦੂਰ ਦੋ ਕਿਲੋਮੀਟਰ ਦੇ ਘੇਰੇ ਵਿੱਚ ਫੈਲੀ ਹੋਈ ਇੱਕ ਖ਼ੂਬਸੂਰਤ ਵਿਸ਼ਾਲ ਥਾਂ , ਦੂਰ ਤੱਕ ਜੰਗਲ ਈ ਜੰਗਲ। ਕਿੱਧਰੋਂ ਦੂਰ ਦੂਰਾਡਿਓਂ ਰੇਤ ਲਿਆ ਕੇ ਕਲਪਨਾ ਨਾਲ ਉਸਾਰਿਆ ਮਾਰੂਥਲ ਤੇ ਨਖ਼ਲੀਸਤਾਨ। ਪਹਾੜੀ ਖੇਤਰ ਵਿੱਚ ਹੋ ਰਹੀ ਹਲਕੀ-ਹਲਕੀ ਸਨੋਅ ਫਾਲ। ਮੈਨੂੰ ਲੱਗਾ ਸ਼ਾਇਦ ਇਹੀ ਸਵਰਗ ਹੈ ਜਿਸ ਦੀ ਅਸੀਂ ਭਾਰਤੀ ਸਾਰਾ ਜੀਵਨ ਕਲਪਨਾ ਕਰਦੇ ਰਹਿੰਦੇ ਹਾਂ। ਥਲ ਵਿੱਚ ਡਿੱਗਦੀ ਬਰਫ਼ ਦਾ ਅਲੋਕਾਰੀ ਦ੍ਰਿਸ਼। ਆਲੇ-ਦੁਆਲੇ ਰੁੱਖਾਂ 'ਤੇ ਬੋਲਦੇ ਵੰਨ-ਸੁਵੰਨੇ ਪੰਛੀ। ਕਿਤੇ-ਕਿਤੇ ਕੋਈ ਨੱਸਦਾ ਖਰਗੋਸ਼ ਇੱਧਰ-ਉੱਧਰ ਫਿਰਦੀਆਂ ਗਿਲਹਿਰੀਆਂ।ਰੁੱਖਾਂ 'ਤੇ ਲੱਗੀਆਂ ਨੇਮ ਪਲੇਟਾਂ ਰਾਹੀਂ ਆਪਣੀ ਜਾਣ-ਪਹਿਚਾਣ ਕਰਵਾਉਂਦੇ ਰੁੱਖ। ਇਹਨਾਂ ਦੀ ਦੇਖ਼ਭਾਲ ਵਿੱਚ ਖ਼ੁਸ਼ੀ ਅਤੇ ਲਗਨ ਸਮੇਤ ਕੰਮ ਵਿੱਚ ਰੁੱਝੇ ਹੋਏ ਮਾਲੀ। ਕੋਲੋਂ ਲੰਘਣ 'ਤੇ ਉਹ ਮਿਸਿਜ਼ ਨੈਵੀਕੋਵ ਨੂੰ ਝੁਕ ਕੇ ਸਲਾਮ ਕਰਦੇ ਹਨ ਪਰ ਮਿਸਿਜ਼ ਨੈਵੀਕੋਵ ਉਹਨਾਂ ਨਾਲ ਹੱਥ ਮਿਲਾਉਂਦਿਆਂ ਆਖ਼ਦੀ ਹੈ- "ਹਾਓ ਆਰ ਯੂ ਦ ਰੀਅਲ ਸੇਂਟਸ? ਯੂ ਆਰ ਰਿਅਲੀ ਵਰਸ਼ਿਪਿੰਗ।"

ਮੈਨੂੰ ਆਪਣੇ ਦੇਸ਼ ਵਿਚਲੇ ਪ੍ਰਿੰਸੀਪਲ, ਡੀ.ਈ.ਓ ਅਤੇ ਹੋਰ ਵਿਭਾਗੀ ਅਫ਼ਸਰ ਯਾਦ ਆਉਂਦੇ ਹਨ, ਜੋ ਹੱਥ ਮਿਲਾਉਣ ਤਾਂ ਕੀ ਆਪਣੇ ਅਧੀਨ ਕਰਮਚਾਰੀਆਂ ਨੂੰ ਜਾਣਦੇ ਹੋਏ ਵੀ ਉਹਨਾਂ ਨੂੰ ਨਾ ਪਹਿਚਾਣਨ ਦਾ ਦਿਖਾਵਾ ਕਰਦਿਆਂ ਏਦਾਂ ਮੂੰਹ ਮੋੜਦੇ ਜਿਵੇਂ ਉਹ ਸਿੱਧੇ ਮੂੰਹ ਨਾਲ ਵੇਖਣਗੇ ਤਾਂ ਭਿੱਟ ਜਾਣਗੇ।

"ਦਿਸ ਇਜ਼ ਦ ਪਲੇਸ, ਆਈ ਲਾਈਕ ਦਾ ਮੋਸਟ ਦ ਟਰੀਜ਼ ਰਿਅਲੀ ਸੈਂਗ ਹਿਮਜ਼, ਵਿੱਚ ਦਾ ਗੌਡ ਲਿਸਨਜ਼। ਹੇਅਰ ਵੀ ਕੈਨ ਲਿਸਨ ਵੱਟ ਦ ਨੇਚਰ ਸੇਅਜ਼।" ਮਿਸਿਜ਼ ਨੈਵੀਕੋਵ ਨੇ ਮੁਸਕਰਾਉਂਦਿਆਂ ਦੱਸਿਆ।

"ਯੈਸ ਮਿਸਿਜ਼ ਨੈਵੀਕੋਵ, ਦਿਸ ਇਜ਼ ਦਾ ਰੀਅਲ ਹੈਵਨ ਐਂਡ ਦਿਸ ਸਕੂਲ ਇਜ਼ ਦਾ ਰੀਅਲ ਵੰਡਰ ਆਨ ਦਾ ਅਰਥ।" ਮੈਂ ਸੰਗਦਿਆਂ-ਸੰਗਦਿਆਂ ਬੁੱਲ ਖੋਲਦਾ ਹਾਂ।

ਤਿੰਨ ਕੁ ਵਜੇ ਅਸੀਂ ਵਾਪਸ ਤੁਰ ਪਏ।" ਹੁਣ ਤੁਸੀਂ ਥੋੜੀ ਦੇਰ ਰੈਸਟ ਕਰ ਲਓ। ਸ਼ਾਮ ਸੱਤ ਵਜੇ ਅਸੀਂ ਦੂਸਰੀ ਪਲੇਸ ਤੇ ਚੱਲਾਂਗੇ।" ਆਗੰਮਿਆ ਮੈਨੂੰ ਰੂਮ ਤੱਕ ਛੱਡਦਿਆਂ ਕਹਿੰਦੀ ਹੈ।

ਕਮਰੇ ਅੰਦਰ ਬੈੱਡ 'ਤੇ ਲੇਟਦਿਆਂ ਮੈਂ ਅਗਲੇ ਦਿਨ ਵਤਨ ਵਾਪਸੀ ਬਾਰੇ ਸੋਚ ਰਿਹਾ ਹਾਂ। ਦਿਲ ਕੁਝ ਦਿਨ ਹੋਰ ਰੁਕਣ ਨੂੰ ਕਰਦੈ ਪਰ ਸਮਾਂ ਤਾ ਸਮਾਂ ਹੈ; ਨੌਕਰੀ ਦੇ ਨਿਯਮ, ਵੀਜ਼ਾ ਤੇ ਹੋਰ ਕਿੰਨਾ ਕੁਝ, ਜੋ ਰੁਕਣ ਦੀ ਇਜ਼ਾਜ਼ਤ ਨਹੀਂ ਦੇ ਰਿਹਾ।

ਠੀਕ ਸੱਤ ਵੱਜੇ ਦਰਵਾਜ਼ੇ 'ਤੇ ਖੜਕਾ ਹੁੰਦਾ ਹੈ, 'ਠਕ, ਠਕ, ਠਕ...।'

ਮੈਂ ਜਾਣ ਗਿਆ ਹਾਂ, ਬਾਹਰ ਕੌਣ ਹੈ। ਕਾਸ਼ਨੀ ਰੰਗ ਦੀ ਲੌਂਗ ਡਰੈੱਸ ਵਿੱਚ, ਦਰਵਾਜ਼ੇ 'ਤੇ ਖੜ੍ਹੀ ਆਗੰਮਿਆ ਮੁਸਕਰਾ ਕੇ ਪੁੱਛ ਰਹੀ ਹੈ, "ਆਰ ਯੂ ਰੈਡੀ ਸਰ ?" ਮੈਨੂੰ ਉਹ ਕੋਈ ਅਸਮਾਨੀ ਪਰੀ ਲੱਗ ਰਹੀ ਹੈ। ਮੈਂ ਅੱਖਾਂ ਨੀਵੀਆਂ ਕਰਦਿਆਂ ਆਖ਼ਦਾ ਹਾਂ, "ਯੈੱਸ, ਸ਼ਿਓਰ।"

ਪਾਕਿਸਤਾਨ ਤੋਂ ਇਤਿਹਾਸ ਦੀ ਅਧਿਆਪਕਾ ਤਾਹਿਰਾ ਅਤੇ ਜਾਪਾਨ ਤੋਂ ਇਨਫਰਮੇਸ਼ਨ ਟਕਨਾਲੋਜੀ ਦੇ ਅਧਿਆਪਕ ਯੋਸ਼ੀਰੋ ਵੀ ਨਾਲ ਹਨ। ਉਹਨਾਂ ਮੈਨੂੰ ਅਗਲੀ ਜਗ੍ਹਾ 'ਤੇ ਨਵੇਂ ਚਿਹਰਿਆਂ ਅਤੇ ਨਵੀਆਂ ਗੱਲਾਂ ਬਾਰੇ ਜਾਣਕਾਰੀ ਦੇਣੀ ਹੈ। ਇੱਕ ਦੂਜੇ ਨਾਲ ਦੁਆ-ਸਲਾਮ ਕਰਨ ਉਪਰੰਤ ਅਸੀਂ ਅਗਲੀ ਥਾਂ ਲਈ ਰਵਾਨਾ ਹੋ ਰਹੇ ਹਾਂ। ਇਹ ਥਾਂ ਪਹਿਲੀਆਂ ਸਭ ਥਾਵਾਂ ਨਾਲੋਂ ਅਲੱਗ ਹੈ, ਮਾਹੌਲ ਬਿਲਕੁਲ ਵੱਖਰਾ। ਇੱਕ ਖ਼ੂਬਸੂਰਤ ਵੱਡਾ ਸਾਰਾ ਹੋਟਲ ਨੁਮਾ ਹਾਲ਼। ਅੰਦਰ ਜਾਂਦਿਆਂ ਵੱਡਾ ਸਾਰਾ ਸਟੇਜ਼ ਨੁਮਾ ਡਾਂਸ ਫਲੋਰ, ਆਸੇ-ਪਾਸੇ ਸੋਹਣੇ-ਸੋਹਣੇ ਕੁਰਸੀਆਂ ਤੇ ਮੇਜਾਂ ਦਾ ਘੇਰਾ। ਹਲਕੀ-ਹਲਕੀ ਨੀਲੀ ਰੌਸ਼ਨੀ, ਇੱਕ ਪਾਸੇ ਫ਼ੁਹਾਰੇ ਤੇ ਹਲਕਾ-ਹਲਕਾ ਸੰਗੀਤ ।

"ਇਸ ਹਾਲ਼ ਵਿੱਚ ਸਿਰਫ਼ ਅਧਿਆਪਕ ਅਤੇ ਉੱਪਰਲੀਆਂ ਜਮਾਤਾਂ ਵਿੱਚ ਤਾਲੀਮ ਹਾਸਿਲ ਕਰਨ ਵਾਲੇ ਵਿਦਿਆਰਥੀ ਹੀ ਆ ਸਕਦੇ ਹਨ। ਇੱਥੇ ਕੋਈ ਵੀ ਲੜਕਾ ਤੇ ਲੜਕੀ, ਅਧਿਆਪਕ ਤੇ ਵਿਦਿਆਰਥੀ ਜਾਂ ਵਿਦਿਆਰਥਣ, ਇਕੱਲੇ ਜਾਂ ਇਕੱਠੇ ਜਿਵੇਂ ਮਰਜ਼ੀ ਬੈਠ ਸਕਦੇ ਨੇ। ਕਿਸੇ ਨੂੰ ਕਿਸੇ ਤਰ੍ਹਾਂ ਦੀ ਕੋਈ ਰੋਕ ਟੋਕ ਨਹੀਂ ਤੇ ਨਾ ਹੀ ਇੱਥੇ ਕੋਈ ਇੱਕ ਦੂਜੇ ਬਾਰੇ ਮੈਲੀ ਸੋਚ ਰੱਖਦੈ।" ਇਤਿਹਾਸ ਦੀ ਅਧਿਆਪਕਾ ਤਾਹਿਰਾ ਦੱਸਦੀ ਹੈ।

ਮੈਂ ਇਸ ਵੱਖਰੀ ਦੁਨੀਆ ਵਿੱਚ ਵਿੱਚਰਦਾ ਹੋਇਆ ਹੱਕਾ-ਬੱਕਾ ਹਾਂ। ਇੱਕ ਟੇਬਲ 'ਤੇ ਬੈਠਾ ਜਰਮਨ ਮੁੰਡਾ ਅਤੇ ਫਰਾਂਸੀਸੀ ਕੁੜੀ, ਇਤਿਹਾਸ ਦੀਆਂ ਗੱਲਾਂ ਕਰ ਰਹੇ ਹਨ। ਦੂਜੇ ਟੇਬਲ 'ਤੇ ਰੂਸ ਦੀ ਕੁੜੀ ਕਜ਼ਾਕੀਸਤਾਨ ਦੇ ਮੁੰਡੇ ਨਾਲ ਬਾਰਵੀਂ ਮਗਰੋਂ ਕੁਝ ਨਵਾਂ ਕਰਨ ਦੀ ਯੋਜਨਾ ਬਣਾ ਰਹੀ ਹੈ । ਮਿਸਟਰ ਯੋਸ਼ੀਰੋ ਮੈਨੂੰ ਇਕ ਕੋਰੀਅਨ ਮੁੰਡੇ ਅਤੇ ਕੁੜੀ ਨਾਲ ਮਿਲਾਉਂਦੇ ਹਨ ਜੋ ਮੇਰੇ ਨਾਲ ਮੰਗਲ ਯਾਨ ਬਾਰੇ ਗੱਲ ਕਰਦੇ ਹਨ। ਉਹ ਦੋਵੇਂ ਮਿਲ ਕੇ ਇਸ ਤੋਂ ਸਸਤਾ ਉਪਗ੍ਰਹਿ ਬਨਾਉਣ ਬਾਰੇ ਆਪਣੀ ਸੋਚ ਦਾ ਜ਼ਿਕਰ ਕਰਦੇ ਹਨ। ਮੈਂ ਉਹਨਾਂ ਦੇ ਹੱਥਾਂ ਵੱਲ ਦੇਖਦਾ ਹਾਂ, ਦੋਹਾਂ ਦੇ ਗੁੱਟਾਂ 'ਤੇ ਇੱਕੋ ਜਿਹੀਆਂ ਖ਼ੂਬਸੂਰਤ ਘੜੀਆਂ ਹਨ ਜਿਹਨਾਂ ਦੇ ਡਾਇਲ ਦੀ ਪਿੱਠ ਭੂਮੀ 'ਤੇ ਏ. ਪੀ. ਜੇ.ਅਬਦੁਲ ਕਲਾਮ ਜੀ ਦੀ ਤਸਵੀਰ ਹੈ।

ਹੁਣ ਇਹਨਾਂ ਸਾਰੇ ਵਿਦਿਆਰਥੀਆਂ ਦੇ ਇੱਥੇ ਆਉਣ, ਇਹਨਾਂ ਦੇ ਮਾਂ-ਬਾਪ ਵੱਲੋਂ ਇੱਥੇ ਛੱਡਣ, ਇਹਨਾਂ ਵਿਦਿਆਰਥੀਆਂ ਦੇ ਇਸ ਤਰ੍ਹਾਂ ਇਕੱਠਿਆਂ ਰਹਿਣ ਅਤੇ ਇਸ ਤਰ੍ਹਾਂ ਦੇ ਮਾਹੌਲ ਬਾਰੇ ਜਾਨਣ ਦੀ ਮੇਰੀ ਉਤਸੁਕਤਾ ਕਾਬੂ ਦੀ ਹੱਦ ਪਾਰ ਕਰ ਚੁੱਕੀ ਹੈ। ਮੈਂ ਛੇਤੀ-ਛੇਤੀ ਸਭ ਕੁਛ ਜਾਨਣਾ ਚਾਹੁੰਦਾ ਹਾਂ;ਵੱਖ-ਵੱਖ ਦੇਸ਼ਾਂ ਦੇ ਇਹ ਵਿਦਿਆਰਥੀ ਇੱਥੇ ਕਿਵੇਂ ਆਉਂਦੇ ਨੇ, ਇਕੱਠੇ ਕਿਵੇਂ ਰਹਿੰਦੇ ਨੇ, ਪੜ੍ਹਨ ਉਪਰੰਤ ਕੀ ਕਰਦੇ ਨੇ ਤੇ ਹੋਰ ਕਿੰਨਾ ਕੁਝ?

ਏਨੇ ਨੂੰ ਮਿਸਿਜ਼ ਨੈਵੀਕੋਵ ਅੰਦਰ ਦਾਖ਼ਲ ਹੁੰਦੇ ਹਨ। ਹਾਲ ਦੇ ਸਾਰੇ ਲੋਕ ਸੁਆਗਤ ਵਿੱਚ ਖੜੇ ਹੋ ਗਏ ਹਨ। ਉਹ ਸਭ ਨੂੰ ਹੱਥ ਜੋੜ ਕੇ ਬੈਠਣ ਦਾ ਇਸ਼ਾਰਾ ਕਰਦਿਆਂ ਮੇਰੇ ਨਾਲ ਦੇ ਸੋਫੇ 'ਤੇ ਬੈਠ ਗਏ ਨੇ।

"ਮੈਮ ਹਾਓ ਇਜ ਦਿਸ ਆਲ ਪਾਸੀਬਲ...?" ਪਰ ਉਹ ਮੇਰੇ ਸਵਾਲ ਨੂੰ ਵਿਚਾਲੇ ਰੋਕ ਕੇ ਆਗੰਮਿਆ ਨੂੰ ਅੱਜ ਦੀ ਸਪੀਚ ਪੜ੍ਹਨ ਲਈ ਇਸ਼ਾਰਾ ਕਰਦਿਆਂ ਮੈਨੂੰ ਏਨਾ ਹੀ ਆਖਦੇ ਹਨ, "ਵੇਟ, ਯੂ ਵਿਲ ਨੋ ਐਵਰੀਥਿੰਗ।"

ਆਗੰਮਿਆ ਪਰੀ ਸਟੇਜ਼ 'ਤੇ ਪਹੁੰਚ ਗਈ ਹੈ। ਸਟੇਜ਼ ਅੰਬਰ ਨਾਲੋਂ ਵੀ ਖ਼ੂਬਸੂਰਤ ਹੋ ਗਿਆ ਹੈ।

ਹੈਰਾਨੀ ਦੀ ਗੱਲ ਹੈ ਕਿ ਅੱਜ ਸਪੀਚ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਪੜ੍ਹੀ ਜਾਵੇਗੀ। ਇਹ ਸਪੀਚ ਸਿਰਫ ਮੈਨੂੰ ਮਹਿਮਾਨ ਨਿਵਾਜ਼ੀ ਦਾ ਤੋਹਫ਼ਾ ਦੇਣ ਲਈ ਮੇਰੀ ਮਾਤ ਭਾਸ਼ਾ ਵਿੱਚ ਪੜ੍ਹੀ ਜਾਵੇਗੀ।

ਆਗੰਮਿਆ ਸ਼ੁਰੂ ਕਰਦੀ ਹੈ "ਸਤਿ ਸ਼੍ਰੀ ਅਕਾਲ। ਅੱਜ ਅਸੀਂ ਆਪਣੇ ਮਹਿਮਾਨ ਨੂੰ ਅਲਵਿਦਾ ਕਹਿ ਰਹੇ ਹਾਂ, ਜਿਸ ਨੇ ਸਾਡੀ ਸੰਸਥਾ ਬਾਰੇ ਵੱਖ-ਵੱਖ ਸਰੋਤਾਂ ਤੋਂ ਤਲਾਸ਼ ਕਰ ਕੇ ਅਣਥੱਕ ਯਤਨਾਂ ਬਾਦ ਇੱਥੇ ਆ ਕੇ ਸੱਤ ਦਿਨ ਸਾਡੇ ਨਾਲ ਰਹਿ ਕੇ ਸਾਡੇ ਮਾਣ ਨੂੰ ਵਧਾਇਐ।"

ਮੇਰੀ ਮਾਤ ਭਾਸ਼ਾ ਵਿੱਚ ਬੜੇ ਸੁਹਜ ਸਲੀਕੇ ਨਾਲ ਬੋਲਦੀ ਆਗੰਮਿਆ ਮੈਨੂੰ ਹੋਰ ਵੀ ਨੇੜੇ ਲੱਗਣ ਲੱਗ ਰਹੀ ਹੈ। ਉਹ ਪੜ੍ਹ ਰਹੀ ਹੈ-

"ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮਿਸਿਜ਼ ਨੈਵੀਕੋਵ ਵੱਲੋਂ ਇੱਕ ਵਲੰਟਰੀ ਐਨ. ਜੀ. ਓ. ਨਾਲ ਮਿਲ ਕੇ ਇਸ ਸਕੂਲ ਦੀ ਸਥਾਪਨਾ ਬਾਰੇ ਯੋਜਨਾ ਬਣਾਈ ਗਈ ਸੀ। ਇਸ ਸਕੂਲ ਵਿੱਚ ਹਰੇਕ ਕਲਾਸ ਵਿੱਚ ਕੇਵਲ ਵੀਹ ਵਿਦਿਆਰਥੀ ਹਨ ਜੋ ਵੱਖ-ਵੱਖ ਦੇਸ਼ਾਂ ਤੋਂ ਹਨ। ਇਹ ਸਾਰੇ ਵਿਦਿਆਰਥੀ ਸਕੂਲੀ ਪੜ੍ਹਾਈ ਪੂਰੀ ਹੋਣ ਤੱਕ ਇੱਥੇ ਹੀ ਰਹਿੰਦੇ ਹਨ। ਇਸ ਉਪਰੰਤ ਇਹਨਾਂ ਦੀ ਇੱਛਾ ਹੁੰਦੀ ਹੈ ਕਿ ਇਹਨਾਂ ਨੇ ਕਿਤੇ ਹੋਰ ਜਾਣਾ ਜਾਂ ਇੱਥੇ ਹੀ ਰਹਿਣਾ ਹੈ। ਜੇ ਇਹ ਚਾਹੁਣ ਤਾਂ ਇੱਥੇ ਵੀ ਕੋਈ ਜ਼ਾਬ ਕਰ ਸਕਦੇ ਹਨ। ਇੱਥੇ ਵਿੱਦਿਆ ਪ੍ਰਾਪਤੀ ਨੂੰ ਸਾਲਾਂ ਜਾਂ ਉਮਰ ਨਾਲ ਨਹੀਂ, ਗਿਆਨ ਦੀ ਮੁਹਾਰਤ ਨਾਲ ਮਾਪਿਆ ਜਾਂਦਾ ਹੈ। ਇੱਕੋ ਪੜ੍ਹਾਅ ਤੇ ਪਹੁੰਚਣ ਲਈ ਕਿਸੇ ਨੂੰ ਦਸ ਸਾਲ ਵੀ ਲੱਗ ਸਕਦੇ ਹਨ ਤੇ ਕਿਸੇ ਨੂੰ ਪੰਦਰਾਂ ਵੀ। ਇਹਨਾਂ ਸਾਰੇ ਵਿਦਿਆਰਥੀਆਂ ਨੂੰ ਸਾਲ ਵਿੱਚ ਦੋ ਵਾਰ ਵੱਖ-ਵੱਖ ਦੇਸ਼ਾਂ ਦੀ ਯਾਤਰਾ 'ਤੇ ਵੀ ਲਜਾਇਆ ਜਾਂਦਾ ਹੈ। ਸਕੂਲ ਦੇ ਅਨੁਸ਼ਾਸਨ ਦੇ ਨਿਯਮ ਲਿਖਤ ਨਹੀਂ ਹਨ। ਉਹ ਅਧਿਆਪਕ ਅਤੇ ਵਿਦਿਆਰਥੀ ਸਾਰੇ ਮਿਲ ਕੇ ਤੈਅ ਕਰਦੇ ਹਨ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸਜਾ ਵੀ ਇਹਨਾਂ ਦੀ ਬਣਾਈ ਹੋਈ ਕਮੇਟੀ ਵੱਲੋਂ ਤੈਅ ਕੀਤੀ ਜਾਂਦੀ ਹੈ। ਹਾਂ... ਏਨਾ ਜ਼ਰੂਰ ਹੈ ਕਿ ਮਿਸਿਜ ਨੈਵੀਕੋਵ ਨੂੰ ਸਾਰੇ ਮਦਰ ਨੈਵੀਕੋਵ ਆਖ਼ਦੇ ਹਨ ਅਤੇ ਉਹਨਾਂ ਦੀ ਗੱਲ ਅਤੇ ਕੀਤੇ ਫੈਸਲੇ ਨੂੰ ਕੋਈ ਨਹੀਂ ਟਾਲਦਾ। ਪਰ ਉਹਨਾਂ ਨੂੰ ਅੱਜ ਤੱਕ ਕਦੇ ਹੀ ਕੋਈ ਨਿੱਜੀ ਫੈਸਲਾ ਕਰਨ ਦੀ ਲੋੜ ਪਈ ਹੋਵੇਗੀ। ਇਹ ਸਕੂਲ ਮਿਸਟਰ ਨੈਵੀਕੋਵ ਦਾ ਇੱਕ ਸੁਫ਼ਨਾ ਸੀ ਜੋ ਕਿ ਇੱਕ ਵਿਗਿਆਨੀ ਸਨ ਅਤੇ ਬਾਰੂਦ ਦਾ ਪ੍ਰੇਖਣ ਕਰਨ ਸਮੇਂ ਵਿਆਹ ਤੋਂ ਛੇ ਕੁ ਮਹੀਨੇ ਮਗਰੋਂ ਹੀ ਇੱਕ ਹਾਦਸੇ ਵਿੱਚ ਮਾਰੇ ਗਏ ਸਨ। ਉਹ ਬਾਰੂਦ ਦੀ ਸ਼ਾਤੀਂ ਪੂਰਵਕ ਵਰਤੋਂ ਦੇ ਹਮਾਇਤੀ ਸਨ। ਉਹ ਸਾਰੀ ਧਰਤੀ ਦੇ ਲੋਕਾਂ ਨੂੰ ਸ਼ਾਂਤੀ ਦੇ ਸੂਤਰ ਵਿੱਚ, ਇੱਕ ਧਰਤ ਦੇ ਬਾਸ਼ਿੰਦਿਆਂ ਵਜੋਂ ਜੁੜੇ ਵੇਖਣਾ ਚਾਹੁੰਦੇ ਸਨ। ਮਿਸਿਜ਼ ਨੈਵੀਕੋਵ ਨੇ ਆਪਣੀ ਜਵਾਨੀ ਤੇ ਖੁਸ਼ੀ ਵਾਰ ਕੇ ਸਾਰਾ ਯਤਨ ਇਸ ਸਕੂਲ ਦੀ ਸਥਾਪਨਾ 'ਤੇ ਲਾ ਦਿੱਤਾ ਹੈ।"

ਸਾਰਾ ਹਾਲ ਚੁੱਪੀ ਤੇ ਉਦਾਸੀ ਨਾਲ ਭਰ ਗਿਆ ਹੈ। ਮੇਰੀਆਂ ਅੱਖਾਂ ਸਿੰਮ ਆਈਆਂ ਹਨ। ਆਗੰਮਿਆ ਦੀ ਆਵਾਜ਼ ਹੋਰ ਕਰੁਣਾ ਮਈ ਹੋ ਗਈ ਹੈ। ਉਹ ਅੱਗੇ ਪੜ੍ਹ ਰਹੀ ਹੈ-

"ਇਸ ਸਕੂਲ ਵਿੱਚ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਅਤੇ ਸਾਡਾ ਸਾਰੇ ਅਧਿਆਪਕਾਂ ਦਾ ਦੇਸ਼ ਇਹੋ ਹੀ ਹੈ ਜਿਸ ਦਾ ਨਾਮ ਹੈ 'ਦ ਕਾਮਨ ਅਰਥ'। ਅਸੀਂ ਸਾਰੇ ਵੱਖ-ਵੱਖ ਦੇਸ਼ਾਂ ਵਿੱਚ ਪੈਦਾ ਹੋਏ ਹਾਂ ਪਰ ਸਾਡਾ ਸਭ ਦਾ ਧਰਮ, ਨਸਲ ਤੇ ਮਜ਼ਹਬ ਇੱਕੋ ਹੀ ਹੈ 'ਦ ਕਾਮਨ ਅਰਥ'। ਅਸੀਂ ਸਾਰੇ ਅਧਿਆਪਕ ਕਿਸੇ ਨਾ ਕਿਸੇ ਹਾਦਸੇ ਵਿੱਚੋਂ ਉੱਭਰ ਕੇ ਆਏ ਹਾਂ ਅਤੇ ਸਾਡਾ ਉਦੇਸ਼ ਲੋਕਾਂ ਨੂੰ ਪਿਆਰ ਅਤੇ ਮਾਨਵਤਾ ਦੀ ਭਾਸ਼ਾ ਸਮਝਾਉਣਾ ਹੈ। ਇਹ ਸਾਰੇ ਵਿਦਿਆਰਥੀ ਜੋ ਇੱਥੇ ਪੜ੍ਹਦੇ ਹਨ ਇਹਨਾਂ ਨੇ ਕੇਵਲ ਜਨਮ ਹੀ ਆਪਣੇ ਦੇਸ਼ ਵਿੱਚ ਲਿਆ ਹੈ ਪਰ ਇਹ ਸਭ ਵੱਡੇ ਇੱਥੇ ਹੀ ਹੋਏ ਹਨ। ਇਹ ਉਹ ਯੋਧੇ ਹਨ ਜੋ ਕਿਸੇ ਯੁੱਧ,

ਕੁਦਰਤੀ ਆਫ਼ਤਾਂ ਜਾਂ ਹਾਦਸਿਆਂ ਵਿੱਚੋਂ ਨਿਕਲੇ ਹਨ ਅਤੇ ਜਿਹਨਾਂ ਦੇ ਮਾਤਾ-ਪਿਤਾ ਅੱਜ ਇਸ ਦੁਨੀਆ ਵਿੱਚ ਨਹੀਂ ਹਨ। ਇਹਨਾਂ ਲਈ ਅਤੇ ਮੇਰੇ ਵਰਗੇ ਸਾਰੇ ਅਧਿਆਪਕਾਂ ਲਈ, ਮਿਸਿਜ ਨੈਵੀਕੋਵ ਹੀ ਮਦਰ ਨੈਵੀਕੋਵ ਹਨ।"

ਮੇਰੀਆਂ ਅੱਖਾਂ ਲਗਾਤਾਰ ਵਗ ਰਹੀਆਂ ਹਨ, ਜ਼ੁਬਾਨ 'ਚੋਂ ਕਿਸੇ ਵੀ ਭਾਸ਼ਾ ਦਾ ਕੋਈ ਸ਼ਬਦ ਨਹੀਂ ਨਿਕਲ ਰਿਹਾ। ਮੈਂ ਸਿਰਫ਼ ਉਹਨਾਂ ਸਾਰਿਆਂ ਅੱਗੇ ਨਤਮਸਤਕ ਹੋ ਰਿਹਾਂ ਜੋ ਲਾਵਾਰਿਸ ਹੋ ਕੇ ਵੀ ਏਨੀਆਂ ਭਾਸ਼ਾਵਾਂ, ਧਰਮਾਂ ਅਤੇ ਇਸ ਧਰਤ 'ਦ ਕਾਮਨ ਅਰਥ' ਦੇ ਅਸਲ ਵਾਰਿਸ ਹਨ। ਸੋਫ਼ੇ ਤੇ ਬੈਠੇ ਮਿਸਜ਼ ਨੈਵੀਕੋਵ ਦਾ ਚਿਹਰਾ ਹੁਣ ਮੈਨੂੰ ਟੈਗੋਰ ਦੇ ਚਿਹਰੇ ਵਿੱਚ ਵਿਲੀਨ ਹੋ ਰਿਹਾ ਜਾਪਦੈ ਜੋ ਮੁਸਕਰਾਉਂਦਿਆਂ ਕਹਿ ਰਿਹੈ, 'ਵੇਅਰ ਦ ਮਾਈਂਡ ਇਜ਼ ਵਿਦਾਉਟ ਫੀਅਰ'।

ਇਸ ਤੋਂ ਪਹਿਲਾਂ ਕਿ ਮੈਂ ਉੱਠ ਕੇ ਮਦਰ ਨੈਵੀਕੋਵ ਦੇ ਪੈਰਾਂ ਨੂੰ ਛੂਹਾਂ, ਆਗੰਮਿਆ ਪਰੀ ਦਾ ਹੱਥ ਘੁੱਟ ਕੇ ਅਲਵਿਦਾ ਕਹਾਂ, ਫ਼ੋਨ 'ਤੇ ਸਵੇਰ ਦਾ ਅਲਾਰਮ ਵੱਜਣ ਲੱਗ ਪਿਆ ਹੈ। ਮੈਂ ਬਿਸਤਰੇ 'ਚੋਂ ਈ ਨਹੀਂ 'ਦ ਕਾਮਨ ਅਰਥ' 'ਚੋਂ ਵੀ ਬਾਹਰ ਨਿਕਲ ਕੇ ਫੋਨ ਆਨ ਕਰਦਾ ਹਾਂ। ਟੀਚਰਜ ਗਰੁੱਪ ਵਿੱਚ ਆਇਆ ਮੈਸਜ ਪੜ੍ਹਦਾ ਹਾਂ; ਅੰਮ੍ਰਿਤਸਰ ਵਿੱਚ ਹੋਏ ਫਿਰਕੂ ਹੰਗਾਮੇ ਕਾਰਨ ਅੱਜ ਧਾਰਮਿਕ ਜੱਥੇਬੰਦੀਆਂ ਵੱਲੋਂ ਪੰਜਾਬ ਬੰਦ ਦੀ ਕਾਲ। ਵਿਦਿਆਰਥੀਆਂ ਨੂੰ ਛੁੱਟੀ ਰਹੇਗੀ। ਅਧਿਆਪਕ ਰੋਜ਼ਾਨਾ ਵਾਂਗ ਹਾਜ਼ਰ ਹੋਣਗੇ ।ਮੈਂ ਫ਼ੋਨ ਨੂੰ ਪਰਾਂ ਰੱਖ ਸਕੂਲ ਜਾਣ ਦੀ ਤਿਆਰੀ ਕਰਦਾ ਹਾਂ, ਦੂਰ ਬੇਟ ਦੇ ਇਲਾਕੇ ਵਿੱਚ ਵੱਸਦੇ ਇੱਕ ਪੱਛੜੇ ਜਿਹੇ ਪਿੰਡ ਵੱਲ ਜਿੱਥੇ ਹਾਲੇ ਵੀ ਅੱਠਾਂ ਵਿੱਚੋਂ ਦੋ ਅਸਾਮੀਆਂ ਭਰੀਆਂ ਨੇ। ਦੂਜੇ ਅਧਿਆਪਕ ਨੇ ਅੰਮ੍ਰਿਤਸਰੋਂ ਆਉਣਾ ਜਿੱਥੇ ਹਰਮੰਦਰ ਦੀ ਗੋਦ ਵਿੱਚ ਫਿਰਕੂ ਹੰਗਾਮਾ ਹੋਇਐ...।

**ਸੰਪਰਕ**: 81462-57200

**ਪੰਜਾਬੀ ਦੇ ਚਰਚਿਤ ਕਹਾਣੀਕਾਰ ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਨਵਾਂ ਸੰਗ੍ਰਹਿ**


***ਨਾਂਗੇਲੀ***

**ਕਹਾਣੀਕਾਰ**

***ਸਰੂਪ ਸਿਆਲਵੀ***

**ਪ੍ਰਕਾਸ਼ਕ ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

**ਮੁੱਲ 200, ਪੰਨੇ 122**



## ਕਹਾਣੀ

# ਸੂਹਣ ਦਾ ਮੁੱਠਾ

**ਪਰਮਿੰਦਰ ਕੌਰ ਸਵੈਚ**



ਅੱਜ ਮੈਂ ਬਹੁਤ ਦਿਨਾਂ ਬਾਅਦ ਸ਼ੌਪਿੰਗ ਮਾਲ਼ ਗਈ ਹਾਂ, ਨਹੀਂ ਤਾਂ ਨੇੜੇ ਦੇ ਗਰੋਸਰੀ ਸਟੋਰ ਜਾਂਦੀ ਹਾਂ ਤੇ ਖਾਣ ਪੀਣ ਦੀਆਂ ਜ਼ਰੂਰੀ ਚੀਜ਼ਾਂ ਲੈ ਕੇ ਮੁੜ ਆਉਂਦੀ ਹਾਂ। ਕੋਵਿਡ ਨੇ ਘਰਾਂ ਵਿੱਚ ਅਜਿਹਾ ਬੰਦ ਕੀਤਾ ਹੈ ਕਿ ਹੁਣ ਤਾਂ ਰੂਹ ਵੀ ਨਹੀਂ ਕਰਦੀ ਕਿ ਬੇਲੋੜਾ ਬਾਹਰ ਜਾਇਆ ਜਾਵੇ। ਸੁਰਬੀਨ ਮੈਨੂੰ ਸ਼ੌਪਿੰਗ ਮਾਲ ਜਾਣ ਲਈ ਕਈ ਵਾਰ ਕਹਿ ਚੁੱਕੀ ਹੈ, ਪਰ ਮੈਂ ਹਰ ਸਮੇਂ ਟਾਲ ਮਟੋਲ ਹੀ ਕਰਦੀ ਰਹਿੰਦੀ ਹਾਂ। ਅੱਜ ਜਦ ਉਸਨੇ ਖਹਿੜਾ ਹੀ ਨਾ ਛੱਡਿਆ ਤਾਂ ਅਣਮੰਨੇ ਜਿਹੇ ਦਿਲ ਨਾਲ ਉਹਦਾ ਦਿਲ ਰੱਖਣ ਲਈ ਮਾਲ਼ ਆ ਗਈ ਹਾਂ। ਸੁਰਬੀਨ ਨੇ ਵੱਖ ਵੱਖ ਸਟੋਰਾਂ ਵਿੱਚੋਂ ਕਾਫ਼ੀ ਸਮਾਨ ਖ਼ੀਦਿਆ ਪਰ ਮੈਂ ਆਪ ਕੁੱਝ ਵੀ ਖ਼ੀਦਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਸਟੋਰਾਂ ਵਿੱਚ ਫਿਰਦਿਆਂ ਜਦੋਂ ਇੰਡੀਆ ਬਜ਼ਾਰ ਹੋਲ ਸੇਲ ਨਜ਼ਰ ਆਇਆ ਤਾਂ ਸੁਭਾਵਕ ਹੀ ਮੈਂ ਉਧਰ ਨੂੰ ਅਹੁਲ ਗਈ। ਸੁਰਬੀਨ ਨੇ ਮੇਰੀਆਂ ਅੱਖਾਂ ਦੀ ਚਮਕ ਦੇਖ ਕੇ ਕਿਹਾ, "ਮਾਂ ਘਰੋਂ ਤਾਂ ਮਾਲ਼ ਆਉਣ ਨੂੰ ਤਿਆਰ ਈ ਨਹੀਂ ਸੀ, ਹੁਣ ਐਥੋਂ ਕੀ ਲੈਣੇ ?"

"ਸੁਰਬੀਨ, ਲੈਣਾ ਤਾਂ ਕੁਸ਼ ਨਹੀਂ, ਪਰ ਉਂਜ ਹੀ ਪ੍ਰਦੇਸਾਂ ਵਿੱਚ ਆ ਕੇ ਇੰਡੀਆ ਦੀਆਂ ਚੀਜ਼ਾਂ ਦੇਖਣ ਨੂੰ ਦਿਲ ਕਰ ਆਉਂਦੈ।" ਮੈਂ ਹਾਉਕਾ ਜਿਹਾ ਲੈ ਕੇ ਕਿਹਾ।

"ਜੇ ਕੁਸ਼ ਲੈਣਾ ਨਹੀਂ ਫਿਰ ਟਾਈਮ ਖ਼ਰਾਬ ਕਿਉਂ ਕਰਦੇ ਓਂ ?" ਸੁਰਬੀਨ ਨੇ ਲਾਪ੍ਰਵਾਹੀ ਨਾਲ ਕਿਹਾ।

ਮੈਂ ਉਸਦੇ ਰੋਕਦੇ ਰੋਕਦੇ ਸਟੋਰ ਵਿੱਚ ਵੜ ਗਈ। ਸਟੋਰ ਵਿੱਚ ਹਰ ਤਰ੍ਹਾਂ ਦੀਆਂ ਚੀਜ਼ਾਂ ਵੱਖਰੀ ਵੱਖਰੀ ਲਾਈਨ ਵਿੱਚ ਸ਼ੈਲਫਾਂ ਤੇ ਸਲੀਕੇ ਨਾਲ ਚਿਣੀਆਂ ਪਈਆਂ ਹਨ। ਅਚਾਰ, ਚਟਨੀਆਂ, ਮਸਾਲੇ, ਦਾਲਾਂ, ਭਾਂਡੇ, ਖੁਰਪੇ, ਦਾਤੀਆਂ ਆਦਿ ਕਿੰਨਾ ਈ ਕੁੱਝ। ਮੇਰਾ ਹਰ ਚੀਜ਼ ਦੇਖ ਕੇ ਖ਼ੀਦਣ ਨੂੰ ਦਿਲ ਕਰਦਾ ਹੈ ਚਾਹੇ ਹੁਣ ਬੱਚੇ ਵੱਡੇ ਹੋ ਗਏ ਹਨ ਤੇ ਘਰ ਵਿੱਚ ਮੇਰਾ ਖ਼ੀਦਿਆ ਵਾਧੂ ਘਾਟੂ ਸਮਾਨ ਰੱਖਣਾ ਪਸੰਦ ਨਹੀਂ ਕਰਦੇ। ਸੁਰਬੀਨ ਤਾਂ ਕਈ ਵਾਰੀ ਲੜ ਹੀ ਪੈਂਦੀ ਐ।

"ਮਾਂ ਜਿੰਨਾ ਘਰ ਵਿੱਚ ਵਾਧੂ ਸਮਾਨ ਹੁੰਦੈ ਨਾ, ਉੱਨਾ ਬੰਦਾ ਵੱਧ ਬਿਮਾਰ ਰਹਿੰਦੈ।" ਉਹ ਅਕਸਰ ਖਿਝੀ ਹੋਈ ਕਹਿ ਦਿੰਦੀ ਐ।

"ਨੀਂ ਧੀਏ, ਮੈਂ ਤਾਂ ਇਹ ਸਾਰਾ ਕੁੱਝ ਰੀਝਾਂ ਨਾਲ...।"

"ਪਹਿਲਾਂ ਮਾਂ ਸਮਾਨ ਰੱਖਣ ਦਾ ਫ਼ਿਕਰ, ਫਿਰ ਸਾਂਭਣ ਦਾ ਫ਼ਿਕਰ ਤੇ ਫਿਰ ਚੀਜ਼ਾਂ ਦੀ ਸਫ਼ਾਈ ਦਾ ਫ਼ਿਕਰ। ਜੇ ਕੁੱਝ ਹੋਰ ਨਵਾਂ ਲੈ ਆਏ ਫਿਰ ਪੁਰਾਣੇ ਨੂੰ ਸਿੱਟਣ ਦਾ ਫ਼ਿਕਰ। ਪਹਿਲਾਂ ਈ ਘਰ ਭਰੀ ਬੈਠੇ ਓਂ, ਹੋਰ ਕਿੱਥੇ ਰੱਖਾਂਗੇ ? ਲੋੜ ਦੀਆਂ ਚੀਜ਼ਾਂ ਈ ਲੈਣੀਆਂ ਚਾਹੀਦੀਆਂ ਨੇ।" ਉਹ ਤਲਖ਼ ਹੋ ਕੇ ਕਹਿੰਦੀ ਹੈ।

ਮੈਂ ਸਮਝਦੀ ਹਾਂ ਕਿ ਗੱਲ ਤਾਂ ਉਹਦੀ ਵੀ ਠੀਕ ਈ ਐ, ਐਂਵੇ ਘਰ ਵਿੱਚ ਕੁੱਝ ਨਾ ਕੁੱਝ ਨਵਾਂ

ਲਿਆ ਰੱਖਦੀ ਆਂ। ਅੱਜ ਵੀ ਸਟੋਰ ਵਿੱਚ ਚੀਜ਼ਾਂ ਦੇਖ ਦੇਖ ਮਨ ਨੂੰ ਉਹੀ ਪੁਰਾਣਾ ਪੰਜਾਬ ਦਾ ਅਹਿਸਾਸ ਜਿਹਾ ਹੋ ਰਿਹਾ ਹੈ। ਮੇਰਾ ਝੁਕਾਅ ਦੇਖ ਸੁਰਬੀਨ ਫਟਾਫਟ ਦਰਵਾਜ਼ੇ ਤੇ ਜਾ ਕੇ ਖੜ੍ਹ ਗਈ ਹੈ। ਉਹਨੂੰ ਪਤਾ ਹੈ ਕਿ ਮਾਂ ਨੇ ਹੁਣ ਇੱਥੋਂ ਛੇਤੀ ਨਹੀਂ ਨਿਕਲਣਾ। ਮੈਂ ਅਣਮੰਨੇ ਦਿਲ ਨਾਲ ਬਾਹਰ ਨੂੰ ਤੁਰ ਪੈਂਦੀ ਹਾਂ। ਆਲ਼ਾ ਦੁਆਲ਼ਾ ਦੇਖਦੀ ਹੋਈ ਜਦੋਂ ਦਰਵਾਜ਼ੇ ਦੇ ਕੋਲ਼ ਸੱਜੇ ਪਾਸੇ ਨੂੰ ਨਿਗ੍ਹਾ ਗਈ ਤਾਂ ਤੀਲਾਂ ਵਾਲ਼ੀਆਂ ਸੂਹਣਾਂ ਪਈਆਂ ਦੇਖ ਕੇ ਝੱਟ ਚੁੱਕਣ ਲੱਗਦੀ ਹਾਂ। ਸਾਡੇ ਇਲਾਕੇ (ਮਾਲਵੇ) ਵਿੱਚ ਝਾੜੂ ਜਾਣੀ ਲੰਬੀਆਂ ਤੀਲਾਂ ਵਾਲੇ ਝਾੜੂ ਨੂੰ ਸੂਹਣ ਕਹਿੰਦੇ ਹਨ।

ਸੁਰਬੀਨ ਨੇ ਪਿੱਠ ਘੁਮਾ ਕੇ ਦੇਖੀ ਤਾਂ ਮੇਰੇ ਹੱਥ ਵਿੱਚ ਮੇਰੇ ਪਸੰਦ ਦੀਆਂ ਦੋ ਸੂਹਣਾਂ ਹਨ।

"ਮਾਂ, ਕੀ ਚੱਕੀ ਆਉਨੇ ਓਂ, ਰੱਖੋ ਇਹਨਾਂ ਨੂੰ ਐਥੇ। ਆਜੋ ਮੈਂ ਚੱਲੀ ਆਂ ਗੱਡੀ ਵਿੱਚ, ਲੇਟ ਹੋ ਰਹੇ ਆਂ।" ਆਖਦਿਆਂ ਸੁਰਬੀਨ ਪਾਰਕਿੰਗ ਲਾਟ ਵੱਲ ਨੂੰ ਚਲੀ ਗਈ।

ਮੈਂ ਉਸਦੀ ਕਾਹਲ਼ੀ ਨੂੰ ਦੇਖਦੀ ਹੋਈ ਫਟਾ ਫਟ ਕਾਊਂਟਰ ਤੇ ਜਾਂਦੀ ਹਾਂ ਤੇ ਦੋਨੋਂ ਸੂਹਣਾਂ ਦਾ ਬਿੱਲ ਦੇ ਕੇ ਅੰਦਰੋਂ ਸੁਰਬੀਨ ਦੀਆਂ ਦਲੀਲਾਂ ਤੋਂ ਡਰਦੀ ਤੇ ਚਿਹਰੇ ਤੇ ਖ਼ੁਸ਼ੀ ਲਿਆ ਕੇ ਗੱਡੀ ਵਿੱਚ ਜਾ ਬੈਠਦੀ ਹਾਂ।

"ਮਾਂ ਮੇਰੇ ਕਹੇ ਤੇ ਹਟੇ ਨਹੀਂ।" ਮੇਰੇ ਹੱਥ ਵਿੱਚ ਸੂਹਣਾਂ ਦੇਖ, ਉਸਨੇ ਹੱਸ ਕੇ ਕਿਹਾ, "ਨਾ ਇਹ ਦੋ ਕੀ ਕਰਨੀਆਂ ਸੀ ?"

"ਪੁੱਤ, ਅਸੀਂ ਇੱਕ ਦੇ ਨਾਲ ਅੰਦਰੋਂ ਸੁੰਭਰਦੇ ਹੁੰਦੇ ਸੀ ਤੇ ਇੱਕ ਨਾਲ ਬਾਹਰੋਂ।" ਮੈਂ ਚਾਅ ਨਾਲ ਜਵਾਬ ਦਿੱਤਾ।

"ਮਾਂ, ਇੱਥੇ ਤੂੰ ਇਨ੍ਹਾਂ ਨਾਲ, ਨਾ ਬਾਹਰ ਸੁੰਭਰਨਾ ਹੈ ਤੇ ਨਾ ਅੰਦਰ, ਐਵੇਂ ਜੰਕ ਨਾਲ ਘਰ ਭਰੀ ਜਾਨੈਂ ਓ। ਹੁਣ ਇਹ ਰੁਲ਼ਦੀਆਂ ਫਿਰਨਗੀਆਂ ਘਰ ਵਿੱਚ, ਕਦੇ ਕਿਸੇ ਖੂੰਜੇ, ਕਦੇ ਕਿਸੇ ਖੂੰਜੇ।"

"ਗੱਲ ਤਾਂ ਤੇਰੀ ਠੀਕ ਐ ਸੁਰਬੀਨ।"

"ਮਾਂ ਤੇਰੀਆਂ ਸੂਹਣਾਂ ਨੇ ਏਥੇ ਕੁੱਝ ਨ੍ਹੀਂ ਕਰਨਾ, ਘਰ ਸਾਫ਼ ਕਰਨ ਲਈ ਤਾਂ ਵੈਕਿਊਮ ਵਰਤਦੇ ਹਾਂ।" ਮੈਂ ਸੁਰਬੀਨ ਦੀ ਗੱਲ਼ ਅਣਸੁਣੀ ਕਰ ਦਿੰਦੀ ਹਾਂ।

ਜਲਦੀ ਹੀ ਅਸੀਂ ਘਰ ਪਹੁੰਚ ਜਾਂਦੀਆਂ ਹਾਂ ਤਾਂ ਸੁਰਬੀਨ ਫਟਾਫਟ ਗਰੋਸਰੀ ਲੁਹਾ ਕੇ ਰੂਮ ਵਿੱਚ ਤਿਆਰ ਹੋਣ ਚਲੀ ਜਾਂਦੀ ਹੈ ਤੇ ਕੁੱਝ ਚਿਰ ਬਾਅਦ, "ਮਾਂ ਮੈਂ ਦੋਸਤਾਂ ਨਾਲ ਬਾਹਰ ਚੱਲੀ ਆਂ, ਦੋ-ਤਿੰਨ ਘੰਟੇ ਲੱਗ ਜਾਣਗੇ।" ਆਖਦਿਆਂ ਚਲੀ ਜਾਂਦੀ ਹੈ।

"ਚੰਗਾ!"

ਮੈਂ ਸੂਹਣਾਂ ਦੀ ਦੁਨੀਆਂ ਵਿੱਚ ਗੁਆਚ ਜਾਂਦੀ ਹਾਂ। ਸਾਡੀ ਦਾਦੀ ਇਹਨਾਂ ਸੂਹਣਾਂ ਨੂੰ ਘਰ ਦਾ ਰੰਗ ਭਾਗ ਸਮਝਦੀ ਹੁੰਦੀ ਸੀ। ਜੇ ਕਿਤੇ ਸੂਹਣ ਦੀਆਂ ਤੀਲਾਂ ਖਿੰਡ ਜਾਣੀਆਂ ਤਾਂ ਉਹ ਬੀਬੀ ਨਾਲ ਬਹੁਤ ਲੜਦੀ ਹੁੰਦੀ ਸੀ। ਦਾਦੀ ਨੇ ਗੁੱਸੇ 'ਚ ਕਹਿਣਾ, "ਜੇ ਇੱਕ ਇੱਕ ਤੀਲਾ ਕਰਕੇ ਖਿੰਡਾ ਦਿੱਤੀਆਂ ਤਾਂ ਸੋਥਾ ਕਿੱਥੋਂ ਰਹੂ ? ਮੈਂ ਤਾਂ ਇੱਕ ਇੱਕ ਕਰਕੇ ਸਾਰੇ ਟੱਬਰ ਨੂੰ ਜੂੜੇ 'ਚ ਬੰਨ੍ਹਿਆਂ ਹੋਇਐ, ਤੈਂਅ ਇਹਦਾ ਖਿਆਲ ਰੱਖਣੈ। ਤੂੰ ਸਭ ਨਾਲੋਂ ਵੱਡੀ ਐਂ।"

ਬੀਬੀ ਨੇ ਹਾਂ ਵਿੱਚ ਸਿਰ ਹਿਲਾ ਦੇਣਾ ਤੇ ਇਕੱਲੀ ਇਕੱਲੀ ਤੀਲ ਇਕੱਠੀ ਕਰਦੀ ਫਿਰਨਾ। ਸੂਹਣ ਘਸ ਘਸ ਕੇ ਚਾਰ ਚਾਰ ਇੰਚ ਦੀ ਤਾਂ ਰਹਿ ਜਾਣੀ ਪਰ ਮਜ਼ਾਲ ਐ ਕਿ ਤੀਲੀਆਂ ਖਿੰਡ ਜਾਣ। ਬਚਦੇ

ਮੁੱਠੇ ਨੂੰ ਵੀ ਪਤੀਲੇ ਮਾਂਜਣ ਨੂੰ ਰੱਖ ਲੈਣਾ। ਕਈ ਵਾਰ ਜੇ ਅੰਦਰਲੀ ਸੂਹਣ ਨਾਲ ਭੋਰਾ ਭਰ ਬਾਹਰਵਾਰ ਸੁੰਭਰ ਦੇਣਾ ਤਾਂ ਦਾਦੀ ਨੇ ਮੰਜੇ ਤੇ ਬੈਠੀ ਨੇ ਹੀ ਆਪਣੀ ਖੂੰਢੀ ਮੰਜੀ ਦੀ ਦੌਣ ਤੇ ਮਾਰਕੇ ਲਲਕਾਰ ਦੇਣਾ, "ਨੀ ਸੁਰਜੀਤੋ ਥੋਨੂੰ ਅਕਲ ਨੀ ? ਬਾਹਰ ਦਾ ਗੰਦ ਹੁਣ ਅੰਦਰ 'ਕੱਠਾ ਕਰਨੈ?"



ਉਹਨਾਂ ਝੱਟ ਸੂਹਣ ਬਦਲ ਦੇਣੀ। ਦਾਦੀ ਦਾ ਘਰ ਵਿੱਚ ਬਹੁਤ ਰੋਹਬ ਹੁੰਦਾ ਸੀ। ਸਾਰਾ ਟੱਬਰ ਤਾਂ ਉਸਨੂੰ ਪੁੱਛ ਕੇ ਗੱਲ ਕਰਦਾ ਹੀ ਸੀ, ਆਂਢ ਗੁਆਂਢ ਵੀ ਦਾਦੀ ਦੀ ਹਰ ਚੰਗੀ ਮਾੜੀ ਸਲਾਹ ਵਿੱਚ ਪੁੱਛ ਗਿੱਛ ਹੁੰਦੀ। ਦੋਨੋਂ ਚਾਚੀਆਂ ਤੇ ਬੀਬੀ ਤਾਂ ਡਰਦੀਆਂ ਈ ਬਹੁਤ ਸੀ। ਇੱਜ਼ਤ ਵੀ ਬਹੁਤ ਕਰਦੀਆਂ ਸਨ। ਉਹ ਮੂੰਹ ਦੀ ਕਸੈਲੀ ਜ਼ਰੂਰ ਸੀ ਪਰ ਸਾਰਿਆਂ ਨੂੰ ਦਿਲੋਂ ਪਿਆਰ ਵੀ ਕਰਦੀ ਸੀ। ਸਾਰਿਆਂ ਦੀਆਂ ਲੋੜਾਂ ਦਾ ਵੀ ਖਿਆਲ ਰੱਖਦੀ। ਉਂਜ ਲੋੜਾਂ ਹੁੰਦੀਆਂ ਵੀ ਕਾਹਦੀਆਂ ਸੀ, ਤਿੰਨ ਵੇਲ਼ੇ ਦੀ ਰੋਟੀ ਤੇ ਵਰ੍ਹੇ ਛਮਾਹੀ ਇੱਕ ਇੱਕ ਸੂਟ ਤੇ ਜੁੱਤੀਆਂ ਦਾ ਜੋੜਾ।

ਇੱਕ ਵਾਰ ਮੇਰੇ ਚਾਚੇ ਦੇ ਮੁੰਡੇ ਨੇ ਖੇਡਦੇ ਖੇਡਦੇ ਨੇ ਪਤਾ ਨਹੀਂ ਕਿੱਥੋਂ ਸੂਹਣ ਲਿਆ ਕੇ ਖੂੰਜੇ ਵਿੱਚ ਖੜ੍ਹੀ ਕਰ ਦਿੱਤੀ ਤਾਂ ਮੇਰੀ ਦਾਦੀ ਤਾਂ ਸਾਰਿਆਂ ਦੇ ਗਲ਼ ਪੈ ਗਈ।

"ਇਹ ਤਾਂ ਬਹੁਤ ਮਾੜਾ ਹੁੰਦੈ।"

ਮੈਂ ਉਦੋਂ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ। ਮੈਨੂੰ ਗੱਲਾਂ ਦੀ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗ ਪਈ ਸੀ ਤੇ ਨਵਾਂ ਸਮਝਣ ਦੀ ਹਰਵਕਤ ਉਤਸੁਕਤਾ ਰਹਿੰਦੀ। ਉਦੋਂ ਤਾਂ ਦਾਦੀ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ ਪਰ ਤੀਜੇ ਦਿਨ ਮੈਂ ਦਾਦੀ ਤੋਂ ਕਹਾਣੀਆਂ ਸੁਣਨ ਦੇ ਬਹਾਨੇ ਉਸਦੀ ਗੋਦੀ 'ਚ ਸਿਰ ਰੱਖ ਕੇ ਪੈ ਗਈ।

"ਬੇਬੇ ਥੋਨੂੰ ਹਰ ਵਕਤ ਝਾੜੂ ਦਾ ਕਿਉਂ ਐਨਾ ਫਿਕਰ ਰਹਿੰਦੈ ?" ਮੈ ਲਾਡ ਨਾਲ ਉਹ ਨੂੰ ਪੁੱਛਿਆ ਸੀ।

"ਧੀਏ ਇਹੀ ਤਾਂ ਹੈ ਜੋ ਸਾਡੇ ਘਰ ਦਾ ਸਾਰਾ ਦਲਿੱਦਰ 'ਕੱਠਾ ਕਰਕੇ ਬਾਹਰ ਸਿੱਟਦਾ ਰਹਿੰਦੈ। ਜੇ ਘਰ ਵਿੱਚ ਗੰਦ ਪਿਆ ਰਹੇ ਤਾਂ ਸੌ ਬਿਮਾਰੀ ਲੱਗੂ। ਨਾਲੇ ਧੀਏ ਦੇਖਣ ਨੂੰ ਘਰ ਸਾਫ਼ ਸੁਥਰਾ ਲੱਗਦੈ।"

"ਬੇਬੇ, ਤੁਸੀਂ ਕਹਿੰਦੇ ਸੀ ਕਿ ਸੂਹਣ ਖੜ੍ਹੀ ਕਰਨੀ ਬਹੁਤ ਮਾੜੀ ਹੁੰਦੀ ਐ, ਉਹ ਕਿਵੇਂ ?

"ਜ਼ਿੰਦਗੀ ਵਿੱਚ ਅਸੀਂ ਇਹਨਾਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਬਹੁਤ ਕੁੱਝ ਸਿੱਖਦੇ ਆਂ ਪੁੱਤ।"

"ਉਹ ਕਿਵੇਂ ?" ਮੈਂ ਉਤਸੁਕਤਾ ਨਾਲ ਪੁੱਛਿਆ।

"ਧੀਏ, ਜੇ ਸੂਹਣ ਦਾ ਮੁੱਠਾ ਉੱਤੇ ਨੂੰ ਐ ਤਾਂ ਤੀਲੀਆਂ ਨੇ ਮੁਚ ਜਾਣੈ, ਝੁਕ ਜਾਣੈ ਜਾਂ ਟੁੱਟ ਜਾਣੈ ਤੇ ਜੇ ਖੜ੍ਹੀ ਸੂਹਣ ਦਾ ਮੁੱਠਾ ਥੱਲੇ ਨੂੰ ਹੋਵੇ ਤਾਂ 'ਕੱਲੀ 'ਕੱਲੀ ਤੀਲੀ ਬਿਖਰ ਕੇ ਥਾਂ ਥਾਂ ਰੁਲ਼ਦੀ ਫਿਰੂ। ਇਹੀ

ਗੱਲ ਪਰਿਵਾਰਾਂ ਦੀ ਆ। ਨਾ ਪਰਿਵਾਰ ਦੇ ਜੀਆਂ ਦਾ ਮੁਚਣਾ, ਝੁਕਣਾ, ਟੁੱਟਣਾ ਤੇ ਬਿੱਖਰਨਾ ਚੰਗਾ ਤੇ ਨਾ ਹੀ ਸਭ ਦੇ ਮੂੰਹ ਪਰ੍ਹੇ ਪਰ੍ਹੇ ਹੋ ਜਾਣ ਇਹ ਚੰਗੈ। ਪੁੱਤ ਮੈਂ ਨੀਂ ਚਾਹੁੰਦੀ ਕਿ ਸਾਡੇ ਬੈਠੇ ਬਿਠਾਏ ਇਹ ਹੋਵੇ।

"ਆਪਣੇ ਘਰ ਵਿੱਚ ਮੁੱਠਾ ਕਿਹੜਾ ?" ਮੈਂ ਸੁਭਾਵਕ ਹੀ ਆਪਣੀ ਨਾ-ਸਮਝੀ ਮੁਤਾਬਕ ਪੁੱਛਿਆ।

"ਮੈਂ ਤੇ ਤੇਰੇ ਦਾਦਾ ਜੀ, ਜਿਹੜੇ ਇਹ ਘਰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਾਂ। ਮੈਨੂੰ ਤਾਂ ਪੁੱਤ ਇਹ ਸੂਹਣ ਹੀ ਘਰ ਵਿੱਚ ਏਕੇ ਦਾ ਝਾਉਲਾ ਪਾਉਂਦੀ ਦੀਂਹਦੀ ਆ। ਸਾਰੀਆਂ ਤੀਲੀਆਂ 'ਕੱਠੀਆਂ ਹੋ ਕੇ ਮਿੰਟੋਂ ਮਿੰਟੀਂ ਸਾਰਾ ਗੰਦ ਹੂੰਝ ਦਿੰਦੀਆਂ। ਭਲਾ 'ਕੱਲੀ 'ਕੱਲੀ ਕਰ ਲਊ ਇਹ ਸਾਰਾ ਕੰਮ ? ਉਹੀ ਗੱਲ ਪਰਿਵਾਰਾਂ ਦੀ ਐ। ਸਾਰੇ ਮਿਲ ਕੇ ਰਹਿਣ, ਹਮੇਸ਼ਾਂ ਤਰੱਕੀ ਵੱਲ ਜਾਂਦੇ ਨੇ। ਅਸੀਂ ਤਾਂ ਇਵੇਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਲੈ ਕੇ ਜ਼ਿੰਦਗੀ ਬਸਰ ਕਰਦੇ ਆਂ, ਮੇਰੀ ਮਾਂ ਵੀ ਇਵੇਂ ਸਮਝਾਉਂਦੀ ਸੀ ਤੇ ਦਾਦੀ ਵੀ।" ਦਾਦੀ ਨੇ ਸਹਿਜ ਸੁਭਾਵਕ ਹੀ ਇਹ ਸਾਰਾ ਕੁੱਝ ਕਹਿ ਦਿੱਤਾ।

" ਬੇਬੇ, ਇੱਕ ਦਿਨ ਬਾਪੂ ਜੀ ਮੱਘਰ ਚਾਚੇ ਨੂੰ ਖੜ੍ਹੀ ਸੂਹਣ ਕਿਉਂ ਕਹਿੰਦੇ ਸੀ।" ਮੈਨੂੰ ਇਕਦਮ ਯਾਦ ਆਇਆ ਤਾਂ ਮੈਂ ਉਤਸੁਕਤਾ ਨਾਲ ਪੁੱਛ ਲਿਆ।

ਬੇਬੇ ਹੱਸਣ ਲੱਗ ਪਈ, "ਉਹ ਤਾਂ ਢੈਅ ਜਾਣਾ, ਹੈ ਹੀ ਖੜ੍ਹੀ ਸੂਹਣ। ਕਲੇਸੀ ਕਿਤੇ ਦਾ। ਐਵੇਂ ਕਿਤੇ ਨਾ ਕਿਤੇ ਟੰਗ ਫਸਾਈ ਰੱਖਦੈ।"

ਦਾਦੀ ਮੇਰੇ ਹੱਕੇ ਬੱਕੇ ਭੋਲ਼ੇ ਜਿਹੇ ਮੂੰਹ ਵੱਲ ਦੇਖ ਕੇ ਕਹਿੰਦੀ, "ਪੁੱਤ ਜਿਹੜਾ ਬੰਦਾ ਐਵੇਂ ਵਾਧੂ ਦੀ ਲੜਾਈ ਮੁੱਲ ਲੈਂਦਾ ਰਹਿੰਦਾ, ਉਹਨੂੰ ਕਹਿ ਦਿੰਦੇ ਨੇ, 'ਇਹ ਤਾਂ ਹਰਵਕਤ ਖੜ੍ਹੀ ਸੂਹਣ ਰੱਖਦੈ'।"

ਉਦੋਂ ਦਾਦੀ ਦੀਆਂ ਕਹਾਣੀਆਂ ਸੁਣਨ ਦਾ ਚਾਅ ਹੁੰਦਾ ਸੀ, ਉਹਨਾਂ ਦੇ ਅਰਥ ਜਾਂ ਸਿੱਟਾ ਕੱਢਣਾ ਅੱਥਰੀ ਜਵਾਨੀ ਵਿੱਚ ਬਹੁਤੇ ਮਾਅਨੇ ਨਹੀਂ ਸੀ ਰੱਖਦੈ। ਉਂਜ ਵੀ ਜ਼ਿੰਦਗੀ ਦੀ ਭੱਜ ਨੱਠ ਵਿੱਚ ਇਹਨਾਂ ਨਿਗੂਣੀਆਂ ਜਿਹੀਆਂ ਗੱਲਾਂ ਬਾਰੇ ਸੋਚਣ ਦਾ ਸਮਾਂ ਕਿਸ ਕੋਲ ਹੁੰਦਾ ਸੀ ?

ਪਰ ਅੱਜ ਸੂਹਣਾਂ ਦੇਖ ਕੇ ਖਿਆਲ ਉਡਾਰੀਆਂ ਮਾਰਦੇ ਫਿਰ ਰਹੇ ਹਨ। ਮੈਂ ਚਾਹ ਬਣਾ ਲਈ ਤੇ ਪੀਣ ਲਈ ਸੋਫੇ ਤੇ ਬੈਠ ਕੇ ਟੀ. ਵੀ. ਦਾ ਬਟਨ ਖ਼ਬਰਾਂ ਸੁਣਨ ਲਈ ਦੱਬਿਆ। ਪੰਜਾਬੀ ਚੈਨਲ 'ਤੇ ਇੱਕ ਨਵੀਂ ਪਾਰਟੀ ਦੇ ਭਾਸ਼ਣ ਕਰ ਰਹੇ ਲੀਡਰ ਦੇ ਪਿੱਛੇ ਬੈਨਰ ਤੇ ਬਣੇ ਝਾੜੂ 'ਤੇ ਧਿਆਨ ਚਲਾ ਜਾਂਦਾ ਹੈ। ਮੇਰਾ ਸੁਰਤ ਫਿਰ ਅਤੀਤ ਵਿੱਚ ਗੁਆਚ ਜਾਂਦੀ ਹੈ। ਜਦੋਂ ਇਸ ਪਾਰਟੀ ਦਾ ਨਵਾਂ ਨਵਾਂ ਬੋਲਬਾਲਾ ਹੋਇਆ ਸੀ ਉਦੋਂ ਪ੍ਰਵਾਸੀ ਭਾਰਤੀਆਂ ਨੂੰ ਤਾਂ ਐਂ ਲੱਗਦਾ ਸੀ ਕਿ ਹੁਣ ਝਾੜੂ ਨੇ ਸਾਰੇ ਭਾਰਤ ਦਾ ਗੰਦ ਮੰਦ ਹੂੰਝ ਕੇ ਸਾਫ਼ ਕਰ ਦੇਣਾ ਹੈ। ਕਈ ਸੁਹਿਰਦ ਲੋਕ ਕਹਿੰਦੇ, "ਜਦੋਂ ਸਾਰਾ ਸਿਸਟਮ ਉਲਝਿਆ ਹੋਵੇ ਤਾਂ ਇਕੱਲੀ ਦੁਕੱਲੀ ਪਾਰਟੀ ਕੁੱਝ ਨੀ ਕਰ ਸਕਦੀ।"

ਦੇਸ਼ ਪ੍ਰੇਮ ਵਿੱਚ ਭਾਵਕ ਹੋਏ ਲੋਕ ਇੱਕ ਦੂਜੇ ਦੇ ਗਲ਼ ਪੈ ਜਾਂਦੇ ਕਿ ਤੁਸੀਂ ਕੁੱਝ ਪੌਜੇਟਿਵ ਨਹੀਂ ਸੋਚ ਸਕਦੇ। ਪੰਜਾਬੀਆਂ ਦਾ ਸੁਭਾਅ ਹੀ ਹੈ- ਕਿਸੇ ਦੀ ਅੰਡ ਕਿਸੇ ਦੀ ਪੰਡ, ਬੋਝਾ ਆਪਦੇ ਸਿਰ 'ਤੇ। ਇਹ ਬੈਠੇ ਤਾਂ ਹਜ਼ਾਰਾਂ ਮੀਲ ਦੂਰ ਹਨ, ਕਰ ਕੁੱਝ ਸਕਦੇ ਨਹੀਂ, ਕਰਨਾ ਤਾਂ ਭਾਰਤੀਆਂ ਨੇ ਹੀ ਹੈ ਪਰ ਇਹ ਐਥੇ ਇੱਕ ਦੂਜੇ ਨਾਲ ਬਹਿਸੀ ਜਾਣਗੇ। ਕਈ ਵਾਰ ਰੇਡਿਓ ਟਾਕ ਸ਼ੋਆਂ ਦੌਰਾਨ ਕੋਈ ਕਾਲਰ ਕੈਨੇਡਾ ਦੇ ਮਸਲੇ ਬਾਰੇ ਤਾਂ ਗੱਲ਼ ਹੀ ਨਹੀਂ ਕਰਦਾ। ਹੋਸਟ ਇੰਡੀਆ ਦੀ ਮਾੜੀ ਜਿਹੀ ਗੱਲ ਤੋਰ ਦੇਣ, ਮੂਹਰੇ ਤੋਂ ਮੂਹਰੇ ਲੜਨ ਨੂੰ ਤਿਆਰ ਬੈਠੇ ਹੁੰਦੇ ਨੇ। ਕਈ ਵਾਰ ਤਾਂ ਹੋਸਟ ਵੀ ਸਵਾਦ ਲੈਣ ਨੂੰ ਜਾਂ ਟਾਈਮ ਪਾਸ ਕਰਨ ਨੂੰ ਛੁਰਲੀ ਛੱਡ ਦਿੰਦੇ ਨੇ, ਫੇਰ ਤਾਂ ਬੱਸ... ਕੁੱਝ ਨਾ ਪੁੱਛੋ। ਕਈ ਤਾਂ ਉਦੋਂ ਦੇ ਲੜੇ ਅੱਜ ਤੱਕ ਨੀ

ਬੋਲੇ ਹੋਣੇ। ਕਈ ਕਹਿੰਦੇ ਅਸੀਂ ਤਾਂ ਲਾਲ ਝੰਡੇ ਵਾਲਿਆਂ ਦੇ ਮਗਰ ਫਿਰ ਫਿਰ ਕੇ ਸਾਰੀ ਉਮਰ ਜੁੱਤੀਆਂ ਤੁੜਾ ਲਈਆਂ, ਇਹ ਆਪ ਕੁਛ ਕਰਦੇ ਨਹੀਂ, ਦੂਜਿਆਂ ਵਿੱਚ ਵੀ ਅੜਿੱਕੇ ਅੜਾਈ ਜਾਂਦੇ ਨੇ। ਅੱਜ ਕੱਲ੍ਹ ਟੀ. ਵੀ. ਵੱਲ ਦੇਖ ਕੇ ਮੈਨੂੰ ਵੀ ਵਹਿਮ ਜਿਹਾ ਹੀ ਰਹਿੰਦੈ ਕਿ ਤਸਵੀਰਾਂ ਵਿੱਚ ਤਾਂ ਇਹ ਨਵੀਂ ਪਾਰਟੀ ਵਾਲਿਆਂ ਨੇ ਵੀ ਖੜ੍ਹੀ ਸੂਹਣ ਹੀ ਰੱਖੀ ਐ, ਸੁੱਖ ਰਹੇ, ਨਾ ਜਾਣੀਏ ਕਿਤੇ ਦਾਦੀ ਦੀ ਗੱਲ ਪੂਰੀ ਹੋ ਜਾਵੇ।

ਮੇਰੀ ਸੁਰਤੀ ਫਿਰ ਨਵੀਆਂ ਲਿਆਂਦੀਆਂ ਸੂਹਣਾਂ ਵੱਲ ਚਲੀ ਜਾਂਦੀ ਹੈ। ਮਨ ਵਿੱਚ ਸਵਾਲ ਉੱਠਦਾ ਹੈ, "ਇਹ ਬੇਲੋੜੀਆਂ ਕੀ ਕਰਨੀਆਂ ਹਨ ? ਹੁਣ ਤਾਂ ਦਾਦੀ ਵਾਲਾ ਜ਼ਮਾਨਾ ਵੀ ਨਹੀਂ ਰਿਹਾ, ਤੇ ਉੱਤੋਂ ਕੈਨੇਡਾ ਵਿੱਚ।"

ਉਸੇ ਸਮੇਂ ਸੋਚ ਪਲਟਾ ਖਾਂਦੀ ਹੈ, "ਇਹ ਮੈਂ ਕਿਸੇ ਕੰਮ ਲਈ ਥੋੜ੍ਹਾ ਖ੍ਰੀਦੀਆਂ ਨੇ, ਮੈਂ ਤਾਂ ਇਹਨਾਂ ਨੂੰ ਦੇਖ ਦੇਖ ਕੇ ਦਾਦੀ ਵਾਂਗ ਆਪਣਾ ਪਰਿਵਾਰ ਸਾਂਭਣਾ ਚਾਹੁੰਦੀ ਹਾਂ। ਜੇ ਇਹ ਮੇਰੇ ਸਾਹਮਣੇ ਹੋਣਗੀਆਂ ਤਾਂ ਹਰ ਵਕਤ ਮੈਨੂੰ ਫਰਜ਼ ਯਾਦ ਕਰਾਉਣਗੀਆਂ।" ਇਹਨਾਂ ਹੀ ਭੰਨਾਂ ਘਾੜਤਾਂ ਵਿੱਚ ਘੜੀ ਵੱਲ ਦੇਖਿਆ ਤਾਂ ਛੇ ਵੱਜ ਚੁੱਕੇ ਹਨ। ਜਲਦੀ ਜਲਦੀ ਰੋਟੀ ਟੁੱਕ ਦੇ ਆਹਰੇ ਲੱਗਦੀ ਹਾਂ। ਸੁਰਬੀਨ ਦੇ ਡੈਡੀ ਸੱਤ ਕੁ ਵਜੇ ਕੰਮ ਤੋਂ ਆਉਂਦੇ ਹਨ। ਬੱਚੇ ਵੀ ਕੰਮਾਂ ਕਾਰਾਂ ਤੋਂ ਉਦੋਂ ਕੁ ਹੀ ਪਹੁੰਚਦੇ ਨੇ। ਅਸੀਂ ਸਾਰਿਆਂ ਨੇ ਅੱਠ ਵਜੇ ਤੋਂ ਪਹਿਲਾਂ ਪਹਿਲਾਂ ਰੋਟੀ ਖਾਣੀ ਹੁੰਦੀ ਹੈ। ਸਾਰੇ ਅੱਗੜ ਪਿੱਛੜ ਪਹੁੰਚ ਕੇ ਨਹਾ ਧੋ ਕੇ ਸੋਫਿਆਂ ਤੇ ਬੈਠ ਆਪਣੇ ਫ਼ੋਨਾਂ 'ਤੇ ਚੈਟ ਕਰ ਰਹੇ ਹਨ। ਕਦੇ ਮੁਸਕਰਾ ਲੈਂਦੇ ਹਨ ਤੇ ਕਦੇ ਗੰਭੀਰ ਹੋ ਜਾਂਦੇ ਹਨ।

ਮੈਨੂੰ ਚਾਚਾ ਮੱਘਰ ਯਾਦ ਆਉਂਦਾ ਹੈ। ਅੱਜ ਦਾ ਸ਼ੋਸ਼ਲ ਮੀਡੀਆ ਚਾਚਾ ਮੱਘਰ ਹੀ ਤਾਂ ਹੈ ਜੋ ਨਵੀਂ ਪੀੜ੍ਹੀ ਵਿੱਚ ਆ ਬੈਠਾ ਹੈ। ਮੈਂ ਕਿਚਨ ਟੇਬਲ ਤੇ ਖਾਣਾ ਪਰੋਸ ਦਿੱਤਾ ਹੈ ਤੇ ਸਭ ਨੂੰ ਵਾਰੀ ਵਾਰੀ ਖਾਣ ਲਈ ਕਹਿ ਚੁੱਕੀ ਹਾਂ। ਉਹ ਉੱਥੋਂ ਉੱਠ ਨਹੀਂ ਰਹੇ। ਉਹਨਾਂ ਦੀ ਅਣਸੁਣੀ ਕਰਕੇ ਮੇਰੇ ਅੰਦਰ ਖੌਰੂ ਉੱਠ ਖੜ੍ਹਦਾ ਹੈ। ਸੋਚਦੀ ਹਾਂ ਕਿ ਇਹ ਫ਼ੋਨਾਂ 'ਤੇ ਬੈਠੇ ਖੜ੍ਹੀ ਸੂਹਣ ਦੇ ਤੀਲੇ ਹੀ ਤਾਂ ਹਨ ਜੋ ਇਸ ਘਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਜੇ ਤੋਂ ਦੂਰ ਆਪਣੇ ਆਪਣੇ ਖਿਆਲਾਂ ਦੀ ਦੁਨੀਆਂ ਵਿੱਚ ਬਿਖਰਦੇ ਜਾ ਰਹੇ ਹਨ।

(**ਸੰਪਰਕ , ਕੈਨੇਡਾ-604 760 4794**)


## 'ਕਹਾਣੀ ਧਾਰਾ' ਬਾਰੇ ਜਾਣਕਾਰੀ

R.N.I. Reg. No. PUN2006/19971/ ISSN:2321-4445

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 15 ਅਪ੍ਰੈਲ, 2023 — ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

ਮੁਲਾਕਾਤ

# "ਨਾਵਲ ਇਕ ਪ੍ਰਥਨਾ, ਪਰਤ ਦਰ ਪਰਤ ਬ੍ਰਹਿਮੰਡ"-ਅਰੁੰਧਤੀ ਰਾਏ



**ਮੁਲਾਕਾਤੀ: ਸੁਨੀਲ ਮੈਨਨ**
**ਅਨੁਵਾਦ: ਸਰੋਜ**

ਪੁਰਾਣੀ ਦਿੱਲੀ 'ਚ ਸਥਿਤ ਜਾਮਾ ਮਸਜਿਦ ਦੀ ਇਕ ਗਲੀ ਤੋਂ ਕੁਝ ਹੀ ਦੂਰ ਪੁਰਾਣੇ ਜ਼ਮਾਨੇ ਦਾ ਅਹਿਸਾਸ ਕਰਾਉਣ ਵਾਲੇ ਇਕ ਕੈਫ਼ੇ 'ਚ ਅਰੁੰਧਤੀ ਰਾਏ ਆਪਣੇ ਨਵੇਂ ਨਾਵਲ 'ਦ ਮਨਿਸਟ੍ਰੀ ਆਫ਼ ਅਟਮੋਸਟ ਹੈਪੀਨੇਸ਼' ਦੀਆਂ ਕੁਝ ਪਰਤਾਂ ਖੋਲ੍ਹਦੀ ਹੈ। ਨਾਵਲ ਦੀ ਮੁੱਖ ਜ਼ਮੀਨ ਇਹੀ ਹੈ, ਅਜੀਬੋ ਗਰੀਬ ਸ਼ਹਿਰ। ਇਸ ਦੇ ਕਿੱਸੇ ਉਨ੍ਹਾਂ ਸਾਰੇ ਵਿਸ਼ਿਆ ਨੂੰ ਇਸ ਸੂਤਰ ਵਿਚ ਪਰੋਂਦੇ ਹਨ, ਜਿਸਦਾ ਸਫ਼ਰ ਉਹ ਆਪਣੇ ਪਹਿਲੇ ਨਾਵਲ 'ਗਾਡ ਆਫ਼ ਸਮਾਲ ਥਿੰਗਿਸ' ਤੋਂ ਬਾਅਦ 20 ਸਾਲਾਂ 'ਚ ਲੇਖਾਂ-ਯਾਦਾਂ 'ਚ ਕਰਦੀ ਰਹੀ ਹੈ।

**? ਇਹ ਲਾਜਵਾਬ ਕ੍ਰਿਤ ਹੈ। ਹਾਲਾਂਕਿ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਸਦੇ ਕਈ ਅੰਸ਼ ਸੁਤੰਤਰ ਰੂਪ ਵਿਚ ਆਪਣਾ ਅਕਾਰ ਲੈ ਰਹੇ ਹੋਣਗੇ, ਜਿਨ੍ਹਾਂ ਨੂੰ ਤੁਸੀਂ ਇਕ ਸੂਤਰ 'ਚ ਪਿਰੋਣ ਦਾ ਤਰੀਕਾ ਤਲਾਸ਼ ਕੀਤਾ ਹੋਵੇਗਾ?**

-ਨਹੀਂ, ਨਹੀਂ ਮੈਂ ਸ਼ੁਰੂਆਤ 'ਚ ਹੀ ਤਕਰੀਬਨ ਨਾਲ ਨਾਲ ਲਿਖਦੀ ਜਾ ਰਹੀ ਸੀ। ਮੈਂ ਇਸ ਤਰ੍ਹਾਂ ਨਹੀਂ ਲਿਖ ਰਹੀ ਸੀ ਕਿ ਇਕ ਅਧਿਆਏ ਤੋਂ ਬਾਅਦ ਦੂਜਾ ਲਿਖਾ।

**? ਯਾਨੀ ਕਿ ਵਾਕਿਆ ਹੀ ਕੋਈ ਮਾਸਟਰ ਪਲਾਨ... ਕਿਸੇ ਵਸਤੂ ਸ਼ਿਲਪ ਵਰਗੀ ਯੋਜਨਾ ਰਹੀ ਹੋਵੇਗੀ?**



–ਹਾਂ, ਮੇਰੇ ਲਈ ਕਿੱਸਾਗੋਈ ਦਾ ਇਹੀ ਬੁਨਿਆਦੀ ਸੂਤਰ ਹੈ।

**? ਲਿਖਦੇ ਹੋਏ ਕੀ ਕੁਝ ਵੀ ਹੱਥ ਤੋਂ ਤਿਲਕ ਨਹੀਂ ਜਾਂਦਾ, ਕੋਈ ਸੁਭਾਵਿਕ ਰਚਨਾ ਪ੍ਰਕ੍ਰਿਆ।**

–ਨਹੀਂ, ਸਾਰਾ ਕੁਝ ਵਸਤੂ ਸ਼ਿਲਪ ਦੇ ਅੰਦਰ ਨਿਹਿਤ ਹੈ। ਤੁਸੀਂ ਜੇਕਰ ਸੱਚਮੁੱਚ ਵਸਤੂ ਸ਼ਿਲਪ ਉੱਤੇ ਨਜ਼ਰ ਸੁੱਟੋ, ਜਿਵੇਂ ਸ਼ਿਰਾਜ ਸਿਨੇਮਾ। ਤੁਸੀਂ ਪਹਿਲਾਂ ਉਸ ਦੇ ਬਾਰੇ ਵਿਚ ਗੈਰਸਨ ਹੋਬਾਰਟ ਤੋਂ ਸੁਣਦੇ ਹੋ, ਉਸ ਨੂੰ ਅਸ਼ਫ਼ਾਕ ਮੀਰ ਦੇ ਦਫ਼ਤਰ 'ਚ ਵੇਖਦੇ ਹੋ, ਉਸਤੋਂ ਬਾਅਦ ਲਾਬੀ ਵੇਖਦੇ ਹੋ ਅਤੇ ਫਿਰ ਇੰਟ੍ਰੋਗੇਸ਼ਨ ਸੈਂਟਰ। ਯਾਨੀ ਇਹ ਅਜਿਹਾ ਹੀ ਹੈ ਕਿ ਤੁਸੀਂ ਇਕ ਇਮਾਰਤ ਵੱਖ ਵੱਖ ਨਜ਼ਰ ਨਾਲ ਵੇਖਦੇ ਹੋ।

**? ਅਤੇ ਕਸ਼ਮੀਰ ਵੱਖਰੀ ਆਵਾਜ਼ਾਂ ਦੇ ਨਾਲ। ਕੀ ਵੀਹ ਸਾਲਾਂ 'ਚ ਤੁਹਾਡਾ ਪਹਿਲਾ ਸਾਹਿਤ ਦਰਅਸਲ ਬਹੁਤ ਸਾਰਾ ਗੈਰ-ਸਾਹਿਤ ਹੈ?**

–ਰੁਕੋ! ਉਸ ਵਿਚ ਗੈਰ ਸਾਹਿਤ ਕੀ ਹੈ?

**? ਜੋ ਕਸ਼ਮੀਰ ਵਿਚ ਹੋ ਰਿਹਾ ਹੈ, ਉਹ ਤਾਂ ਕਥਾ ਨਹੀਂ ਹੈ। ਅਤੇ ਦਿੱਲੀ ਵਿਚ ਕੀ ਏ?**

–ਮੈਨੂੰ ਲੱਗਦਾ ਹੈ, ਕਥਾ ਸਾਹਿਤ ਦੇ ਸਬੰਧ 'ਚ ਤੁਹਾਡੀ ਅਤੇ ਮੇਰੀ ਸਮਝ 'ਚ ਕੁਝ ਉਲਝਣ ਹੈ। ਇਹ ਦਿਲਚਸਪ ਵਿਸ਼ਾ ਹੈ। ਸਾਰਾ ਕਥਾ ਸਾਹਿਤ ਇਕ ਅਰਥ ਨਾਲ (ਰੁਕ ਕੇ) ਮੇਰਾ ਬੈਗ ਦੇਖੋ! (ਨੀਲੇ ਰੰਗ ਦੇ ਕੱਪੜੇ ਦੇ ਥੈਲੇ ਨੂੰ ਚੁੱਕਦੀ ਹੈ, ਜਿਸ ਉਪਰ ਇਕ ਪਾਸੇ ਕੁੱਝ ਲਿਖਿਆ ਹੋਇਆ ਹੈ) ਕੀ ਲਿਖਿਆ ਹੈ? 'ਸਾਰੀ ਕਥਾ ਸੱਚੀ ਹੁੰਦੀ ਹੈ।' ਇਸ ਲਈ ਜਦੋਂ ਜਦੋਂ ਤੁਸੀਂ ਕਹਿੰਦੇ ਹੋ ਕਿ ਕਸ਼ਮੀਰ ਜਾਂ ਕੇਰਲ ਮਹਿਜ਼ ਗਲਪ ਨਹੀਂ ਹੈ। ਯਕੀਨਨ ਬੇਹੱਦ ਬੁਨਿਆਦੀ ਪੱਧਰ ਤੇ ਅਜਿਹਾ ਹੈ। ਪ੍ਰੰਤੂ ਇਸ ਵਿਚ ਅਜਿਹੇ ਤੱਥ ਹਨ ਜਿਨ੍ਹਾਂ ਨੂੰ ਅਸੀਂ ਵਾਸਤਵਿਕ ਸੰਸਾਰ 'ਚ ਪਛਾਣ ਸਕਦੇ ਹਾਂ। ਹਰ ਕਹਾਣੀ ਆਪਣੇ ਆਪ ਵਿਚ ਤ੍ਰਾਸਦੀ ਹੁੰਦੀ ਹੈ। ਫਿਰ ਵੀ, ਤਮਾਮ ਨਿਰਾਸ਼ਾ–ਹਤਾਸ਼ਾ ਦੇ ਬਾਵਜੂਦ, ਕਿਸੇ ਅਸੰਭਵ ਨਾਲ ਪਲਾਟ ਦੇ ਜ਼ਰੀਏ ਜਿਵੇਂ, ਚੰਗੇਜ਼ ਖਾਨ ਦੇ ਵੰਸ਼ਜ਼ ਦੀ ਕਿਸੇ ਕੇਜ਼ਰੀਵਾਲ ਨਾਲ ਮੁੱਠਭੇੜ (ਹੱਸਦੀ ਹੋਈ) ਇਹ ਅਸੰਭਵ ਨਹੀਂ ਹੈ! ਇਹ ਸ਼ਹਿਰ ਦੇ ਇਸ ਹਿੱਸੇ ਵਿਚ ਅਜਿਹੇ ਲੋਕ ਹਨ ਜੋ ਖੁਦ ਨੂੰ ਚੰਗੇਜ਼ ਖਾਨ ਦਾ ਵੰਸਜ਼ ਦੱਸਦੇ ਹਨ ਲੇਕਿਨ ਮੈਂ ਇਹ ਕਹਿ ਰਿਹਾ ਹਾਂ ਕਿ ਕਥਾ ਸਾਹਿਤ ਉਹ ਸਚਾਈ ਹੈ ਜੋ ਸ਼ਾਇਦ ਉਸ ਤੋਂ ਵੀ ਸੁੱਚੀ ਹੁੰਦੀ ਹੈ ਜਿਸ ਨੂੰ ਤੁਸੀਂ ਕੇਵਲ ਅਸਲ ਘਟਨਾਵਾਂ ਅਤੇ ਸਬੂਤਾਂ ਦੇ ਅਧਾਰ ਉੱਤੇ ਹੀ ਲਿਖ ਸਕਦੇ ਹੋ। ਕਸ਼ਮੀਰ ਨੂੰ ਲੈ ਲਓ। ਤੁਸੀਂ ਉਸ ਥਾਂ ਦੀ ਸਚਾਈ ਦੇ ਸਬੰਧ ਵਿਚ ਮਹਿਜ਼ ਕਿਸੇ ਰਿਪੋਰਟਰ ਜਾਂ ਮਾਨਵ ਅਧਿਕਾਰਾਂ ਦੀ ਰਿਪੋਰਟ ਨਾਲ ਹਾਲਾਤ ਨਹੀਂ ਦੱਸ ਸਕਦੇ। ਤੁਸੀਂ ਇਹ ਨਹੀਂ ਦੱਸ ਸਕਦੇ ਕਿ ਕਿਸੇ ਸਮੇਂ ਸਰਕਾਰ ਦੀ ਸਰਪ੍ਰਸਤੀ ਨਾਲ ਜੀਉਣ ਵਾਲੇ ਲੋਕਾਂ ਦੇ ਦਿਲੋ ਦਿਮਾਗ ਉੱਤੇ ਕੀ ਅਸਰ ਹੁੰਦਾ ਹੈ। ਕਥਾ ਸਾਹਿਤ ਹੀ ਉਹ ਇਕ ਮਾਤਰ ਵਿਧਾ ਹੈ। ਜਿਸ 'ਚ ਸਚਾਈ ਨੂੰ ਬਿਆਨ ਕਰ ਸਕਦੇ ਹਾਂ ਜਾਂ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**? ਹਾਂ, ਪ੍ਰੰਤੂ ਜਿਵੇਂ ਮੁੱਖ ਧਾਰਾ ਦੇ ਬਹੁਤ ਸਾਰੇ ਸ਼ਰਨਾਰਥੀ ਕਬਰ ਗਾਹ 'ਚ ਇਕ ਗਣਤੰਤਰ ਵਰਗੀ ਪਨਾਹ ਪਾਉਂਦੇ ਹਨ ਕਿਆ ਅਚੰਭੇ ਵਾਲੇ ਵਿਚਾਰ ਹੈ, ਪ੍ਰੰਤੂ ਇਹ ਰਹੱਸਮਈ ਨਜ਼ਾਰਾ ਹੈ, ਮਾਹੌਲ ਵਿਚ ਉਮੀਦ ਭਰਨ ਵਰਗਾ।**

–ਮੈਨੂੰ ਇਹ ਬਹੁਤ ਰੌਚਿਕ ਲੱਗਦਾ ਹੈ ਕਿ ਵੱਖਰੀ ਹਕੀਕਤ ਵਾਲੀ ਦੁਨੀਆ ਦੇ ਲੋਕ ਦੂਜੇ ਦੀ ਹਕੀਕਤਾਂ ਨੂੰ ਜਾਦੂ ਵਰਗੀ ਜਾਂ ਰਹੱਸਵਾਦੀ ਮੰਨਦੇ ਹਨ। ਜੇਕਰ ਤੁਹਾਡੇ ਸ਼ਾਹਿਰ ਦੇ ਇਸ ਹਿੱਸੇ ਵਿਚ ਸਮਾਂ ਬਤੀਤ ਕਰਨਾ ਹੋਵੇ ਤਾਂ ਤੁਸੀਂ ਵੇਖ ਸਕਦੇ ਹੋ ਕਿ ਕਿੰਨੇ ਲੋਕ ਕਬਰਗਾਹਾਂ ਵਿਚ ਰਹਿੰਦੇ ਹਨ। ਇਹ ਜਾਦੂਮਈ ਨਹੀਂ ਅਸਲੀਅਤ ਹੈ। ਜਿਸ ਨੂੰ ਰਹੱਸਮਈ ਦੱਸਿਆ ਜਾਵੇਗਾ, ਉਹ ਪਾਠਕਾਂ ਦੀਆਂ ਅੱਖਾਂ ਦੇ ਸਾਹਮਣੇ ਹੋ ਰਿਹਾ ਹੈ। ਇਹ ਵੇਖਣ ਦਾ ਦੂਜਾ ਤਰੀਕਾ ਹੈ। ਇਹ ਕਈ ਵਾਰ ਰਹੱਸਮਈ ਲੱਗਦਾ ਹੈ ਕਿਉਂਕਿ ਅਸੀਂ ਉਸ ਤਰ੍ਹਾਂ ਨਹੀਂ ਵੇਖਦੇ ਪਰ ਉਹ ਮਜੂਦ ਹੈ ਅਤੇ ਉਸ ਨੂੰ ਵੇਖਿਆ ਜਾਣਾ ਚਾਹੀਦਾ ਹੈ। ਭੁੱਲੀ

ਭਟਕੀ ਜਦੋਂ ਮੈਂ ਅਖ਼ਬਾਰ ਖੋਲ੍ਹਦੀ ਹਾਂ ਤਾਂ ਵੇਖ ਪੜ੍ਹ ਕੇ ਇਕ ਵਾਰ ਤਾਂ ਯਕੀਨ ਹੀ ਨਹੀਂ ਹੁੰਦਾ (ਆਪਣੇ ਮੁਬਾਇਲ 'ਚ ਸੇਵ ਕੀਤੀਆਂ ਹੋਈਆਂ ਤਸਵੀਰਾਂ ਕੱਢਦੀ ਹੈ) ਇਕ ਗੱਡੀ ਫੁੱਟਪਾਥ ਉੱਤੇ ਸੁੱਤੇ ਹੋਏ ਲੋਕਾਂ ਨੂੰ ਦਰੜਦੀ ਹੋਈ ਚਲੇ ਜਾਂਦੀ ਹੈ ਅਤੇ ਪੁਲਿਸ ਹੋਰਨਾਂ ਨੂੰ ਫੁੱਟਪਾਥ ਤੋਂ ਚਲੇ ਜਾਣ ਲਈ ਕਹਿੰਦੀ ਹੈ। ਪ੍ਰੰਤੂ ਮਨੋਜ਼ ਨੇ ਕਿਹਾ ਇਹ ਥਾਂ ਦੂਜੀਆਂ ਥਾਵਾਂ ਤੋਂ ਸੁਰੱਖਿਅਤ ਹੈ। 'ਮੇਰੇ ਕੋਲ ਜਾਣ ਲਈ ਕੋਈ ਥਾਂ ਨਹੀਂ ਹੈ। ਮੈਂ ਪਾਰਕ ਵਿਚ ਗਿਆ ਉੱਥੇ ਢੇਰਾਂ ਦੇ ਢੇਰ ਮੱਛਰ ਸੀ।' ਇਸ ਲਈ ਉਹ ਪਰਤ ਆਇਆ। ਦੱਸੋਂ ਇਹ ਪਾਗਲਪਨ ਨਹੀਂ ਹੈ ਕੀ?

**? ਫਿਰ ਵੀ ਇਹ ਉਮੀਦ ਹੈ। ਸਾਰੇ ਨਾਲ ਨਾਲ ਰਹਿੰਦੇ ਹਨ, ਬੜੇ ਪਿਆਰ ਨਾਲ, ਬਾਵਜੂਦ ਇਸ ਦੇ ਇਕ ਦੂਜੇ ਉੱਤੇ ਕੁਝ ਸ਼ੱਕ ਕਰਦੇ ਹਨ, ਇਕ ਦੂਜੇ ਦੀ ਤੌਹੀਨ ਕਰਦੇ ਹਨ।**

-ਮੇਰੀ ਇਕ ਕਿਤਾਬ ਉਨ੍ਹਾਂ ਲੋਕਾਂ ਨੂੰ ਸਮਰਪਤ ਹੈ। ਜਿਨ੍ਹਾਂ ਨੇ ਉਮੀਦ ਨੂੰ ਤਰਕ ਨਾਲ ਵੱਖਰਾ ਕਰਨਾ ਸਿਖ ਲਿਆ ਹੈ। ਸਾਡੇ ਵਿਚੋਂ ਉਹ ਲੋਕ ਜਿਹੜੇ ਅੱਜ ਮੁੱਖ ਧਾਰਾ ਨਾਲ ਚੱਲ ਰਹੀਆਂ ਚੀਜ਼ਾਂ ਨਾਲ ਸਹਿਮਤ ਨਹੀਂ ਹੈ, ਕਬਰਗਾਰਾਂ ਦੇ ਵੱਲ ਧਕੇਲ ਦਿੱਤੇ ਗਏ ਹਨ ਅਤੇ ਅਸੀਂ ਅਸੰਭਵ ਵਰਗੇ ਏਕੇ ਦੀ ਉਮੀਦ ਕਰ ਰਹੇ ਹਾਂ।

**? ਜਦੋਂ ਜੰਨਤ ਇੱਟ ਦਰ ਇੱਟ ਢਹਿੰਦੀ ਹੈ ਤਾਂ ਲੱਗਦਾ ਹੈ ਕਿਆਮਤ ਆ ਰਹੀ ਹੈ, ਜਿਵੇਂ ਅੱਜ ਬਚਣਾ ਮੁਸ਼ਕਿਲ ਹੈ?**

-ਇਸ ਦੇ ਬਦਲ 'ਚ ਉਮੀਦ ਦਾ ਇਕ ਨਖ਼ਲਸਤਾਨ ਵੀ ਬਣਦਾ ਹੈ ਪ੍ਰੰਤੂ ਅਜਿਹਾ ਮੈਂ ਵੇਖਿਆ ਹੈ। ਜਦੋਂ ਮੈਂ ਜੰਗਲ ਵਿਚ ਆਉਂਦੀ ਹਾਂ ਜਾਂ ਜਿੱਥੇ ਵੀ ਜੰਗ ਜਾਰੀ ਰਹਿੰਦੀ ਹੈ, ਉੱਥੇ ਵੀ ਕੁਝ ਹਲਕੀ ਫੁਲਕੀ ਗੱਲਬਾਤ, ਹਾਸਾ ਠੱਠਾ ਚਲਦਾ ਰਹਿੰਦਾ ਹੈ। ਜਿਹੜਾ ਕਿ ਇਕਦਮ ਹਾਸ਼ੀਏ ਤੇ ਨਹੀਂ ਹੁੰਦਾ ਹੈ, ਉਸ ਦੇ ਲਈ ਆਸ ਮੁਕਾ ਦੇਣਾ ਆਸਾਨ ਹੁੰਦਾ ਹੈ। ਪ੍ਰੰਤੂ ਹਾਸ਼ੀਏ ਦੇ ਲੋਕਾਂ ਦੇ ਲਈ ਇਹ ਸਹੂਲਤ ਨਹੀਂ ਹੁੰਦੀ ਹੈ। ਕਿਤਾਬ 'ਚ ਕਈ ਪੱਖਾਂ ਤੋਂ ਅਜੀਬ ਸੀਮਾਵਾਂ- ਰੇਖਾਵਾਂ ਹਨ। ਹਾਂ, ਕਬਰਗਾਹ 'ਚ ਜੀਵਨ ਅਤੇ ਮੌਤ ਦੇ ਵਿਚਕਾਰ ਰੇਖਾ ਕੁਝ ਧੁੰਦਲੀ ਜਿਹੀ ਹੈ। ਅੰਜ਼ੁਮ ਦੇ ਔਰਤ-ਮਰਦ ਭੇਦ ਦੀ ਇਕ ਦੀਵਾਰ ਖੜੀ ਹੋ ਰਹੀ ਹੈ ਤਾਂ ਉੱਚੇ ਟਿੱਲਿਆ ਦੇ ਅੱਗੇ ਜਾਤੀ ਦੀ ਦੀਵਾਰ ਖੜੀ ਹੈ। ਸਦਾਮ ਦਾ ਸਾਹਮਣਾ ਜਾਤੀ ਅਤੇ ਧਰਮ ਪਰਿਵਰਤਨ ਦੀ ਦੀਵਾਰ ਤੋਂ ਹੈ। ਹਾਂ ਮੂਸਾ ਦੇ ਲਈ ਜ਼ਰੂਰ ਰਾਸ਼ਟਰੀ ਸਰਹੱਦ ਹੀ ਹੈ। ਗੈਰਸਨ ਹੋਬਰਟ ਜਿਹੜਾ ਸੱਤਾ ਤੰਤਰ ਦੀ ਭਾਸ਼ਾ ਬੋਲਦਾ ਹੈ, ਵੀ ਇਸ ਬਟਵਾਰੇ 'ਚ...।



**? ਬੇਚਾਰਾ....**

-ਮੇਰੀ ਦਲੀਲ ਅਨੁਸਾਰ ਉਹ ਅਜੀਬ ਤਰ੍ਹਾਂ ਦਾ ਸਖ਼ਸ਼ ਹੈ। ਮਤਲਬ ਉਸ ਦੇ ਲਈ ਵਸਤੂਆਂ ਬਹੁਤ ਆਸਾਨ ਹਨ ਪ੍ਰੰਤੂ ਉਹ ਅਜਿਹਾ ਨਹੀਂ ਕਰਦਾ। ਉਹ ਬਹੁਤ ਸਮਝਦਾਰ ਹੈ।

**? ਗਾਡ ਆਫ਼ ਸਮਾਲ**

**ਥਿੰਗਸ' 'ਚ ਅੰਮੂ-ਵੇਲੂਤਾ ਦੇ ਰਾਹੀਂ ਤੁਸੀਂ ਸੀਰੀਆਈ ਇਸਾਈ ਅਤੇ ਕਾਮਿਊਨਿਸਟ ਪਾਰਟੀ ਨੂੰ ਇਕ ਹੀ ਜ਼ਮੀਨ ਉੱਤੇ ਦਿਖਾਉਣ 'ਚ ਸਫ਼ਲ ਹੋਏ ਹੋ !**

–(ਹੱਸਦੀ ਹੈ)

**? ਫਿਰ ਵੀ ਇਹ ਸਮਾਜਿਕ ਹੱਦਾਂ ਪਾਰ ਕਰਦਾ ਹੈ। ਇਥੇ ਤੁਸੀਂ ਸੈਕਸੂਅਲਿਟੀ ਦੀਆਂ ਹੱਦਾਂ ਪਾਰ ਕਰਦੇ ਦਿਸਦੇ ਹੋ। ਅੰਜੁਮ ਨਾ ਇਹ ਹੈ, ਨਾ ਉਹ ਨਾ ਇਹ। ਜਾਂ ਉਹ ਦੋਵੇਂ ਹੋ ਸਕਦੇ ਹਨ।**

–ਲੜਕੀ ਔਰਤ ਹੈ।

**? ਜਿਵੇਂ ਸੂਫ਼ੀ ਸੰਤ ਨਾ ਇਹ ਹੈ, ਨਾ ਉਹ...**

– ਉਹ ਅਜੂਬੇ ਦੀ ਹਜ਼ਰਤ ਹੈ।

**? ਇਹ ਅਜ਼ੂਬਾਪਨ ਅਤੇ ਇਹ ਅਸਥਿਰਤਾ, ਤੁਸੀਂ ਪੁਰਾਣੀ ਦਿੱਲੀ, ਏਥੋਂ ਤੱਕ ਕਿ ਕਸ਼ਮੀਰ ਦੇ ਸਬੰਧ 'ਚ ਵੀ ਕਹਿ ਸਕਦੀ ਹੈ। ਨਾ ਇਹ ਹੈ, ਨਾ ਉਹ ਹੈ, ਦੋਵੇਂ ਹੀ ਹਨ ਅਤੇ ਕੁਝ ਹੋਰ ਵੀ ਹੋ ਸਕਦਾ ਹੈ। ਤੁਹਾਨੂੰ ਇਸ ਸੰਕ੍ਰਮਣ ਦੀ ਸਥਿਤੀ ਦੇ ਵੱਲ ਕਿਹੋ ਜਿਹੀ ਖਿੱਚ ਖਿੱਚਦੀ ਹੈ?**

–ਮੈਂ ਆਪਣਾ ਘਰ ਮੁਸ਼ਕਲ ਹਲਾਤ 'ਚ ਤਿਆਰ ਕਰਦੀ ਹਾਂ। ਮੇਰੇ ਲਈ ਉਸ ਤੋਂ ਬਾਹਰ ਬਹੁਤ ਹਿੰਸਾ ਹੈ। ਹਜ਼ਰਤ ਸਰਮਦ ਸ਼ੇਖ ਇਕ ਸੁੰਦਰ ਵਿਚਾਰ ਹੈ। ਆਸਤਿਕਾਂ ਵਿਚ ਇਕ ਨਾਸਤਕ, ਨਾਸਤਿਕਾਂ ਵਿਚ ਇਕ ਆਸਤਿਕ। ਉਹ ਬਹੁਸੰਖਿਆਵਾਦ ਤੋਂ ਇਨਕਾਰ ਕਰਦਾ ਹੈ। ਮਹਿਜ਼ ਪਿਆਰ ਤੇ ਖ਼ੁਸ਼ੀ ਦਾ ਹਜ਼ਰਤ ਹੈ। ਜੇਕਰ ਤੁਸੀਂ ਕਿਸੇ ਤਰ੍ਹਾਂ ਦੀ ਸ਼ੁੱਧਤਾ ਨਾਲ ਯਕੀਨ ਕਰਦੇ ਹੋ ਤਾਂ ਇਹ ਵਿਚਕਾਰ ਦੀ ਸਥਿਤੀ ਵਾਲੀ ਪ੍ਰੰਪਰਾ ਹੈ ਪ੍ਰੰਤੂ ਜੇਕਰ ਤੁਸੀਂ ਸ਼ੁੱਧਤਾ ਜਾਂ ਉਸਦੀ ਸੰਭਾਵਨਾ 'ਚ ਯਕੀਨ ਨਹੀਂ ਕਰਦੇ ਤਾਂ ਅਸੀਂ ਸਾਰੇ ਵਿਚਕਾਰ ਦੀ ਮੁਸ਼ਕਲ ਸਥਿਤੀ 'ਚ ਹਾਂ। ਸਰਦਲ ਉੱਤੇ ਬੈਠੇ ਹਾਂ। ਅਸਲ ਵਿਚ ਇਹੀ ਮੈਂ ਕਹਿਣ ਦੀ ਕੋਸ਼ਿਸ਼ ਕਰਦੀ ਹਾਂ। ਇਹ ਦੇਸ਼ ਅਸਲ ਵਿਚ ਘੱਟ ਗਿਣਤੀ ਲੋਕਾਂ ਦਾ ਦੇਸ਼ ਹੈ। ਹਾਲਾਂਕਿ ਸਾਡੇ ਇਰਦ ਗਿਰਦ ਲੋਹੇ ਦੀ ਚਾਰਦਿਵਾਰੀ ਕਰ ਦਿੱਤੀ ਗਈ ਹੈ। ਇਹ ਦਰਅਸਲ ਉਜੱਡ ਬੋਧਿਕਤਾ ਦਾ ਨਤੀਜ਼ਾ ਹੈ। ਸਾਡੀ ਆਪਣੀ ਪ੍ਰਜਾਤੀ 'ਚ ਖ਼ੂਬਸੂਰਤੀ ਦੀ ਤਲਾਸ਼ ਹੀ ਇਸ ਬੁੱਧੀ ਨੂੰ ਚੁਣੌਤੀ ਦੇ ਦੇਵੇਗੀ।

**? ਅੰਜੁਮ ਬਹੁਤ ਸਾਰੀ ਪ੍ਰਤੀਕਮਈ ਕਿਸਮ ਦੀ ਸ਼ਖ਼ਸ਼ੀਅਤ ਵਰਗੀ ਹੈ?**

– ਅੰਜੁਮ ਪ੍ਰਤੀਕ ਮਈ ਨਹੀਂ ਬਲਕਿ ਉਸ ਤੋਂ ਉਲਟ ਹੈ। ਉਹ ਕੇਵਲ ਪ੍ਰਤੀਕ ਨਹੀਂ ਹੈ। ਇਸ ਕਰਕੇ ਸੁਪਨਸਾਜ਼ ਦੁਨੀਆਂ 'ਚ ਤਮਾਮ ਭਿੰਨਤਾਵਾਂ ਨਾਲ ਭਰਿਆ ਹੋਇਆ ਹੈ। ਅੰਜੁਮ ਰਾਹੀ ਮੈਂ ਕੋਈ ਸਮਾਜ ਸ਼ਾਸ਼ਤਰੀ ਗੱਲ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ ਹਾਂ। ਉਹ ਗੁਜਰਾਤ ਦੇ ਕਤਲ–ਏ–ਆਮ 'ਚ ਕਿਉਂ ਫਸ ਜਾਂਦੀ ਹੈ? ਹਿਜੜਾ ਹੋਣ ਦੇ ਕਾਰਨ ਨਹੀਂ ਬਲਕਿ ਇਸ ਲਈ ਕਿ ਉਹ ਮੁਸਲਿਮ ਹੈ। ਉਹ ਉਥੋਂ ਕਿਵੇਂ ਬਚ ਕੇ ਨਿਕਲਦੀ ਹੈ? ਇਸ ਲਈ ਕਿ ਉਹ ਹਿਜੜਾ ਹੈ। ਜੇਕਰ ਮੈਂ ਕੋਈ ਸਮਾਜਿਕ ਗੱਲ ਕਰ ਰਹੀ ਹੁੰਦੀ ਤਾਂ ਅਜਿਹਾ ਨਹੀਂ ਸੀ ਹੋਣਾ। ਸਾਨੂੰ ਪਤਾ ਹੈ ਕਿ ਉਸ ਉੱਤੇ ਕਿਵੇਂ ਹਿੰਸਾ ਟੁੱਟ ਕੇ ਪੈ ਗਈ ਸੀ।

**? ਹੁਣ, ਇਕ ਸਵਾਲ ਜਿਸ ਤੋਂ ਤੁਸੀਂ ਵੀ ਪਰੇਸ਼ਾਨ ਰਹੇ ਹੋਵੋਗੇ, ਹੋਵੇਗੀ। ਫ਼ਿਕਸਨ ਜਾਂ ਨਾਨ-ਫਿਕਸਨ ਅਤੇ ਉਸ ਵਿਚ ਅੰਤਰ। ਤੁਹਾਡਾ 20 ਸਾਲ ਦਾ ਵਕਫਾ। ਦੋਹਾਂ ਦੇ ਵਿਚ ਕੀ ਫ਼ਾਸਲਾ ਹੈ?**

–ਜਿਸ ਨੂੰ ਲੋਕ ਵਕਫ਼ਾ ਕਹਿੰਦੇ ਹਨ ਮੈਂ ਉਸ ਨੂੰ ਕੇਵਲ ਉਸ ਰੂਪ ਵਿਚ ਨਹੀਂ ਵੇਖਦੀ ਕਿਉਂਕਿ ਮੈਂ ਅਜਿਹੀ ਨਹੀਂ ਹਾਂ ਕਿ ਸੋਚੂ ਮੈਂ ਉਹ ਨਾਵਲ ਲਿਖਿਆ ਅਤੇ ਉਹ 'ਸਫ਼ਲ' ਹੋਇਆ ਅਤੇ ਮੈਨੂੰ ਦੂਜਾ ਵੀ ਲਿਖਣਾ ਚਾਹੀਦਾ ਹੈ। ' ਮੈਂ ਕਦੇ ਵੀ ਅਸੰਬਲੀ ਲਾਇਨ (ਕਾਰਖਾਨਾ) ਨਹੀਂ ਲਗਾਉਣਾ ਚਾਹੁੰਦੀ। ਮੇਰੇ ਲਈ ਨਾਵਲ ਪ੍ਰਾਥਨਾ ਦੇ ਵਾਂਗ ਹੈ। ਇਹ ਪਰਤ ਦਰ ਪਰਤ ਹੈ।, ਮਹਿਜ਼ ਖਪਤ ਕਰਨ ਲਈ ਨਹੀਂ। ਇਹ ਅਜਿਹਾ ਬ੍ਰਹਿਮੰਡ ਹੈ ਜਿਸ ਵਿਚ ਤੁਸੀਂ ਹੋ। ਮੈਂ ਇਹ ਵੀ ਨਹੀਂ ਜਾਣਦੀ ਕਿ ਮੈਂ ਅਗਲਾ ਨਾਵਲ ਵੀ

ਲਿਖਾਗੀ? ਪ੍ਰੰਤੂ ਮੈਨੂੰ ਐਨਾ ਯਕੀਨ ਹੈ ਕਿ ਉਦੋਂ ਤੱਕ ਨਹੀਂ ਲਿਖਾਗੀ ਜਦੋਂ ਤੱਕ ਮੈਨੂੰ ਲਿਖਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਮੈਂ ਕਿਸਮਤ ਵਾਲੀ ਹਾਂ ਕਿ 'ਗਾਡ ਆਫ਼ ਸਮਾਲ ਥਿੰਗਸ' ਦੀ ਰਾਇਲਟੀ ਨਾਲ ਮੇਰੀ ਆਰਥਿਕ ਸਥਿਤੀ ਠੀਕ ਹੈ। ਦੂਜੇ ਵੀ ਹਨ (ਹੱਸਦੀ ਹੋਈ) ਇਸ ਨਾਲ ਝੰਜਟਾਂ ਤੋਂ ਮੁਕਤ ਛੋਟਾ ਸੰਸਾਰ ਬਣ ਗਿਆ ਹੈ। ਜਦੋਂ ਮੈਂ ਲਿਖਣਾ ਸ਼ੁਰੂ ਕੀਤਾ, ਤੁਸੀਂ ਉਸ ਸਫ਼ਰ ਦੇ ਸਾਥੀ ਰਹੇ ਹੋ। ਪ੍ਰੰਤੂ ਪ੍ਰਸਿੱਧੀ, ਪੈਸਾ, ਇਸ ਸਭ ਲਈ ਮੈਂ ਤਿਆਰ ਨਹੀਂ ਸੀ। ਮੈਂ ਦਿਮਾਗ਼ੀ ਤੌਰ ਤੇ ਹਮੇਸ਼ਾ ਹਾਸ਼ੀਏ ਤੇ ਰਹਿੰਦੀ ਹਾਂ। ਤਕਰੀਬਨ ਕਿਸੇ ਫ਼ਤੂਰ ਦੇ ਵਾਂਗ। (ਹੱਸਦੀ ਹੈ)! ਅਤੇ ਅਚਾਨਿਕ ਤੁਸੀਂ ਮੁੱਖ ਧਾਰਾ 'ਚ ਆ ਜਾਂਦੇ ਹੋ। ਇਹ ਕੁਝ ਅਜਿਹਾ ਹੀ ਹੈ ਕਿ ਤੁਸੀਂ ਸਾਈਕਲ ਚਲਾਉਂਦੇ-ਚਲਾਉਂਦੇ ਅਚਾਨਿਕ ਵੱਡੀ ਸਾਰੀ ਬੱਸ ਚਲਾਉਣ ਲੱਗ ਪੈਂਦੇ ਹੋ। ਇਸ ਦੇ ਲਈ ਦਿਮਾਗ਼ ਨੂੰ ਬਹੁਤ ਸੰਭਾਲਣਾ ਪਿਆ।

ਪ੍ਰੰਤੂ ਉਸ ਸਮੇਂ ਦੌਰਾਨ ਪ੍ਰਮਾਣੂ ਪ੍ਰੀਖਣ ਹੋ ਗਿਆ। ਉਸ ਨਾਲ ਉਹ ਗੰਦੀ ਜਨਤਕ ਬਹਿਸ ਸ਼ੁਰੂ ਹੋ ਗਈ ਜਿਹੜੀ ਅੱਜ ਸਵੀਕਾਰੀ ਜਾ ਚੁੱਕੀ ਹੈ। ਬੁਕਰ ਪੁਰਸਕਾਰ ਪ੍ਰਾਪਤ ਕਰਕੇ ਹਰ ਰਸਾਲੇ ਦੇ ਕਵਰ ਉੱਤੇ ਛੱਪਣ ਦੇ ਨਾਲ ਹੀ ਪ੍ਰਮਾਣੂ ਪ੍ਰੀਖਣ ਹੋ ਗਿਆ। ਇਸ ਉੱਤੇ ਚੁੱਪ ਰਹਿਣਾ ਉਸੇ ਤਰ੍ਹਾਂ ਨਹੀਂ ਸੀ ਕਿ ਜਿਵੇਂ ਕੋਈ ਇਨਾਮੀ ਬੰਦਾ ਹੋਵੇ। ਉਸ ਚੁੱਪ ਦਾ ਇਕ ਰਾਜਨੀਤਿਕ ਕਾਰਨ ਵੀ ਹੁੰਦਾ ਹੈ। ਅਤੇ ਫਿਰ ਇਕ ਨਾਲ ਦੂਜਾ ਕਾਰਨ ਜੁੜਦਾ ਗਿਆ। ਇਕ ਤੋਂ ਦੂਜੀ ਉਚਾਈ ਦੇ ਸਫ਼ਰ ਵਰਗਾ। ਉਸ ਉੱਤੇ ਧਿਆਨ ਲਗਾਉਣ ਨਾਲ ਕਾਫ਼ੀ ਕੁੱਝ ਸਿੱਖਣਾ ਪਿਆ। ਇਹ ਦੋ ਧੁਰਿਆ ਉੱਤੇ ਚੱਲਣ ਵਰਗਾ ਸੀ। ਇਕ ਪਾਸੇ ਮੈਨੂੰ ਲੱਗਦਾ ਸੀ ਕਿ ਆਪਣੇ ਜੀਵਨ ਹੋਣ ਦੇ ਅਹਿਸਾਸ ਨਾਲ ਮੈਨੂੰ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ ਕਿਉਂਕਿ ਮੈਂ ਕਈ ਵਾਰ ਗੁੱਸੇ ਨੂੰ ਬਰਦਾਸ਼ਤ ਕਰਨ ਦੀ ਹਾਲਤ ਵਿਚ ਨਹੀਂ ਹੁੰਦੀ ਸੀ। ਪ੍ਰੰਤੂ ਦੂਜੇ ਧਰਾਤਲ ਉੱਤੇ ਵੇਖਣਾ, ਸਮਝਣਾ ਚਲਦਾ ਰਹਿੰਦਾ ਹੈ। ਕਿਸੇ ਕਥਾਕਾਰ ਦੇ ਨਜ਼ਰੀਏ ਨਾਲ। ਇਕ ਪ੍ਰਤੀਕ੍ਰਿਆ ਤੁਰੰਤ ਨਾਰਾਜਗੀ ਸੀ ਹੈ ਅਤੇ ਦੂਜੀ ਇਕਦਮ ਸ਼ਾਂਤ, ਜਿੱਥੇ ਕੋਈ ਜਲਦਬਾਜ਼ੀ ਨਹੀਂ, ਸਮਾਂ ਜ਼ਰੂਰ ਹੁੰਦਾ ਹੈ।

**? ਫਿਰ ਵੀ ਇਹ ਦੋਵੇਂ ਭਾਵਨਾਵਾਂ ਨਾਲ ਨਾਲ ਕੰਮ ਕਰਦੀਆਂ ਰਹੀਆਂ। ਲੇਖਾਂ ਵਿਚ ਕਥਾਕਾਰ ਪੂਰੀ ਤਰ੍ਹਾਂ ਗੈਰ ਹਾਜ਼ਰ ਨਹੀਂ ਰਿਹਾ।**

-ਉਹ ਤਾਂ ਹਮੇਸ਼ਾ ਹੀ ਰਿਹਾ ਹੈ। ਦਰਅਸਲ ਮੈਂ ਫ਼ਿਕਸ਼ਨ ਦੇ ਸਬੰਧ ਵਿਚ ਦੱਸ ਰਹੀ ਸੀ। ਮੈਂ ਇਸ ਨੂੰ ਤਕਰੀਬਨ 10 ਸਾਲ ਵਿਚ ਲਿਖਿਆ। ਜੇਕਰ ਮੈਂ ਉਦੋਂ ਨਾ ਸ਼ੁਰੂ ਕਰਦੀ, ਤਾਂ ਮੈਨੂੰ ਨਹੀਂ ਲੱਗਦਾ ਸੀ ਕਿ ਐਨਾ ਫ਼ਾਸਲਾ ਤਹਿ ਕਰ ਸਕਦੀ। ਡਰਾਉਣੇ ਮੰਜ਼ਰ ਤਿਆਰ ਹੋ ਰਹੇ ਸਨ। ਉਸ ਵਿਚ ਕੁਝ ਗੁੰਜਾਇਸ ਵੀ ਸੀ। ਫਿਰ ਜਿਵੇਂ ਬਿਨਾ ਆਕਸੀਜਨ ਨਾਲ ਫੁੱਲਦੇ ਸਾਹ ਦੇ ਨਾਲ ਲਿਖੀਦਾ ਹੈ।

**? ਜਦੋਂ ਤੁਸੀਂ ਮੁੱਦਿਆ ਉੱਤੇ ਦਖ਼ਲ ਦਿੰਦੇ ਹੋ, ਫ਼ੌਰੀ ਪ੍ਰਤੀਕ੍ਰਿਰਿਆ ਨੂੰ ਜ਼ਰੂਰੀ ਮੰਨ ਕੇ ਤਾਂ ਤੁਹਾਡੇ ਮੁਤਾਬਿਕ ਉਹ ਸਵਰ ਮਨ ਦੇ ਅੰਦਰ ਫੁੱਟਦਾ ਹੈ। ਕੀ ਉਹ ਇਕ ਅਰਥ ਨਾਲ ਤੁਹਾਡੇ ਅੰਦਰ ਦੀ, ਤੁਹਾਡੇ ਵਿਵੇਕ ਦੀ ਸੱਚੀ ਆਵਾਜ਼ ਹੈ। ਨਹੀਂ ਤਾਂ ਇਸ ਕਰਕੇ ਕਿ ਕਿਸੇ ਮੁੱਦੇ ਉੱਤੇ ਸੋਚ ਸਮਝ ਕੇ ਅੱਗੇ ਵਧਿਆ ਜਾਵੇ?**

-ਇਹ ਵਿਚਾਰ ਹਮੇਸ਼ਾਂ ਰਹਿੰਦਾ ਹੈ ਕਿ ਨਿਸਚੇ ਹੀ ਤਰਕ, ਤਤਕਾਲੀਨ ਭਾਵਨਾਵਾਂ ਤੋਂ ਉਪਰ ਉੱਠਣਾ ਹੈ। ਮੇਰੀ ਦਲੀਲ ਨਾਲ ਇਹ ਬੇਹੱਦ ਦੁੱਖ ਭਰੀ ਹੈ ਕਿ ਅਸੀਂ ਦਿੱਲ ਦੀ ਅੱਗ ਅਤੇ ਜਾਨੂੰਨ ਨੂੰ ਦੱਖਣ ਪੰਥੀ ਦੇ ਹਵਾਲੇ ਕਰ ਦਿੱਤਾ ਹੈ ਕਿਉਂਕਿ ਅਸੀਂ ਸਾਰੇ ਅਕਾਊਂਟੈਂਟ ਵਰਗਾ ਹਿਸਾਬ ਕਿਤਾਬ ਲਗਾਉਂਦੇ ਰਹਿੰਦੇ ਹਾਂ। ਇਹ ਜ਼ਰੂਰੀ ਹੈ ਕਿ ਆਪਣੇ ਦਿਲ ਤੋਂ ਨਿਕਲੇ ਗੁੱਸੇ ਅਤੇ ਭਾਵਨਾਵਾਂ ਤੋਂ ਸਾਰਾ ਕੁੱਝ ਉਲਟ ਪੁਲਟ ਦਿਓ, ਕੇਵਲ ਸੋਚ ਵਿਚਾਰ ਕਰਕੇ ਹੀ ਅੱਗੇ ਵੱਧਦੇ ਰਹੋ। ਭਾਵਨਾਵਾਂ ਨੂੰ ਕਾਬੂ ਵਿਚ ਰੱਖਣ ਦਾ ਇਹ ਤਰਕ ਕੁਝ ਹੱਦ ਤੱਕ ਮੈਨੂੰ ਬ੍ਰਾਹਮਣਵਾਦੀ ਨਜ਼ਰੀਆ ਲਗਦਾ ਹੈ।

**? ਤੁਹਾਡੇ ਲੇਖਾਂ ਵਿਚ ਹਮੇਸ਼ਾਂ ਲੇਖਕ ਦੇ ਹਉਮੇ ਦੀ ਗਹਿਰੀ ਮੌਜੂਦਗੀ ਰਹਿੰਦੀ ਰਹੀ ਹੈ। ਕੀ ਉਹ ਕੋਈ ਘਾਟ ਸੀ? ਮਸਲਨ, ਨਰਮਦਾ ਅੰਦੋਲਨ ਨੂੰ 80 ਵੇਂ ਦਹਾਕੇ ਵਿਚ ਬਹੁਤ ਵੱਡੀ ਸਫ਼ਲਤਾ ਹਾਸਿਲ ਹੋਈ ਸੀ। ਤੁਸੀਂ ਖ਼ੁਦ ਨੂੰ ਬਹੁਤ ਨਾਟਕੀ ਅੰਦਾਜ਼ ਵਿਚ ਕ੍ਰਾਂਤੀਕਾਰੀ ਦੇ ਵਾਂਗ ਉਸ ਵਿਚ ਪੂਰੀ ਤਰ੍ਹਾਂ ਡੁੱਬ ਕੇ ਅੱਗੇ ਵਧੇ ਕੀ ਤੁਹਾਡੀ ਇਸ ਦਖਲਅੰਦਾਜ਼ੀ ਨਾਲ ਮੂਲ ਉਦੇਸ਼ ਨੂੰ ਕਿਸੇ ਤਰ੍ਹਾਂ ਦਾ ਝਟਕਾ ਲੱਗਾ? ਤੁਹਾਡੇ ਲੇਖ ਤੋਂ ਸਾਲ ਭਰ ਬਾਅਦ ਸੁਪਰੀਮ ਕੋਰਟ ਨੇ ਕਿਹਾ....**

–ਨਹੀਂ, ਸੁਪਰੀਮ ਕੋਰਟ ਦਾ ਫ਼ੈਸਲਾ ਪਹਿਲਾ ਆਇਆ, ਜਦੋਂ ਰੋਕ ਹਟਾ ਲਈ ਗਈ। ਉਸੇ ਕਾਰਨ ਮੈਂ ਨਰਮਦਾ ਘਾਟੀ ਗਈ। ਮੇਰੀ ਫ਼ਿਤਰਤ ਆਪਣਾ ਬਚਾਅ ਕਰਨਾ ਨਹੀਂ ਹੈ, ਇਸ ਲਈ ਇਹ ਸਵਾਲ ਤੁਹਾਨੂੰ ਉਨ੍ਹਾਂ ਨੂੰ ਹੀ ਪੁੱਛਣਾ ਚਾਹੀਦਾ ਹੈ। ਅੰਦੋਲਨ ਵਾਲਿਆਂ ਨੂੰ ਪੁੱਛੋ? ਮੈਨੂੰ ਚੇਤੇ ਹੈ, ਲਿਖਣ ਤੋਂ ਪਹਿਲਾ ਮੇਘਾ ਪਾਟਕਰ ਨਾਲ ਲੰਮੀ ਗੱਲਬਾਤ ਹੋਈ ਸੀ। ਮੈਂ ਉਸ ਨੂੰ ਕਿਹਾ ਕਿ ਉਹ ਵੰਡਣ ਦੀ ਕੋਸ਼ਿਸ਼ ਕਰਨਗੇ, ਉਹ ਕਹਿਣਗੇ ਕਿ ਉਹ ਇਹ ਕਹਿ ਰਹੀ ਹੈ, ਉਹ ਕਰ ਰਹੀ ਹੈ, ਤੁਸੀਂ ਉਸ ਲਈ ਤਿਆਰ ਹੋ? ਕਿਉਂਕਿ ਅਜਿਹਾ ਹਮੇਸ਼ਾਂ ਹੁੰਦਾ ਹੈ। ਉਨ੍ਹਾਂ ਕਹਿਣਾ ਕਿ, 'ਉਹ ਵਾਹ, ਅਰੁੰਧਤੀ ਰਾਏ ਦਾ ਲੇਖ ਬੰਨ੍ਹ ਦੀ ਉਚਾਈ ਵਧਾਉਣ ਦਾ ਕਾਰਨ ਬਣਿਆ' ਬੇਹੱਦ ਬਕਵਾਸ ਹੈ। ਨਰਮਦਾ ਉੱਤੇ ਹਰ ਸੋਚਣ-ਸਮਝਣ ਵਾਲਾ ਆਦਮੀ ਜਾਣਦਾ ਹੈ ਕਿ ਇਹ ਗ਼ਲਤ ਹੈ ਪ੍ਰੰਤੂ ਫੇਰ ਵੀ ਉਹ ਹੋਇਆ। ਮੇਰੇ ਜਾਂ ਮੇਘਾ ਦੇ ਕਾਰਨ ਨਾਲ ਨਹੀਂ। ਮੇਘਾ ਦੇ ਸਬੰਧ ਵਿਚ ਵੀ ਉਹ ਅਜਿਹਾ ਕਹਿੰਦੇ ਹਨ। ਅਸਲੀ ਦਬਾ ਤਾਂ ਕਿਸੇ ਹੋਰ ਪਾਸੇ ਤੋਂ ਆਇਆ। ਅਪਰਾਧ-ਦੰਡ ਦੇ ਆਉਣ ਤੋਂ ਬਾਅਦ ਉਥੇ 'ਅੰਦਰ' ਤੋਂ ਮੈਨੂੰ ਇਕ ਬਹੁਤ ਸੁੰਦਰ ਚਿੱਠੀ ਮਿਲੀ (ਹੱਸਦੀ ਹੈ) ਤੁਸੀਂ ਜਾਣਦੇ ਹੋ, ਮੈਂ ਉਸ ਨੂੰ ਤੁਰੰਤ ਅੱਗ ਦੇ ਹਵਾਲੇ ਕਰ ਦਿੱਤਾ। ਮੈਂ ਸੱਚਮੁੱਚ ਉਸ ਰੂਪ ਨਾਲ ਵੇਖਿਆ ਜਾਣਿਆ ਨਹੀਂ ਚਾਹੁੰਦੀ ਸੀ। ਉਸ 'ਚ ਲਿਖਿਆ ਸੀ, "ਤੁਹਾਡੇ ਆਉਣ ਤੋਂ ਬਾਅਦ, ਲਿਖਣ ਤੋਂ ਬਾਅਦ ਏਥੇ ਖ਼ੁਸ਼ੀ ਦੀ ਲਹਿਰ ਫੈਲੀ ਸੀ।' ਅਤੇ ਸਾਰਾ ਕੁੱਝ ਗਲਤ ਹੈ। ਹਥਿਆਰ ਚੁੱਕਣਾ ਗਲਤ ਹੈ, ਨਾ ਹਥਿਆਰ ਚੁੱਕਣਾ ਗ਼ਲਤ ਹੈ, ਲਿਖਣਾ ਗ਼ਲਤ ਹੈ, ਨਾ ਲਿਖਣਾ। ਜ਼ਰਾ ਬਹਿਸਾ ਤੇ ਗੌਰ ਕਰੋ ਛਤੀਸ਼ਗੜ੍ਹ ਹੋਵੇ ਜਾਂ ਫ਼ਲਸਤੀਨ। ਇਹ ਇੰਝ ਕੀਤਾ ਜਾਂਦਾ ਹੈ ਜਿਵੇਂ ਅੱਤਿਆਚਾਰਾਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਤੁਸੀਂ ਕੁੱਝ ਕਰਦੇ ਹੋ ਤਾਂ 'ਅੰਦਰ' ਤੋਂ ਵੀ ਪ੍ਰਤੀਕ੍ਰਿਆ ਹੁੰਦੀ ਹੈ। ਉਦੋਂ ਉਹ ਕਹਿੰਦੇ ਹਨ, 'ਉਹ ਇਹ ਸਾਰਾ ਕੁੱਝ ਬਹੁਤ ਮਹਿਮਾ ਵਾਲਾ ਹੈ, ਦੋਵੇਂ ਗ਼ਲਤ ਹਨ।' ਇਹ ਘੱਟ ਬੁੱਧੀ ਵਾਲਾ ਵਿਸ਼ਲੇਸ਼ਣ ਹੈ। ਹਰ ਲੜਾਈ ਵਿਚ ਦੋਵੇਂ ਪਾਸਿਆ ਤੋਂ ਗਰਮੀ ਦਿਖਾਉਣ ਦੇ ਬਹਾਨੇ ਤਲਾਸ਼ੇ ਜਾਂਦੇ ਹਨ। ਇਹ ਇਕ ਚੱਕਰਵਿਊ ਬਣ ਜਾਂਦਾ ਹੈ। ਪ੍ਰੰਤੂ ਮਸਲਾ ਇਹ ਹੈ ਕਿ ਤੁਸੀਂ ਉਸ ਤਰ੍ਹਾਂ ਦੇ ਤੇਵਰ ਨਹੀਂ ਦਿਖਾਓਗੇ ਤਾਂ ਹਾਰ ਜਾਓਗੇ। ਉਹ ਕਹਿਣਗੇ, 'ਅਰੁੰਧਤੀ , ਤੁਸੀਂ ਭਾਜਪਾ ਦੇ ਸਬੰਧ ਵਿਚ ਕੁੱਝ ਚੰਗਾ ਕਿਓ ਨਹੀਂ ਕਹਿੰਦੇ।" ਅਤੇ ਉਸ ਤੋਂ ਪੁੱਛ ਗਿੱਛ ਹੋਵੇਗੀ? ਬਿਲਕੁੱਲ?

**? ਹੁਣ ਇਕ ਪੁਰਾਣੀ ਗੱਲ। ਈ ਐਮ ਐਮ (ਨੰਬੂਦਰੀਪਾਦ) ਵਾਲਾ ਸੰਦਰਭ। ਤੁਹਾਨੂੰ ਹੋਟਲ ਵਾਲੀ ਗੱਲ ਉੱਤੇ ਅਫ਼ਸੋਸ ਹੈ? ਕੀ ਉਹ ਖੱਬੇਪੱਖੀਆਂ 'ਤੇ ਹਮਲਾ ਕਰਨ ਵਾਲੀ ਰਵਾਇਤ ਦਾ ਹਿੱਸਾ ਨਹੀਂ ਸੀ?**

–ਇਹ ਬਕਵਾਸ ਹੈ। ਮੈਂ ਇਹ ਨਹੀਂ ਕਿਹਾ ਕਿ ਈ ਐੱਮ ਐੱਸ ਹੋਟਲ ਚਲਾਉਂਦੇ ਹਨ। ਅਸਲੀ ਸਵਾਲ ਇਹ ਹੈ ਜਿਹੜਾ ਹੁਣ ਸਾਫ਼ ਹੋ ਗਿਆ ਹੈ ਕਿ ਖੱਬੇਪੱਖੀਆਂ ਨੇ ਜਾਤੀ ਦਾ ਸਵਾਲ ਚੁੱਕਿਆ ਜਾਂ ਨਹੀਂ? ਹੋਟਲ ਵਾਲੀ ਗੱਲ ਇਕ ਅੰਲਕਾਰ ਵਰਗੀ ਹੈ। ਮੈਂ ਹਮੇਸ਼ਾਂ ਖੱਬੇ ਪੱਖੀਆਂ ਦੀ ਪ੍ਰਸ਼ੰਸ਼ਕ ਰਹੀ ਹਾਂ। ਅਤੇ ਕੇਰਲ 'ਚ ਮੁੱਖਧਾਰਾ ਵਾਲੇ ਖੱਬੇ ਪੱਖੀ ਦੀ ਮੌਜੂਦਗੀ 'ਚ ਬਹੁਤ ਲਾਭ ਵੀ ਹੋਇਆ ਹੈ ਪ੍ਰੰਤੂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਸੀਂ ਪਾਰਟੀ ਲਾਇਨ ਤੇ ਚੱਲੋ ਅਤੇ ਕੁੱਝ ਨਾ ਕਹੋ। ਇਹ ਭਾਰੀ ਭੁੱਲ ਰਹੀ ਹੈ ਜਿਵੇਂ ਖੱਬੇ ਪੱਖੀ ਜਾਤੀ ਦੇ ਸਵਾਲ ਉੱਤੇ ਅੰਨਾ ਬਣਿਆ ਰਿਹਾ, ਅਜਿਹਾ ਕਰਨ 'ਚ ਉਸ ਨੇ ਜਿਵੇਂ ਗੁੱਸਾ ਦਿਖਾਇਆ।

ਇਹ ਸਵਾਲ ਨਾਵਲ ਵਿਚ ਚੁੱਕਿਆ ਗਿਆ ਹੈ, ਵੀਹ ਲਾਹ ਪਹਿਲਾ! ਜਾਤੀ ਉੱਤੇ ਧਿਆਨ ਨਾ ਦੇਣਾ ਗਲਤੀ ਹੈ।

**? ਮੈਂ ਇਹ ਸਵਾਲ ਇਸ ਲਈ ਪੁੱਛਿਆ ਕਿ ਇਸ ਦਾ ਇਕ ਤਾਜ਼ਾ ਸੰਦਰਭ ਹੈ। ਇਹ ਵਿਚਾਰ ਕਿ ਕਿਸੇ ਆਦਮੀ ਦੀ ਆਲੋਚਨਾ ਉਸਦੀ ਜਾਤੀ ਨਾਲ ਜੁੜੀ ਹੋ ਸਕਦੀ ਹੈ, ਕੀ ਉਸਦਾ ਇਸ ਵਿਵਾਦ ਨਾਲ ਲੈਣ ਦੇਣ ਹੈ ਜਿਹੜਾ ਅੰਬੇਡਕਰ ਦੀ ਕਿਤਾਬ ਦੇ ਮਾਮਲੇ 'ਚ ਤੁਹਾਡੇ ਨਾਲ ਹੋਇਆ? ਉਸ ਘਟਨਾ ਨਾਲ ਤੁਸੀਂ ਕਿੰਨਾ ਕੁ ਪਰੇਸ਼ਾਨ ਹੋਏ?**

–ਮੈਂ ਇਸ ਨਾਲ ਬਹੁਤ ਦੁੱਖੀ ਹੋਈ, ਫਿਰ ਵੀ ਮੇਰੇ ਮਨ ਦਾ ਇਕ ਕੋਨਾ ਇਸ ਨੂੰ ਸਮਝ ਰਿਹਾ ਹੈ। ਅਸੀਂ ਜਿਹੜੀ ਗੱਲ ਕਰ ਰਹੇ ਹਾਂ, ਉਹ ਸਦੀਆਂ ਤੋਂ ਘਰ ਕਰ ਚੁੱਕੀ ਹੈ, ਇਸ ਲਈ ਇਕ ਪੱਧਰ ਤੇ ਆ ਕੇ ਤੁਹਾਨੂੰ ਪਤਾ ਹੁੰਦਾ ਹੈ ਕਿ ਉਹ ਤੁਹਾਨੂੰ ਸਹਿਣਾ ਹੀ ਪਵੇਗਾ। ਉਹ ਇਸੇ ਤਰ੍ਹਾਂ ਹੀ ਹੈ, ਜਿਵੇਂ ਤੁਸੀਂ ਐਨੇ ਕਰੀਬ ਆ ਪਹੁੰਚੇ ਕਿ ਪੱਥਰ ਦੀ ਮਾਰ 'ਚ ਆ ਜਾਓ। ਕਿਉਂਕਿ ਦੂਜੇ ਕਾਫ਼ੀ ਦੂਰ ਹਨ।

**? ਫਿਰ ਵੀ ਤੁਸੀਂ ਜਿਨ੍ਹਾਂ ਮੁੱਦਿਆ ਨੂੰ ਛੂਹਦੇ ਹੋ, ਮਸਲਨ ਕਸ਼ਮੀਰ, ਜਾਤੀ ਪੂਰੀ ਤਰ੍ਹਾਂ ਖ਼ਾਰਜ਼ ਕਰਨ ਦੇ ਬਾਵਜੂਦ ਸ਼ੋਰ-ਸ਼ਰਾਬਾ ਰੁੱਕਦਾ ਨਹੀਂ ਹੈ।**

–ਸ਼ੋਰ ਸ਼ਰਾਬਾ ਨਹੀਂ ਰੁਕੇਗਾ। ਜਿਗਨੇਸ਼ ਮੇਵਾਨੀ, ਤੇਲਤੂੰਬੜੇ ਜਾਂ ਭੀਮ ਆਰਮੀ ਨੂੰ ਵੇਖ ਲਵੋ। ਸਾਡੇ ਸਾਰਿਆਂ ਉੱਤੇ ਅਸਰ ਪਵੇਗਾ ਕਿ ਨਹੀਂ। ਬਹੁਤ ਅਜੀਬ ਲੱਗਦਾ ਹੈ ਜਦੋਂ ਲੋਕ ਕਹਿੰਦੇ ਹਨ ਕਿ ਮੈਂ ਭਾਰਤ ਵਿਰੋਧੀ ਹਾਂ ਜਾਂ ਅਜਿਹਾ ਹੀ ਕੁੱਝ। ਕਿਉਂਕਿ ਮੈਂ ਕੀ ਹਾਂ, ਉਸ ਦਲੀਲ 'ਚ ਹਾਂ, ਮਾਰ ਖਾ ਰਹੀ ਹਾਂ, ਬੋਲ ਸੁਣ ਰਹੀ ਹਾਂ। ਸਾਰਾ ਕੁੱਝ ਇਕ ਤਰ੍ਹਾਂ ਦਾ ਪਿਆਰ ਹੈ। ਕੁੱਝ ਵੱਖਰਾ ਦਿਸਣ ਦੀ ਇੱਛਾ ਹੈ। ਇਹ ਨਹੀਂ ਕਹਿਣ ਦੀ ਫ਼ਿਤਰਤ ਹੈ ਕਿ ਮੈਂ ਚਲੇ ਜਾਵਾਂਗੀ ਅਤੇ ਕੈਲੀਫੋਰਨੀਆਂ ਜਾ ਕੇ ਵਸ ਜਾਵਾਗੀ।

**? ਕੀ ਅੰਬੇਡਕਰ ਵਾਦ-ਵਿਵਾਦ ਇਕ ਉਕਸਾਊ ਵਰਤਾਰਾ ਹੈ? ਕਿਤਾਬ 'ਚ ਤੁਸੀਂ ਤਲਿਸਮ ਨੂੰ ਇਕ ਜਾਤੀ ਨਾਲ ਜੋੜਿਆ ਹੈ, ਜਦ ਕਿ ਉਹ...**

–ਨਹੀਂ, ਇਹ ਅੰਬੇਡਕਰ ਵਾਲੀ ਕਿਤਾਬ ਤੋਂ ਪਹਿਲਾਂ ਦਾ ਸੀ। ਮੈਨੂੰ ਉਸ ਦੇ ਲਈ ਨਾਵਲ ਲਿਖਣ ਤੋਂ ਰੁਕਣਾ ਪਿਆ। ਤਿਲੋ ਪ੍ਰਤੀਕ ਰੂਪ ਨਾਲ ਅੰਮੂ ਅਤੇ ਬੇਲੂਤਾ ਦੀ ਸੰਤਾਨ ਹੈ। ਮੈਨੂੰ ਇਹ ਅਜੀਬ ਲੱਗਦਾ ਹੈ ਕਿ ਲੋਗ ਜਦੋਂ ਕਿਤਾਬ ਲਿਖਦੇ ਹਨ ਤਾਂ ਫਿਲਮ ਬਣਾਉਂਦੇ ਹਨ ਤਾਂ ਜਾਤੀ ਨੂੰ ਭੁੱਲਾ ਦਿੰਦੇ ਹਨ। ਇਹ ਰੰਗਭੇਦ ਦੀ ਚਰਚਾ ਕੀਤੇ ਬਿਨਾ ਦੱਖਣੀ ਅਫ਼ਰੀਕਾ ਉੱਤੇ ਲਿਖਣ ਵਰਗਾ ਹੈ। ਜਾਤੀ ਤੁਹਾਡੇ ਸ਼ੋਸ਼ਣ ਦੀ ਵਿਵਸਥਾ ਨੂੰ ਆਤਮਸਾਤ ਕਰ ਦਿੰਦੀ ਹੈ, ਚਾਹੇ ਤੁਸੀਂ ਸ਼ੋਸ਼ਤ ਹੀ ਕਿਓ ਨਾ ਹੋਵੋ।

**? ਲੋਕਾਂ ਨੂੰ ਭੁੱਲ ਜਾਓ। ਇਨ੍ਹਾਂ ਸਾਰੇ ਪਾਤਰਾਂ ਨੂੰ ਰਚਨਾ-ਪ੍ਰਕ੍ਰਿਆ 'ਚ ਢਾਲਦੇ ਸਮੇਂ ਤੁਹਾਡੇ ਅੰਦਰ ਕੀ ਚੱਲ ਰਿਹਾ ਸੀ?**

–ਲੇਖਕ ਬੇਲਿਹਾਜ਼ ਹੁੰਦੇ ਹਨ। ਉਹ ਆਪਣੀ ਸਿਰਜਣਾ ਨੂੰ ਖਾ ਜਾਂਦੇ ਹਨ। ਇਹ ਇਸ ਵਿਚ ਵੀ ਹੈ (ਕਿਤਾਬ ਦੇ ਵੱਲ ਇਸ਼ਾਰਾ ਕਰਦੇ ਹੋਇਆ) ਇਸ ਨਾਲ ਫ਼ਰਕ ਨਹੀਂ ਪੈਂਦਾ ਕਿ ਇਹ ਕਿਵੇਂ ਹੁੰਦਾ ਹੈ।

**? ਅਤੇ ਕਸਮੀਰ, ਉਹ ਤੁਹਾਨੂੰ ਜੀਪ ਉੱਤੇ ਵੇਖਣਾ ਚਾਹੁੰਦਾ ਹੈ !**


–(ਹੱਸਦੀ ਹੈ) ਮੈਨੂੰ ਸੈਰ ਤਾਂ ਕਰਵਾਓ।

**? ਕੀ ਕਸ਼ਮੀਰ ਵੀ ਸੰਕਟ ਵਰਗੀ ਸਥਿਤੀ ਵਿਚ ਹੈ। ਇਕ ਹੋਰ ਅੰਜ਼ੁਮ, ਜਿਸ ਨਾਲ ਸਾਡੀ ਇਕਹਿਰੀ ਧਾਰਨਾ ਨੂੰ ਪਿਘਲਣ 'ਚ ਕੁੱਝ ਸਹਾਇਤਾ ਮਿਲ ਸਕਦੀ ਹੈ?**

–ਯਕੀਨਨ, ਇਹ ਸਾਡੇ ਸਾਹਮਣੇ ਅਜਿਹੀ ਪੇਚੀਦਗੀ ਪੇਸ਼ ਕਰਦਾ ਹੈ ਜਿਹੜਾ ਕਿਸੇ ਹੋਰ ਨਜ਼ਰੀਏ ਨਾਲ ਵੇਖਣ ਲਈ ਮਜਬੂਰ ਕਰਦਾ ਹੈ।

# ਕਿਸਾਨੀ ਅੰਦੋਲਨ ਦੀ ਦ੍ਰਿਸ਼-ਵਿਉਂਤ: ਟਰਾਲੀ ਯੁੱਗ

**- ਡਾ ਚੰਦਰ ਪ੍ਰਕਾਸ਼**




ਨਾਵਲ ਬਾਕੀ ਦੇ ਸਾਰੇ ਰੂਪਾਂ ਨਾਲੋਂ ਵਿਲੱਖਣ ਹੈ। ਇਹ ਇੱਕ ਤਰ੍ਹਾਂ ਦਾ ਮਾਡਲ ਹੈ,ਜੋ ਸਮਾਜ ਨੂੰ ਸਮਝਣ ਵਿੱਚ ਸਹਾਈ ਹੁੰਦਾ ਹੈ। – ਹਰਿਭਜਨ ਸਿੰਘ [1]

ਬਲਬੀਰ ਪਰਵਾਨਾ ਦੇ ਨਾਵਲਾਂ ਵਿੱਚ ਸ਼ਾਮਲ ਇਤਿਹਾਸਕ–ਮਿਥਿਹਾਸਕ ਵੇਰਵੇ, ਵਿਚਾਰਧਾਰਾਈ ਵਿਆਖਿਆ–ਵਿਸ਼ਲੇਸ਼ਣ ਨੂੰ ਆਧਾਰ ਬਣਾ ਕੇ ਚਰਚਾ ਬਣੀ ਰਹਿੰਦੀ ਹੈ। ਇੱਥੇ ਨਵੇਂ ਨਾਵਲ **'ਟਰਾਲੀ ਯੁਗ' (ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 250 ਰੁ. ਪੰਨੇ 144, ਸਾਲ** 2022) ਨੂੰ ਕੁਝ ਪਾਸਿਉਂ ਵਾਚਣ ਦਾ ਯਤਨ ਕਰਦੇ ਹਾਂ:

ੳ. ਗਲਪਕਾਰ ਅਤੇ ਗਲਪ ਮਾਡਲ: ਲਿਖਣ/ ਵਿਉਂਤ

ਨਾਵਲ:–ਸਮਾਜ ਦੇ ਸਰੂਪ/ਪਛਾਣ ਨੂੰ ਆਧਾਰ ਬਣਾਉਂਦਾ ਹੋਇਆ ਸਾਡੀ ਪਰੰਪਰਕ ਸੂਝ ਨੂੰ ਭੰਨਦਾ/ਤੋੜਦਾ:ਮੁੜ ਘੜਦਾ ਹੈ। ਇਉਂ ਪੜ੍ਹਨਯੋਗ ਨਾਵਲਾਂ ਵਿਚੋਂ ਹੀ ਲਿਖਣਯੋਗ ਨਾਵਲਾਂ ਦਾ ਉਦੈ ਹੁੰਦਾ ਹੈ। ਲਿਖਣਯੋਗ ਦੀ ਮਦਦ ਨਾਲ ਹੀ ਲੇਖਕ ਪ੍ਰਚਲਿਤ, ਪਰਿਪੱਕ ਅਤੇ ਪਰੰਪਰਕ ਮਾਡਲਾਂ ਨੂੰ ਵੰਗਾਰਦਾ ਅਤੇ ਨਵੇਂ ਮਾਡਲਾਂ ਰਾਹੀਂ ਸਮਾਜਕ ਯਥਾਰਥ ਨੂੰ ਸਮਝਣ ਲਈ ਪ੍ਰੇਰਦਾ ਹੈ। [2] ਬਲਬੀਰ ਪਰਵਾਨਾ ਦੇ ਨਾਵਲ ਵੀ ਵਿਸ਼ੇਸ਼ ਮਾਡਲ ਸਿਰਜਣ ਵੱਲ ਰੁਚਿਤ ਜਾਪਦੇ ਹਨ।

'ਜੀਵਨ ਵਿਉਂਤ' ਦੀ ਜਟਿਲਤਾ ਨੂੰ 'ਲਿਖਣ–ਵਿਉਂਤ' 'ਚ ਢਾਲਦੇ ਵੇਲੇ ਚਿੰਤਨ –ਮੰਥਨ ਕਰਨਾ: ਉਸਦੇ ਸਿਰਜਣਾਤਮਕ ਸੁਭਾਅ ਦਾ ਵਿਸ਼ੇਸ਼ ਅੰਗ ਹੈ। [3] ਹਾਸਲ ਕੀਤੇ 'ਗਿਆਨ' ਨੂੰ ਅਨੁਭਵ/ਕਲਪਨਾ ਨਾਲ ਜੋੜ ਕੇ 'ਮਾਰਕਸਵਾਦੀ ਸਿਧਾਂਤਾਂ' ਰਾਹੀਂ ਨਾਵਲਾਂ ਨੂੰ 'ਥੀਸਸ ਸ਼ਕਲ' ਦੇਣਾ ਅਗਲੀ ਗੱਲ ਹੈ। ਇਹ ਸਿਧਾਂਤਕਾਰੀ ਫੈਲਾਅ ਕਈ ਵਾਰ ਨਾਵਲ–ਲੜੀ ਤੱਕ ਫੈਲ ਜਾਂਦਾ ਹੈ। ਚੌ–ਲੜੀ ਨਾਵਲ 'ਬਹੁਤ ਸਾਰੇ ਚੁਰੱਸਤੇ' ਪ੍ਰਤੀਨਿਧ ਉਦਾਹਰਣ ਹੈ। 'ਸੋਅ–ਰੂਮ' ਦੇ ਬੀਜ ਵੀ 'ਅੰਬਰ ਵੱਲ ਉਡਾਣ', 'ਬੰਜਰ ਧਰਤੀ' ਵਿਚ ਖਿਲਰੇ ਪਏ ਹਨ। ਪਰਵਾਨਾ 'ਪ੍ਰੋਜੈਕਟ ਪੇਸ਼ਕਾਰੀ' ਵਿਚ ਪੂਰੀ ਮੁਹਾਰਤ ਰੱਖਦਾ ਹੈ। ਇੰਜ 'ਖੇਤਾਂ ਦਾ ਰੁਦਨ' ਵਿਚ ਪ੍ਰੋ ਰਵੀ ਵੱਲੋਂ 'ਨਵਾਂ ਆਰਥਕ ਵਰਤਾਰਾ ਤੇ ਕਿਸਾਨ ਆਤਮ ਹੱਤਿਆਂਵਾਂ' ਵਿਸ਼ੇ ਤਹਿਤ ਆਰੰਭ ਹੋਇਆ ਫਲਸਫ਼ਾ 'ਸਿਆੜਾਂ ਦੀ ਕਰਵਟ' 'ਚ ਸਰਗਰਮ ਵਿਚਾਰਕ ਦਾ ਰੂਪ ਧਾਰਨ ਕਰ ਲੈਂਦਾ ਹੈ। ਕਰੋਨਾ ਅਤੇ ਤਿੰਨ ਖੇਤੀ ਕਾਨੂੰਨਾਂ ਬਾਰੇ ਕੀਤੀ ਪ੍ਰਤਿਕਿਰਿਆ ਨੂੰ ਸਿਮਰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਪ੍ਰੋ ਰਵੀ ਦੀ ਮੌਤ ਬਾਅਦ ਉਸਦੀ ਜੀਵਨ/ਕਿਸਾਨੀ ਸੋਚ ਨੂੰ ਸਿਮਰ 'ਟਰਾਲੀ ਯੁੱਗ' ਵਿਚ ਅਮਲੀ ਜਾਮਾ ਪਹਿਨਾਉਣ ਲਈ ਪੂਰੀ ਵਾਹ ਲਾਉਂਦਾ ਹੈ। ਰਵੀ, ਮਾਲਤੀ, ਰਜਨੀ ਸੰਬੰਧਾਂ ਵਾਲੀ ਕਹਾਣੀ ਵੀ ਸਿਮਰ–ਮਨਿੰਦਰ ਵਿਚ ਰੂਪਾਂਤਰਨ ਹੋ ਚੁੱਕੀ ਹੈ। ਨਾਵਲ ਕਥਾ ਦੇ ਅੰਤ ਅਨੁਸਾਰ: ਜ਼ਿੰਦਗੀ ਬਾਰੇ ਸੋਚਦਾ ਤਾਂ ਉਸਨੂੰ ਮਨਿੰਦਰ ਨਾਲ ਜੁੜਕੇ ਹੀ ਦਿਸਦੀ,ਪਰ ਕਿਸ ਰੂਪ 'ਚ? ਸ਼ਾਇਦ ਪ੍ਰੋ ਵੀ ਇਨ੍ਹਾਂ ਉਲਝਣਾਂ ਚੋਂ ਨਹੀਂ ਸੀ ਨਿਕਲ ਸਕਿਆ। [4] ਇੰਜ ਖੇਤਾਂ ਦਾ ਰੁਦਨ, ਸਿਆੜਾਂ ਦੀ ਕਰਵਟ, ਟਰਾਲੀ ਯੁੱਗ ਤ੍ਰੈਲੜੀ

ਬਣਨ ਦੀ ਪੂਰੀ ਸੰਭਾਵਨਾ ਬਣ ਗਈ ਹੈ। ਪਿਛਲੇਰੇ ਦੋ ਨਾਵਲਾਂ ਵਿਚੋਂ ਇਕ ਇਕ ਸੰਵਾਦ ਹਾਜ਼ਰ ਹੈ:-

ਕਦੀ ਕਦੀ ਦੌਰ ਆਉਂਦਾ ਹੈ, ਜਦੋਂ ਇਤਿਹਾਸ ਸਿਰਜਿਆ ਜਾ ਰਿਹਾ ਹੁੰਦਾ ਹੈ। ਅੱਜ ਉਹੀ ਦੌਰ ਹੈ। ਮਹਾਂਮਾਰੀ ਕਰਕੇ ਸਮਾਜ ਦੀ ਹੋਣੀ ਦਾ ਫ਼ੈਸਲਾਕੁੰਨ ਦੌਰ ਵੀ ਤੇ ਕਿਸਾਨਾਂ ਦੀ ਹੋਣੀ ਦਾ ਵੀ - ਇਸ ਚੋਂ ਪਲ ਵੀ ਬੇਧਿਆਨੇ ਹੋਣਾ ਮੈਨੂੰ ਪੁੱਗਦਾ ਨਹੀਂ। ਲੱਗਦਾ ਕੁਝ ਦੇਖਣ ਵਾਲਾ, ਕੁਝ ਸਮਝਣ ਵਾਲਾ ਰਹਿ ਜਾਵੇਗਾ। ਮੈਂ ਇਸਦੇ ਪਲ ਪਲ ਦਾ ਗਵਾਹ ਹੋਣਾ ਚਾਹੁੰਦਾ ਹਾਂ ।[5]

ਉਹਨਾਂ ਨੇ ਹੋਰ ਗੱਲਾਂ ਵੀ ਕੀਤੀਆਂ। ਅੰਦੋਲਨ ਦੀਆਂ ਵੀ। ਕੁਝ ਨਿਰਾਸ਼ ਕਰਨ ਵਾਲਾ ਵੀ ਸੀ, ਖ਼ਾਸ ਕਰਕੇ ਚੋਣਾਂ ਦੀ ਸਰਗਰਮੀ ਚ ਜਿਵੇਂ ਲਹਿਰ ਦਾ ਸਮੁੱਚਾ ਚਾਅ ਹੀ ਖਿੰਡਦਾ ਲੱਗ ਰਿਹਾ ਸੀ। ਇਕ ਲਹਿਰ ਜਿਹੜੀ ਏਨੀ ਚੜ੍ਹੀ ਹੋਈ ਸੀ ਕਿ ਲੱਗਦਾ, ਰਾਹ 'ਚ ਆਉਣ ਵਾਲੀ ਹਰ ਰੋਕ ਨੂੰ ਆਪਣੇ ਵਹਾਅ 'ਚ ਰੋਹੜ ਕੇ ਲੈ ਜਾਵੇਗੀ,ਉਹ ਤੇਜ਼ ਕਿਤੇ ਅਲੋਪ ਹੋ ਚੁੱਕਾ ਸੀ।[6]

ਪਰਵਾਨਾ, 'ਪੂੰਜੀ ਸੁਭਾਅ' ਅਤੇ 'ਸ਼ਕਤੀ ਸੰਰਚਨਾ' ਦੀ ਤੈਹ ਹੇਠ ਬਦਲ ਰਹੇ 'ਮਾਨਵੀ-ਮਾਹੌਲ' ਦੀ ਪੁਨਰ ਸਿਰਜਣਾ ਲਈ ਤਤਪਰ ਜਾਪਦਾ ਹੈ। ਉਹ ਮੁੱਖ ਰੂਪ ਵਿਚ ਗਲਪਕਾਰ ਹੈ। ਇਤਿਹਾਸਕਾਰ ਨਹੀਂ। ਪਰ ਸਾਹਿਤ-ਇਤਿਹਾਸ ਦੇ ਸੰਬਾਦਕ ਰਿਸ਼ਤੇ ਤੋਂ ਜਾਣੂੰ ਲਾਜ਼ਮੀ ਹੈ। ਕਿਉਂਕਿ ਆਪਣੇ ਇਤਿਹਾਸ ਨੂੰ ਸਹੀ ਰੂਪ 'ਚ ਨਾ ਜਾਣਨ ਵਾਲਾ ਸਮਾਜ ਵੀ ਯਾਦਾਸ਼ਤ ਗੁਆ ਚੁੱਕੇ ਮਨੁੱਖ ਵਾਂਗ ਹੀ ਹੁੰਦਾ ਹੈ।[7] ਇਸ ਲਈ ਬਿਰਤਾਂਤਕ ਸੰਗਠਨ 'ਚ ਬਿਰਤਾਂਤਕ ਸਮੇਂ ਨੂੰ ਸੂਤਰਬੱਧ ਕਰਨ ਨਾਲ ਇਤਿਹਾਸ -ਸਮਕਾਲ ਬਰਾਬਰ ਚੱਲਣ ਲੱਗਦੇ ਹਨ। ਇੰਜ ਨਿਰਧਾਰਤ ਕੀਤੇ ਸਮੇਂ ਦਾ ਸਮਾਜ, ਸਭਿਆਚਾਰ, ਰਾਜਸੀ-ਆਰਥਕ ਵਰਤਾਰਾ ਆਪ ਮੁਹਾਰੇ ਸ਼ਾਮਲ ਹੋ ਜਾਂਦਾ ਹੈ। ਗਲਪੀ ਰੰਗ 'ਸੈਂਚੀਆਂ' ਵਾਂਗ ਸਾਂਭਿਆ ਜਾਣ ਲੱਗਦਾ ਹੈ। ਬੀਤੇ ਛੇ-ਸੱਤ ਦਹਾਕਿਆਂ ਦੇ ਇਤਿਹਾਸ ਦੀ ਪ੍ਰਸਤੁਤੀ ਨਾਵਲਾਂ ਵਿਚ ਹੋ ਚੁੱਕੀ ਹੈ। 'ਪ੍ਰੋਜੈਕਟ ਪੇਸ਼ਕਾਰੀ' ਦੇ ਮਿਸ਼ਨ ਹੇਠ ਵਿੱਢੇ ਇਸ ਸਿਰਜਣਾਤਮਕ ਕਾਰਜ ਨੂੰ ਉਦੋਂ ਠੇਸ ਵੀ ਪਹੁੰਚਦੀ ਹੈ ਜਦ ਘਟਨਾਵੀ ਵੇਰਵਿਆਂ 'ਚ ਦੁਹਰਾਅ ਆਉਂਦਾ ਹੈ। ਜਿੰਮ, ਬਿਊਟੀ ਪਾਰਲਰ, ਕਾਮ ਖੁੱਲ੍ਹ ਖੇਡਣ, ਚਾਹ, ਚੁਬਾਰਾ/ ਹਵੇਲੀ,ਕੰਢੀ-ਪਹਾੜੀ ਚੱਜ-ਵਿਹਾਰ ਆਦਿ ਆਦਿ ਸਾਂਝੀ ਚੂਲ ਬਣ ਜਾਂਦੇ ਹਨ। 'ਰੜਕਣ' ਅਤੇ 'ਪਕੜਨ' ਵਾਲੇ ਦੁਹਰਾਅ ਨੂੰ ਫੜਨਾ ਆਮ ਪਾਠਕ ਦੇ ਵੱਸ ਤੋਂ ਬਾਹਰ ਜਾਪਣ ਲੱਗਦਾ ਹੈ। ਉਸਦੀ ਸਮੁੱਚੀ ਨਾਵਲਕਾਰੀ 'ਸਮੱਗਰ' ਰੂਪ ਵਿਚ ਅਧਿਐਨ ਦੀ ਮੰਗ ਕਰਦੀ ਹੈ। ਪਲੇਠੇ ਨਾਵਲ 'ਸੁਪਨੇ ਤੇ ਪਰਛਾਵੇਂ ' ਵਿਚਲੇ ਫੁੱਲ ਬੂਟੇ 'ਟਰਾਲੀ ਯੁੱਗ' ਤੱਕ ਸਫ਼ਰ ਕਰ ਚੁੱਕੇ ਹਨ।

ਸਿਰਜਕ ਲਈ ਨਾਵਲ ਲੜੀ ਵਿਚ ਇੱਕਲੇ ਇੱਕਲੇ ਭਾਗ ਦੀ 'ਸੁਤੰਤਰ' ਵਿਧਾਗਤ ਪਛਾਣ ਨੂੰ ਬਰਕਰਾਰ ਰੱਖਣਾ ਚੁਣੌਤੀ ਭਰਿਆ ਕਾਰਜ ਹੁੰਦਾ ਹੈ। ਪਰਵਾਨਾ ਚੁਣੌਤੀ ਸਵੀਕਾਰਨ ਦੇ ਨਾਲ ਨਾਲ ਜੂਝਦਾ ਵੀ ਹੈ।

ਅ. ਕਰੋਨਾ ਅਤੇ ਕਿਸਾਨੀ ਅੰਦੋਲਨ: ਦ੍ਰਿਸ਼- ਵਿਉਂਤ

ਜ਼ਿੰਦਗੀ ਦੇ ਕਈ ਪੱਖ ਬੇਚਿਹਰਾ -ਬੇਪਛਾਣ ਹੁੰਦੇ ਹਨ। ਨਵੀਂ ਜ਼ਿੰਦਗੀ ਵਿਚ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜਿਸਦੀ ਤੋਰ-ਨੁਹਾਰ ਅਸਪੱਸ਼ਟ/ਧੁੰਦਲੀ ਹੈ। ਸਾਧਾਰਨ ਬੰਦਾ ਨਵੀਆਂ ਬਿਪਤਾਵਾਂ ਦੀ ਪ੍ਰਕ੍ਰਿਤੀ ਤੋਂ ਅਜੇ ਅਣਜਾਣ ਹੈ। ਕਿਉਂਕਿ ਉਸਦੀ ਸੋਚਣ ਸਮਰੱਥਾ ਅਨੁਸਾਰ 'ਬਦਲਾਉ' ਕੁਦਰਤ ਦਾ ਨਿਯਮ ਹੈ: ਜਦੋਂ ਕਿ ਬਦਲਾਉ ਸ਼ੀਲਤਾ 'ਸੱਤਾ ਸੰਚਾਲਕ' ਵੱਲੋਂ ਨਿਰਧਾਰਤ ਵੀ ਹੁੰਦੀ ਹੈ। ਇਹ ਬਦਲਾਓ 'ਲੋਕ ਮੁੱਖ' ਦੀ ਥਾਂ 'ਲੋਕ ਮਾਰੂ' ਵਧੇਰੇ ਹੁੰਦਾ ਹੈ। ਮੀਡੀਆ ਲਈ ਵੀ ਤਿਆਰ ਕੀਤੀ 'ਟੈਕਸਟ' ਨੂੰ ਲੁਭਾਵਣੇ ਬਿੰਬਾਂ ਰਾਹੀਂ ਪ੍ਰਦਰਸ਼ਤਿ ਕੀਤਾ ਜਾਂਦਾ ਹੈ। ਕਰੋਨਾ ਅਤੇ ਤਿੰਨ ਖੇਤੀ ਕਾਨੂੰਨਾਂ ਵੇਲੇ ਮੁੱਖ ਧਾਰਾ ਮੀਡੀਏ'ਚ ਤਾਂ ਅੰਦੋਲਨ ਬਾਰੇ ਬਹੁਤ ਘੱਟ ਆ ਰਿਹਾ ਸੀ ਪਰ ਯੂਟਿਊਬ ਚੈਨਲ ਗੱਲ ਘਰ ਘਰ ਤੱਕ ਪਹੁੰਚਾ

ਰਹੇ ਸਨ, ਉਹ ਵੀ ਉਸਦੇ ਸਹੀ ਪ੍ਰਸੰਗ 'ਚ।[8] ਸਮਾਜਕ ਨਿਘਾਰ ਵਿਚ ਕਿਸਾਨੀ ਅੰਦੋਲਨ ਵੱਢਾ ਵੱਢ ਮਾਰਦਾ ਹੈ। ਯੁਵਾ ਸ਼ਕਤੀ ਪੁਰਾਣੀ ਪੀੜ੍ਹੀ ਨਾਲ ਜੁੜ ਬੈਠਦੀ ਹੈ। ਸਿੰਘੂ, ਟਿਕਰੀ, ਗਾਜੀਪੁਰ ਬਾਰਡਰਾਂ ਤੋਂ ਬਿਨਾਂ ਟੋਲ ਪਲਾਜਿਆਂ ਉੱਤੇ ਨਵਾਂ 'ਪਿੰਡ' ਵੱਸਦਾ ਹੈ। ਕਿਸਾਨ ਅੰਦੋਲਨ ਜ਼ਿੰਦਾਬਾਦ, ਸੰਯੁਕਤ ਕਿਸਾਨ ਮੋਰਚਾ ਜ਼ਿੰਦਾਬਾਦ, ਤਿੰਨ ਕਾਲੇ ਕਾਨੂੰਨ ਵਾਪਸ ਲਓ, ਕਾਰਪੋਰੇਟ ਪੱਖੀ ਸਰਕਾਰ ਮੁਰਦਾਬਾਦ ਨਾਹਰੇ/ ਗੀਤ ਗੂੰਜਦੇ ਹਨ। ਹਰੀਆਂ, ਪੀਲੀਆਂ, ਨੀਲੀਆਂ, ਪੱਗਾਂ/ਪਰਨਿਆ ਵਾਲੇ ਲੋਕ ਕਿਸਾਨੀ ਝੰਡੇ ਦਾ ਮੈਟਾਫਰ ਸਿਰਜਦੇ ਹਨ। ਅੰਦੋਲਨ ਵਿਚ ਹਾਜ਼ਰੀ ਭਰਦੇ ਲੋਕਾਂ ਦੇ ਘਰੇਲੂ/ਖੇਤੀ ਕੰਮ ਰਲ ਮਿਲ ਨੇਪਰੇ ਚੜਦੇ ਹਨ। ਪਿੰਡਾਂ ਵਿਚ ਆਉਂਦੇ ਨੇਤਾਵਾਂ ਦੀ ਘੇਰਾਬੰਦੀ ਕਰ ਸਵਾਲ ਜਵਾਬ ਕੀਤੇ ਜਾਂਦੇ ਹਨ। ਇਉਂ ਵਿਭਿੰਨ ਮੰਚਾਂ ਤੋਂ ਭਾਸ਼ਣ/ਸਭਿਆਚਾਰਕ/ਨਾਟਕਾਂ ਦਾ ਵਿਸ਼ੇਸ਼ ਵਰਗ ਸਮੂਹ ਤਿਆਰ ਹੁੰਦਾ ਹੈ;ਜੋ ਜਨ-ਸੰਚਾਰ ਦੀ ਭੂਮਿਕਾ ਨਿਭਾਉਂਦਾ ਹੈ। ਬੱਚੇ, ਜਵਾਨ, ਬਜ਼ੁਰਗ, ਮਰਦ, ਔਰਤ ਸਭ ਬਣਦਾ ਸਰਦਾ ਯੋਗਦਾਨ ਪਾਉਂਦੇ ਹਨ। ਰਿਸ਼ਤਿਆਂ ਦੀ ਨਵੀਂ ਵਰਣਮਾਲਾ ਬਣਦੀ ਹੈ। ਟਿਕੈਤ ਦੇ ਹੰਝੂਆਂ ਦਾ ਮੁੱਲ ਪੈਂਦਾ ਹੈ ਤਾਂ ਸਰਕਾਰ ਨੂੰ ਕਾਂਬਾ ਛਿੜਦਾ ਹੈ। ਧਰਮ, ਇਤਿਹਾਸ, ਵਿਗਿਆਨ, ਭਾਸ਼ਾ, ਸਾਹਿਤ, ਕਲਾ ਆਦਿ ਨਰਮ-ਗਰਮ ਖ਼ਿਆਲ ਇੱਕੋ ਟੀਚੇ ਨੂੰ ਸਰ ਕਰਨ ਲਈ ਯੋਜਨਾਬੰਦੀ ਕਰਦੇ ਹਨ। ਵਿਭਿੰਨ ਆਗੂਆਂ/ਲਹਿਰਾਂ ਤੋਂ ਪ੍ਰੇਰਣਾ ਲਈ ਜਾਂਦੀ ਹੈ। ਪਰ ਅੰਦੋਲਨ ਦੇ ਜਿੱਤ ਜਸ਼ਨ ਬਾਅਦ ਮੁੜ ਪਿੰਡਾਂ ਵਿਚ ਆਪਾ -ਵਿਰੋਧੀ ਸਥਿਤੀ ਦਾ ਉਦੈ ਹੋਣਾ ਦੁਖਦ ਹੈ। ਸਿਮਰ ਦੀ ਸਮਝ ਅਨੁਸਾਰ ਸਾਰੇ ਕਿਸਾਨ ਆਗੂ ਜਿੱਤ ਵੀ ਜਾਣ,ਪੂਰੇ ਦੇ ਪੂਰੇ ਇੱਕ ਸੌ ਸਤਾਰਾਂ; ਤਾਂ ਵੀ ਜੇ ਜੀਵਨ -ਸਲੀਕਾ ਇਹੀ ਰਹਿੰਦਾ ਹੈ, ਕਿਸਾਨ ਦੀ ਹੋਣੀ ਦੇ ਦੁਖਾਂਤ 'ਚ ਕੋਈ ਬਦਲਾਅ ਨਹੀਂ ਆ ਸਕਦਾ।[9] ਨਾਵਲ ਇਸ ਚਿੰਤਾ/ਫ਼ਿਕਰਮੰਦੀ ਦਾ ਦ੍ਰਿਸਟਾਂਤ ਵੀ ਸਿਰਜਦਾ ਹੈ।

ੲ. ਪਾਤਰ ਅਤੇ ਸਿਰਲੇਖ ਘਾੜਤ: ਕਥਾ-ਵਿਉਂਤ

ਪਿਛਲੇ ਨਾਵਲ ਵਿਚ ਕਰੋਨਾ ਬਚਾਉ ਕਮੇਟੀ ਦੇ ਨਾਲ ਨਾਲ ਮੋਮਬੱਤੀਆਂ ਜਗਾਉਣ/ਥਾਲੀਆਂ ਖੜਕਾਉਣ, ਲੋਕਾਂ ਦੀ ਤ੍ਰਾਸਦਕ ਹੋਣੀ ਦਾ ਦ੍ਰਿਸ਼ :ਸਰਕਾਰ ਦੀਆਂ ਨੀਤੀਆਂ ਨੂੰ ਕੋਸਦਾ ਹੈ ਤਾਂ 'ਟਰਾਲੀ ਯੁੱਗ' ਵਿਚ ਮਨਿੰਦਰ ਪਿੰਡ ਵਾਸੀਆਂ ਦੀ ਮਦਦ ਨਾਲ ਡਿਸਪੈਂਸਰੀ ਦੀ ਨੁਹਾਰ ਬਦਲਦੀ ਹੈ। ਸਰਬਜੀਤ -ਸਿਮਰ ਦਾ ਪਿਉ -ਪੁੱਤ ਵਾਲਾ ਰਿਸ਼ਤਾ ਦੋਸਤਾਨਾ ਸੁਭਾਅ ਵਾਲਾ ਹੈ। ਮਨਿੰਦਰ -ਸਿਮਰ ਦਾ ਸਨੇਹ ਉਨ੍ਹਾਂ ਦੀ ਕਾਰਜ ਕੁਸ਼ਲਤਾ ਨੂੰ ਊਰਜਾਵਾਨ ਕਰਦਾ ਹੈ। ਨਾਵਲ-ਕਥਾ ਇਨ੍ਹਾਂ ਪਾਤਰਾਂ ਦੁਆਲੇ ਹੀ ਘੁੰਮਦੀ ਹੈ। ਪਰ ਮਾਲਤੀ ਦੀ ਦਿੱਖ ਦਾ ਆਕਰਸ਼ਣ: ਵਿਆਹ ਇਨਕਾਰੀ ਧਾਰਨਾਵਾਂ; ਪਰਵਾਸ ਆਦਿ ਮਸਲੇ ਸਿਮਰ ਨੂੰ ਪ੍ਰੋ ਰਵੀ ਵਾਂਗ ਸੋਚਣ ਲਾਉਂਦੇ ਹਨ। ਇੱਥੇ ਹੀ ਕਹਾਣੀ ਦੀ ਤਾਣੀ ਉਲਝਦੀ ਹੈ। ਇੰਜ ਮਾਲਤੀ, ਰਜਨੀ ਆਦਿ ਕਿਰਦਾਰਾਂ ਨੂੰ ਵਧੇਰੇ ਜਾਣਨ ਲਈ ਪਿਛਲੇ ਦੋ ਨਾਵਲਾਂ (ਖੇਤਾਂ ਦਾ ਰੁਦਨ, ਸਿਆੜਾਂ ਦੀ ਕਰਵਟ) ਵਿਚ ਦਾਖ਼ਲਾ ਲੈਣਾ ਹੀ ਪੈਣਾ ਹੈ। ਨਾਵਲ ਦੇ ਬਹੁਤੇ ਪਾਤਰ ਪਹਿਲਾਂ ਤੋਂ ਹੀ ਅਗਾਂਹ ਤੁਰੇ ਆਉਂਦੇ ਹਨ । ਥਾਂ ਪਰ ਥਾਂ ਪ੍ਰੋ ਰਵੀ ਦਾ ਜ਼ਿਕਰ ਵੀ ਧਿਆਨ ਦੀ ਮੰਗ ਕਰਦਾ ਹੈ। ਉਸਦੀ ਯਾਦ ਵਿਚ ਇਮਾਰਤ ਦੀ ਨਿਰਮਾਣਕਾਰੀ ਬਾਰੇ ਯੋਜਨਾ ਉਲੀਕਣੀ ਵੀ ਇਸ ਕੜੀ ਦਾ ਹਿੱਸਾ ਹੈ। ਨਾਵਲ ਦੇ ਅੰਤਲੇ ਕੁਝ ਕਾਂਡ ਪੂਰਬਲੇ ਨਾਵਲਾਂ ਨਾਲ ਸੰਬੰਧ ਬਣਾਉਣ ਲਈ ਜੱਦੋ ਜਹਿਦ ਕਰਦੇ ਪ੍ਰਤੀਤ ਹੁੰਦੇ ਹਨ।

ਨਾਵਲ ਦੇ ਨਾਮਕਰਨ ਨੂੰ ਲੈ ਕੇ ਡਾ ਮਹਿਲ ਸਿੰਘ ਸੰਦੇਹ ਪ੍ਰਗਟ ਕਰਦਾ ਹੈ 'ਯੁੱਗ' ਇਕ ਲੰਮੇ ਕਾਲ-ਖੰਡ ਦਾ ਵਰਤਾਰਾ ਹੁੰਦਾ ਹੈ। ਇਹ ਇਕ ਨਹੀਂ, ਕਈ ਪੀੜ੍ਹੀਆਂ ਨਾਲ ਵਾ-ਬਸਤਾ ਰਹਿੰਦਾ ਹੈ। ਇਸ ਕਰਕੇ ਕਿਸੇ ਦੀ ਵਿਸ਼ੇਸ਼ ਥੋੜ੍ਹ -ਸਮੇਂ ਦੀ ਵਰਤੋਂ ਲਈ 'ਯੁੱਗ' ਸ਼ਬਦ ਫੱਬਵਾਂ ਜਾਂ ਢੁੱਕਵਾਂ ਨਹੀਂ ਹੈ।'[10]

ਨਾਵਲ ਵਿਚ ਕਿਸਾਨੀ ਜੀਵਨ ਨਾਲ ਜੁੜੇ ਬਹੁਮੰਤਵੀ ਸੰਦ 'ਟਰਾਲੀ' ਨੂੰ ਪੂਰੇ ਮਾਣ ਨਾਲ ਚਿਤਰਿਆ ਗਿਆ ਹੈ। ਰਸਤਾ ਰੋਕਣ ਲਈ ਬੈਰੀਅਰ, ਫੰਡ ਇਕੱਠਾ ਕਰਨ ਲਈ ਸਾਧਨ, ਜਲਸਿਆਂ ਵਿਚ ਜੋਸ਼ ਭਰਨ ਲਈ ਸ਼ਿੰਗਾਰ, ਭਾਸ਼ਣ ਲਈ ਸਟੇਜ, ਸੌਣ ਲਈ ਕਮਰਾ, ਰਸਦ ਸਾਂਭਣ ਲਈ ਸਟੋਰ , ਚੱਲਦੀ ਫਿਰਦੀ ਲਾਇਬਰੇਰੀ ਆਦਿ ਨਾਲ ਜੁੜ ਕੇ ਟਰਾਲੀ ਵੱਡੇ ਅਰਥ ਗ੍ਰਹਿਣ ਕਰ ਜਾਂਦੀ ਹੈ। ਹੋ ਸਕਦਾ ਹੈ ਕਿ 'ਟਰਾਲੀ ਟਾਈਮਜ਼' ਨਾਂ ਦੇ ਅਖ਼ਬਾਰ ਪ੍ਰਕਾਸ਼ਨ ਤੋਂ ਪ੍ਰਭਾਵਿਤ ਹੋ ਕੇ ਸਿਰਲੇਖ ਘੜਿਆ ਹੋਵੇ।

ਨਾਵਲ ਨੂੰ 'ਵਿਨਿਆਸਕ੍ਰਮੀ' (ਸਿੰਟੈਗਮੈਟਿਕ) ਅਤੇ 'ਸਹਿਚਾਰੀ ' (ਪੈਰਾਡਿਗਮੈਟਿਕ) ਸੰਬੰਧਾਂ ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਵਿਨਿਆਸਕ੍ਰਮੀ ਸੰਬੰਧ ਉਚਰਿਤ/ ਲਿਖਤ ਭਾਸ਼ਾ ਨਾਲ ਸਬੰਧਤ ਹੁੰਦੇ ਹੋਏ ਸਮੂਰਤ ਹੁੰਦੇ ਹਨ। ਜਦਕਿ ਸਹਿਚਾਰੀ ਸੰਬੰਧ ਅਮੂਰਤ ਅਤੇ ਮਨੁੱਖੀ ਮਾਨਸਿਕਤਾ ਨਾਲ ਸੰਬੰਧਤ ਹੁੰਦੇ ਹਨ। 'ਟਰਾਲੀ ਯੁੱਗ' ਰੇਖਕੀ ਪ੍ਰਕਿਰਤੀ (ਵਿਨਿਆਸਕ੍ਰਮੀ) ਅਧੀਨ ਕਰੋਨਾ/ਕਿਸਾਨੀ ਅੰਦੋਲਨ ਨੂੰ ਪੇਸ਼ ਕਰਦਾ ਹੈ। ਪਰ ਸਿਰਜਕ ਨੂੰ ਨਾਵਲ ਦੀ ਸਿਰਲੇਖ ਘਾੜਤ ਵੇਲੇ ਅਮੂਰਤ ਸੰਬੰਧ (ਪਿਛਲੇ ਦੋ ਨਾਵਲਾਂ ਦੀ ਕਥਾ ਸੰਬੰਧਕਾਰੀ) ਵੀ ਨਿਰਦੇਸ਼ਤ ਕਰ ਰਹੇ ਹਨ। ਅੰਤਲੇ ਸ਼ਬਦਾਂ ਵੱਜੋਂ ਕਹਿਣਾ ਬਣਦਾ ਹੈ ਕਿ 'ਟਰਾਲੀ ਯੁੱਗ' ਕਿਸਾਨੀ ਅੰਦੋਲਨ ਨੂੰ ਜਾਣਨ ਦਾ ਅਹਿਮ ਦਸਤਾਵੇਜ਼ ਹੈ।

**ਹਵਾਲੇ ਅਤੇ ਟਿੱਪਣੀਆਂ**

1. ਸਾਹਿੱਤ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,2002, ਸਫ਼ਾ/,51
2. ਉਹੀ, ਸਫ਼ਾ/52
3. 'ਸਿਮਟਦਾ ਆਕਾਸ਼' ਦੀ ਸਿਰਜਣਾ -ਪੂਰਵ ਨਕਸਲਬਾੜੀ ਲਹਿਰ ਬਾਰੇ ਮੁਲਾਂਕਣ ਕਰਨਾ; ਰਿਗਵੇਦ, ਮਹਾਂਭਾਰਤ ਆਦਿ ਗ੍ਰੰਥਾਂ 'ਚੋਂ 'ਖਾਂਡਵ ਦਾਹ' ਦੇ ਸੂਤਰ ਤਲਾਸ਼ਣਾ; 'ਸੋਗ਼ਮ' ਲਿਖਣ ਤੋਂ ਪਹਿਲਾਂ ਰੇਤ ਮਾਫੀਏ ਦੀ ਜਾਣਕਾਰੀ ਲਈ ਭਿਆਲੀ- ਯੁਕਤ ਖੋਜ ਕਰਨਾ ਆਦਿ ਆਦਿ ਵੇਰਵਾ ਮਾਤਰ ਹਨ।
4. ਬਲਬੀਰ ਪਰਵਾਨਾ, ਟਰਾਲੀ ਯੁੱਗ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2022, ਸਫ਼ਾ/144
5. ਉਹੀ,ਸਿਆੜਾਂ ਦੀ ਕਰਵਟ ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021, ਸਫ਼ਾ/92
6. ਟਰਾਲੀ ਯੁੱਗ, ਸਫ਼ਾ/144
7. ਰਾਜਪਾਲ ਸਿੰਘ, ਪੰਜਾਬ ਦੀ ਇਤਿਹਾਸਕ ਗਾਥਾ, ਪੀਪਲਜ਼ ਫੋਰਮ, ਬਰਗਾੜੀ, 2016, ਤੀਜੀ ਵਾਰ, ਸਫ਼ਾ/14
8. ਟਰਾਲੀ ਯੁੱਗ, ਸਫ਼ਾ/19
9. ਉਹੀ, ਸਫ਼ਾ/119
10. ਸੰਵਾਦ-17, ਜਨਵਰੀ -ਜੂਨ , 2023, ਸਫ਼ਾ/189


(**ਸੰਪਰਕ** 9794800007/852810088)


## *ਕਹਾਣੀ ਧਾਰਾ ਦੇ ਪਾਠਕਾਂ ਨੂੰ*

*ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ 'ਕਹਾਣੀ ਧਾਰਾ' ਪਿਛਲੇ ਸਤਾਰਾਂ ਸਾਲਾਂ ਤੋਂ ਨਿਰੰਤਰ ਛਪ ਰਿਹਾ ਏ। ਸਾਡੇ ਕੋਲ ਵਿਤੀ ਸਰੋਤ ਵੀ ਐਨੇ ਨਹੀਂ ਕਿ ਅਸੀਂ ਪਰਚੇ ਨੂੰ ਮਹਿੰਗੀ ਸੁਰਖੀ-ਬਿੰਦੀ ਤੇ ਪਾਊਡਰ ਨਾਲ ਮੇਕਅੱਪ ਕਰਕੇ ਛਾਪੀਏ। 'ਕਹਾਣੀ ਧਾਰਾ' ਪਾਠਕਾਂ ਵੱਲੋਂ ਖਰੀਦੇ ਜਾਂਦੇ ਧੰਨ ਨਾਲ ਵੀ ਨਹੀਂ ਚੱਲਦਾ। ਹਰ ਅੰਕ ਵਿਚ ਅਸੀਂ ਆਪਣੀ ਜੇਬ ਵਿਚੋਂ ਧੰਨ ਲਗਾਉਂਦੇ ਹਾਂ। ਸੋ ਕੋਸ਼ਿਸ਼ ਕਰੋ ਕਿ ਪਰਚਾ ਮੁਫ਼ਤ ਨਾ ਪੜ੍ਹਿਆ ਜਾਵੇ। ਸਟਾਲਾਂ ਤੋਂ ਖਰੀਦਣ ਦੀ ਬਜਾਏ ਪਰਚੇ ਦੇ ਪਾਠਕ ਬਣੋ, ਕਿਉਂਕਿ ਸਟਾਲਾਂ ਵਾਲੇ ਵੀ ਧੰਨ ਦੱਬ ਲੈਂਦੇ ਹਨ।*

# ਤਪਦੇ ਪੈਰਾਂ ਦਾ ਸਫਰ : ਦਲਿਤ ਚਿੰਤਨ ਤੇ ਚੇਤਨਾ

## ਡਾ. ਪਰਗਟ ਸਿੰਘ ਟਿਵਾਣਾ




**'ਤਪਦੇ ਪੈਰਾਂ ਦਾ ਸਫਰ' (ਪ੍ਰਕਾਸ਼ਕ ਕੈਲੀਬਰ ਪ੍ਰਕਾਸ਼ਨ ਪਟਿਆਲਾ, ਮੁੱਲ 190, ਪੰਨੇ 128, ਸਾਲ 2022)** ਰਘਬੀਰ ਸਿੰਘ ਮਾਨ ਦਾ ਨਵਾਂ ਪ੍ਰਕਾਸ਼ਿਤ ਨਾਵਲ ਹੈ। ਰੋਹ ਵਿਦਰੋਹ (ਨਾਵਲ) ਅਚਿੰਤੇ ਬਾਜ਼ ਪਏ (ਕਹਾਣੀ ਸੰਗ੍ਰਹਿ) ਕੋਈ ਤਾਂ ਹੈ (ਕਹਾਣੀ ਸੰਗ੍ਰਹਿ) ਉਲੱਝ ਗਈ ਸਿੱਖ ਕੌਮ (ਧਾਰਮਿਕ ਨਿਬੰਧ) ਆਦਿ ਰਚਨਾਵਾਂ ਰਾਹੀਂ ਰਘਬੀਰ ਸਿੰਘ ਮਾਨ ਪਾਠਕਾਂ ਵਿੱਚ ਭਰਵੀ ਹਾਜ਼ਰੀ ਲਗਵਾ ਚੁੱਕਾ ਹੈ।ਉਸਦੀਆਂ ਕਈ ਕਹਾਣੀਆਂ ਕਾਫੀ ਮਕਬੂਲ ਵੀ ਹੋਈਆਂ ਜਿਨਾਂ ਨੇ ਮਾਨ ਦੀ ਆਪਣੀ ਇੱਕ ਵੱਖਰੀ ਪਹਿਚਾਣ ਪੰਜਾਬੀ ਸਾਹਿਤ ਵਿੱਚ ਬਣਾਈ।

ਦਲਿਤ/ਜਾਤ-ਪਾਤ ਨਾਲ ਸੰਬੰਧਿਤ ਮਸਲਿਆਂ ਨੂੰ ਮੁਖ਼ਾਤਿਬ ਹੁੰਦਾ ਬਹੁਤ ਸਾਰਾ ਮਿਆਰੀ ਸਾਹਿਤ ਰਚਿਆ ਗਿਆ ਅਤੇ ਇਸ ਬਾਰੇ ਨਿੱਤ ਨਵਾਂ ਸਾਹਿਤ ਰਚਿਆ ਵੀ ਜਾ ਰਿਹਾ ਹੈ। ਬਦਲ ਰਹੀਆਂ ਆਰਥਿਕ ਰਾਜਨੀਤਕ, ਸਮਾਜਕ ਪ੍ਰਸਥਿਤੀਆਂ ਦੇ ਸਮਵਿੱਥ ਜੋ ਨਵਾਂ ਸਾਹਿਤ ਰਚਿਆ ਜਾ ਰਿਹਾ ਹੈ ਉਹ ਇਹਨਾਂ ਮਸਲਿਆਂ ਦੀ ਤੈਹਾਂ ਨੂੰ ਬਰੀਕਬੀਨੀ ਨਾਲ ਸਮਝਣ 'ਚ ਸਹਾਈ ਹੋ ਰਿਹਾ ਹੈ।ਉਥੇ ਹੀ ਦਲਿਤ ਵਰਗ ਨਾਲ ਸੰਬੰਧਿਤ ਵਿਅਕਤੀਆਂ ਦੀ ਬਦਲ ਰਹੀ ਮਾਨਸਿਕਤਾ ਤੇ ਆਮ ਵਰਗ ਦਾ ਉਸ ਪ੍ਰਤੀ ਨਵਾਂ ਨਜ਼ਰੀਆ ਵੀ ਸਾਹਮਣੇ ਆ ਰਿਹਾ ਹੈ। ਤਪਦੇ ਪੈਰਾਂ ਦਾ ਸਫ਼ਰ ਨਾਵਲ ਵੀ ਜਾਤ-ਪਾਤ ਦੀਆਂ ਕਈ ਪੀਢੀਆਂ ਤੰਦਾ ਨੂੰ ਮੁਖ਼ਾਤਿਬ ਹੁੰਦਾ ਨਵੀਆਂ ਪਰਤਾ ਫਰੋਲ ਰਿਹਾ ਹੈ।

ਨਾਵਲ ਭਾਨੀ ਦੇ ਆਲੇ ਦੁਆਲੇ ਘੁੰਮਦਾ ਹੈ। ਜੋ ਇੱਕ ਸੁਘੜ, ਸਿਆਣੀ ਔਰਤ ਹੋਣ ਦੇ ਨਾਲ ਸਿਰੜੀ, ਮਿਹਨਤੀ ਬੜਬੋਲੀ ਤੇ ਹੱਕ ਸੱਚ ਲਈ ਹਿੱਕ ਡਾਅ ਕੇ ਲੜਨ ਵਾਲੀ ਔਰਤ ਹੈ। ਜੋ ਕਿਸੇ ਤੋਂ ਮੰਗ ਕੇ ਜਾਂ ਹੱਥ ਅੱਡ ਕੇ ਖਾਣ ਨੂੰ ਬਹੁਤ ਘਟੀਆ ਸਮਝਦੀ, ਮਿਹਨਤ ਦੀ ਕਮਾਈ ਤੇ ਵਿਸ਼ਵਾਸ ਰੱਖਦੀ ਹੈ।ਜੇ ਮਿਹਨਤ ਦੀ ਕਮਾਈ ਤੇ ਕੋਈ ਮਾੜੀ ਅੱਖ ਰੱਖਦਾ ਏ ਉਸਦਾ ਗਾਟਾ ਲਾਉਣ ਦਾ ਵੀ ਦਮ ਰੱਖਦੀ ਹੈ।ਸਮਾਜ ਵਿਚਲੇ ਮਾੜੇ ਅਨਸਰਾਂ ਤੇ ਉੱਚ ਜਾਤੀ ਦੇ ਵਿਗੜੈਲ ਮੁੰਡਿਆਂ ਦਾ ਵਿਰੋਧ ਹੀ ਨਹੀਂ ਕਰਦੀ ਸਗੋਂ ਅੱਗੋ ਸ਼ੇਰਨੀ ਹੋ ਕੇ ਟੱਕਰਦੀ ਹੈ।

ਭਾਨੀ ਦੇ ਘਰ ਵਾਲਾ ਤਾਰਾ ਜੱਟਾਂ ਨਾਲ ਸੀਰੀ ਰਲਿਆ ਨਸ਼ਿਆਂ ਦਾ ਆਦੀ ਹੋਇਆ ਹੱਡਾਂ ਦੀ ਮੁੱਠ ਬਣ ਇਕ ਦਿਨ ਇਸ ਜਹਾਨ ਤੋਂ ਕੂਚ ਕਰ ਜਾਂਦਾ ਹੈ।ਬੇਟੇ ਗੁਰਦਰਸ਼ਨ ਤੇ ਧੀ ਜੱਸੀ ਲਈ ਉਹ ਛੱਤਰੀ ਬਣ ਜਾਂਦੀ ਹੈ। ਜੋ ਸਮੇਂ ਦੀਆਂ ਹਨੇਰੀਆਂ ਧੁੱਪਾਂ ਤੋਂ ਛਾਂ ਕਰ ਬਚਾਉਂਦੀ ਹੀ ਨਹੀਂ ਸਗੋਂ ਉਹਨਾਂ ਨੂੰ ਚੰਗੀ ਸਿੱਖਿਆ ਦੇ ਕੇ ਸਮਾਜ 'ਚ ਉੱਚੇ ਰੁਤਬੇ ਤੇ ਪਹੁੰਚਣ ਦਾ ਜ਼ਰੀਆ ਬਣਦੀ ਹੈ। ਜਿਸ ਨੂੰ ਉਹ ਸਿਰੜ ਨਾਲ ਸਿਰੇ ਵੀ ਲਾਉਂਦੀ ਹੈ। ਇਸ ਸਫ਼ਰ ਦੌਰਾਨ ਉਸ ਦੇ ਤੇ ਉਸ ਦੇ ਪੁੱਤ ਨਾਲ ਸਮਾਜ 'ਚ ਅਨੇਕਾਂ ਥਾਵਾਂ ਤੇ ਵਿਤਕਰਾ ਹੁੰਦਾ ਹੈ । ਜਿਸ ਦਾ ਉਹ ਮੁਕਾਬਲਾ ਕਰਦੇ ਹਨ ਪਰ ਆਪਣੇ ਪੁੱਤਰ ਨੂੰ ਵਿੱਦਿਆ ਦਾ ਗਿਆਨ

ਦੇਣ ਦਾ ਉਸਦਾ ਸਿਰੜ ਇਹਨਾ ਰਾਹ ਦੇ ਰੋੜਿਆਂ ਨੂੰ ਪਰੇ ਕਰਦਾ ਚਲਿਆ ਜਾਂਦਾ ਹੈ। ਉਹ ਆਪਣੇ ਪੁੱਤਰ ਦਰਸ਼ੀ ਨੂੰ ਚੰਗਾ ਪੜ੍ਹਾ ਕੇ ਅਫ਼ਸਰ ਲੱਗਿਆ ਦੇਖਣਾ ਚਾਹੁੰਦੀ ਹੈ ਤੇ ਦਰਸ਼ੀ ਵੀ ਮਾਂ ਦੇ ਕਹਿਣੇ ਤੇ ਖਰਾ ਉਤਰਨ ਦਾ ਯਤਨ ਕਰਦਾ ਹੈ। ਇਸੇ ਕੜੀ ਤਹਿਤ ਕਾਲਜ ਪੜ੍ਹਦਾ ਦਰਸ਼ੀ ਹਾਕੀ ਦੀ ਚੰਗੀ ਖੇਡ ਖੇਡਦਾ ਕਾਲਜ ਟੀਮ ਦਾ ਮੈਂਬਰ ਬਣਨਾ ਚਾਹੁੰਦਾ ਹੈ। ਪਰ ਅਖੌਤੀ ਉਚ ਜਾਤੀ ਦੇ ਕੋਚ ਦੁਆਰਾ ਉਸ ਨਾਲ ਵਿਤਕਰਾ ਕੀਤਾ ਜਾਂਦਾ ਹੈ।

"ਕੋਚ ਨੇ ਮੇਰੇ ਬਾਰੇ ਸਾਰਾ ਕੁੱਝ ਪੁੱਛਿਆ। ਸੋਚਣ ਲੱਗ ਪਿਆ। ਫੇਰ ਮੱਥੇ ਤੀੜੀਆਂ ਪਾਈਆਂ ਤੇ ਖਿੱਝ ਕੇ ਕਹਿਣ ਲੱਗਾ, 'ਸੁੱਕੀਆਂ ਰੋਟੀਆਂ ਖਾਣ ਵਾਲੇ ਖੇਡਾਂ ਨ੍ਹੀਂ ਖੇਡ ਸਕਦੇ। ਨਾਲੇ ਮੇਰੀ ਟੀਮ ਤਾਂ ਪਹਿਲਾਂ ਈ ਪੂਰੀ ਆ।" ਕੋਚ ਨੇ ਮੈਨੂੰ ਚੁਸਤੀ ਨਾਲ ਟੀਮ ਦੇ ਲਾਗੇ ਫਟਕਣ ਵੀ ਨ੍ਹੀਂ ਦਿੱਤਾ।" ਪੰਨਾ-38

ਇਸ ਵਿਤਕਰੇ ਕਾਰਣ ਦਰਸ਼ੀ ਅਤੇ ਦਰਸ਼ੀ ਦੀ ਮਾਂ ਹੀਣ ਭਾਵਨਾ ਦਾ ਸ਼ਿਕਾਰ ਨਹੀਂ ਹੁੰਦੇ ਸਗੋਂ ਉਹ ਜਾਣਦੇ ਹਨ ਕਿ ਉੱਚੀ ਧਿਰ ਕਿਵੇਂ ਸਦੀਆਂ ਤੋਂ ਇਸ ਤਰ੍ਹਾਂ ਕਰਦੀ ਆਈ ਹੈ। ਉਹ ਸਿੱਖਿਆ ਨੂੰ ਹਥਿਆਰ ਦੇ ਤੌਰ ਤੇ ਵਰਤਦੇ ਹਨ ਤਾਂ ਜੋ ਉਚ ਸ਼੍ਰੇਣੀ ਨੂੰ ਅਫਸਰ ਲੱਗ ਕੇ ਦਿਖਾਇਆ ਜਾ ਸਕੇ। ਇਹ ਵਿਤਕਰਾ ਖੇਡਾਂ ਦੇ ਖੇਤਰ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਸਮਾਜਕ ਜੀਵਨ ਦੇ ਹਰ ਖੇਤਰ ਚ ਇਹ ਦੇਖਣ ਨੂੰ ਮਿਲਦਾ ਹੈ। ਦਰਸ਼ੀ ਨਾਲ ਖੇਡ ਦੇ ਮੈਦਾਨ 'ਚ ਹੀ ਵਿਤਕਰਾ ਨਹੀਂ ਹੁੰਦਾ ਸਗੋਂ ਸੱਭਿਆਚਾਰਕ ਗਤੀ ਵਿਧੀਆਂ ਭਾਸ਼ਨ ਮੁਕਾਬਲਾ ਵਿਚ ਵੀ ਇਸੇ ਤਰਾਂ ਹੁੰਦਾ ਹੈ।

"ਮੈਨੂੰ ਇੱਕ ਜੱਜ ਨੇ ਦੱਸਿਆ ਸੀ, ਮੇਰਾ ਪਹਿਲਾ ਇਨਾਮ ਬਣਦਾ ਸੀ। ਤੀਜਾ ਇਨਾਮ ਪ੍ਰਿੰਸੀਪਲ ਦੇ ਮੁੰਡੇ ਦਾ ਸੀ। ਪ੍ਰਿੰਸੀਪਲ ਨੇ ਜੱਜਾਂ ਤੇ ਦਬਾਅ ਪਾ ਕੇ ਪਹਿਲਾ ਇਨਾਮ ਦੁਆ ਦਿੱਤਾ ਤੇ ਮੈਨੂੰ ਤੀਜਾ ਦੇ ਦਿੱਤਾ। ਇਹ ਧੋਖਾ ਨੀਂ ...ਮੇਰੇ ਨਾਲ ਬੇਇਨਸਾਫ਼ੀ ਨ੍ਹੀਂ...?" ਪੰਨਾ-41

ਜਦੋਂ ਪੀੜ੍ਹੀ ਦਰ ਪੀੜ੍ਹੀ ਅਜਿਹੇ ਫਰੇਬ / ਵਿਤਕਰੇ ਕਿਸੇ ਇਕ ਵਰਗ/ਜਾਤੀ ਨਾਲ ਹੁੰਦੇ ਹਨ ਤਾਂ ਉਸ ਦੀ ਮਾਨਸਿਕ ਹਾਲਤ ਕੀ ਹੋਵੇਗੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ। ਇਸੇ ਤਰਾਂ ਸਾਡੇ ਸਮਾਜ ਵਿਚ ਵਾਪਰਦਾ ਰਿਹਾ। ਭਾਨੀ ਵੀ ਇਹਨਾਂ ਹਲਾਤਾਂ ਚੋਂ ਲੰਘਦੀ ਹੈ। ਫਿਰ ਉਸਦਾ ਪੁੱਤਰ ਦਰਸ਼ੀ। ਇਹਨਾਂ ਗੱਲਾਂ ਕਰਕੇ ਹੀ ਭਾਨੀ ਮੂੰਹ ਫੱਟ ਤੇ ਉੱਚੀ ਧਿਰ ਨੂੰ ਸਿੱਧਾ ਸੰਬੋਧਨ ਹੁੰਦੀ ਹੈ। ਉਸ ਦੇ ਅਚੇਤ 'ਚ ਪਿਆ ਗੁੱਸਾ, ਲਾਵੇ ਦਾ ਰੂਪ ਧਾਰਣ ਕਰਦਾ ਚਲਿਆ ਜਾਂਦਾ ਹੈ।

"ਪੁੱਤਰਾ, ਮੇਰੀ ਏਹੀ ਚਾਹਨਾ ਐਂ, ਤੂੰ ਅਪਸਰ ਲੱਗੇ, ਉੱਚੀਆਂ ਜਾਤਾਂ ਆਲਿਆਂ ਨੂੰ ਹੱਥ ਜੋੜ, ਮੈਂ ਤੇਰੇ ਅੱਗੇ ਖੜ੍ਹਿਆ ਵੇਖਾਂ। ਫੇਰ ਮੇਰੇ ਕਲੇਜੇ ਠੰਡ ਪਊ...।" ਪੰਨਾ-43

ਭਾਨੀ ਦੇ ਸਿਰੜ/ ਮਿਹਨਤ ਨੂੰ ਉਸ ਸਮੇਂ ਬੂਰ ਪੈਂਦਾ ਹੈ ਜਦੋਂ ਉਸਦਾ ਪੁੱਤਰ ਗੁਰਦਰਸ਼ਨ ਆਪਣੀ ਲਗਨ ਤੇ ਮਿਹਨਤ ਸਦਕਾ ਸਬ ਡਵੀਜ਼ਨ ਮੈਜਿਸਟ੍ਰੇਟ ਲੱਗ ਜਾਂਦਾ ਹੈ। ਦਰਸ਼ੀ ਆਪਣੇ ਨਾਲ ਪੜ੍ਹਦੀ ਕੁੜੀ ਸੀਰਤ ਜੋ ਉਚ ਜਾਤੀ ਨਾਲ ਸੰਬੰਧਿਤ ਰੱਖਦੀ ਹੈ ਉਸ ਨਾਲ ਵਿਆਹ ਕਰਵਾ ਲੈਂਦਾ ਹੈ।

ਭਾਨੀ ਸੀਰਤ (ਨੂੰਹ) ਦੇ ਮਾਂ ਬਾਪ ਜੋ ਉੱਚ ਜਾਤੀ ਨਾਲ ਸੰਬੰਧ ਰੱਖਦੇ ਹਨ । ਉਹਨਾਂ ਨੂੰ ਮਿਲਣ ਸਮੇਂ ਵੀ ਹਰ ਵਾਰ ਆਪਣੇ ਤਿੱਖੇ ਤੀਰ ਵਰਗੇ ਬੋਲਾਂ ਨਾਲ ਕੰਡਿਆਂ ਉਪਰ ਦੀ ਘਸੀਟਦੀ ਹੈ ਭਾਵੇਂ ਉਸ ਦੇ ਬੋਲ/ ਸ਼ਬਦ ਸੱਚ ਦੀ ਗਵਾਹੀ ਤਾਂ ਭਰਦੇ ਹਨ ਪਰ ਉਚ ਕੁੱਲ/ ਜਾਤੀ ਨੂੰ ਇਹ ਅੱਖਰਦੇ ਹਨ। ਇਸ ਤਰਾਂ ਆਪਣੀ ਧੀ ਜੱਸੀ ਦੇ ਸਹੁਰੇ ਪਰਿਵਾਰ ਨਾਲ ਕਰਦੀ ਹੈ। ਉਹ ਭਾਵੇਂ ਉੱਚ ਜਾਤੀ ਤੇ ਧੀ ਦੇ ਸਹੁਰੇ ਪਰਿਵਾਰ ਨਾਲ ਸੰਬੰਧਿਤ ਹਨ ਪਰ ਉਹ ਉਹਨਾਂ ਨਾਲ ਵੀ ਘੱਟ ਨਹੀਂ ਗੁਜ਼ਾਰਦੀ।

ਕੁਰੱਖਤ/ ਰੁੱਖਾ ਬੋਲਣ ਵਾਲੀ ਭਾਨੀ ਆਪਣੀਆਂ ਸ਼ਰਤਾਂ ਤੇ ਜਿਊਂਦੀ ਹੈ ਤੇ ਆਪਣੀਆਂ ਹੀ ਸ਼ਰਤਾਂ ਰੱਖਕੇ ਆਪਣੇ ਦੋਵੇਂ ਬੱਚੇ (ਮੁੰਡੇ ਤੇ ਕੁੜੀ) ਨੂੰ ਉਚ ਜਾਤੀ ਚ ਵਿਆਹੁੰਦੀ ਹੈ। ਉਹ ਜਦੋਂ ਮਰਨ ਕਿਨਾਰੇ ਪਈ ਹੁੰਦੀ ਹੈ ਤਾਂ ਆਪਣੇ ਮੁੰਡੇ ਤੇ ਕੁੜੀ, ਸੱਸ-ਸਹੁਰੇ ਨੂੰ ਕੋਲ ਬੁਲਾਕੇ ਬਹੁਤ ਹੀ ਨਿਮਰਤਾ ਅਤੇ ਹਲੀਮੀ ਨਾਲ ਭੂਤ ਕਾਲ ਦੇ ਆਪਣੇ ਗੁੱਸੇ ਭਰੇ ਰਵੱਈਏ ਦਾ ਕਾਰਣ ਦੱਸਦੀ ਹੈ।

ਭਰਾ ਜੀ, ਮੇਰਾ ਗੁੱਸਾ ਕਿਸੇ ਬੰਦੇ ਤੇ ਨਹੀਂ ਸੀ ...। ਭਾਨੀ... ਕੁੜਮ- ਕੁੜਮਣੀਆਂ ਵੱਲ ਦੇਖਿਆ ਫਿਰ ਬੋਲੀ, "ਗੁੱਸਾ ਥੁਆਡੀ ਸਾਰੀ ਬਰਾਦਰੀ ਤੇ ਸੀ। ਜੀਹਨੇ ਸਾਡੀ ਬਿਰਾਦਰੀ ਨੂੰ ਠੂਠੇ ਪਾਣੀ ਪਿਲਾਇਆ ਸੀ। ਰੱਜ ਕੇ ਸਾਡੀ ਬਰਾਦਰੀ ਦਾ ਅਪਮਾਨ ਕੀਤਾ ਸੀ। ਪਸ਼ੂਆਂ ਅਰਗਾ ਸਲੂਕ ਕੀਤਾ। ਤੁਹੀਂ ਦੱਸੋ ... ਸਾਡੀ ਬਰਾਦਰੀ ਨੇ ਕੀ ਖਤਾ ਕੀਤੀ ਸੀ? ਥੁਹਾਡੇ ਨਾਲੋਂ ਸਾਡਾ ਕੀ ਵੱਖਰਾ ਸੀ? ਸਿਰਫ ਹਾਊਮੇਂ ਚ ਆਪੂੰ ਬਣਾਈ ਬੰਦੇ ਦੀ ਜਾਤ ...? ਪੈਦਾ ਹੋਣਾ ਕਿਤੇ ਆਦਮੀ ਦੇ ਵੱਸ ਹੁੰਦਾ ...? ਜੇ ਹੁੰਦਾ ਤਾਂ ਅਸੀਂ ਸਾਰੇ ਉੱਚ ਕੁਲ ਚ ਪੈਦਾ ਹੁੰਦੇ ...।" ਪੰਨਾ-125

ਨਾਵਲਕਾਰ ਦਲਿਤ ਪਾਤਰ ਭਾਨੀ ਰਾਹੀ ਇਸ ਪੂਰੇ ਵਰਗ ਦੇ ਅੰਦਰ ਪੈਦਾ ਹੋਏ ਰੋਹ / ਵਿਦਰੋਹ ਰਾਹੀਂ ਇਸ ਵਰਗ ਦੀ ਮਾਨਸਿਕ ਤਸਵੀਰਕਸ਼ੀ ਕਰਦਾ ਹੈ ਕਿ ਕਿਸ ਤਰਾਂ ਇਸ ਵਰਗ ਦੇ ਕੁਝ ਲੋਕਾਂ ਦਾ ਸੁਭਾਅ ਕਿਵੇਂ ਅੱਖੜ ਤੇ ਰਵੱਈਆਂ ਗੁੱਸੇਖੋਰ ਬਣ ਜਾਂਦਾ ਹੈ ਪਰ ਅਸਲ 'ਚ ਉਹ ਵੀ ਦੂਜੇ ਇਨਸਾਨਾਂ ਵਾਂਗ ਹਲੀਮੀ ਅਤੇ ਨਿਮਰਤਾ ਦੇ ਪੁੰਜ ਹੁੰਦੇ ਹਨ ਪਰ ਹਲਾਤ ਉਹਨਾਂ ਨੂੰ ਕੁੱਝ ਅਜਿਹਾ ਬਣਾ ਦਿੰਦੇ ਹਨ ਕਿ ਸਾਡੇ ਸਮਾਜਕ ਸਿਸਟਮ ਚ ਅੱਖਰਦੇ ਹਨ। ਨਾਵਲਕਾਰ ਨੇ ਭਾਨੀ ਦੇ ਕਿਰਦਾਰ ਨੂੰ ਉਸ ਦੀਆਂ ਸੀਮਾਂ ਤੇ ਸੰਭਾਵਨਾਵਾਂ ਤਹਿਤ ਬਾਖ਼ੂਬੀ ਉਭਾਰਿਆ ਹੈ। ਲੇਖਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸਨੇ ਦਲਿਤ ਸ਼੍ਰੇਣੀ ਦੀ ਤਰੱਕੀ ਤੇ ਮਾੜੇ ਹਲਾਤਾਂ ਚੋਂ ਨਿਕਲਣ ਦਾ ਇੱਕੋ ਇੱਕ ਰਸਤਾ ਸਿੱਖਿਆ / ਗਿਆਨ ਨੂੰ ਚਣਿਆ ਹੈ ਜਿਸ ਦੇ ਬਲਬੂਤੇ ਉਹ ਸਦੀਆਂ ਦੀ ਜਿਲਣ ਤੋਂ ਮੁਕਤ ਹੋ ਸਕਦੇ ਹਨ। ਇਸ ਦਾ ਇਕ ਹੋਰ ਫਾਇਦਾ ਇਹ ਹੈ ਕਿ ਇਸ ਨਾਲ ਸਾਡਾ ਸਦੀਆਂ ਪੁਰਾਣੇ ਜਾਤੀ / ਪਾਤੀ ਸਿਸਟਮ ਨੂੰ ਢਾਅ ਲੱਗਦੀ ਹੈ ਅਤੇ ਇਕ ਨਵੇਂ ਜਾਤ ਮੁਕਤ ਸਮਾਜ ਦੀ ਸਿਰਜਣਾ ਹੁੰਦੀ ਹੈ। ਜਿਸ ਕਾਰਜ ਨੂੰ ਸਾਡੇ ਧਾਰਮਿਕ ਅਕੀਦੇ ਅਤੇ ਸੰਸਥਾਵਾਂ ਖਤਮ ਨਹੀਂ ਕਰ ਸਕਦੀਆਂ ਉਸ ਨੂੰ ਵਿੱਦਿਆ ਦੇ ਚਾਨਣ ਦੁਆਰਾ ਖਤਮ ਕੀਤਾ ਜਾ ਸਕਦਾ ਹੈ ਇਹੋ ਨਾਵਲ ਦਾ ਹਾਸਿਲ ਹੈ। **(ਮੋਬ: 94638-74394)**




## ਕਹਾਣੀ ਧਾਰਾ ਦੇ ਪੁਰਾਣੇ ਅੰਕ ਪੜ੍ਹੋ

## Google Website:
## Kahani Dhara-Parwaz Parkashan

ਕਹਾਣੀ ਧਾਰਾ ਦੇ ਪੁਰਾਣੇ ਅੰਕ (ਅਪ੍ਰੈਲ 2006 ਤੋਂ ਜੂਨ, 2023 ਤੱਕ) ਪਾਠਕ 'ਕਹਾਣੀ ਧਾਰਾ' ਦੀ ਵੈਬਸਾਇਟ 'ਤੇ ਜੇ ਕੇ ਪੜ੍ਹ ਸਕਦੇ ਹਨ। ਸਾਰੇ ਅੰਕਾਂ ਦੀਆਂ ਪੀਡੀਐੱਫ ਫਾਈਲਾਂ ਆਪਣੇ ਕੰਪਿਊਟਰ 'ਚ ਰੱਖ ਸਕਦੇ ਹਨ। ਇਸ ਪਰਚੇ ਤੋਂ ਪਹਿਲਾਂ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਛੇ ਅੰਕ (ਮਈ, 2005 ਤੋਂ ਮਾਰਚ 2006 ਤੱਕ) ਵੀ ਪ੍ਰਕਾਸ਼ਤ ਕੀਤੇ ਸਨ। ਉਨ੍ਹਾਂ ਸਾਰੇ ਛੇ ਅੰਕਾਂ ਨੂੰ ਵੀ ਪਾਠਕ ਏਸ ਵੈੱਬ ਸਾਈਟ ਉੱਤੇ ਪੜ੍ਹ ਸਕਦੇ ਹਨ।

Google ਸਰਚ ਇੰਜਨ ਤੇ ਜਾ ਕੇ Kahani Dhara ਟਾਈਪ ਕਰੋ... ਤੇ Kahani Dhara-Parwaz Parkashan ਨੂੰ ਕਲਿਕ ਕਰੋ... ਵੈਬ ਸਾਇਟ ਖੁੱਲ੍ਹ ਜਾਵੇਗੀ। ਚੇਤੇ ਰਹੇ 'ਕਹਾਣੀ ਧਾਰਾ' ਦੇ ਵੈਬ ਪੇਜ਼ ਤੇ ਜਾ ਕੇ ਤੁਸੀਂ ਪਿਛਲੇ ਪੰਦਰਾਂ ਸਾਲ ਦੇ ਸਾਰੇ ਅੰਕ ਆਪਣੇ ਕੰਪਿਊਟਰ ਸਾਂਭ ਸਕਦੇ ਹੋ। 'ਕਹਾਣੀ ਧਾਰਾ' ਦੀ ਸਾਈਟ ਸਾਡੀ ਮੁੱਖ ਵੈੱਬ ਸਾਈਟ 'ਪਰਵਾਜ਼ ਪ੍ਰਕਾਸ਼ਨ' ਨਾਲ ਜੁੜੀ ਹੋਈ ਹੈ।

**- ਭਗਵੰਤ ਰਸੂਲਪੁਰੀ, ਸੰਪਾਦਕ 'ਕਹਾਣੀ ਧਾਰਾ'**

# ਰਿਸ਼ਤਿਆਂ ਦੀਆਂ ਮਹੀਨ ਤੇ ਬਹੁ-ਪਰਤੀ ਤੰਦਾਂ ਦਾ ਬਿਰਤਾਂਤ : ਤੀਸਰੀ ਖਿੜਕੀ /- ਡਾ. ਪਰਗਟ ਸਿੰਘ ਟਿਵਾਣਾ




ਨਿਰੰਜਣ ਬੋਹਾ ਬਹੁ-ਵਿਧਾਵੀਂ ਬੇ-ਬਾਕ ਲੇਖਕ ਹੈ। ਜਿਸ ਨੇ ਸਾਹਿਤ ਦੀਆਂ ਕਈ ਵਿਧਾਵਾਂ ਤੇ ਕਾਰਜ ਕੀਤਾ ਅਤੇ ਹਰ ਵਿਧਾ ਉਪਰ ਆਪਣੀ ਅਮਿੱਟ ਛਾਪ ਛੱਡੀ ਹੈ। ਉਹ ਚਾਹੇ ਨਿੱਕੀ ਕਹਾਣੀ, ਵਾਰਤਕ ਤੇ ਭਾਵੇਂ ਆਲੋਚਨਾ ਹੋਵੇ, **'ਤੀਸਰੀ ਖਿੜਕੀ'** (**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁੱਲ 250 ਰੁ, ਪੰਨੇ 142, ਸਾਲ 2022**) ਦੁਆਰਾ ਛਾਪਿਆ ਉਸਦਾ ਦੂਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਹ ਸਾਡੇ ਅਜੋਕੇ ਰਿਸ਼ਤਾ ਪ੍ਰਬੰਧ ਦੀਆਂ ਅਨੇਕਾਂ ਮਹੀਨ ਪਰਤਾਂ ਨੂੰ ਬਹੁਤ ਹੀ ਸਹਿਜਤਾ, ਸੰਜੀਦਗੀ ਅਤੇ ਸਹੁਜ ਨਾਲ ਫਰੋਲਦਾ ਹੈ।

ਨਿਰੰਜਣ ਬੋਹਾ ਜਿੱਥੇ ਰੂੜ ਹੋ ਚੁੱਕੀਆਂ ਮਾੜੀਆਂ ਕਦਰਾਂ-ਕੀਮਤਾਂ ਨੂੰ ਆਪਣੇ ਵਿਚਾਰਧਾਰਕ ਪੈਂਤੜੇ ਅਨੁਸਾਰ ਆਪਣੇ ਕਾਟੇ ਹੇਠ ਰੱਖਦਾ ਹੈ, ਉੱਥੇ ਪੁਰਾਣੀਆਂ ਜਰ-ਜਰ ਹੋ ਚੁੱਕੀਆਂ ਮਿੱਥਾ ਨੂੰ ਤੋੜਦਾ ਨਵੇਂ ਆਯਾਮ ਸਿਰਜਦਾ ਹੈ ਜਿਵੇਂ 'ਉਹ ਮੇਰਾ ਵੀ ਕੁਝ ਲੱਗਦਾ' ਕਹਾਣੀ ਵਿਚਲੀ ਵਿਧਵਾ ਬਬਲੀ ਦਹਾਜੂ ਸਤਨਾਮ ਨਾਲ ਵਿਆਹ ਕਰਵਾਉਣ ਉਪਰੰਤ ਦੋ ਬੱਚਿਆਂ ਦੀ ਮਾਂ ਬਣ ਜਾਂਦੀ ਹੈ ਪਰ ਆਪਣੇ ਪਹਿਲੇ ਬੱਚੇ ਨੂੰ ਨਵੇਂ ਸਹੁਰੇ ਘਰ ਨਹੀਂ ਲਿਆ ਸਕਦੀ। ਕਿਉਂਕਿ ਪਹਿਲੇ ਵਿਆਹ ਦੇ ਬੱਚੇ ਨੂੰ ਸਾਡੇ ਸਮਾਜ 'ਚ ਨਵੇਂ ਘਰ ਪ੍ਰਵਾਨਗੀ ਨਹੀਂ ਮਿਲਦੀ। ਇੱਥੇ ਕਹਾਣੀਕਾਰ ਪਹਿਲੇ ਵਿਆਹ ਦੇ ਬੱਚੇ ਨੂੰ ਦੂਜੇ ਵਿਆਹ ਵਾਲੇ ਘਰ ਵਿੱਚ ਪ੍ਰਵਾਨਗੀ ਦੁਆ ਕੇ ਨਵੇਂ ਆਦਰਸ਼ ਸਥਾਪਿਤ ਕਰਦਾ ਨਜ਼ਰੀ ਪੈਂਦਾ ਹੈ। ਇਸ ਕਹਾਣੀ ਦੇ ਉਲਟ 'ਉਹ ਰਾਤ' ਕਹਾਣੀ ਪਿੱਤਰਕੀ ਸੱਤਾ ਦੇ ਦਮਨ ਹੇਠ ਔਰਤ ਦੀ ਤ੍ਰਾਸਦਿਕ ਸਥਿਤੀ ਬਿਆਨ ਕਰਦੀ ਹੈ। ਕਹਾਣੀ ਵਿਚਲੀ ਮੈਂ ਪਾਤਰ ਪਤੀ ਮਨਜੀਤ ਦੀ ਮੌਤ ਤੋਂ ਬਾਅਦ ਦਿਉਰ ਦਰਸ਼ਨ ਨਾਲ ਵਿਆਹ ਕਰਵਾ ਲੈਂਦੀ ਹੈ। ਦਰਸ਼ਨ ਦੇ ਐਬੀ ਸੁਭਾਅ ਨਾਲ ਟੱਕਰ ਲਾਉਣਾ ਚਾਹੁੰਦੀ ਹੈ ਪਰ ਔਰਤ-ਔਰਤ ਦੀ ਵੈਰੀ ਕਹਾਵਤ ਅਨੁਸਾਰ ਮੈਂ ਪਾਤਰ ਦੀ ਸੱਸ ਹੀ ਨੂੰਹ ਨੂੰ ਇਸ ਤਰਾਂ ਸਮਝਾਉਂਦੀ ਹੈ। 'ਕੋਈ ਤਾਂ ਹੈ !' ਸੰਤੋਖ ਸਿੰਘ ਪ੍ਰਤੀਬੱਧ ਜੁਝਾਰੂ ਵਿਅਕਤੀ ਹੈ ਜਿਸ ਨੇ ਸਾਰੀ ਉਮਰ ਗਰੀਬ-ਗੁਰਬੇ, ਦੱਬੇ ਕੁਚਲੇ ਹੋਏ ਲੋਕਾਂ ਦੇ ਹੱਕਾਂ ਲਈ ਲੜਦਿਆਂ ਲੋਕ ਘੋਲਾਂ ਵਿਚ ਗੁਜ਼ਾਰ ਦਿੱਤੀ ਪਰ ਆਪਣੀ ਪਤਨੀ ਸ਼ੁਸੀਲਾ ਦੇ ਲੜਾਈ ਝਗੜੇ ਤੋਂ ਪਰੇਸ਼ਾਨ ਹੋਇਆ ਸਰੀਰਕ ਤੇ ਮਾਨਸਿਕ ਤੌਰ ਤੇ ਟੁੱਟ ਜਾਂਦਾ ਹੈ। ਕਹਾਣੀਕਾਰ ਕਹਾਣੀ ਦਾ ਅੰਤ ਉਸ ਸਮੇਂ ਸੁਖਾਂਤਕ ਕਰ ਦਿੰਦਾ ਹੈ ਜਦੋਂ ਉਸਦਾ ਪੁੱਤਰ ਜਸਪਾਲ ਆਪਣੇ ਵਿਆਹ ਉਪਰੰਤ ਆਪਣੀ ਪਤਨੀ ਨਾਲ ਆਕੇ ਆਪਣੇ ਪਿਉ ਸੰਤੋਖ ਨੂੰ ਘਰ ਲਿਜਾਣ ਲਈ ਮਨਾ ਲੈਂਦਾ ਹੈ। ਇਸ ਸਮੇਂ ਸੰਤੋਖ ਨੂੰ ਲੋਕ ਸੇਵਾ ਲੇਖੇ ਲਾਈ ਜਵਾਨੀ ਦੇ ਅਜਾਂਈ ਨਾ ਜਾਣ ਤੇ ਮਾਣ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਸੋਚ/ ਵਿਚਾਰਧਾਰਾ ਰਾਹੀਂ ਕਿਸੇ ਇੱਕ ਨੂੰ ਤਾਂ ਮੁਰੀਦ/ ਕੀਲ ਸਕਿਆ।

ਅੰਤਰ ਜਾਤੀ ਵਿਆਹ ਤੋਂ ਪਹਿਲਾਂ ਅਤੇ ਬਾਅਦ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਰੂਪਮਾਨ

ਕਰਦੀਆਂ ਅਨੇਕਾਂ ਕਹਾਣੀਆਂ ਪੰਜਾਬੀ ਕਥਾ ਸਾਹਿਤ 'ਚ ਮਿਲ ਜਾਣਗੀਆਂ। ਇਹਨਾਂ ਕਹਾਣੀਆਂ ਚੋਂ 'ਇਸ ਤਰ੍ਹਾਂ ਹੀ ਹੋਵੇਗਾ ਹੁਣ' ਕਹਾਣੀ ਵੱਖਰੀ ਨਜ਼ਰ ਪੈਂਦੀ ਹੈ। ਇਸ ਕਹਾਣੀ ਦਾ ਹਰਬੰਤ ਉੱਚੀ ਜਾਤੀ ਨਾਲ ਸੰਬੰਧਿਤ ਹੋਣ ਕਰਕੇ ਹਾਊਮੈ ਅਤੇ ਹੈਂਕੜ ਕਾਰਨ ਆਪਣੀ ਧੀ ਪਰੀਤੀ ਦੀ ਨਿਮਨ ਜਾਤ ਦੇ ਸੁਰਜੀਤ ਨਾਲ ਲਵ ਮੈਰਿਜ ਨੂੰ ਸਵੀਕਾਰ ਨਹੀਂ ਕਰਦਾ। ਸਗੋਂ ਸਦਾ ਲਈ ਉਸ ਨੂੰ ਘਰ ਤੋਂ ਬਾਹਰ ਕਰ ਦਿੰਦਾ ਹੈ। ਸੁਰਜੀਤ ਆਪਣੇ ਸਹੁਰੇ ਹਰਬੰਤ ਦੀ ਮੌਤ ਤੋਂ ਬਾਅਦ ਵੀ ਉਸ ਪ੍ਰਤੀ ਘ੍ਰਿਣਾ/ਵੈਰ ਵਾਲੀ ਭਾਵਨਾ ਰੱਖਦਾ ਹੈ। ਹਾਲਾਤ ਇੱਥੋਂ ਤੱਕ ਪਹੁੰਚ ਜਾਂਦੇ ਹਨ ਕਿ ਪਰੀਤੀ ਆਪਣੇ ਪਿਉ-ਪਿਆਰ ਦੀ ਯਾਦ ਨੂੰ ਚਿਰ-ਸਥਾਈ ਬਣਾ ਕੇ ਰੱਖਣ ਲਈ ਆਪਣੇ ਬੇਟੇ ਦਾ ਨਾਮ ਹਰਬੰਤ ਰੱਖਣਾ ਚਾਹੁੰਦੀ ਹੈ ਪਰ ਸੁਰਜੀਤ ਇਸ ਲਈ ਬਿਲਕੁਲ ਤਿਆਰ ਨਹੀਂ। ਕਹਾਣੀਕਾਰ ਸਾਡੇ ਜਮਾਤੀ ਪ੍ਰਬੰਧ ਦੇ ਖ਼ਾਸੇ ਦੀਆਂ ਬਾਰੀਕੀਆਂ ਨੂੰ ਉਭਾਰਦਾ ਹੈ। ਉਥੇ ਹੀ ਔਰਤ-ਮਰਦ ਦੀ ਆਪਸੀ ਈਗੋ ਕਿਵੇਂ ਦੋਨਾਂ ਦੀ ਹੀ ਜ਼ਿੰਦਗੀ ਨੂੰ ਨਰਕ ਬਣਾ ਦਿੰਦੀ ਹੈ। ਉਸਨੂੰ ਬਾਖ਼ੂਬੀ ਪੇਸ਼ ਕਰਦੀ ਹੈ।

'ਹੋਰ ਵੰਡ ਨਹੀਂ' ਕਹਾਣੀ ਇਸ ਦੌਰ ਦੇ ਤਜ਼ਾਰਤੀ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ ਜਿੱਥੇ ਲੋਕ ਆਪਣੇ ਨਿੱਜੀ ਮੁਫ਼ਾਦਾਂ ਖਾਤਰ ਆਪਣੇ ਪਿਤਾ ਨੂੰ ਵੀ ਵੰਡਣ ਦੀ ਕੋਸ਼ਿਸ਼ ਕਰਦੇ ਹਨ। ਹਰਬੰਸ ਤੇ ਮੈਂ ਪਾਤਰ ਦਾ ਪਿਤਾ ਜਦੋਂ ਚੜ੍ਹਾਈ ਕਰ ਜਾਂਦਾ ਹੈ ਤਾਂ ਹਰਬੰਸ ਜੋ ਲੰਮੇ ਸਮੇਂ ਤੋਂ ਆਪਣੇ ਪਿਤਾ ਨੂੰ ਬੁਲਾ ਵੀ ਨਹੀਂ ਰਿਹਾ ਸੀ ਭੋਗ ਤੇ ਅੱਧ ਦਾ ਖਰਚਾ ਦੇਣ ਲਈ ਕਹਿੰਦਾ ਹੈ ਪਰ ਵੱਡਾ ਭਰਾ ਮਨਾ ਕਰ ਦਿੰਦਾ ਹੈ ਕਿ ਹੁਣ ਹੋਰ ਵੰਡੀਆਂ ਪਾਉਣ ਦੀ ਲੋੜ ਨਹੀਂ।

'ਕੋਈ ਹੋਰ ਠਿਕਾਣਾ' ਕਹਾਣੀ ਵਿਚਲੀ ਮਿਨਾਕਸ਼ੀ ਮਤਰੇਏ ਬਾਪ ਦੇ ਦੁਸ਼ਕਰਮ ਦੀ ਮਾਰੀ ਆਪਣੀ ਮਾਂ ਤੇ ਪਿਉ ਨੂੰ ਨਫ਼ਰਤ ਕਰਦੀ ਪ੍ਰਮਾਤਮਾ ਨਾਲ ਲਿਵ ਲਾਉਣ ਦੀ ਜੁਗਤ ਆਪਣਾ ਕੇ ਜ਼ਿੰਦਗੀ ਸਵਾਰਨਾ ਚਾਹੁੰਦੀ ਹੈ। ਉਸੇ ਤਰਾਂ ਉਸ ਦੀ ਸਹੇਲੀ ਪ੍ਰੇਮਲਤਾ ਵੀ ਘਰ ਛੱਡ ਸੰਤਾਂ ਦੇ ਡੇਰੇ ਤੇ ਚਲੀ ਜਾਂਦੀ ਹੈ। ਜਿੱਥੇ ਸੁਰੇਸ਼ ਮੁੰਨੀ ਦੁਆਰਾ ਉਸ ਦੀ ਬਾਂਹ ਫੜ ਲੈਣ ਤੇ ਆਸ਼ਰਮ ਦਾ ਭਾਂਡਾ ਫੁੱਟ ਜਾਂਦਾ ਹੈ। ਕਹਾਣੀਕਾਰ ਅਜੋਕੇ ਯੁੱਗ ਦੇ ਧਾਰਮਿਕ ਸਥਾਨਾਂ ਦੀ ਸੱਚਾਈ ਅਤੇ ਔਰਤ ਦੀ ਹੋਂਦ ਅਤੇ ਹੋਣੀ ਤੋਂ ਪਰਦਾ ਚੁੱਕਦਾ ਹੈ। ਮਿਨਾਕਸ਼ੀ ਜੋ ਪਹਿਲਾਂ ਵਿਆਹ ਕਰਵਾਉਣ ਨਾਲੋਂ ਸੰਤਾਂ ਦੇ ਚਰਨਾਂ 'ਚ ਰਹਿਣ ਦੇ ਫੈਸਲੇ ਬਾਰੇ ਸੋਚਦੀ ਹੈ ਉਹ ਹੁਣ ਆਪਣੀ ਸਹੇਲੀ ਨੂੰ ਫ਼ੋਨ ਕਰਕੇ ਵਿਆਹ ਕਰਵਾਉਣ ਲਈ ਹਾਂ ਕਰ ਦਿੰਦੀ ਹੈ।

ਹੁਣ ਦੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਕਿਸ ਤਰਾਂ ਸਰਕਾਰ ਦੀਆਂ ਗਲਾ ਘੋਟੂ ਨੀਤੀਆਂ ਕਾਰਨ ਨਪੀੜੀ ਜਾ ਰਹੀ ਹੈ। ਉਸ ਦਾ ਬਿਰਤਾਂਤ 'ਖਲਾਅ ਵਿਚ ਭਟਕਦੇ ਰਿਸ਼ਤੇ' ਕਹਾਣੀ 'ਚ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਮੈਂ ਪਾਤਰ ਸਰਕਾਰੀ ਨੌਕਰੀ ਤੇ ਪ੍ਰੋਬੇਸ਼ਨ ਪੀਰੀਅਡ ਦੌਰਾਨ ਬੱਝਵੀਂ ਦਸ ਹਜ਼ਾਰ ਤਨਖਾਹ ਤੇ ਕੰਮ ਕਰਦਾ ਮਾੜੀ ਆਰਥਿਕਤਾ ਦਾ ਸ਼ਿਕਾਰ ਹੈ। ਰੱਖੜੀ ਵਾਲੇ ਦਿਨ ਭੈਣ ਅਤੇ ਜੀਜੇ ਦੇ ਪਹਿਲੀ ਵਾਰ ਘਰ ਆਉਣ ਤੇ ਉਹਨਾਂ ਦੀ ਤਹਿ ਦਿਲੋਂ ਆਓ ਭਗਤ ਕਰਨਾ ਚਾਹੁੰਦਾ ਹੈ ਪਰ ਘਰ ਦੀ ਆਰਥਿਕ ਹਾਲਤ ਇਸ ਗੱਲ ਦੀ ਇਜ਼ਾਜਤ ਨਹੀਂ ਦਿੰਦੀ। ਅੰਤ ਉੱਪਰ ਉਹ ਆਪਣੀ ਭੈਣ ਨੂੰ ਰੱਖੜੀ ਤੇ ਆਪਣੀਆਂ ਸੱਧਰਾਂ ਮਾਰ ਉਹ ਸੂਟ ਦੇ ਦਿੰਦਾ ਹੈ ਜੋ ਕੁਝ ਦਿਨ ਪਹਿਲਾਂ ਰੀਝਾਂ ਨਾਲ ਵਿਆਹ ਦੀ ਵਰ੍ਹੇਗੰਢ ਤੇ ਪਤਨੀ ਲਈ ਲੈ ਕੇ ਆਇਆ ਹੁੰਦਾ ਹੈ।

ਮਨੁੱਖ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਰਿਸ਼ਤਾ-ਨਾਤਾ ਪ੍ਰਬੰਧ ਅਧੀਨ ਸਮਾਜ ਵਿਚ ਜਿਊਂਦਾ ਹੈ ਪਰ ਬਦਲਦੇ ਸਮੇਂ ਦੀ ਤੋਰ ਨਾਲ ਰਿਸ਼ਤਿਆਂ ਦੀ ਇਹ ਵਿਆਕਰਣ ਉਲਝਦੀ/ਵਿਗੜਦੀ/ਤਾਰ-ਤਾਰ ਹੁੰਦੀ ਨਜ਼ਰ ਆਉਂਦੀ ਹੈ। 'ਤੀਸਰੀ ਖਿੜਕੀ' ਕਹਾਣੀ ਦੀ ਰੀਤੂ ਆਪਣੇ ਪਤੀ ਸੁਖਚੈਨ ਦੇ ਨਸ਼ੇੜੀ ਹੋਣ ਤੇ ਉਸਦੀ ਜੇਲ ਯਾਤਰਾ ਤੋਂ ਬਾਅਦ ਜ਼ਿੰਦਗੀ ਆਪਣੇ ਦਮ ਤੇ ਜਿਊਣ ਦਾ ਫੈਸਲਾ ਕਰਦੀ ਹੈ। ਅਜਿਹੇ

ਹਲਾਤਾਂ ਵਿਚ ਵੀ ਸਾਡੇ ਸਮਾਜ ਦਾ ਇੱਕ ਹਿੱਸਾ ਔਰਤ ਦੀ ਇਕੱਲਤਾ, ਬੇਚਾਰਗੀ ਤੋਂ ਫਾਇਦਾ ਉਠਾਅ ਉਸ ਨੂੰ ਵਰਤਣਾ ਲੋਚਦਾ ਹੈ। ਜਿਵੇਂ ਕਹਾਣੀ ਦੀ ਮੁੱਖ ਪਾਤਰ ਗੀਤੂ ਨਾਲ ਉਸਦਾ ਮਾਮਾ, ਮਾਮੀ ਤਾਂ ਮਾੜਾ ਵਰਤਾਅ ਕਰਦੇ ਹੀ ਹਨ ਸਗੋਂ ਉਹਨਾਂ ਦਾ ਬੇਟਾ ਰਤਨ ਜੋ ਰਿਸ਼ਤੇ ਚ ਗੀਤੂ ਦਾ ਭਰਾ ਲੱਗਦਾ ਹੈ।

ਕਹਾਣੀਕਾਰ ਨਸ਼ਿਆਂ ਦੀ ਅਲਾਮਤ, ਮਾਂ ਪਿਉ ਦੇ ਔਲਾਦ ਪ੍ਰਤੀ ਉਲ੍ਹਾਰਪਣ ਰਵਈਏ ਦੇ ਕਾਰਣ ਬੱਚਿਆਂ ਦੀ ਸ਼ਖ਼ਸੀਅਤ 'ਚ ਨਿਖਾਰ ਆਉਣ ਦੀ ਬਜਾਏ ਆਉਂਦੇ ਨਿਘਾਰ ਨੂੰ ਬਾਖੂਬੀ ਚਿਤਰਦਾ ਹੈ। ਕਹਾਣੀ ਦਾ ਦੂਜਾ ਅਹਿਮ ਪੱਖ; ਗੀਤੂ ਦਾ ਜਿੱਥੇ ਆਪਣੇ ਰਿਸ਼ਤਿਆਂ ਤੋਂ ਮੋਹ ਭੰਗ ਹੁੰਦਾ ਹੈ ਉਥੇ ਮਾਈ ਬਚਨੀ ਅਤੇ ਉਸਦੇ ਪਤੀ ਰੱਖੇ ਦੁਆਰਾ ਲੋੜਵੰਦ ਗੀਤੂ ਦੀ ਮਦੱਦ ਕਰਨਾ ਗੀਤੂ ਲਈ ਨਵੀਂ 'ਤੀਸਰੀ ਖਿੜਕੀ' ਖੁੱਲਣ ਦੇ ਬਰਾਬਰ ਹੋ ਨਿਬੜਦਾ ਹੈ।

ਆਰਥਿਕ ਸਮੱਸਿਆਵਾਂ ਤੇ ਸਰੀਰਕ ਲੋੜਾਂ ਦੀ ਉਤੇਜਨਾ ਕਈ ਵਾਰ ਰਿਸ਼ਤਿਆਂ ਨੂੰ ਤਾਂ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਦੀ ਹੀ ਹੈ ਸਗੋਂ ਕਈ ਅਜਿਹੇ ਜ਼ਖ਼ਮ ਵੀ ਦੇ ਜਾਂਦੀ ਹੈ ਜੋ ਸਾਰੀ ਉਮਰ ਅੱਲ੍ਹੇ ਰਹਿੰਦੇ ਹਨ। 'ਤੂੰ ਇੰਝ ਨਾ ਕਰੀ' ਕਹਾਣੀ ਦੀ ਮੈਂ ਪਾਤਰ ਦੇ ਪਿਤਾ ਦੀ ਮੌਤ ਤੋਂ ਬਾਅਦ ਮਾਂ ਆਪਣੇ ਹੀ ਦਫ਼ਤਰ ਦੇ ਮਿਸਟਰ ਮਹਿਤਾ ਨਾਲ ਸਰੀਰਕ ਸੰਬੰਧ ਬਣਾ ਲੈਂਦੀ ਹੈ। ਇਹਨਾਂ ਸੰਬੰਧਾਂ ਦੀ ਭੇਟਾ ਮਾਂ ਦੀ ਗੈਰ-ਹਾਜ਼ਰੀ 'ਚ ਧੀ ਚੜ ਜਾਂਦੀ ਹੈ। ਮਿਸਟਰ ਮਹਿਤਾ ਦੁਆਰਾ ਤੇਰਾਂ ਸਾਲਾਂ ਦੀ ਮੈਂ ਪਾਤਰ ਦਾ ਕੀਤਾ ਰੇਪ ਅਜਿਹਾ ਨਾਸੂਰ ਬਣ ਜਾਂਦਾ ਹੈ ਕਿ ਉਹ ਵਿਆਹ ਤੇ ਸਰੀਰਕ ਸੰਬੰਧਾਂ ਤੋਂ ਤੌਬਾ ਕਰ ਲੈਂਦੀ ਹੈ। ਕਹਾਣੀਕਾਰ ਰੇਪ ਵਰਗੀ ਮਾੜੀ ਘਟਨਾ ਦੇ ਮਾਨਸਿਕ ਚਿੱਤਰਪਟ ਉਤੇ ਪਏ ਮਾੜੇ ਪਰਛਾਵੇਂ ਤੇ ਮਾਨਸਿਕ ਸੱਟਾਂ ਨੂੰ ਉਭਰਦਾ ਹੈ ਨਾਲ ਹੀ ਇਸ ਗੱਲ ਵੱਲ ਵੀ ਇਸ਼ਾਰਾ ਕਰ ਜਾਂਦਾ ਹੈ ਕਿ ਹਰ ਸਮੱਸਿਆ ਦਾ ਕੋਈ ਨਾ ਕੋਈ ਹੱਲ ਕੱਢਿਆ ਜਾ ਸਕਦਾ ਹੈ ਜੇਕਰ ਸੂਝ-ਬੂਝ ਤੋਂ ਕੰਮ ਲਿਆ ਜਾਵੇ।


'ਆਪਣਾ ਹੀ ਪਰਛਾਵਾਂ' ਕਹਾਣੀ ਦਾ ਨਰਿੰਦਰ ਕੁਮਾਰ ਐਸ.ਡੀ.ਐਮ (ਨੋਨੂ) ਸੋਕੇ ਦੀ ਬਿਮਾਰੀ ਕਾਰਨ ਖੇਡਾਂ ਤੋਂ ਦੂਰ ਰਿਹਾ ਤੇ ਹਮੇਸ਼ਾ ਹੀ ਮਜ਼ਾਕ ਦਾ ਪਾਤਰ ਬਣਿਆ ਰਿਹਾ ਪਰ ਜਦੋਂ ਉਸ ਦਾ ਪੁੱਤਰ ਰਿਸ਼ੂ ਖੇਡਾਂ ਵਿਚ ਜਿੱਤਦਾ ਹੈ ਤਾਂ ਉਸ ਸਮੇਂ ਉਹ ਮਾਨਸਿਕ ਤੌਰ ਤੇ ਬਹੁਤ ਖੁਸ਼ ਹੁੰਦਾ ਹੈ। ਇਥੇ ਕਹਾਣੀਕਾਰ ਉਸ ਮਨੋਵਿਗਿਆਨ ਸੱਚਾਈ ਨੂੰ ਪੇਸ਼ ਕਰਦਾ ਹੈ ਜਿਸ ਅਨੁਸਾਰ ਹੀਣ ਭਾਵਨਾ ਜਾਂ ਕਿਸੇ ਕਾਰਨ ਅਧੂਰੀਆਂ ਰਹਿ ਗਈਆਂ ਖ਼ਾਹਿਸ਼ਾਂ, ਇੱਛਾਵਾਂ ਨੂੰ ਹਰ ਇਕ ਵਿਅਕਤੀ ਆਪਣੀ ਔਲਾਦ ਰਾਹੀਂ ਪੂਰਾ ਕਰਨਾ ਚਾਹੁੰਦਾ ਹੈ।

ਨਿਰੰਜਣ ਬੋਹਾ ਦੀਆਂ ਇਹਨਾਂ ਕਹਾਣੀਆਂ ਬਾਰੇ ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਸਾਡੇ ਆਲ਼ੇ-ਦੁਆਲ਼ੇ ਬਣਦੇ, ਖਿੜਕਦੇ, ਟੁੱਟਦੇ, ਸੁਲਝਦੇ ਨਵੇਂ ਉਸਰਦੇ ਰਿਸ਼ਤਿਆਂ ਦੀਆਂ ਅਨੇਕਾਂ ਤੰਦਾਂ ਨੂੰ ਫਰੋਲਦੀਆਂ ਕਹਾਣੀਆਂ ਹਨ। ਇਕ ਪਾਸੇ ਲੇਖਕ ਸਾਡੇ ਸਮਾਜਕ ਪ੍ਰਬੰਧ ਦੀਆਂ ਰੂੜੀਗਤ ਕਦਰਾਂ-ਕੀਮਤਾਂ ਤੇ ਠੋਸ ਹਕੀਕਤਾਂ ਬਾਰੇ ਚਾਨਣਾ ਪਾਉਂਦਾ ਹੈ। ਉਥੇ ਦੂਜੇ ਪਾਸੇ ਇਹਨਾਂ ਰਸਮਾਂ/ਮਿੱਥਾਂ ਨੂੰ ਕਾਂਟੇ ਹੇਠ ਰੱਖ ਇਹਨਾਂ ਨੂੰ ਤੋੜ ਨਵੇਂ ਨਕੋਰ ਸਮਾਜ ਨੂੰ ਸਿਰਜਣ ਦੀਆਂ ਆਸ਼ਾਵਾਂ /ਅਭਿਲਾਸ਼ਾਵਾਂ ਦੀ ਗੱਲ ਕਰਦਾ ਹੈ। ਪਾਠਕ ਨੂੰ ਕਹਾਣੀ ਰਸ ਰਾਹੀਂ ਆਪਣੇ ਨਾਲ ਜੋੜੀ ਰੱਖਣਾ ਤੇ ਪਾਠਕ ਨੂੰ ਉਂਗਲ ਫੜ ਆਪਣੇ ਨਾਲ ਤੋਰ ਲੈਣ ਦੀ ਸਮੱਰਥਾ ਵਾਲੀਆਂ ਇਹਨਾਂ ਕਹਾਣੀਆਂ ਨੂੰ ਪੰਜਾਬੀ ਕਥਾ ਸੰਸਾਰ 'ਚ ਜੀ ਆਇਆ ਨੂੰ ਕਹਿਣਾ ਬਣਦਾ ਹੈ। ਬਿਰਤਾਂਤਕ ਤਕਨੀਕੀ ਉਲਝਣਾ ਦੀ ਬਜਾਏ ਲਕੀਰੀ ਬਿਰਤਾਂਤ ਤੇ ਹਰੇਕ ਪਾਠਕ ਦੇ ਪੱਧਰ ਨੂੰ ਧਿਆਨ 'ਚ ਰੱਖਦਿਆਂ ਲਿਖੀਆ ਇਹਨਾਂ ਕਹਾਣੀਆਂ ਨੂੰ ਮੁਬਾਰਕਬਾਦ।

(**ਸੰਪਰਕ-94638-74394**)

# ਜਨ ਬੋਧ

## ਵੱਡੀ ਮਰਦਮਸ਼ੁਮਾਰੀ



**ਮੂਲ ਲੇਖਕ : ਮਾਰਕ ਜਰਗਨਜ਼ਮਾਇਰ**

**ਅਨੁਵਾਦ : ਮੰਗਤ ਰਾਮ**

ਆਦਿ ਧਰਮ ਲਹਿਰ ਦਾ ਪੂਰਾ ਜ਼ੋਰ 1931 ਦੀ ਮਰਦਮਸ਼ੁਮਾਰੀ ਤੇ ਲੱਗਾ ਹੋਇਆ ਸੀ।ਆਦਿ ਧਰਮ ਦੇ ਗਠਨ ਤੋਂ ਬਾਅਦ ਦੀ ਇਹ ਪਹਿਲੀ ਮਰਦਮਸ਼ੁਮਾਰੀ ਸੀ। ਇਸ ਮਰਦਮਸ਼ੁਮਾਰੀ 'ਚ ਚੰਗੀ ਕਾਰਜਗੁਜ਼ਾਰੀ ਨਾਲ ਹੀ ਆਦਿ ਧਰਮ ਨੂੰ ਮਾਨਤਾ ਮਿਲਣੀ ਸੀ ਤੇ ਉਹਨਾਂ ਦੀ ਗਿਣਤੀ ਵੀ ਜੱਗ ਜ਼ਾਹਿਰ ਹੋ ਜਾਣੀ ਸੀ। ਪਰ ਇਸ ਮਰਦਮਸ਼ੁਮਾਰੀ ਦਾ ਮਹੱਤਵ ਇਸ ਤੋਂ ਵੀ ਵੱਧ ਕੁਝ ਸੀ। ਇਹ ਲਹਿਰ ਲਈ ਇਕ ਨਿਰਣਾਇਕ ਘੜੀ ਸੀ ਜਿਸਨੂੰ ਐਰਿਕ ਐਰਿਕਸਨ 'ਬੀਜਕ ਘਟਨਾ' ਦਾ ਨਾਂਅ ਦਿੰਦਾ ਹੈ। ਗਾਂਧੀ ਦੇ ਪਹਿਲੇ ਸੱਤਿਅਗ੍ਰਹਿ ਦੀ ਤਰ੍ਹਾਂ 1931 ਦੀ ਮਰਦਮਸ਼ੁਮਾਰੀ ਨੂੰ ਲੋਕ ਉਸ ਵੇਲੇ ਦੀ ਤਰ੍ਹਾਂ ਯਾਦ ਕਰਿਆ ਕਰਨਗੇ ਜਦੋਂ ਸਾਰੇ ਪਾੜੇ ਮਿਟ ਜਾਣਗੇ। ਇਸ ਪਿਛਲੀ ਸੋਚ ਤੇ ਇਹ ਕਾਰਜ ਭਵਿੱਖ ਲਈ ਬੜੇ ਅਰਥਪੂਰਨ ਅਧਾਰ ਸਨ।

ਇਹ ਅਜੀਬ ਤਾਂ ਲੱਗਦਾ ਹੈ ਕਿ ਮਰਦਮਸ਼ੁਮਾਰੀ ਤੁਹਾਡੀ ਤਾਕਤ ਤੁਹਾਡੇ ਜਜ਼ਬਾਤਾਂ ਦੇ ਪ੍ਰਗਟਾਅ ਦਾ ਜ਼ਰੀਆ ਬਣੇਗੀ। ਪਰ ਇਸਦੀ ਅਹਿਮੀਅਤ ਬੜੀ ਵਿਹਾਰਕ ਸੀ। ਇਸਦੇ ਕਾਰਨ ਮਰਦਮਸ਼ੁਮਾਰੀ ਦੇ ਅੰਕੜਿਆਂ 'ਚ ਦੇਖੇ ਜਾ ਸਕਦੇ ਹਨ ਭਾਵੇਂ ਕਿ ਪੰਜਾਬ ਦੇ ਵੱਖ-ਵੱਖ ਖਿੱਤਿਆਂ ਚ ਧਾਰਮਿਕ ਸਮੁਦਾਵਾਂ ਦੀ ਅਨੁਪਾਤਿਕ ਗਿਣਤੀ ਅਲੱਗ-ਅਲੱਗ ਹੈ। ਕੇਂਦਰੀ ਪੰਜਾਬ ਜਿੱਥੇ ਆਦਿ ਧਰਮ ਦਾ ਪ੍ਰਭਾਵ ਸਭ ਤੋਂ ਵੱਧ ਸੀ ਉੱਥੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਗਿਣਤੀ ਵੀ ਲਗਭੱਗ ਬਰਾਬਰ ਸੀ। ਸਤਲੁਜ ਤੇ ਬਿਆਸ ਦੇ ਦੋ-ਆਬ ਖਾਸ ਕਰਕੇ ਜਲੰਧਰ, ਹੁਸ਼ਿਆਰਪੁਰ ਜ਼ਿਲ੍ਹਿਆਂ ਅੰਦਰ ਇਹ ਫ਼ਰਕ ਨਾਂ-ਮਾਤਰ ਹੀ ਸੀ। ਮਰਦਮਸ਼ੁਮਾਰੀ ਦੇ ਅੰਕੜੇ ਵੀ ਇਸ ਗੱਲ ਦਾ ਸਬੂਤ ਹਨ ਕਿ ਇਸ ਇਲਾਕੇ ਦੀ ਇਹ ਵੀ ਖਾਸੀਅਤ ਸੀ ਕਿ ਇੱਥੇ ਅਛੂਤਾਂ ਦੀ ਗਿਣਤੀ ਬਹੁਤ ਸੀ। ਲਗਭੱਗ 23 ਫੀਸਦ। ਜੇਕਰ ਅਛੂਤਾਂ ਨੂੰ ਮਰਦਮਸ਼ੁਮਾਰੀ ਦੀਆਂ ਪਹਿਲੀਆਂ ਸੂਚੀਆਂ ਜਿਹਨਾਂ 'ਚ ਉਹਨਾਂ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਲਿਖਿਆ ਹੋਇਆ ਹੈ ਵਿੱਚੋਂ ਬਾਹਰ ਕਰਕੇ ਅਲੱਗ ਸਮੂਹ ਵਜੋਂ ਦੇਖਿਆ ਜਾਵੇ ਤਾਂ ਉਹਨਾਂ ਦੀ ਗਿਣਤੀ ਬਾਕੀ ਤਿੰਨੇ ਵੱਡੇ ਸਮੂਹਾਂ ਦੇ ਬਰਾਬਰ ਹੀ ਹੈ। ਜੇਕਰ ਵਿਧਾਨ ਸਭਾਵਾਂ ਅੰਦਰ ਗੋਰੀ ਸਰਕਾਰ ਦੇ ਸੰਪ੍ਰਦਾਇਕ ਨੁਮਾਇੰਦਗੀ ਵਾਲੇ ਸੂਤਰ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਹਰ ਸਮੁਦਾਇ ਵਲੋਂ ਕੀਤੀ ਇਸ ਗਿਣਤੀ-ਮਿਣਤੀ ਨੂੰ ਸਿਆਸੀ ਤਾਕਤ



ਅਨੁਵਾਦ: ਮੰਗਤ ਰਾਮ

ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਅਮਲੀ ਚੋਣਾਂ ਵੇਲੇ ਉਮੀਦਵਾਰਾਂ ਦੀ ਚੋਣ ਉਹਨਾਂ ਨੂੰ ਪਈਆਂ ਵੋਟਾਂ ਦੇ ਅਧਾਰ ਤੇ ਨਹੀਂ ਬਲਕਿ ਉਹਨਾਂ ਨੂੰ ਸੀਟਾਂ ਦੀ ਵੰਡ ਇਸ ਮਰਦਮਸ਼ੁਮਾਰੀ ਦੇ ਅਧਾਰ ਤੇ ਹੋਣੀ ਸੀ।

ਜੇਕਰ ਨੀਵੀਂਆਂ ਜਾਤਾਂ ਨੂੰ ਮਰਦਮਸ਼ੁਮਾਰੀ ਦੀਆਂ ਪੁਰਾਣੀਆਂ ਸੂਚੀਆਂ ਚੋਂ ਕੱਢਕੇ ਉਹਨਾਂ ਨੂੰ ਆਦਿ ਧਰਮ ਵਰਗੀ ਨਵੀਂ ਸੂਚੀ 'ਚ ਦਰਜ ਕਰ ਲਿਆ ਜਾਂਦਾ ਤਾਂ ਸਭ ਤੋਂ ਵੱਧ ਨੁਕਸਾਨ ਹਿੰਦੂਆਂ ਦਾ ਹੋਣਾ ਸੀ। ਇਸਦਾ ਕਾਰਨ ਮਰਦਮਸ਼ੁਮਾਰੀ ਵਾਲਿਆਂ ਨੂੰ ਇਹ ਨਿਰਦੇਸ਼ ਸਨ ਕਿ ਜੇ ਅਛੂਤ ਉੱਤਰਦਾਤਾ ਆਪਣੀ ਧਾਰਮਿਕ ਪਛਾਣ ਬਾਰੇ ਭੰਬਲਭੂਸੇ 'ਚ ਹੈ ਤਾਂ ਉਹ ਉਸਨੂੰ ਹਿੰਦੂ ਹੀ ਲਿਖਣਗੇ। ਇਹ ਕੋਡ ਇਸ ਤਰ੍ਹਾਂ ਸੀ:

"ਸਾਰੇ ਬਾਲਮੀਕੀ ਜਿਹੜੇ ਮੁਸਲਮਾਨ ਜਾਂ ਇਸਾਈ ਨਹੀਂ ਹਨ ਤੇ ਜੇ ਉਹ ਕੋਈ ਦੂਸਰਾ ਧਰਮ ਨਹੀਂ ਲਿਖਵਾਉਂਦੇ ਤਾਂ ਉਹਨਾਂ ਨੂੰ ਹਿੰਦੂ ਲਿਖਿਆ ਜਾਵੇ। ਇਹ ਨਿਯਮ ਦੂਸਰੇ ਦਲਿਤਾਂ ਤੇ ਵੀ ਲਾਗੂ ਹੁੰਦਾ ਹੈ ਜਿਹਨਾਂ ਦਾ ਕੋਈ ਖਾਸ ਧਰਮ ਨਹੀਂ ਹੈ।"

1909 ਵਿੱਚ ਜਦੋਂ ਮਰਦਮਸ਼ੁਮਾਰੀ ਕਮਿਸ਼ਨਰ ਐਡਵਰਡ ਗੇਟ ਨੇ ਇਹ ਸੁਝਾਅ ਦਿੰਦਿਆਂ ਲਿਖਤੀ ਪੱਤਰ ਜਾਰੀ ਕੀਤਾ ਕਿ ਦਲਿਤਾਂ ਨੂੰ ਹਿੰਦੂਆਂ ਨਾਲੋਂ ਅੱਡ ਸ਼੍ਰੇਣੀ ਵਿੱਚ ਰੱਖਿਆ ਜਾਵੇ ਤਾਂ ਹਿੰਦੂਆਂ ਦਾ ਪ੍ਰਤੀਕਰਮ ਬੜਾ ਰੋਹ ਭਰਿਆ ਸੀ। ਇਸ ਸੁਝਾਅ ਲਾਗੂ ਨਹੀਂ ਹੋਇਆ ਪਰ ਇਹਦਾ ਅਸਰ ਦੇਰ ਤੱਕ ਰਿਹਾ ਸੀ। ਮਰਦਮਸ਼ੁਮਾਰੀ 'ਚ ਆਦਿ ਧਰਮ ਦੇ ਪ੍ਰਸਤਾਵਿਤ ਅੰਦਰਾਜ਼ ਨੇ ਉਹਨਾਂ ਤੌਖਲਿਆਂ ਨੂੰ ਫੇਰ ਤੋਂ ਅੱਗੇ ਲੈ ਆਂਦਾ ਸੀ। ਖਾਸ ਕਰਕੇ ਇਸਨੇ ਆਦਿ ਧਰਮ ਤੇ ਆਰੀਆ ਸਮਾਜ ਵਿਚਕਾਰ ਤਣਾਅ ਦੀ ਲੀਕ ਨੂੰ ਹੋਰ ਗੂਹੜਾ ਕਰ ਦਿੱਤਾ ਜਿਸਦੇ ਬਹੁਤੇ ਮੈਂਬਰ ਮਰਦਮਸ਼ੁਮਾਰੀ ਵਾਲੇ ਮੁੱਦੇ ਤੋਂ ਹੋਣ ਵਾਲੇ ਸਿਆਸੀ ਘਾਟੇ ਦੀ ਸਮਝ ਸੀ। ਗੋਰੀ ਸਰਕਾਰ ਆਦਿ ਧਰਮ ਦੇ ਆਗਮਨ ਤੇ ਖੁਸ਼ ਸੀ ਕਿਉਂਕਿ ਇਸ ਅੰਦਰ ਰਾਸ਼ਟਰਵਾਦ ਵੱਲ ਨੂੰ ਤੁਰ ਪਏ ਆਰੀਆ ਸਮਾਜ ਵਰਗੇ ਹਿੰਦੂ ਸੰਗਠਨ ਦੇ ਵਿਰੋਧ ਦਾ ਮਾਦਾ ਸੀ।

ਜਦੋਂ ਆਦਿ ਧਰਮ ਮਰਦਮਸ਼ੁਮਰੀ ਵਾਲੇ ਰਜਿਸਟਰਾਂ 'ਚ ਵੱਖਰੇ ਧਰਮ ਵਜੋਂ ਦਰਜ ਹੋ ਗਿਆ ਤਾਂ ਤਕਲੀਫ਼ ਤਾਂ ਹੋਣੀ ਹੀ ਸੀ। ਪਰ ਇਹ ਬੜੀ ਵੱਡੀ ਪ੍ਰਾਪਤੀ ਸੀ। ਇਸ ਨਾਲ ਕਾਨੂੰਨੀ ਮਾਨਤਾ ਮਿਲ ਗਈ। ਹੁਣ ਆਦਿ ਧਰਮ ਦੂਸਰੇ ਸੰਗਠਨਾਂ ਤੇ ਸਰਕਾਰ ਨਾਲ ਆਪਣੇ ਤੌਰ ਤੇ ਗੱਲ ਕਰ ਸਕਦਾ ਸੀ। ਸਭ ਤੋਂ ਅਹਿਮ ਗੱਲ ਇਹ ਹੋਈ ਕਿ ਇਸ ਨਾਲ ਲਹਿਰ ਦੀ ਅੰਦਰੂਨੀ ਵਿਚਾਰਧਾਰਾ ਦੀ ਜਿੱਤ ਹੋਈ। ਵੇਲੇ ਦੀ ਲੋੜ ਵੀ ਸੀ ਕਿ ਆਦਿ ਧਰਮ ਨੂੰ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ ਵੱਖਰੀ ਕੌਮ ਦੇ ਤੌਰ ਤੇ ਪਛਾਣਿਆ ਜਾਵੇ। ਇਸ ਨਾਲ ਅਲੱਗ ਪਹਿਚਾਣ ਮਿਲਣ ਲੱਗੀ ਜਿਸਦਾ ਤਹੱਈਆ ਆਦਿ ਧਰਮ ਦੀ ਪਹਿਲੀ ਕਾਨਫ਼ਰੰਸ ਵਿੱਚ ਕੀਤਾ ਗਿਆ ਸੀ:

"ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਬੜੇ ਜ਼ੋਰਦਾਰ ਸ਼ਬਦਾਂ 'ਚ ਬੇਨਤੀ ਕਰਦੇ ਹਾਂ ਕਿ ਸਾਨੂੰ ਹਿੰਦੂਆਂ ਵਾਲੀ ਸੂਚੀ ਅੰਦਰ ਨਾ ਰੱਖਿਆ ਜਾਵੇ। ਸਾਡਾ ਧਰਮ ਹਿੰਦੂ ਨਹੀਂ ਬਲਕਿ ਆਦਿ ਧਰਮ ਹੈ। ਨਾ ਤਾਂ ਅਸੀਂ ਹਿੰਦੂ ਧਰਮ ਦਾ ਹਿੱਸਾ ਹਾਂ ਤੇ ਨਾ ਹੀ ਹਿੰਦੂ ਧਰਮ ਸਾਡਾ ਹਿੱਸਾ ਹੈ।"

10 ਅਕਤੂਬਰ 1929 ਨੂੰ ਆਦਿ ਧਰਮ ਨੇ ਸਰਕਾਰ ਕੋਲ ਇਹ ਮੰਗ ਰੱਖੀ ਕਿ ਆਦਿ ਧਰਮ ਨੂੰ ਮਰਦਮਸ਼ੁਮਾਰੀ ਵਿੱਚ ਵੱਖਰੇ ਧਰਮ ਵਜੋਂ ਸੂਚੀਬੱਧ ਕੀਤਾ ਜਾਵੇ। ਇਸ ਸੁਝਾਅ ਨੂੰ ਇਕਦਮ ਮੰਨ ਲਿਆ ਗਿਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਉੱਚੀਆਂ ਜਾਤਾਂ ਦੇ ਵਿਸ਼ਲੇਸ਼ਕ ਅਛੂਤਾਂ ਨੂੰ ਹਿੰਦੂਆਂ ਤੋਂ ਜਾਣ ਬੁਝ ਕੇ ਅਲੱਗ ਕਰਨ ਦੇ ਇਸ ਫੈਸਲੇ ਨੂੰ ਨਿੰਦਿਆਜਨਕ ਉਦੇਸ਼ ਦੀ ਪੂਰਤੀ ਮੰਨਦੇ ਸਨ। ਸਰਕਾਰ ਦੱਸਣ ਤੋਂ ਆਨਾਕਾਨੀ ਕਰਦੀ ਸੀ ਕਿ ਇਹ ਫੈਸਲਾ ਕਿਸ ਤਰ੍ਹਾਂ ਹੋ ਗਿਆ ਸੀ। 1931 ਦੀ ਮਰਦਮਸ਼ੁਮਾਰੀ ਰਿਪੋਰਟ ਵਿੱਚ ਇਹ ਸਪਸ਼ਟ ਦਰਸਾਇਆ ਗਿਆ ਹੈ ਕਿ ਇਹ ਫੈਸਲਾ ਮੰਗੂ ਰਾਮ ਤੇ ਆਦਿ

ਧਰਮ ਦੇ ਹੋਰ ਪ੍ਰਤੀਨਿਧੀਆਂ ਦੇ ਜ਼ੋਰ ਪਾਉਣ ਤੇ ਲਿਆ ਗਿਆ ਸੀ ਨਾ ਕਿ ਛਲਾਵੇ ਜਾਂ ਸਰਕਾਰ ਦੀ ਆਪਣੀ ਮਰਜ਼ੀ ਅਨੁਸਾਰ।

ਪੰਜਾਬ ਆਦਿ ਧਰਮ ਮੰਡਲ ਨੇ ਸਰਕਾਰ ਨੂੰ 1930 ਵਿੱਚ ਮਰਦਮਸ਼ੁਮਾਰੀ ਦੀ ਕਵਾਇਦ ਸ਼ੁਰੂ ਕਰਨ ਤੋਂ ਪਹਿਲਾਂ ਬੇਨਤੀ ਕੀਤੀ ਸੀ ਕਿ ਦਲਿਤਾਂ ਨੂੰ ਹਿੰਦੁਸਤਾਨ ਦੇ ਮੂਲ ਨਿਵਾਸੀ ਹੋਣ ਕਾਰਨ ਧਰਮ ਵਾਲੇ ਖਾਨੇ 'ਚ ਆਦਿ ਧਰਮ ਲਿਖਵਾਉਣ ਦੀ ਆਗਿਆ ਦਿੱਤੀ ਜਾਵੇ। ਕਿਉਂਕਿ ਹਿੰਦੂ ਉਹਨਾਂ ਤੋਂ ਦੂਰੀ ਬਣਾਕੇ ਰੱਖਦੇ ਸਨ ਇਸ ਲਈ ਉਹ ਹਿੰਦੂ ਧਰਮ ਨੂੰ ਨਹੀਂ ਮੰਨਦੇ ਹਨ। ਪੰਜਾਬ ਆਦਿ ਧਰਮ ਮੰਡਲ ਦੇ ਪ੍ਰਧਾਨ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਇਹ ਮੱਦ ਮਰਦਮਸ਼ੁਮਾਰੀ ਦੀ ਨਿਯਮਾਵਲੀ 'ਚ ਜੋੜ ਦਿੱਤੀ ਗਈ ਹੈ ਕਿ ਜੋ ਵੀ ਆਪਣਾ ਧਰਮ ਆਦਿ ਧਰਮ ਲਿਖਵਾਉਣਾ ਚਾਹੁੰਦਾ ਹੈ ਉਹਨਾਂ ਨੂੰ ਆਦਿ ਧਰਮ ਵਜੋਂ ਹੀ ਦਰਜ ਕੀਤਾ ਜਾਵੇ।

ਜਦੋਂ ਆਦਿ ਧਰਮ ਮਰਦਮਸ਼ੁਮਾਰੀ ਦੀਆਂ ਲਿਸਟਾਂ ਵਿੱਚ ਦਰਜ ਹੋ ਗਿਆ ਤਾਂ ਇਹ ਜ਼ੋਰ ਲਾਇਆ ਗਿਆ ਕਿ ਬਹੁਤੇ ਲੋਕ ਇਸਨੂੰ ਹੀ ਆਪਣਾ ਅਸਲੀ ਧਰਮ ਲਿਖਾਉਣ। ਸੰਗਠਨ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਬਰਾਂਚ ਦਫ਼ਤਰਾਂ ਤੇ ਬਹੁਤ ਸਾਰੇ ਪੇਂਡੂ ਕਾਮੇ ਲਾ ਦਿੱਤੇ। ਇਹ ਬੜਾ ਖਿਚੋਤਾਣ ਵਾਲਾ ਸਮਾਂ ਸੀ।ਆਦਿ ਧਰਮ ਨੇ ਗਰੀਬਾਂ ਦੀ ਇਕੋ-ਇਕ ਦੌਲਤ ਉਹਨਾਂ ਦੀ ਗਿਣਤੀ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਤੇ ਦੂਸਰੇ ਸਮੁਦਾਵਾਂ ਦੀ ਗਿਣਤੀ ਨੂੰ ਵੀ ਆਪਣੇ ਵੱਲ ਖਿੱਚਣ ਲੱਗੇ।ਆਦਿ ਧਰਮ ਰਿਪੋਰਟ 'ਚ ਉਸ ਵੇਲੇ ਦੇ ਹਾਲਤਾਂ ਬਾਰੇ ਲਿਖਿਆ ਹੈ:

'ਮਰਦਮਸ਼ੁਮਾਰੀ ਦੌਰਾਨ ਜੇਕਰ ਕੋਈ ਆਦਿ ਧਰਮੀ ਦੱਸਦਾ ਸੀ ਤਾਂ ਉਹ ਲਿਖਦੇ ਨਹੀਂ ਸਨ। ਉਹ ਲੋਕ ਕਹਿੰਦੇ ਸਨ ਕਿ ਤੁਸੀਂ ਸਾਡੇ ਭਰਾ ਹੋ ਪਰ ਉਹ ਸਾਡੇ ਨਾਲ ਬਿੱਲਿਆਂ-ਕੁੱਤਿਆਂ ਵਰਗਾ ਵਤੀਰਾ ਕਰਦੇ ਸਨ। ਜੇ ਅਸੀਂ ਮਰਦਮਸ਼ੁਮਾਰੀ ਕਰਨ ਵਾਲੇ ਨੂੰ ਕਹਿੰਦੇ ਕਿ ਅਸੀਂ ਆਦਿ ਧਰਮੀ ਹਾਂ ਤਾਂ ਅਕਾਲੀ-ਸਿੱਖ ਰੌਲਾ ਪਾ ਲੈਂਦੇ। ਉਹ ਸਾਡੇ ਘਰਾਂ ਮੋਹਰੇ ਕੰਡਿਆਲੀਆਂ ਝਾੜੀਆਂ ਰੱਖ ਦਿੰਦੇ ਸਨ। ਉਹ ਸਾਨੂੰ ਖੂਹਾਂ ਤੋਂ ਪਾਣੀ ਨਾ ਭਰਨ ਦਿੰਦੇ ਨਾ ਹੀ ਸਾਨੂੰ ਦੁਕਾਨਾਂ ਤੋਂ ਸੌਦਾ ਖਰੀਦਣ ਦਿੰਦੇ। ਉਹ ਸਾਨੂੰ ਕੁ-ਨਾਵਾਂ ਨਾਲ ਬੁਲਾਉਂਦੇ, ਸਾਨੂੰ ਤੰਗ ਕਰਦੇ ਤੇ ਸਾਡੇ ਪਸ਼ੂਆਂ ਨੂੰ ਵੀ ਬਾਹਰ ਨਹੀਂ ਚਰਨ ਦਿੰਦੇ ਸਨ। ਸਾਡੀਆਂ ਧੀਆਂ ਦੀ ਰਾਹਾਂ ਚ ਬੇਪਤੀ ਕੀਤੀ ਗਈ, ਉਹਨਾਂ ਨਾਲ ਧੱਕੇ ਕੀਤੇ। ਕਈ ਵਾਰ ਉਹਨਾਂ ਸਾਡੇ ਘਰਾਂ ਨੂੰ ਸਾੜਿਆ, ਲੁੱਟਿਆ ਤੇ ਤਬਾਹ ਕੀਤਾ। ਉਹ ਸਾਡੀ ਛੇ ਮਹੀਨੇ ਤੋਂ ਲੈ ਕੇ ਸਾਲ ਤੱਕ ਦੀ ਮਜ਼ਦੂਰੀ ਰੋਕੀ ਰੱਖਦੇ; ਸਾਡੇ ਪਸ਼ੂ ਡੱਕ ਲੈਂਦੇ; ਸਾਡੇ ਘਰਾਂ ਤੇ ਸੁੱਕਾ ਘਾਹ ਸੁੱਟਕੇ ਅੱਗ ਲਾ ਕੇ ਜਿਉਂਦਿਆਂ ਸਾੜਨ ਦੀ ਕੋਸ਼ਿਸ਼ ਕਰਦੇ। ਉਹ ਸਾਨੂੰ ਛੱਪੜਾਂ ਦਾ ਗੰਦਾ ਪਾਣੀ ਵੀ ਨਾ ਪੀਣ ਦਿੰਦੇ। ਛੱਪੜਾਂ ਦੁਆਲੇ ਸਿੱਖ ਸਵੈ-ਸੇਵਕ ਗੰਦੇ ਪਾਣੀ ਦੀ ਰਾਖੀ ਲਈ ਖੜੇ ਹੁੰਦੇ। ਬਿਨ੍ਹਾਂ ਵਜਾਹ ਸਾਡੇ ਤੇ ਮੁਕੱਦਮੇ ਕਰ ਦਿੰਦੇ ਤੇ ਸਾਨੂੰ ਬੰਦੂਕਾਂ, ਪਿਸਤੌਲਾਂ ਤੇ ਤਲਵਾਰਾਂ ਨਾਲ ਡਰਾਉਂਦੇ-ਧਮਕਾਉਂਦੇ।ਸਾਡੇ ਬੱਚਿਆਂ ਨੂੰ ਭੁੱਖੇ ਮਰਦੇ ਦੇਖਕੇ ਵੀ ਇਹਨਾਂ ਨੂੰ ਤਰਸ ਨਹੀਂ ਆਉਂਦਾ ਸੀ। ਸਾਡੇ ਬਜ਼ੁਰਗ ਜੰਗਲਾਂ ਚ ਜਾ ਕੇ ਖਾਣ ਲਈ ਘਾਹ ਵੱਢ ਕੇ ਲਿਆਉਂਦੇ। ਸਿੱਖ ਸਵੈ ਸੇਵਕ ਸਾਡੀਆਂ ਤੌੜੀਆਂ ਵੀ ਤੋੜ ਦਿੰਦੇ ਸਨ। ਪਰ ਏਨੀਆਂ ਔਕੜਾਂ ਦੇ ਬਾਵਜੂਦ ਵੀ ਆਦਿ ਧਰਮੀ ਲੋਕਾਂ ਨੇ ਆਪਣਾ ਸੰਦੇਸ਼ ਬਾਕੀ ਲੋਕਾਂ ਤੱਕ ਪਹੁੰਚਾਇਆ।

ਜਿਵੇਂ ਕਿ ਇਸ ਰਿਪੋਰਟ ਤੋਂ ਸੰਕੇਤ ਮਿਲਦਾ ਹੈ ਕਿ ਹਿੰਦੂਆਂ ਨਾਲੋਂ ਸਿੱਖਾਂ ਨੂੰ ਆਦਿ ਧਰਮ ਤੋਂ ਬਹੁਤੀ ਔਖ ਸੀ। ਇਕ ਬਜ਼ੁਰਗ ਆਦਿ ਧਰਮੀ ਨੇ ਦੱਸਿਆ: ਹਿੰਦੂ ਸਿੱਖਾਂ ਨੂੰ ਧੱਕੇ ਨਾਲ ਮਰਦਮਸ਼ੁਮਾਰੀ 'ਚ ਸ਼ਾਮਲ ਕਰ ਲੈਂਦੇ ਤੇ ਉਹਨਾਂ ਨੂੰ ਤੰਗ ਕਰਦੇ। ਇਹਦਾ ਬਦਲਾ ਸਿੱਖ ਸਾਡੇ ਤੋਂ ਲੈਂਦੇ । ਸਿੱਖਾਂ ਨੇ ਨਨਕਾਣਾ ਸਾਹਿਬ ਦੀ ਆਦਿ ਧਰਮ ਰੈਲੀ ਵੇਲੇ ਰਸੋਈ ਤੋੜ ਦਿੱਤੀ। ਇਸ ਰੈਲੀ 'ਚ ਸ਼ਾਮਲ ਲੋਕਾਂ ਤੇ ਗਰਮ-ਗਰਮ

ਚੌਲ ਸੁੱਟਕੇ ਤੇ ਬਹੁਤ ਸਾਰੇ ਆਦਿ ਧਰਮੀਆਂ ਨੂੰ ਕੁੱਟ ਕੇ ਇਹ ਰੈਲੀ ਸਿਰੇ ਨਹੀਂ ਚੜਨ ਦਿੱਤੀ। ਇਕ ਹੋਰ ਥਾਂ ਦੋ ਆਦਿ ਧਰਮੀ ਸੰਗਠਨਕਰਤਾ ਮਾਰ ਦਿੱਤੇ। ਮਰਦਮਸ਼ੁਮਾਰੀ ਦੇ ਮਹੱਤਵ ਬਾਰੇ ਦੱਸਣ ਲਈ ਲਹਿਰ ਨੇ ਇਹਨਾਂ ਘਟਨਾਵਾਂ ਦਾ ਬੜਾ ਪ੍ਰਚਾਰ ਕੀਤਾ ਤੇ ਅਛੂਤਾਂ ਨੂੰ ਇਸ ਮੌਕੇ ਮਜ਼ਬੂਤੀ ਨਾਲ ਡਟੇ ਰਹਿਣ ਲਈ ਹਰ ਕੋਸ਼ਿਸ਼ ਕੀਤੀ। ਹੇਠਲਾ ਗੀਤ ਇਸ ਗੱਲ ਦੀ ਗਵਾਹੀ ਹੈ:



ਛੋਟੇ-ਮੋਟੇ ਛੱਡਕੇ ਝੇੜੇ
ਸਿਰ ਤੇ ਲਾਲ ਪੱਗ ਸਜਾਉਣੀ
ਆਪਣੀ ਕੌਮ ਬਿਨ੍ਹਾਂ ਨਹੀਂ
ਹੋਰ ਕੋਈ ਦਰਜ ਕਰਾਉਣੀ
ਆਦਿ ਧਰਮੀਆਂ ਹੋ ਤਕੜਾ।

ਇਹ ਆਦਿ ਧਰਮ ਲਈ ਸੱਚੀਂ ਹੀ ਬੜਾ ਰੁਝੇਵਿਆਂ ਭਰਿਆ ਤੇ ਉਹਦੀ ਚੜ੍ਹਤ ਦਾ ਵੇਲਾ ਵੀ ਸੀ।

ਪੰਜਾਬ ਵਿੱਚ 1931 ਦੀ ਮਰਦਮਸ਼ੁਮਾਰੀ ਵਿੱਚ ਆਦਿ ਧਰਮੀਆਂ ਦੀ ਕੁੱਲ ਗਿਣਤੀ 418789 ਸੀ। ਇਹ ਗਿਣਤੀ ਪੰਜਾਬ ਦੇ ਈਸਾਈਆਂ ਦੀ ਗਿਣਤੀ ਦੇ ਲਗਭੱਗ ਬਰਾਬਰ ਸੀ। ਮੰਗੂ ਰਾਮ ਨੇ ਦੱਸਿਆ ਕਿ ਈਸਾਈ ਪਿਛਲੇ ਪੰਜਾਹ ਸਾਲਾਂ ਤੋਂ ਲੋਕਾਂ ਨੂੰ ਆਪਣੇ ਧਰਮ 'ਚ ਰਲਾ ਰਹੇ ਸਨ ਜਦਕਿ ਆਦਿ ਧਰਮੀ ਪਿਛਲੇ ਪੰਜ ਸਾਲਾਂ ਤੋਂ ਹੀ ਸਰਗਰਮ ਹਨ। ਜਲੰਧਰ ਜ਼ਿਲੇ ਵਿੱਚ ਲਗਭੱਗ ਅੱਸੀ ਫੀਸਦ ਨੀਵੀਆਂ ਜਾਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਲਿਖਵਾਇਆ। ਹੁਸ਼ਿਆਰਪੁਰੋਂ ਵੀ ਗਿਣਤੀ ਏਨੀ ਕੁ ਹੀ ਸੀ। ਅੱਧੀ ਦਰਜਨ ਹੋਰ ਜ਼ਿਲਿਆਂ ਦੀ ਲਗਭੱਗ ਅੱਧੀ ਅਬਾਦੀ ਨੇ ਆਪਣੇ ਆਪ ਨੂੰ ਆਦਿ ਧਰਮੀ ਦਰਜ ਕਰਵਾਇਆ ਸੀ। ਪਰ ਪੰਜਾਬ ਦੀ ਕੁੱਲ ਅਬਾਦੀ ਦੇ ਹਿਸਾਬ ਆਦਿ ਧਰਮੀਆਂ ਦੀ ਗਿਣਤੀ ਬਹੁਤੀ ਨਹੀਂ ਸੀ। ਬੱਸ ਡੇਢ ਕੁ ਫੀਸਦ। ਇਹ ਤਾਂ ਪੰਜਾਬ ਦੀਆਂ ਨੀਵੀਆਂ ਜਾਤਾਂ ਦੀ ਅਬਾਦੀ ਦਾ ਦਸਵਾਂ ਕੁ ਹਿੱਸਾ ਹੀ ਬਣਦਾ ਸੀ। ਆਦਿ ਧਰਮ ਦੇ ਨੇਤਾਵਾਂ ਨੇ ਦਾਅਵੇ ਨਾਲ ਕਿਹਾ ਕਿ ਵੱਡੇ ਪੱਧਰ ਤੇ ਸਾਨੂੰ ਡਰਾ-ਧਮਕਾ ਕੇ ਆਦਿ ਧਰਮੀ ਵਜੋਂ ਦਰਜ ਹੋਣ ਤੋਂ ਰੋਕਿਆ ਗਿਆ ਸੀ। ਅਖ਼ਬਾਰਾਂ ਦੀਆਂ ਖ਼ਬਰਾਂ ਤੇ ਮਰਦਮਸ਼ੁਮਾਰੀ ਦੀਆਂ ਟਿੱਪਣੀਆਂ ਵੀ ਇਸ ਗੱਲ ਦਾ ਸਮਰਥਨ ਕਰਦੀਆਂ ਹਨ। ਸਿੱਟੇ ਵਜੋਂ ਕੁਝ ਆਦਿ ਧਰਮੀ ਨੇਤਾ ਮਹਿਸੂਸ ਕਰਦੇ ਸਨ ਕਿ ਉਹਨਾਂ ਦੀ ਅਸਲ ਗਿਣਤੀ ਇਸ ਤੋਂ ਚਾਰ ਗੁਣਾ ਵੱਧ ਭਾਵ ਵੀਹ ਲੱਖ ਤੱਕ ਹੋ ਸਕਦੀ ਸੀ।

ਇਹ ਪੰਜ ਜਾਂ ਵੀਹ ਲੱਖ ਆਦਿ ਧਰਮੀ ਕੌਣ ਸਨ? ਮਰਦਮਸ਼ੁਮਾਰੀ ਦੇ ਅੰਕੜੇ ਜ਼ਿਲੇਵਾਰ ਜਾਂ ਜਾਤ ਅਨੁਸਾਰ ਹੋਣ ਕਾਰਨ ਉਹਨਾਂ ਦੀ ਭੂਗੋਲਿਕ ਵੰਡ ਤੇ ਜਾਤੀ ਵਖਰੇਂਵਿਆਂ ਦੀ ਨਿਸ਼ਾਨਦੇਹੀ ਕਰਨਾ ਸੰਭਵ ਹੈ। ਭੂਗੋਲਿਕ ਵੰਡ ਬੜੀ ਨਾਟਕੀ ਰੂਪ ਰੇਖਾ ਪੇਸ਼ ਕਰਦੀ ਹੈ। ਨਕਸ਼ਾ 2 ਤੇ ਆਦਿ ਧਰਮ ਦੇ ਦੋ ਕੇਂਦਰ ਇਕਦਮ ਸਪਸ਼ਟ ਹਨ: ਇਕ ਜਲੰਧਰ ਦੋ-ਆਬ ਦਾ ਇਲਾਕਾ ਜਿਸ ਵਿੱਚ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਰਿਆਸਤ ਸ਼ਾਮਿਲ ਹਨ) ਤੇ ਦੂਸਰਾ ਲਾਇਲਪੁਰ ਦੇ ਇਲਾਕੇ ਵਿੱਚ (ਜਿਸ ਵਿੱਚ ਸ਼ੇਖੂਪੁਰਾ, ਮੁਲਤਾਨ ਤੇ ਮਿੰਟਗੁਮਰੀ ਜ਼ਿਲੇ ਸ਼ਾਮਲ ਸਨ)। ਇਸਦੇ ਜਲੰਧਰ ਦੋ-ਆਬ ਵਿੱਚ ਬਹਗਿਣਤੀ ਹੋਣ ਦੇ ਕਾਰਨ ਸਪਸ਼ਟ ਹਨ ਕਿ ਇਹ ਲਹਿਰ ਦਾ ਕੇਂਦਰ ਸੀ। ਪਰ ਇਹ ਸਪਸ਼ਟ ਨਹੀਂ ਹੈ ਕਿ ਲਾਇਲਪੁਰ ਜ਼ਿਲ੍ਹੇ ਅੰਦਰ ਏਨੇ ਉਤਸ਼ਾਹਜਨਕ ਅੰਕੜੇ ਕਿਵੇਂ ਪ੍ਰਾਪਤ ਹੋਏ। ਇਕ ਸਪਸ਼ਟੀਕਰਨ ਤਾਂ ਇਹ ਹੋ ਸਕਦਾ ਹੈ ਕਿ

ਨਵੀਆਂ ਸ਼ਹਿਰੀ ਬਸਤੀਆਂ ਵਿੱਚ ਆਉਣ ਵਾਲੇ ਬਹੁਤੇ ਜਲੰਧਰ ਤੋਂ ਚਮਾਰ ਸਨ। ਇਸ ਉਤਸ਼ਾਹਜਨਕ ਸਮਰਥਨ ਦਾ ਦੂਸਰਾ ਸਰੋਤ ਕਾਂਗੜੇ ਦਾ ਪਹਾੜੀ ਇਲਾਕਾ (18 ਫੀਸਦ ਆਦਿ ਧਰਮੀ) ਤੇ ਸ਼ਾਹਪੁਰ ਤੇ ਗੁਜਰਾਤ ਦਾ ਉੱਤਰ-ਪੱਛਮੀ ਇਲਾਕਾ ਸੀ। ਇਹਨਾਂ ਇਲਾਕਿਆਂ ਵਿੱਚ ਆਦਿ ਧਰਮ ਨੇ ਰਾਜਪੂਤਾਂ ਦੀ ਧੱਕੇਸ਼ਾਹੀ ਵਿਰੁੱਧ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਬਹੁਤ ਸਾਰੀਆਂ ਸੰਗਠਨਾਤਿਮਕ ਕਾਰਵਾਈਆਂ ਕੀਤੀਆਂ। ਬੜੀ ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ ਤੇ ਲਾਹੌਰ ਜ਼ਿਲਿਆਂ ਵਿੱਚੋਂ ਆਦਿ ਧਰਮੀਆਂ ਦੀ ਹਾਜ਼ਰੀ ਬੜੀ ਘੱਟ ਸੀ ਕਿਉਂਕਿ ਦੋਵੇਂ ਜ਼ਿਲ੍ਹੇ ਜਲੰਧਰ ਤੇ ਲਾਇਲਪੁਰ ਵਾਲੇ ਗੜ੍ਹ ਵਿਚਕਾਰ ਸਨ। ਅੰਕੜਿਆਂ ਦੀ ਇਸ ਬੇਤਰਤੀਬੀ ਦੀ ਸਧਾਰਨ ਜਿਹੀ ਵਿਆਖਿਆ ਇਹ ਹੈ ਕਿ ਇੱਥੇ ਹਿੰਦੂ-ਸਿੱਖਾਂ ਦੀ ਗਿਣਤੀ ਦੇ ਮੁਕਾਬਲੇ ਅਨੁਸੂਚਿਤ ਜਾਤਾਂ ਦੀ ਗਿਣਤੀ ਬੜੀ ਘੱਟ ਸੀ-ਜਲੰਧਰ ਵਿੱਚ 135000 ਦੇ ਮੁਕਾਬਲੇ ਅੰਮ੍ਰਿਤਸਰ ਵਿੱਚ 30000 ਤੇ ਲਾਹੌਰ ਵਿੱਚ 50000 ਦੇ ਕਰੀਬ। ਉਸ ਤਰ੍ਹਾਂ ਵੀ ਅੰਮ੍ਰਿਤਸਰ ਤੇ ਲਾਹੌਰ ਦੇ ਬਹੁਤੇ ਅਨੁਸੂਚਿਤ ਜਾਤੀਏ ਵਾਲਮੀਕੀ ਸਨ ਨਾ ਕਿ ਚਮਾਰ ਤੇ ਆਦਿ ਧਰਮ ਦੇ ਬਹੁਤੇ ਸਮਰਥਕ ਚਮਾਰ ਸਨ।

ਉਹਨਾਂ ਦੇ ਰਿਹਾਇਸ਼ੀ ਇਲਾਕਿਆਂ ਦੇ ਇਲਾਵਾ ਮਰਦਮਸ਼ੁਮਾਰੀ ਦੇ ਅੰਕੜੇ ਆਦਿ ਧਰਮ ਲਿਖਾਉਣ ਵਾਲਿਆਂ ਦੇ ਸਮਾਜੀ ਵਤੀਰੇ ਤੇ ਵੀ ਝਾਤ ਪਵਾਉਂਦੇ ਹਨ। ਉਦਾਹਰਨ ਲਈ ਆਦਿ ਧਰਮੀਆਂ ਦੀ ਸਾਖਰਤਾ ਦਰ ਨੀਵੀਆਂ ਜਾਤਾਂ ਦੇ ਦੂਸਰੇ ਮੈਂਬਰਾਂ ਨਾਲੋਂ ਦੁੱਗਣੀ ਸੀ। ਇਹ ਸੰਭਵਤਾ ਉਮਰ ਵੱਲ ਵੀ ਸੰਕੇਤ ਕਰਦਾ ਹੈ ਕਿਉਂਕਿ ਨੌਜਵਾਨਾਂ ਨੇ ਨਵੇਂ ਵਿੱਦਿਅਕ ਮੌਕੇ ਜ਼ਿਆਦਾ ਪਹੁੰਚ 'ਚ ਸਨ। ਉਹ ਆਰਥਿਕ ਪੱਖੋਂ ਵੀ ਚੰਗੇ ਸਨ ਕਿਉਂਕਿ ਉਹਨਾਂ ਦੀ ਗਿਣਤੀ ਪੰਜਾਬ ਦੇ ਸਰਦੇ-ਪੁੱਜਦੇ ਰਿਹਾਇਸ਼ੀ ਇਲਾਕਿਆਂ ਵਿੱਚ ਵਾਹਵਾ ਸੀ। ਮਰਦਮਸ਼ੁਮਾਰੀ ਦੇ ਅੰਕੜੇ ਇਹ ਸੰਕੇਤ ਵੀ ਦਿੰਦੇ ਹਨ ਕਿ ਭਾਵੇਂ ਆਦਿ ਧਰਮੀ ਕਈ ਜਾਤਾਂ 'ਚੋਂ ਆਏ ਸਨ ਪਰ ਵੱਡੀ ਗਿਣਤੀ ਚਮਾਰਾਂ ਦੀ ਹੀ ਸੀ। ਭਾਵੇਂ ਕੁਝ ਕੁ ਬਾਲਮੀਕੀਆਂ ਨੇ ਵੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ ਪਰ ਇਹ ਜ਼ਿਆਦਾਤਰ ਕੁਝ ਖਾਸ ਇਲਾਕਿਆਂ ਵਿੱਚ ਹੀ ਹੋਇਆ। ਇਹਨਾਂ ਦੀ ਤੇ ਇਸ ਵਿੱਚ ਚਮਾਰਾਂ ਦੇ ਮੁਕਾਬਲੇ ਬੜਾ ਵੱਡਾ ਅੰਤਰ ਸੀ ਜਿਵੇਂ ਕਿ ਆਦਿ ਧਰਮ ਰਿਪੋਰਟ ਦੇ ਅੰਕੜਿਆਂ ਅਨੁਸਾਰ ਵਾਲਮੀਕੀਆਂ ਦੀ ਗਿਣਤੀ ਚਮਾਰਾਂ ਦੇ ਮੁਕਾਬਲੇ ਬਹੁਤ ਘੱਟ ਸੀ। ਬਾਲਮੀਕੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਅਨਪੜ੍ਹ ਬਾਲਮੀਕੀਆਂ ਨੇ ਹੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ ਸੀ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਨੌਜਵਾਨ ਬਾਲਮੀਕੀਆਂ ਦਾ ਪੜ੍ਹਿਆ-ਲਿਖਿਆ ਵਰਗ ਆਦਿ ਧਰਮ ਵੱਲ ਓਨਾ ਆਕਰਸ਼ਤ ਨਹੀਂ ਸੀ ਜਿੰਨਾ ਉਹਨਾਂ ਦੇ ਚਮਾਰ ਸਾਥੀ ਤੇ ਉਹਨਾਂ ਨੇ ਆਪਣਾ ਵੱਖਰਾ ਸੰਗਠਨ ਬਨਾਉਣਾ ਸ਼ੁਰੂ ਕਰ ਦਿੱਤਾ ਸੀ।

1931 ਦੀ ਮਰਦਮਸ਼ੁਮਾਰੀ ਨਾਲ ਆਦਿ ਧਰਮ ਨੇ ਆਪਣਾ ਖਾਸ ਮੁਕਾਮ ਬਣਾ ਲਿਆ ਸੀ। ਪੰਜਾਬ ਵਿੱਚ ਆਦਿ ਧਰਮ ਨੇ ਆਰੀਆ ਸਮਾਜ, ਸਿੰਘ ਸਭਾ ਤੇ ਵੱਖ-ਵੱਖ ਫ਼ਿਰਕੂ ਪਹਿਚਾਣ ਵਾਲੀਆਂ ਲਹਿਰਾਂ, ਰਾਸ਼ਟਰਵਾਦੀ ਤੇ ਸੁਧਾਰਕ ਲਹਿਰਾਂ ਤੇ ਆਪਣੀ ਛਾਪ ਛੱਡੀ। ਇਸਨੇ ਇਸ ਗੱਲ ਨੂੰ ਝੂਠਾ ਸਾਬਤ ਕਰ ਦਿੱਤਾ ਕਿ ਅਛੂਤ ਆਪਣੇ ਹਿੱਤਾਂ ਲਈ ਲਾਮਬੰਦ ਨਹੀਂ ਹੋ ਸਕਦੇ। ਉਹ ਵੀ ਇਸ ਢੰਗ ਨਾਲ ਜੋ ਉਹਨਾਂ ਨੂੰ ਬਾਕੀਆਂ ਨਾਲ ਮੁਕਾਬਲੇਬਾਜ਼ੀ ਚ ਖੜ੍ਹਾ ਕਰਦਾ ਸੀ ਤੇ ਸਿਆਸੀ ਅਖਾੜੇ ਚ ਦਸਤਪੰਜਾ ਲੈਣ ਦੇ ਯੋਗ ਬਨਾਉਂਦਾ ਸੀ। ਅਜਿਹੀ ਪ੍ਰਾਪਤੀ ਲਈ ਇਹ ਢੁੱਕਵਾਂ ਸਮਾਂ ਸੀ ਤੇ ਇਹ ਪ੍ਰਾਪਤੀ ਵੀ ਵੱਡੀ ਸੀ ਤੇ ਆਦਿ ਧਰਮ ਨੂੰ ਜੋ ਵੀ ਪ੍ਰਸਿੱਧੀ ਮਿਲੀ ਉਹ ਉਹਦਾ ਵੀ ਹੱਕਦਾਰ ਸੀ। ਸਾਲ 1931 ਦੀ ਇਸ ਮਹਾਨ ਮਰਦਮਸ਼ੁਮਾਰੀ ਨੂੰ ਲਹਿਰ ਦੇ ਸ਼ਾਨਦਾਰ ਪਲਾਂ ਵਜੋਂ ਯਾਦ ਕੀਤਾ ਜਾਇਆ ਕਰੇਗਾ।

**(ਰਿਲੀਜੀਅਸ ਰੈਬੇਲ ਇਨ ਦ ਪੰਜਾਬ 'ਚੋਂ) (ਸੰਪਰਕ: ਅਨੁਵਾਦਕ- 73408-39630)**

# ਫੋਰਟ ਵਿਲੀਅਮ ਕਾਲਜ



**ਮੂਲ ਲੇਖਕ : ਸਈਅਦ ਸਬਤ ਹਸਨ**

**ਅਨੁਵਾਦ : ਅਜੈ ਤਨਵੀਰ**

***ਅਜੈ ਤਨਵੀਰ ਮੁੱਖ ਤੌਰ ਤੇ .ਗਜ਼ਲ ਲਿਖਦੇ ਏ। ਪਰ ਉਹ ਢੇਰਾਂ ਦੇ ਢੇਰ ਵਾਰਤਕ, ਨਾਵਲ ਤੇ ਕਹਾਣੀ ਤੋਂ ਇਲਾਵਾ ਇਤਿਹਾਸ, ਮਿਥਿਹਾਸ ਦੇ ਦਰਸ਼ਨ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਏ। ਜੇ ਕੋਈ ਲੇਖ ਚੰਗਾ ਲੱਗਦਾ ਏ ਤਾਂ ਉਹਦੀ ਚਰਚਾ ਵੀ ਆਪਣੀਆਂ ਗੱਲਾਂ 'ਚ ਕਰਦਾ ਰਹਿੰਦਾ ਏ। ਇਕ ਦਿਨ ਉਹ ਫੋਰਟ ਵਿਲੀਅਮ ਕਾਲਜ ਬਾਰੇ ਗੱਲਾਂ ਕਰਨ ਲੱਗ ਪਿਆ। ਮੈਂ ਕਿਹਾ ਕਿ ਜਿਸ ਲੇਖ ਬਾਰੇ ਤੂੰ ਗੱਲਾਂ ਕਰਦਾ ਏ ਇਹਨੂੰ ਅਨੁਵਾਦ ਈ ਕਰ ਦੇ। ਅਜੈ ਨੇ ਸਮਾਂ ਕੱਢ ਕੇ ਇਹ ਲੇਖ 'ਕਹਾਣੀ ਧਾਰਾ' ਲਈ ਅਨੁਵਾਦ ਕਰਕੇ ਸਾਨੂੰ ਭੇਜ ਦਿੱਤਾ। ਇਸ ਕਾਲਜ ਦੀ ਬਹੁਤ ਇਤਿਹਾਸਕ ਅਹਿਮੀਅਤ ਏ। ਜਿੱਥੋਂ ਭਾਰਤੀਆਂ ਲਈ ਗਿਆਨ ਦੇ ਮੁੱਢਲੇ ਚਿਰਾਗ ਰੌਸ਼ਨ ਹੋਏ। - ਸੰਪਾਦਕ***

ਫੋਰਟ ਵਿਲੀਅਮ ਕਾਲਜ ਭਾਰਤੀ ਉਪ-ਮਹਾਂਦੀਪ ਵਿੱਚ ਪੱਛਮੀ-ਸ਼ੈਲੀ ਦੀ ਪਹਿਲੀ ਵਿਦਿਅਕ ਸੰਸਥਾ ਸੀ ਜੋ 1800 ਵਿੱਚ ਲਾਰਡ ਵੈਲੇਸਲੀ ਗਵਰਨਰ ਜਨਰਲ (1798-1805) ਦੇ ਹੁਕਮ ਨਾਲ ਕਲਕੱਤਾ ਵਿੱਚ ਸਥਾਪਿਤ ਕੀਤੀ ਗਈ ਸੀ। ਕਾਲਜ ਦੀ ਸਥਾਪਨਾ ਦਾ ਫੈਸਲਾ ਗਵਰਨਰ ਜਨਰਲ ਦੁਆਰਾ 10 ਜੁਲਾਈ 1800/17 ਸਫ਼ਰ 1215 ਏ. ਨੂੰ ਇੱਕ ਮੀਟਿੰਗ ਵਿੱਚ ਲਿਆ ਗਿਆ ਸੀ, ਪਰ ਇਸ ਸ਼ਰਤ ਨਾਲ ਕਿ ਕਾਲਜ ਦਾ ਸਥਾਪਨਾ ਦਿਵਸ 24 ਮਈ 1800 ਮੰਨਿਆ ਜਾਵੇ। ਕਿਉਂਕਿ ਉਸ ਦਿਨ ਟਾਪੂ ਸੁਲਤਾਨ ਦੀ ਰਾਜਧਾਨੀ ਸੇਰਾਂਗਪਟਮ ਦੇ ਪਤਨ ਦੀ ਪਹਿਲੀ ਬਰਸੀ ਸੀ। ਫੋਰਟ ਵਿਲੀਅਮ ਕਾਲਜ ਵਿਖੇ ਰੈਗੂਲਰ ਸਿੱਖਿਆ 24 ਨਵੰਬਰ 1800 ਤੋਂ ਸ਼ੁਰੂ ਹੋਇਆ। ਫੋਰਟ ਵਿਲੀਅਮ ਕਾਲਜ ਆਮ ਵਿਦਿਆਰਥੀਆਂ ਲਈ ਨਹੀਂ ਖੋਲ੍ਹਿਆ ਗਿਆ ਸੀ ਪਰ ਇਸਦਾ ਉਦੇਸ਼ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਨੌਕਰਾਂ ਨੂੰ ਰਸਮੀ ਸਿੱਖਿਆ ਪ੍ਰਦਾਨ ਕਰਨਾ ਸੀ, ਖਾਸ ਤੌਰ 'ਤੇ ਸੋਲਾਂ ਅਤੇ ਸਤਾਰਾਂ ਸਾਲ ਦੀ ਉਮਰ ਵਿੱਚ ਭਾਰਤ ਆਏ ਭੋਲੇ-ਭਾਲੇ ਸੰਦੇਸ਼ਵਾਹਕਾਂ ਨੂੰ, ਕੰਪਨੀ ਦੀਆਂ ਜਾਇਦਾਦਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ। ਦਾ ਪ੍ਰਬੰਧ ਸੰਭਾਲਣ ਦੇ ਯੋਗ ਬਣਾਇਆ ਜਾਣਾ ਚਾਹੀਦਾ ਹੈ। ਕਾਲਜ ਦਾ ਪਾਠਕ੍ਰਮ ਬਹੁਤ ਵਿਆਪਕ ਅਤੇ ਵਿਆਪਕ ਸੀ। ਭਾਰਤੀ ਇਤਿਹਾਸ, ਭੂਗੋਲ, ਮੁਸਲਿਮ ਨਿਆਂ ਸ਼ਾਸ਼ਤਰ ਅਤੇ ਹਿੰਦੂ ਧਰਮ, ਇਸ ਦੇਸ਼ ਦੇ ਨਿਵਾਸੀਆਂ ਦੀਆਂ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ, ਕੰਪਨੀ ਦਾ ਸੰਵਿਧਾਨ ਅਤੇ ਉਪ-ਨਿਯਮ, ਗਵਰਨਰ ਜਨਰਲ ਦੁਆਰਾ ਬਣਾਏ ਗਏ ਕਾਨੂੰਨ, ਬ੍ਰਿਟਿਸ਼ ਸੰਵਿਧਾਨ ਅਤੇ ਸਰਕਾਰ ਦੀ ਸ਼ੈਲੀ, ਬ੍ਰਿਟਿਸ਼ ਕਾਨੂੰਨ ਅਤੇ ਨਿਆਂ, ਇਹ ਸਾਰੇ ਵਿਸ਼ਿਆਂ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਤੋਂ ਇਲਾਵਾ ਭਾਰਤੀ, ਫਾਰਸੀ, ਅਰਬੀ, ਬੰਗਾਲੀ ਸੰਸਕ੍ਰਿਤ ਅਤੇ ਹੋਰ ਪੂਰਬੀ ਭਾਸ਼ਾਵਾਂ ਨੂੰ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਵਿਦਿਆਰਥੀਆਂ ਦੇ ਨੈਤਿਕਤਾ ਅਤੇ ਆਦਤਾਂ ਨੂੰ ਸਿਖਲਾਈ ਦੇਣਾ ਅਤੇ ਸੁਧਾਰਨਾ ਵੀ ਕਾਲਜ ਦੇ ਕਰਤੱਵਾਂ ਦਾ ਹਿੱਸਾ ਸੀ। ਈਸਟ ਇੰਡੀਆ ਕੰਪਨੀ ਇੱਕ ਵਪਾਰਕ ਕੰਪਨੀ ਸੀ, ਇਸ ਲਈ ਕੰਪਨੀ ਦੇ ਕਰਮਚਾਰੀਆਂ ਨੂੰ ਹਰ ਸਮੇਂ ਮੂਲ ਨਿਵਾਸੀਆਂ ਨਾਲ ਸੰਪਰਕ ਵਿੱਚ ਰਹਿਣਾ ਪੈਂਦਾ ਸੀ ਅਤੇ ਉਹਨਾਂ ਦੀ ਭਾਸ਼ਾ ਅਤੇ ਰੀਤੀ-ਰਿਵਾਜਾਂ ਤੋਂ ਕੁਝ ਜਾਣੂ ਹੋਣਾ ਪੈਂਦਾ ਸੀ।

ਪਲਾਸੀ ਦੀ ਲੜਾਈ ਤੋਂ ਬਾਅਦ, ਜਦੋਂ 1765 ਵਿਚ ਬੰਗਾਲ, ਬਿਹਾਰ, ਬਨਾਰਸ ਅਤੇ ਉੜੀਸਾ ਦੇ ਇਲਾਕੇ ਕੰਪਨੀ ਦੇ ਕਬਜ਼ੇ ਵਿਚ ਆ ਗਏ, ਤਾਂ ਕੰਪਨੀ ਦੇ ਕਰਮਚਾਰੀਆਂ ਲਈ ਵਿਸ਼ਿਆਂ ਦੀ ਭਾਸ਼ਾ, ਧਾਰਮਿਕ ਵਿਸ਼ਵਾਸਾਂ ਅਤੇ ਸਮਾਜਿਕ ਸਥਿਤੀਆਂ ਦਾ ਗਿਆਨ ਵਧੇਰੇ ਮਹੱਤਵਪੂਰਨ ਹੋ ਗਿਆ। ਇਸ ਲਈ ਵਾਰਨ ਹੇਸਟਿੰਗਜ਼ 1772. 1785 ਦੇ ਸ਼ੁਰੂ ਵਿਚ ਹੈਡਲੀ, ਡਾ. ਬਾਲਫੋਰ, ਮਿਸਟਰ ਵਿਲਕਿੰਸ ਅਤੇ ਡਾ. ਗਿਲਕ੍ਰਿਸਟ ਨੇ ਕੰਪਨੀ ਦੇ ਅੰਗਰੇਜ਼ਾਂ ਦੀ ਸਹੂਲਤ ਲਈ ਡਿਕਸ਼ਨਰੀ, ਵਿਆਕਰਨ ਅਤੇ ਭਾਸ਼ਾ ਵਿਗਿਆਨ ਦੀਆਂ ਕਈ ਕਿਤਾਬਾਂ ਤਿਆਰ ਕੀਤੀਆਂ।ਅੰਗਰੇਜ਼ ਕਿਸੇ ਵੀ ਪੱਖੋਂ ਕੋਈ ਕਮੀ ਨਹੀਂ ਰੱਖਣਾ ਚਾਉਂਦੇ ਸਨ।ਕੰਪਨੀ ਨੇ ਆਪਣੇ ਸਿਵਲ ਅਤੇ ਮਿਲਟਰੀ ਕਰਮਚਾਰੀਆਂ ਨੂੰ ਰੁਪਏ ਦਾ ਕਲੈਰੀਕਲ ਭੱਤਾ ਵੀ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਗੱਲੋਂ ਬਹੁਤ ਘੱਟ ਲੋਕ ਜਾਣੂ ਸਨ। ਇਸ ਲਈ, ਨਵੇਂ ਅੰਗਰੇਜ਼ਾਂ ਨੂੰ ਮੁਨਸ਼ੀ ਨਾਲ ਗੱਲਬਾਤ ਕਰਨ ਅਤੇ ਉਸਦੀ ਭਾਸ਼ਾ ਨੂੰ ਸਮਝਣ ਦੇ ਯੋਗ ਹੋਣ ਲਈ ਪਹਿਲਾਂ ਬੋਲਚਾਲ ਦੀ ਭਾਸ਼ਾ ਸਿੱਖਣੀ ਪਈ। ਨਤੀਜਾ ਇਹ ਹੋਇਆ ਕਿ ਨਵੇਂ ਅੰਗਰੇਜ਼ ਮੁਲਾਜ਼ਮਾਂ ਨੂੰ ਮੁਨਸ਼ੀਆਂ ਦੀਆਂ ਸੇਵਾਵਾਂ ਤੋਂ ਬਹੁਤ ਘੱਟ ਲਾਭ ਹੋਇਆ। ਲਾਰਡ ਵੈਲੇਸਲੀ ਮਈ 1798 ਵਿਚ ਗਵਰਨਰ ਜਨਰਲ ਵਜੋਂ ਕਲਕੱਤੇ ਆਇਆ ਸੀ। ਉਹ ਈਸਟ ਇੰਡੀਆ ਕੰਪਨੀ ਦੇ ਲੰਡਨ ਦਫਤਰ ਵਿਚ ਇਕ ਸੀਨੀਅਰ ਅਹੁਦੇ ’ਤੇ ਰਹਿ ਚੁੱਕਾ ਸੀ, ਇਸ ਲਈ ਉਹ ਭਾਰਤ ਦੇ ਹਾਲਾਤ ਅਤੇ ਕੰਪਨੀ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਜਿਵੇਂ ਹੀ ਉਹ ਕਲਕੱਤੇ ਪਹੁੰਚਿਆ, ਉਸਨੇ ਮਹਿਸੂਸ ਕੀਤਾ ਕਿ ਈਸਟ ਇੰਡੀਆ ਕੰਪਨੀ ਹੁਣ ਸਿਰਫ਼ ਇੱਕ ਵਪਾਰਕ ਉੱਦਮ ਨਹੀਂ ਰਹੀ, ਸਗੋਂ ਹਜ਼ਾਰਾਂ ਵਰਗ ਮੀਲ ਜ਼ਮੀਨ ਅਤੇ ਲੱਖਾਂ ਵਸਨੀਕਾਂ ਦੀ ਕਿਸਮਤ ਇਸ ਦੇ ਕਬਜ਼ੇ ਵਿੱਚ ਹੈ ਅਤੇ ਕਰਮਚਾਰੀਆਂ ਦੀ ਸਿੱਖਿਆ ਦਾ ਨਿਯਮਿਤ ਤੌਰ ’ਤੇ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ, 21 ਦਸੰਬਰ 1798 ਦੇ ਇੱਕ ਮੈਮੋਰੰਡਮ ਵਿੱਚ, ਉਹ ਲਿਖਦਾ ਹੈ ਕਿ ‘ਸਿਵਲ ਸੇਵਕਾਂ ਦੀ ਸਿੱਖਿਆ ਵਿੱਚ ਮੌਜੂਦਾ ਨੁਕਸ ਪਿਛਲੇ ਕੁਝ ਸਮੇਂ ਤੋਂ ਮੇਰੇ ਧਿਆਨ ਦਾ ਕੇਂਦਰ ਰਹੇ ਹਨ ਅਤੇ ਮੈਂ ਇਨ੍ਹਾਂ ਨੁਕਸਾਂ ਨੂੰ ਦੂਰ ਕਰਨ ਲਈ ਇੱਕ ਵਿਆਪਕ ਯੋਜਨਾ ਦੀ ਬੁਨਿਆਦੀ ਰੂਪਰੇਖਾ ਤਿਆਰ ਕੀਤੀ ਸੀ ਅਤੇ ਕੌਂਸਲ ਦੇ ਸਾਹਮਣੇ ਜ਼ੁਬਾਨੀ ਤੌਰ ’ਤੇ ਇਸ ਦਾ ਜ਼ਿਕਰ ਵੀ ਕੀਤਾ ਗਿਆ ਸੀ, ਪਰ ਮੈਸੂਰ



ਫੋਰਟ ਵਿਲੀਅਮ ਕਾਲਜ ਦੀ ਵਿਸ਼ਾਲ ਇਮਾਰਤ

ਯੁੱਧ ਕਾਰਨ ਇਹ ਯੋਜਨਾ ਤੁਰੰਤ ਲਾਗੂ ਨਹੀਂ ਹੋ ਸਕੀ। ਖ਼ੁਸ਼ਕਿਸਮਤੀ ਨਾਲ ਉਸ ਸਮੇਂ ਕਲਕੱਤੇ ਵਿੱਚ ਕੰਪਨੀ ਦੇ ਕਈ ਉੱਚ ਅਧਿਕਾਰੀ ਅਤੇ ਪਾਦਰੀ ਸਨ ਜੋ ਲਾਰਡ ਵੈਲੇਸਲੀ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਅਤੇ ਜੋ ਪੂਰਬੀ ਭਾਸ਼ਾਵਾਂ ਅਤੇ ਪੱਛਮੀ ਅਧਿਐਨਾਂ ਵਿੱਚ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਵਿੱਚੋਂ ਸਭ ਤੋਂ ਅੱਗੇ ਡਾ. ਜੌਹਨ ਗਿਲਕ੍ਰਿਸਟ ਸਨ। ਡਾ: ਜੌਹਨ ਗਿਲਕ੍ਰਿਸਟ ਨੂੰ ਭਾਰਤੀ (ਉਰਦੂ) ਭਾਸ਼ਾ ਨਾਲ ਬਹੁਤ ਪਿਆਰ ਸੀ। ਉਸਨੇ ਗਵਰਨਰ ਜਨਰਲ ਨੂੰ ਇੱਕ ਮੰਗ ਪੱਤਰ ਭੇਜ ਕੇ ਕਿਹਾ ਕਿ ਉਹ ਨਵੇਂ ਲੇਖਕਾਂ (ਅੰਗਰੇਜ਼ੀ ਕਰਮਚਾਰੀਆਂ) ਨੂੰ ਰੋਜ਼ਾਨਾ ਭਾਰਤੀ ਭਾਸ਼ਾ ਪੜ੍ਹਾਉਣ ਲਈ ਤਿਆਰ ਹਨ। ਲਾਰਡ ਵੈਲੇਸਲੀ ਨੇ ਗਿਲਕ੍ਰਿਸਟ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ। ਇਸ ਲਈ, 21 ਦਸੰਬਰ 1798 ਨੂੰ, ਗਵਰਨਰ-ਜਨਰਲ ਨੇ ਸੈਸ਼ਨ ਵਿੱਚ ਇੱਕ ਆਦੇਸ਼ ਜਾਰੀ ਕੀਤਾ ਕਿ ਕੰਪਨੀ ਦੇ ਕਿਸੇ ਵੀ ਸਿਵਲ ਸੇਵਕ ਨੂੰ ਜ਼ਿੰਮੇਵਾਰੀ ਅਤੇ ਟਰੱਸਟ ਦੇ ਕੁਝ ਅਹੁਦਿਆਂ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ ਹੈ ਜਦੋਂ ਤੱਕ ਇਹ ਪਤਾ ਨਹੀਂ ਲੱਗ ਜਾਂਦਾ ਕਿ ਉਸਨੇ ਗਵਰਨਰ-ਜਨਰਲ ਦੇ ਸੈਸ਼ਨ ਦੇ ਅਨੁਸਾਰ ਕੰਮ ਕੀਤਾ ਹੈ। ਇਹ ਸਾਰੇ ਨਿਯਮਾਂ ਅਤੇ ਨਿਯਮਾਂ ਦੇ ਵੱਖ-ਵੱਖ ਸਥਾਨਕ ਭਾਸ਼ਾਵਾਂ ਨਾਲ ਪੂਰੀ ਜਾਣੂ ਹੋ ਚੁੱਕੀ ਹੈ। ਇਹ ਵੀ ਕਿ 1 ਜਨਵਰੀ, 1801 ਤੋਂ, ਬੰਗਾਲ, ਬਿਹਾਰ, ਉੜੀਸਾ ਅਤੇ ਬਨਾਰਸ ਵਿੱਚ ਕਿਸੇ ਵੀ ਸਿਵਲ ਸੇਵਕ ਨੂੰ ਮਹੱਤਵਪੂਰਨ ਅਹੁਦਿਆਂ ਲਈ ਯੋਗ ਨਹੀਂ ਮੰਨਿਆ ਜਾਵੇਗਾ ਜਦੋਂ ਤੱਕ ਕਿ ਉਸਨੇ ਕਾਨੂੰਨਾਂ ਅਤੇ ਨਿਯਮਾਂ ਅਤੇ ਸਥਾਨਕ ਭਾਸ਼ਾਵਾਂ ਵਿੱਚ ਪ੍ਰੀਖਿਆ ਪਾਸ ਨਹੀਂ ਕੀਤੀ ਹੈ। ਇਨ੍ਹਾਂ ਅਹੁਦਿਆਂ ਲਈ ਭਾਸ਼ਾਵਾਂ ਦਾ ਗਿਆਨ ਹੋਣਾ ਅਤਿ ਜ਼ਰੂਰੀ ਸੀ। ਇਸ ਫੈਸਲੇ ਅਨੁਸਾਰ ਲਾਰਡ ਵੈਲੇਸਲੀ ਨੇ ਡਾਕਟਰ ਗਿਲਕ੍ਰਿਸਟ ਨੂੰ ਸਰਕਾਰੀ ਕਰਮਚਾਰੀਆਂ ਨੂੰ ਫ਼ਾਰਸੀ ਅਤੇ ਉਰਦੂ ਸਿਖਾਉਣ ਦਾ ਕੰਮ ਸੌਂਪਿਆ ਕਿਉਂਕਿ ਇਹ ਦੋਵੇਂ ਭਾਸ਼ਾਵਾਂ ਰਾਜ ਦੇ ਵਪਾਰ ਲਈ ਸਭ ਤੋਂ ਮਹੱਤਵਪੂਰਨ ਸਨ। ਇਸ ਤਰ੍ਹਾਂ ਡਾ: ਗਿਲਕ੍ਰਿਸਟ ਦਾ 'ਓਰੀਐਂਟਲ ਸੈਮੀਨਰੀ' ਹੋਂਦ ਵਿੱਚ ਆਇਆ। ਜਨਵਰੀ 1799 ਵਿੱਚ, ਡਾ. ਗਿਲਕ੍ਰਿਸਟ ਨੂੰ ਉਹਨਾਂ ਸਿਵਲ ਸੇਵਕਾਂ ਦੀ ਇੱਕ ਸੂਚੀ ਮਿਲੀ ਜੋ ਫਾਰਸੀ ਅਤੇ ਭਾਰਤੀ ਸਿੱਖਣ ਦੀ ਇੱਛਾ ਰੱਖਦੇ ਸਨ, ਅਤੇ ਫਰਵਰੀ 1799 ਵਿੱਚ, ਡਾ. ਗਿਲਕ੍ਰਿਸਟ ਨੇ ਰਾਈਟਰਜ਼ ਬਿਲਡਿੰਗ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ। ਡਾ: ਗਿਲਕ੍ਰਿਸਟ ਨੇ ਲਗਭਗ ਡੇਢ ਸਾਲ ਤੱਕ ਸਿਵਲ ਸੇਵਕਾਂ ਨੂੰ ਭਾਰਤੀ ਅਤੇ ਫਾਰਸੀ ਸਿਖਾਈ। ਫਿਰ, ਲਾਰਡ ਵੈਲੇਸਲੀ ਦੇ ਹੁਕਮਾਂ 'ਤੇ, ਪੰਜ ਸੀਨੀਅਰ ਅਫਸਰਾਂ ਦੀ ਕਮੇਟੀ ਨੇ 21 ਤੋਂ 25 ਜੁਲਾਈ 1800 ਤੱਕ ਵਿਦਿਆਰਥੀਆਂ ਦੀ ਜਾਂਚ ਕੀਤੀ ਅਤੇ ਗਵਰਨਰ ਜਨਰਲ ਨੂੰ ਵਿਸਤ੍ਰਿਤ ਰਿਪੋਰਟ ਸੌਂਪੀ। ਗਵਰਨਰ ਜਨਰਲ ਨੇ ਸਫ਼ਲ ਵਿਦਿਆਰਥੀਆਂ ਵਿੱਚੋਂ 12 ਨੂੰ ਨਕਦ ਰਾਸ਼ੀ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਵਾਕਫੀਅਤ ਦੀ ਸ਼ਲਾਘਾ ਕੀਤੀ। ਪਰ ਇਹ ਇੱਕ ਅਸਥਾਈ ਪ੍ਰਬੰਧ ਸੀ, ਅਤੇ ਇਸ ਵਿੱਚ ਲਾਰਡ ਵੈਲੇਸਲੀ ਦਾ ਉਦੇਸ਼ ਉਸ ਵਿਸ਼ਾਲ ਵਿਦਿਅਕ ਯੋਜਨਾ ਦਾ ਇੱਕ ਛੋਟਾ ਜਿਹਾ ਪ੍ਰਯੋਗ ਦੇਣ ਤੋਂ ਇਲਾਵਾ ਹੋਰ ਕੋਈ ਮਕਸਦ ਨਹੀਂ ਸੀ । ਲਾਰਡ ਵੈਲੇਸਲੀ ਇਕ ਦੂਰਅੰਦੇਸ਼ੀ ਵਿਅਕਤੀ ਸੀ। ਉਸ ਦਾ ਮਕਸਦ ਸੀ ਕਿ ਕੋਈ ਵੀ ਵਿਅਕਤੀ ਸਿੱਖਿਆ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਡਾਕਟਰ ਗਿਲਕ੍ਰਿਸਟ ਦਾ ਸਿਵਲ ਸਰਵੈਂਟਸ ਉੱਤੇ ਕੋਈ ਅਧਿਕਾਰ ਨਹੀਂ ਸੀ। ਉਹ ਜਦੋਂ ਚਾਹੇ ਲੈਕਚਰ ਵਿਚ ਹਾਜ਼ਰ ਹੁੰਦਾ, ਜਦੋਂ ਚਾਹੁੰਦਾ ਸੀ ਹਾਜ਼ਰ ਨਹੀਂ ਹੁੰਦਾ। ਡਾ: ਗਿਲਕ੍ਰਿਸਟ ਆਪਣੇ ਸ਼ਿਸ਼ਟਾਚਾਰ ਅਤੇ ਆਦਤਾਂ ਦੀ ਨਿਗਰਾਨੀ ਵੀ ਨਹੀਂ ਕਰ ਸਕਦਾ ਸੀ। ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਸਰਕਾਰੀ ਕਰਮਚਾਰੀਆਂ ਨੂੰ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਆਪਣੀ ਸਰਕਾਰੀ ਡਿਊਟੀ ਵੀ ਨਿਭਾਉਣੀ ਪੈਂਦੀ ਸੀ, ਇਸ ਲਈ ਪੜ੍ਹਾਈ ਇਕਸਾਰ ਨਹੀਂ ਹੋ ਸਕਦੀ ਸੀ। ਫਿਰ ਇਹ ਵੀ ਹੋਇਆ ਕਿ ਨੌਜਵਾਨ ਮੁਲਾਜ਼ਮ ਭਾਸ਼ਾ ਸਿੱਖਣ ਦੇ ਬਹਾਨੇ ਡਿਟੇਲ 'ਤੇ ਕਲਿੱਕ ਕਰਨ ਲਈ ਆਉਂਦੇ ਸਨ ਅਤੇ ਜੇਕਰ ਉਹ

ਕਲਕੱਤੇ ਹੁੰਦੇ ਤਾਂ ਸਬਕ ਦੇ ਬਹਾਨੇ ਦਫ਼ਤਰ ਤੋਂ ਗਾਇਬ ਹੋ ਜਾਂਦੇ ਸਨ ਅਤੇ ਫਿਰ ਹੰਗਾਮਾ ਕਰ ਦਿੰਦੇ ਸਨ। ਇਹ ਸਪੱਸ਼ਟ ਹੈ ਕਿ ਸਿੱਖਿਆ ਦੇ ਇਸ ਪ੍ਰਬੰਧ ਤੋਂ ਲਾਭ ਦੀ ਬਜਾਏ ਕੰਪਨੀ ਨੂੰ ਨੁਕਸਾਨ ਪਹੁੰਚਾਉਣ ਦਾ ਡਰ ਬਹੁਤ ਪ੍ਰਬਲ ਸੀ। ਇਹ ਉਹ ਕਾਰਨ ਅਤੇ ਪ੍ਰੇਰਣਾ ਸਨ ਜਿਨ੍ਹਾਂ ਦੇ ਤਹਿਤ ਲਾਰਡ ਵੈਲੇਸਲੀ ਨੇ ਕਾਲਜ ਪ੍ਰੋਜੈਕਟ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ। ਉਸ ਨੇ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਪ੍ਰਵਾਨਗੀ ਵੀ ਨਹੀਂ ਲਈ ਅਤੇ 10 ਜੁਲਾਈ 1800 ਨੂੰ ਫੋਰਟ ਵਿਲੀਅਮ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ। ਬੋਰਡ ਨੇ ਕਾਲਜ ਦੇ ਰੈਗੂਲੇਸ਼ਨ ਨੂੰ ਮਨਜ਼ੂਰੀ ਦੇ ਕੇ ਪ੍ਰਬੰਧ ਸ਼ੁਰੂ ਕਰ ਦਿੱਤੇ ਸਨ । ਹਾਲਾਂਕਿ, ਇੱਕ ਦਿਨ ਪਹਿਲਾਂ, ਉਸਨੇ ਲੰਡਨ ਵਿੱਚ ਮਜਲਿਸ-ਏ-ਨਜ਼ਮਾ ਨੂੰ ਭੇਜੀ ਰਿਪੋਰਟ ਵਿੱਚ ਦੱਸਿਆ ਕਿ ਗਵਰਨਰ-ਜਨਰਲ ਦੀ ਮੀਟਿੰਗ ਵਿੱਚ ਕਲਕੱਤਾ ਵਿੱਚ ਸਿਵਲ ਸਰਵੈਂਟਸ ਲਈ ਇੱਕ ਵਿਦਿਅਕ ਸੰਸਥਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ ਅਤੇ ਇਸ ਪ੍ਰੋਜੈਕਟ ਦਾ ਵੇਰਵਾ ਬਾਅਦ ਵਿੱਚ ਭੇਜਿਆ ਜਾਵੇਗਾ। ਇਹ ਵੇਰਵੇ 18 ਅਗਸਤ 1800 ਨੂੰ ਮਜਲਿਸ ਨਜ਼ਮਾ ਨੂੰ ਇੱਕ ਲੰਮੀ ਯਾਦ ਪੱਤਰ ਦੇ ਰੂਪ ਵਿੱਚ ਭੇਜੇ ਗਏ ਸਨ। ਇਸ ਮੈਮੋਰੰਡਮ ਵਿਚ ਲਾਰਡ ਵੈਲੇਸਲੀ ਨੇ ਕਾਲਜ ਦੀ ਮਹੱਤਤਾ ਅਤੇ ਉਪਯੋਗਤਾ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਾਲਜ ਦੇ ਨਿਯਮਾਂ ਅਤੇ ਨਿਯਮਾਂ ਦੀ ਵਿਆਖਿਆ ਕਰਦੇ ਹੋਏ ਸੁਝਾਅ ਦਿੱਤਾ ਕਿ ਭਾਰਤ ਵਿਚ ਆਉਣ ਵਾਲੇ ਹਰ ਨਵੇਂ ਕਰਮਚਾਰੀ ਨੂੰ ਫੋਰਟ ਵਿਲੀਅਮ ਕਾਲਜ ਵਿਚ ਦਾਖਲਾ ਲੈਣ ਲਈ ਪਹਿਲਾਂ ਆਪਣੀ ਸਿੱਖਿਆ ਪੂਰੀ ਕਰਨੀ ਚਾਹੀਦੀ ਹੈ, ਜਿਸ ਤੋਂ ਬਾਅਦ ਗਵਰਨਰ-ਇਨ-ਕੌਂਸਲ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਵਿਦਿਆਰਥੀ ਕਿਸ ਸੂਬੇ ਅਤੇ ਕਿਸ ਅਹੁਦੇ ਲਈ ਸਭ ਤੋਂ ਢੁਕਵਾਂ ਹੋਵੇਗਾ। ਜਿਹੜੇ ਲੋਕ ਵਿੱਦਿਆ ਦੇ ਫੈਲਾਏ ਲਈ ਯਤਨ ਕਰਦੇ ਹਨ। ਉਹ ਸਾਰਿਆਂ ਦੇ ਦਿਲਾਂ ਵਿੱਚ ਵਸਦੇ ਹਨ। ਲਾਰਡ ਵੈਲੇਸਲੀ ਨੇ ਕਾਲਜ ਦੇ ਖਰਚਿਆਂ ਲਈ ਬੰਗਾਲ ਅਤੇ ਮੈਸੂਰ ਦੇ ਫੰਡਾਂ 'ਤੇ ਕਾਲਜ ਟੈਕਸ ਲਗਾਉਣ ਦੀ ਇਜਾਜ਼ਤ ਵੀ ਮੰਗੀ। ਫੋਰਟ ਵਿਲੀਅਮ ਕਾਲਜ ਦੇ ਨਿਯਮ ਵਿੱਚ 27 ਵਿਵਸਥਾਵਾਂ ਸਨ। ਇਸ ਨਿਯਮ ਦੇ ਤਹਿਤ, ਗਵਰਨਰ-ਜਨਰਲ ਨੂੰ ਕਾਲਜ ਦਾ ਸਰਪ੍ਰਸਤ ਅਤੇ ਵਿਜ਼ਟਰ ਘੋਸ਼ਿਤ ਕੀਤਾ ਗਿਆ ਸੀ (ਸੈਕਸ਼ਨ 4) ਸੁਪਰੀਮ ਕੌਂਸਲ ਦੇ ਮੈਂਬਰ ਅਤੇ ਸਿਵਲ ਕੋਰਟ ਦੇ ਪ੍ਰਧਾਨ ਅਤੇ ਨਿਜ਼ਾਮ ਅਦਾਲਤ ਦੇ ਜੱਜਾਂ ਨੂੰ ਕਾਲਜ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। (ਸੈਕਸ਼ਨ 5) ਕਾਲਜ ਦਾ ਪ੍ਰਬੰਧ ਪੰਜ ਮੈਂਬਰਾਂ ਦੀ ਕਮੇਟੀ ਸੀ। ਪਹਿਲੀ ਸਭਾ ਦੇ ਮੈਂਬਰ ਸਨ: ਰੈਵਰੈਂਡ ਡੇਵਿਡ ਬ੍ਰਾਊਨ


ਫੋਰਟ ਵਿਲੀਅਮ ਕਾਲਜ ਦੀ ਵਿਸ਼ਾਲ ਇਮਾਰਤ

(ਪ੍ਰੋਵੋਸਟ ਕਾਲਜ), ਰੈਵਰੈਂਡ ਕਲੌਡੇਟਸ ਬੁਕਾਨਨ (ਵਾਈਸ-ਪ੍ਰੋਵੋਸਟ), ਮਾਨਯੋਗ ਆਰਥਰ ਵੈਲੇਸਲੀ (ਬਾਅਦ ਵਿੱਚ ਵੈਲਿੰਗਟਨ ਦੇ ਡਿਊਕ), ਸਰ ਜਾਰਜ ਬਾਰਲੋ (ਬਾਅਦ ਵਿੱਚ ਕਾਰਜਕਾਰੀ ਗਵਰਨਰ-ਜਨਰਲ) ਅਤੇ ਮਿਸਟਰ ਨੀਲ ਬਿਨ ਜੈਮਨ।ਐਡਮੈਨਸਟਨ ਸਕੱਤਰ ਸਰਕਾਰ ਕਾਲਜ ਦੇ ਉੱਚ ਅਧਿਕਾਰੀ ਨੂੰ ਪ੍ਰੋਵੋਸਟ ਕਿਹਾ ਜਾਂਦਾ ਸੀ। ਇਹ ਨਿਸ਼ਚਤ ਕੀਤਾ ਗਿਆ ਸੀ ਕਿ ਪ੍ਰੋਵੋਸਟ ਹਮੇਸ਼ਾ ਚਰਚ ਆਫ਼ ਇੰਗਲੈਂਡ ਦਾ ਪਾਦਰੀ ਹੋਵੇਗਾ ਫੋਰਟ ਵਿਲੀਅਮ ਵਿਖੇ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ, ਬੰਗਾਲੀ, ਤੇਲਗੂ, ਮਰਾਠੀ, ਤਾਮਿਲ ਅਤੇ ਕੰਨੜ ਭਾਸ਼ਾਵਾਂ ਦੇ ਰੈਗੂਲੇਸ਼ਨ ਵਿਭਾਗ ਖੋਲ੍ਹੇ ਗਏ ਸਨ।ਕਾਲਜ ਦੀ ਰੂਪ ਰੇਖਾ ਬਹੁਤ ਹੀ ਖ਼ੂਬਸੂਰਤ ਸੀ।ਇਸਲਾਮੀ ਨਿਆਂ-ਸ਼ਾਸਤਰ, ਹਿੰਦੂ ਧਰਮ, ਨੈਤਿਕਤਾ, ਕਾਨੂੰਨ ਦੇ ਸਿਧਾਂਤ, ਬ੍ਰਿਟਿਸ਼ ਕਾਨੂੰਨ, ਸੈਸ਼ਨ ਵਿੱਚ ਗਵਰਨਰ-ਜਨਰਲ ਦੁਆਰਾ ਬਣਾਏ ਗਏ ਕਾਨੂੰਨ ਅਤੇ ਨਿਯਮ, ਅਰਥ ਸ਼ਾਸਤਰ, ਭੂਗੋਲ, ਗਣਿਤ, ਆਧੁਨਿਕ ਯੂਰਪੀਅਨ ਭਾਸ਼ਾਵਾਂ, ਯੂਨਾਨੀ, ਲਾਤੀਨੀ ਅਤੇ ਅੰਗਰੇਜ਼ੀ ਸਾਹਿਤ, ਭਾਰਤ ਦਾ ਆਧੁਨਿਕ ਅਤੇ ਪ੍ਰਾਚੀਨ ਇਤਿਹਾਸ, ਭੌਤਿਕ ਵਿਗਿਆਨ, ਬਨਸਪਤੀ ਵਿਗਿਆਨ, ਰਸਾਇਣ ਵਿਗਿਆਨ ਅਤੇ ਜੋਤਿਸ਼ (ਸੈਕਸ਼ਨ 15) ਦੀ ਸਿੱਖਿਆ ਲਈ ਪ੍ਰਬੰਧ ਕੀਤਾ ਗਿਆ ਸੀ, ਸਰ ਜਾਰਜ ਬਾਰਲਰ ਬ੍ਰਿਟਿਸ਼ ਭਾਰਤ ਵਿੱਚ ਕਾਨੂੰਨ ਅਤੇ ਨਿਯਮਾਂ ਦੇ ਆਨਰੇਰੀ ਪ੍ਰੋਫ਼ੈਸਰ ਬਣੇ। ਇਸੇ ਤਰ੍ਹਾਂ ਮਿਸਟਰ ਬਿਨ ਜਾਮਨ ਐਡਮੈਨਸਟਨ ਨੂੰ ਫਾਰਸੀ ਦਾ ਆਨਰੇਰੀ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ।ਹਾਲਾਂਕਿ, ਲੈਫਟੀਨੈਂਟ ਜੌਹਨ ਬੇਲੀ ਅਰਬੀ ਪ੍ਰੋਫ਼ੈਸਰ ਦੀ ਤਨਖਾਹ 1600 ਰੁਪਏ ਪ੍ਰਤੀ ਮਹੀਨਾ ਸੀ ਅਤੇ ਭਾਰਤੀ ਦੇ ਡਾਕਟਰ ਜੌਹਨ ਗਿਲਕ੍ਰਿਸਟ ਪ੍ਰੋਫ਼ੈਸਰ ਦੀ ਤਨਖਾਹ 1500 ਰੁਪਏ ਪ੍ਰਤੀ ਮਹੀਨਾ ਸੀ।ਉਰਦੂ ਸਾਹਿਤ ਦੇ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਫੋਰਟ ਵਿਲੀਅਮ ਕਾਲਜ ਦੇ ਪ੍ਰਿੰਸੀਪਲ ਡਾ: ਜੌਹਨ ਗਿਲਕ੍ਰਿਸਟ ਸਨ। ਇਹ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਗਲਤ ਹੈ ਕਿਉਂਕਿ ਡਾ. ਜੌਹਨ ਗਿਲਕ੍ਰਿਸਟ ਸਿਰਫ ਭਾਰਤੀ ਪ੍ਰੋਫ਼ੈਸਰ ਸਨ ਅਤੇ ਕਦੇ ਵੀ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ ਸਨ।ਅਸਲ ਵਿੱਚ ਕਾਲਜ ਵਿੱਚ ਪ੍ਰਿੰਸੀਪਲ ਦੀ ਅਸਾਮੀ ਮੌਜੂਦ ਹੀ ਨਹੀਂ ਸੀ। ਸਿਰਫ਼ ਇੱਕ ਪ੍ਰੋਵੋਸਟ ਸੀ ਜੋ ਵਿਦਿਆਰਥੀਆਂ ਦੇ ਆਚਰਣ ਅਤੇ ਆਦਤਾਂ ਦੀ ਨਿਗਰਾਨੀ ਕਰਦਾ ਸੀ ਅਤੇ ਕਾਲਜ ਦੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਸੀ। ਰੈਗੂਲੇਸ਼ਨ ਦੇ ਅਨੁਸਾਰ, ਬੰਗਾਲ ਨੂੰ ਕਵਰ ਕਰਨ ਲਈ ਨਿਯੁਕਤ ਕੀਤੇ ਗਏ ਸਾਰੇ ਨਵੇਂ ਸਿਵਲ ਸੇਵਕਾਂ ਨੂੰ ਤਿੰਨ ਸਾਲ ਲਈ ਕਾਲਜ ਵਿਚ ਹਾਜ਼ਰ ਹੋਣਾ ਜ਼ਰੂਰੀ ਸੀ।ਉਨ੍ਹਾਂ ਕਰਮਚਾਰੀਆਂ ਲਈ ਵੀ ਤਿੰਨ ਸਾਲ ਦੀ ਸਿੱਖਿਆ ਲਾਜ਼ਮੀ ਸੀ ਜੋ ਅਜੇ ਤੱਕ ਬੰਗਾਲ ਨਹੀਂ ਆਏ ਸਨ ।ਇਹਨਾਂ ਤੋਂ ਇਲਾਵਾ ਸਾਰਿਆਂ ਤੇ ਇਹ ਲਾਗੂ ਸੀ। ਉਹਨਾਂ, ਬੰਬਈ ਅਤੇ ਮਦਰਾਸ ਦੇ ਸਿਵਲ ਅਤੇ ਮਿਲਟਰੀ ਕਰਮਚਾਰੀ ਵੀ ਗਵਰਨਰ-ਜਨਰਲ ਦੀ ਆਗਿਆ ਨਾਲ ਕਾਲਜ ਵਿੱਚ ਦਾਖਲਾ ਲੈ ਸਕਦੇ ਸਨ ।ਵਿਦਿਆਰਥੀਆਂ ਲਈ ਰਿਹਾਇਸ਼ ਅਤੇ ਭੋਜਨ ਦਾ ਪ੍ਰਬੰਧ ਮੁਫਤ ਸੀ ਅਤੇ ਕਾਲਜ ਦੀ ਜ਼ਿੰਮੇਵਾਰੀ ਸੀ।ਕੋਸ਼ਿਸ਼ ਇਹ ਕੀਤੀ ਗਈ ਸੀ ਕਿ ਹਰ ਵਿਦਿਆਰਥੀ ਨੂੰ ਸਹੂਲਤ ਵੱਲੋਂ ਕੋਈ ਕਮੀ ਨਾ ਰਹੇ।ਉਹ ਆਪਣੀ ਪੜ੍ਹਾਈ ਵਧੀਆ ਢੰਗ ਨਾਲ ਕਰ ਸਕੇ।ਪੜ੍ਹਾਈ ਦੇ ਮਾਮਲੇ ਵਿੱਚ ਕੋਈ ਵੀ ਤਕਲੀਫ਼ ਨਾ ਹੋਵੇ। ਇਸ ਤੋਂ ਇਲਾਵਾ ਹਰ ਵਿਦਿਆਰਥੀ ਨੂੰ ਤਿੰਨ ਸੌ ਰੁਪਏ ਮਹੀਨਾ ਭੱਤਾ ਵੀ ਦਿੱਤਾ ਜਾਂਦਾ ਸੀ।ਕਾਲਜ ਦੇ ਦੋ ਦੋ ਮਹੀਨੇ ਦੇ ਚਾਰਟਰ ਹੁੰਦੇ ਸਨ।ਪਹਿਲੀ ਮਿਆਦ ਫਰਵਰੀ ਅਤੇ ਮਾਰਚ ਵਿੱਚ ਸੀ, ਦੂਜੀ ਮਈ ਅਤੇ ਜੂਨ ਵਿੱਚ, ਤੀਜੀ ਅਗਸਤ ਅਤੇ ਸਤੰਬਰ ਵਿੱਚ, ਚੌਥੀ ਮਿਆਦ ਨਵੰਬਰ ਅਤੇ ਦਸੰਬਰ ਵਿੱਚ ਸੀ ਅਤੇ ਹਰੇਕ ਟਰਮ ਤੋਂ ਬਾਅਦ ਇੱਕ ਮਹੀਨੇ ਦੀ ਛੁੱਟੀ ਸੀ। ਸਾਲ ਵਿੱਚ ਦੋ ਵਾਰ ਇਮਤਿਹਾਨ ਲਏ ਜਾਂਦੇ ਸਨ।ਦੂਜੇ ਕਾਰਜਕਾਲ ਤੋਂ ਬਾਅਦ ਪਹਿਲਾ ਅਤੇ ਚੌਥੇ ਕਾਰਜਕਾਲ ਤੋਂ ਬਾਅਦ ਦੂਜਾ। ਕਾਲਜ ਵਿੱਚ ਡਸਿਪਲਨ ਪੂਰੀ ਤਰਾਂ ਕਾਇਮ ਰੱਖਿਆ ਗਿਆ ਸੀ। ਲਾਰਡ ਵੈਲੇਸਲੇ ਨੇ ਮੈਕਡੋਨਲਡ ਨਾਮ ਦੇ ਇੱਕ ਅੰਗਰੇਜ਼ ਤੋਂ ਕਾਲਜ ਲਈ ਇੱਕ ਵਿਸ਼ਾਲ ਇਮਾਰਤ

ਕਿਰਾਏ 'ਤੇ ਲਈ ਸੀ। ਇਹ ਇਮਾਰਤ ਸ਼ਹਿਰ ਦੇ ਕੇਂਦਰ ਵਿੱਚ ਸੀ ਅਤੇ ਜਦੋਂ ਸਾਰੇ ਪ੍ਰਬੰਧ ਮੁਕੰਮਲ ਹੋ ਗਏ ਤਾਂ 24 ਨਵੰਬਰ 1800 ਤੋਂ ਕਾਲਜ ਵਿੱਚ ਬਕਾਇਦਾ ਪੜ੍ਹਾਈ ਸ਼ੁਰੂ ਹੋ ਗਈ। ਪਹਿਲੇ ਦਿਨ ਸਿਰਫ਼ ਅਰਬੀ, ਦੂਜੇ ਦਿਨ ਫ਼ਾਰਸੀ ਅਤੇ ਤੀਜੇ ਦਿਨ 26 ਨਵੰਬਰ ਨੂੰ ਭਾਰਤੀ ਦੀ ਵਾਰੀ ਸੀ। ਕਾਲਜ ਵਿੱਚ ਇੱਕ ਵੱਡਾ ਡਾਇਨਿੰਗ ਹਾਲ ਸੀ ਜਿੱਥੇ ਸਾਰੇ ਵਿਦਿਆਰਥੀਆਂ ਨੂੰ ਦੋਵੇਂ ਸਮੇਂ ਖਾਣਾ ਪੈਂਦਾ ਸੀ। ਪਹਿਲੇ ਟਰਮ ਵਿੱਚ ਕੁੱਲ ਵਿਦਿਆਰਥੀਆਂ ਦੀ ਗਿਣਤੀ 64 ਸੀ। ਕਾਲਜ ਵਿਚ ਪੂਰਬੀ ਭਾਸ਼ਾਵਾਂ, ਖਾਸ ਕਰਕੇ ਹਿੰਦੀ ਅਤੇ ਫਾਰਸੀ ਦੇ ਅਧਿਐਨ 'ਤੇ ਬਹੁਤ ਜ਼ੋਰ ਦਿੱਤਾ ਗਿਆ, ਕਿਉਂਕਿ ਉੱਤਰੀ ਭਾਰਤ ਵਿਚ ਭਾਰਤੀ ਭਾਸ਼ਾ ਬੋਲੀ ਜਾਂਦੀ ਸੀ।





**ਫੋਰਟ ਵਿਲੀਅਮ ਕਾਲਜ ਉਸਾਰਨ ਵਾਲਾ ਲਾਰਡ ਵੈਲੇਸਲੀ**

ਭਾਸ਼ਾ ਦੇ ਮਾਮਲੇ ਵਿੱਚ ਫ਼ਾਰਸੀ ਅਜੇ ਵੀ ਪੂਰੇ ਦੇਸ਼ ਵਿੱਚ ਸਰਕਾਰੀ ਅਤੇ ਅਦਾਲਤੀ ਭਾਸ਼ਾ ਸੀ। ਇਸ ਭਾਸ਼ਾ ਦਾ ਪੂਰਾ ਬੋਲਬਾਲਾ ਸੀ। ਕੋਈ ਵੀ ਫ਼ਾਰਸੀ ਦੀ ਉਘੰਲਣਾ ਨਹੀਂ ਕਰ ਸਕਦਾ ਸੀ। ਇਸ ਲਈ, ਅਲ-ਸੁੰਨਾਹ ਪੂਰਬ ਦੇ ਅੰਗਰੇਜ਼ੀ ਪ੍ਰੋਫ਼ੈਸਰਾਂ ਦੀ ਮਦਦ ਲਈ ਹਰ ਵਿਭਾਗ ਵਿੱਚ ਮੂਲ ਮੰਤਰੀ ਅਤੇ ਪੰਡਤਾਂ ਨੂੰ ਨਿਯੁਕਤ ਕੀਤਾ ਗਿਆ ਸੀ। ਇਨ੍ਹਾਂ ਅਧਿਆਪਕਾਂ ਦਾ ਕੰਮ ਅੰਗਰੇਜ਼ੀ ਅਧਿਆਪਕਾਂ ਨੂੰ ਪੜ੍ਹਾਉਣ ਵਿਚ ਸਹਾਇਤਾ ਕਰਨਾ ਅਤੇ ਵਿਦਿਆਰਥੀਆਂ ਲਈ ਪਾਠ ਪੁਸਤਕਾਂ ਤਿਆਰ ਕਰਨਾ ਸੀ। ਭਾਵੇਂ ਅੰਗਰੇਜ਼ਾਂ ਦਾ ਮਕਸਦ ਹੋਰ ਸੀ ਭਾਸ਼ਾ ਨੂੰ ਸਿੱਖਣਾ ਪਰ ਉਹ ਇਹਨਾਂ ਭਾਸ਼ਾਵਾਂ ਨੂੰ ਦਿਲੋਂ ਸਤਿਕਾਰ ਦਿੰਦੇ ਸਨ। ਅਰਬੀ, ਫਾਰਸੀ, ਭਾਰਤੀ ਅਤੇ ਬੰਗਾਲੀ ਵਿਭਾਗਾਂ ਵਿੱਚ ਇੱਕ-ਇੱਕ ਮੁੱਖ ਸਕੱਤਰ ਸੀ, ਉਸ ਦੀ ਤਨਖਾਹ ਦੋ ਸੌ ਰੁਪਏ ਮਹੀਨਾ ਸੀ। ਉਸ ਦੇ ਅਧੀਨ ਇੱਕ ਸੌ ਰੁਪਏ ਪ੍ਰਤੀ ਮਹੀਨਾ ਤਨਖਾਹ ਵਾਲਾ ਦੂਜਾ ਮੁਨਸ਼ੀ ਸੀ, ਮੁਨਸ਼ੀ ਮੁਕਾਬਲੇ ਦੀ ਪ੍ਰੀਖਿਆ ਰਾਹੀਂ ਚੁਣੇ ਜਾਂਦੇ ਸਨ। ਉਨ੍ਹਾਂ ਤੋਂ ਇਲਾਵਾ ਸਰਟੀਫਿਕੇਟ ਕਲਰਕ ਵੀ ਸਨ ਜਿਨ੍ਹਾਂ ਨੂੰ ਬਕਾਇਦਾ ਪ੍ਰੀਖਿਆ ਪਾਸ ਕਰਨੀ ਪੈਂਦੀ ਸੀ। ਹਰ ਰੂਲ ਦਾ ਸਤਿਕਾਰ ਆਦਰ ਕਰਨਾ ਪੈਂਦਾ ਸੀ। ਇਹ ਸੈਂਡੀ ਮੁਨਸ਼ੀ ਕਾਲਜ ਦੇ ਕਰਮਚਾਰੀ ਨਹੀਂ ਸਨ ਪਰ ਵਿਦਿਆਰਥੀਆਂ ਨੂੰ ਪ੍ਰਾਈਵੇਟ ਤੌਰ 'ਤੇ ਪੜ੍ਹਾਉਣ ਦੀ ਇਜਾਜ਼ਤ ਦਿੰਦੇ ਸਨ। ਉਨ੍ਹਾਂ ਦੀ ਤਨਖ਼ਾਹ 30 ਰੁਪਏ ਪ੍ਰਤੀ ਮਹੀਨਾ ਰੱਖੀ ਗਈ ਸੀ ਜੋ ਵਿਦਿਆਰਥੀ ਆਪਣੀ ਜੇਬ ਵਿੱਚੋਂ ਅਦਾ ਕਰਦੇ ਸਨ। ਕਾਲਜ ਦੇ ਮੁਲਾਜ਼ਮਾਂ ਨੂੰ ਪ੍ਰਾਈਵੇਟ ਟਿਊਸ਼ਨ ਲੈਣ ਦੀ ਇਜਾਜ਼ਤ ਨਹੀਂ ਸੀ। ਮੁੱਖ ਸਕੱਤਰਾਂ ਨੂੰ ਐਤਵਾਰ ਨੂੰ ਛੱਡ ਕੇ ਹਰ ਰੋਜ਼ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਕਾਲਜ ਵਿੱਚ ਮੌਜੂਦ ਰਹਿਣਾ ਪੈਂਦਾ ਸੀ ਤਾਂ ਜੋ ਵਿਦਿਆਰਥੀ ਇਨ੍ਹਾਂ ਦੀ ਵਰਤੋਂ ਕਰ ਸਕਣ। ਕਿਉਂਕਿ ਕਲਕੱਤੇ ਵਿੱਚ ਭਾਰਤੀ, ਫ਼ਾਰਸੀ ਅਤੇ ਅਰਬੀ ਲਿਖਾਰੀ ਬਹੁਤ ਘੱਟ ਸਨ, ਇਸ ਲਈ ਲਖਨਊ ਅਤੇ ਦਿੱਲੀ ਦੇ ਨਿਵਾਸੀਆਂ ਨੂੰ ਆਪਣੇ ਖੇਤਰਾਂ ਵਿੱਚ ਢੁਕਵੇਂ ਗ੍ਰੰਥੀਆਂ ਨੂੰ ਲੱਭਣ ਅਤੇ ਭੇਜਣ ਲਈ ਨਿਰਦੇਸ਼ ਦਿੱਤੇ ਗਏ ਸਨ। ਸ਼ੁਰੂ ਵਿਚ ਵੀਹ ਫਾਰਸੀ, ਬਾਰਾਂ ਭਾਰਤੀ, ਛੇ ਬੰਗਾਲੀ ਅਤੇ ਚਾਰ ਅਰਬੀ ਨਿਯੁਕਤ ਕੀਤੇ ਗਏ ਸਨ। ਪਰ ਭਾਰਤੀ ਭਾਸ਼ਾ ਦੀ ਪ੍ਰਸਿੱਧੀ ਦੇ ਮੱਦੇਨਜ਼ਰ ਭਾਰਤੀ ਮੁਨਸ਼ੀਆਂ ਦੀ ਗਿਣਤੀ ਜਲਦੀ ਹੀ 25 ਤੱਕ ਪਹੁੰਚ ਗਈ। (ਗਿਲਕ੍ਰਿਸਟ ਅਤੇ ਉਸ ਦਾ ਨੇਮ ਪੰਨਾ 155) ਡਾ: ਗਿਲਕ੍ਰਿਸਟ ਦੇ ਸੁਝਾਅ 'ਤੇ ਭਾਰਤੀ ਵਿਭਾਗ ਵਿਚ ਇਕ ਕਹਾਣੀਕਾਰ ਵੀ ਨਿਯੁਕਤ ਕੀਤਾ ਗਿਆ ਸੀ, ਜੋ ਵਿਦਿਆਰਥੀਆਂ ਦੇ ਘਰ ਜਾ ਕੇ ਕਹਾਣੀਆਂ ਅਤੇ ਕਿੱਸੇ ਸੁਣਾਉਂਦਾ ਸੀ। ਭਾਰਤੀ

ਭਾਸ਼ਾ ਦੇ ਮੁੱਖ ਸਕੱਤਰ ਮੀਰ ਬਹਾਦੁਰ ਅਲੀ ਹੁਸੈਨੀ, ਅਖਲਾਕ ਹਿੰਦੀ ਅਤੇ ਨਕਲੀਅਤ ਲੁਕਮਾਨੀ ਦੇ ਲੇਖਕ ਸਨ। ਉਸ ਦੀ ਨਿਯੁਕਤੀ 26 ਅਪ੍ਰੈਲ 1801 ਨੂੰ ਹੋਈ ਸੀ। ਉਸ ਦਾ ਦੂਜਾ ਸਕੱਤਰ ਤਰਨੀ ਚਰਨ ਮੁਨਾਰ ਸੀ। ਆਮ ਲੇਖਕਾਂ ਵਿੱਚ ਬਾਗ਼ ਅਤੇ ਬਿਹਾਰ ਦੇ ਲੇਖਕ ਮੀਰ ਅਮਾਨ ਦੇਹਲਵੀ, ਦਰਸ਼ਨ ਮਹਿਫ਼ਲ ਅਤੇ ਤੋਤਾ ਕਹਾਣੀ ਦੇ ਲੇਖਕ ਹੈਦਰ ਬਖ਼ਸ਼ ਹੈਦਰੀ, ਕਾਜ਼ਿਮ ਅਲੀ ਜਵਾਨ, ਸਿੰਘਾਸਣ ਬਤੀਸੀ ਅਤੇ ਬਾਰਾ ਮਾਸਾ ਦੇ ਲੇਖਕ, ਮੀਰਸ਼ੀਰ ਅਲੀ ਅਖ਼ੂਸ, ਬਾਗ ਉਰਦੂ ਦੇ ਲੇਖਕ, ਮਜ਼ਹਰ ਅਲੀ ਸ਼ਾਮਲ ਹਨ। ਵਿਲਾ, ਬੇਤਾਲ ਪਚੀਸੀ ਅਤੇ ਮਧੂਨਾਲ ਦੇ ਲੇਖਕ, ਲਾਲੂਲਾਲ ਕੋਈ, ਪ੍ਰੇਮ ਸਾਗਰ ਅਤੇ ਖਲੀਲ ਅਲੀ ਖਾਨ ਇਸ਼ਕ ਦੇ ਲੇਖਕ ਦਾਸਨ ਅਮੀਰ ਹਮਜ਼ਾ ਦੇ ਲੇਖਕ ਹਨ। ਵਿਦਿਆਰਥੀਆਂ ਦੀਆਂ ਲੋੜਾਂ ਲਈ ਇੱਕ ਲਾਇਬ੍ਰੇਰੀ ਵੀ ਸਥਾਪਿਤ ਕੀਤੀ ਗਈ। ਪੱਛਮੀ ਭਾਸ਼ਾਵਾਂ ਵਿੱਚ ਛਪੀਆਂ ਕਿਤਾਬਾਂ ਤੋਂ ਇਲਾਵਾ, ਲਾਇਬ੍ਰੇਰੀ ਵਿੱਚ ਪੂਰਬੀ ਭਾਸ਼ਾਵਾਂ ਵਿੱਚ ਹੱਥ-ਲਿਖਤਾਂ ਦਾ ਵੀ ਚੰਗਾ ਭੰਡਾਰ ਸੀ। ਸੁਲਤਾਨ ਟੀਪੂ ਦੀ ਸਾਰੀ ਲਾਇਬ੍ਰੇਰੀ ਜੋ ਸੇਰਾਂਗਪਟਮ ਤੋਂ ਕਲਕੱਤੇ ਲਿਆਂਦੀ ਗਈ ਸੀ, ਕਾਲਜ ਨੂੰ ਸੌਂਪ ਦਿੱਤੀ ਗਈ। ਸ਼ੁਰੂ ਵਿੱਚ, ਵਿਦਿਆਰਥੀਆਂ ਨੂੰ ਕਿਤਾਬਾਂ ਘਰ ਲਿਜਾਣ ਦੀ ਆਗਿਆ ਸੀ, ਪਰ ਜਦੋਂ ਵਿਦਿਆਰਥੀਆਂ ਦੀ ਲਾਪਰਵਾਹੀ ਕਾਰਨ ਦੁਰਲੱਭ ਹੱਥ-ਲਿਖਤਾਂ ਗੁਆਚਣੀਆਂ ਸ਼ੁਰੂ ਹੋ ਗਈਆਂ, ਅਗਸਤ 1807 ਵਿੱਚ, ਲਾਇਬ੍ਰੇਰੀ ਤੋਂ ਬਾਹਰ ਕਿਤਾਬਾਂ ਲਿਜਾਣ ਦੀ ਮਨਾਹੀ ਕਰ ਦਿੱਤੀ ਗਈ। ਕੋਈ ਵੀ ਵਿਦਿਆਰਥੀ ਆਪਣੀ ਮਰਜ਼ੀ ਅਨੁਸਾਰ ਕਿਤਾਬ ਘਰ ਨਹੀਂ ਲਿਜਾ ਸਕਦਾ ਸੀ। ਫੋਰਟ ਵਿਲੀਅਮ ਕਾਲਜ ਲਾਇਬ੍ਰੇਰੀ ਆਪਣੇ ਸਮੇਂ ਦੌਰਾਨ ਭਾਰਤੀ ਉਪ ਮਹਾਂਦੀਪ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਸੀ। 1835 ਵਿਚ 5224 ਛਪੀਆਂ ਪੱਛਮੀ ਪੁਸਤਕਾਂ, 11718 ਛਪੀਆਂ ਪੂਰਬੀ ਪੁਸਤਕਾਂ ਅਤੇ 4225 ਕਲਮ ਪੁਸਤਕਾਂ ਸਨ। 1836 ਵਿੱਚ, ਕਲਮ ਦੀਆਂ ਕਿਤਾਬਾਂ ਨੂੰ ਏਸ਼ੀਆਟਿਕ ਸੋਸਾਇਟੀ ਆਫ਼ ਬੰਗਾਲ ਦੀ ਲਾਇਬ੍ਰੇਰੀ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਕਾਲਜ ਵਿੱਚ ਕਨਵੋਕੇਸ਼ਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਨਿਯਮਾਂ ਅਨੁਸਾਰ ਇਸ ਲਈ 6 ਫਰਵਰੀ ਰਾਖਵੀਂ ਰੱਖੀ ਗਈ ਸੀ। ਮੀਟਿੰਗ ਦੀ ਪ੍ਰਧਾਨਗੀ ਗਵਰਨਰ ਜਨਰਲ ਨੇ ਕੀਤੀ। ਇਸ ਮੌਕੇ ਸਫਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਹ ਸਰਟੀਫਿਕੇਟ ਉਸੇ ਪੂਰਬੀ ਭਾਸ਼ਾ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੇ ਹੋਏ ਸਨ ਜਿਸ ਵਿੱਚ ਵਿਦਿਆਰਥੀ ਨੇ ਪ੍ਰੀਖਿਆ ਦਿੱਤੀ ਸੀ। ਮੈਡਲ ਅਤੇ ਨਗਦ ਇਨਾਮ ਵੀ ਦਿੱਤੇ ਗਏ ਅਤੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪਬਲਿਕ ਮੀਟਿੰਗ ਵਿੱਚ ਵਿਦਿਆਰਥੀਆਂ ਵਿੱਚ ਚਰਚਾ ਵੀ ਹੋਈ। ਇਹ ਵਿਚਾਰ-ਚਰਚਾ ਫ਼ਾਰਸੀ, ਹਿੰਦੀ ਅਤੇ ਬੰਗਾਲੀ ਭਾਸ਼ਾਵਾਂ ਵਿੱਚ ਹੋਈ। ਤਰੀਕਾ ਇਹ ਸੀ ਕਿ ਇੱਕ ਵਿਦਿਆਰਥੀ ਕਿਸੇ ਵਿਸ਼ੇ ਦੇ ਸਮਰਥਨ ਵਿੱਚ ਲਿਖਤੀ ਭਾਸ਼ਣ ਦੇਵੇਗਾ ਅਤੇ ਦੋ ਵਿਦਿਆਰਥੀ ਵਿਸ਼ੇ ਦੇ ਵਿਰੋਧ ਵਿੱਚ ਲਿਖਤੀ ਭਾਸ਼ਣ ਦੇਣਗੇ। ਸੰਚਾਲਕ ਦੇ ਫਰਜ਼ਾਂ ਨੂੰ ਸਬੰਧਤ ਭਾਸ਼ਾ ਦੇ ਪ੍ਰੋਫ਼ੈਸਰ ਨੇ ਨਿਭਾਇਆ। ਇਹ ਭਾਸ਼ਣ ਬਾਅਦ ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ ਸਨ। ਇਨ੍ਹਾਂ ਭਾਸ਼ਣਾਂ ਲਈ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਬਹਿਸਾਂ ਦੇ ਅੰਤ ਵਿੱਚ, ਗਵਰਨਰ ਜਨਰਲ ਨੇ ਸਫ਼ਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਅਤੇ ਇਕੱਠ ਨੂੰ ਸੰਬੋਧਨ ਕੀਤਾ। ਭਾਰਤੀ ਅਤੇ ਫਾਰਸੀ ਵਿਦਿਆਰਥੀਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1500 ਰੁਪਏ, 1000 ਰੁਪਏ ਅਤੇ 500 ਰੁਪਏ ਅਤੇ ਸੋਨੇ ਦੇ ਤਗਮੇ ਨਾਲ ਸਨਮਾਨਿਤ ਕੀਤਾ ਗਿਆ। ਹਾਲਾਂਕਿ, ਬੰਗਾਲੀ ਵਿੱਚ ਸਿਰਫ ਪਹਿਲੇ ਅਤੇ ਦੂਜੇ ਨੂੰ ਸਨਮਾਨਿਤ ਕੀਤਾ ਗਿਆ ਸੀ, ਅਰਬੀ ਵਿੱਚ ਸਿਰਫ ਪਹਿਲਾ। ਇਨ੍ਹਾਂ ਤੋਂ ਇਲਾਵਾ ਫ਼ਾਰਸੀ ਲੇਖਣੀ ਅਤੇ ਨਾਗਰੀ ਲੇਖਣੀ ਲਈ ਇੱਕ-ਇੱਕ ਹਜ਼ਾਰ ਰੁਪਏ ਦੇ ਤਿੰਨ ਇਨਾਮ ਸਨ। 30 ਇਸੇ ਦਿਨ ਰਾਤ ਨੂੰ ਗਵਰਨਰ ਜਨਰਲ ਵੱਲੋਂ ਕਾਲਜ ਵਿੱਚ ਦਾਅਵਤ ਰੱਖੀ ਜਾਂਦੀ ਸੀ, ਜਿਸ ਵਿੱਚ ਗਵਰਨਰ

ਜਨਰਲ ਅਤੇ ਕੰਪਨੀ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਵੀ ਬੁਲਾਇਆ ਜਾਂਦਾ ਸੀ। ਫੋਰਟ ਵਿਲੀਅਮ ਕਾਲਜ ਨਾ ਸਿਰਫ਼ ਇੱਕ ਵਿਦਿਅਕ ਸੰਸਥਾ ਸੀ ਸਗੋਂ ਆਪਣੇ ਸਮੇਂ ਦਾ ਸਭ ਤੋਂ ਵੱਡਾ ਸਾਹਿਤਕ ਕੇਂਦਰ ਵੀ ਸੀ। ਅਧਿਆਪਨ ਤੋਂ ਇਲਾਵਾ ਅਧਿਆਪਕਾਂ ਅਤੇ ਮੰਤਰੀਆਂ ਨੇ




ਵਿਦਿਆਰਥੀਆਂ ਲਈ ਕਿਤਾਬਾਂ ਵੀ ਲਿਖੀਆਂ। ਸਾਹਿਤ ਦਾ ਸ਼ੌਕ ਵਿਦਿਆਰਥੀਆਂ ਵਿੱਚ ਪੈਦਾ ਹੋ ਰਿਹਾ ਸੀ। ਸਿੱਖਿਆ ਦਾ ਇਹ ਕਾਲਜ ਨਵਾਂ ਆਗਾਜ਼ ਸੀ। ਇਸ ਤਰ੍ਹਾਂ ਫੋਰਟ ਵਿਲੀਅਮ ਕਾਲਜ ਵਿਚ ਵੱਡੀ ਗਿਣਤੀ ਵਿਚ ਡਿਕਸ਼ਨਰੀ, ਇਤਿਹਾਸ, ਨੈਤਿਕ, ਧਾਰਮਿਕ ਅਤੇ ਕਿੱਸਾਤਮਕ ਪੁਸਤਕਾਂ ਤਿਆਰ ਕੀਤੀਆਂ ਗਈਆਂ। ਇਹ ਕਿਤਾਬਾਂ ਜ਼ਿਆਦਾਤਰ ਅਧਿਆਪਕਾਂ ਅਤੇ ਗ੍ਰੰਥੀਆਂ ਦੁਆਰਾ ਲਿਖੀਆਂ ਗਈਆਂ ਹਨ, ਪਰ ਹੋਰ ਲੇਖਕਾਂ ਦੀਆਂ ਕਿਤਾਬਾਂ ਨੂੰ ਵੀ ਸਵੀਕਾਰ ਕੀਤਾ ਗਿਆ, ਜਿਵੇਂ ਕਿ ਬਾਸਿਤ ਖਾਨ ਦੀ 'ਗੁਲ ਸਨੋਬਰ', ਸ਼ਾਕਿਰ ਅਲੀ ਦੀ 'ਅਲਫ ਲੀਲਾ', ਨਿਹਾਲ ਚੰਦ ਲਾਹੌਰੀ ਦੀ ਕਹਾਣੀ 'ਗੁਲ ਬਕੌਲੀ', ਮਿਰਜ਼ਾ ਅਲੀ ਲੁਤਫ ਦੀ 'ਗੁਲਸ਼ਨ'। ਹਿੰਦ ਕਾਲਜ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਿਤ ਕੀਤੀ ਗਈ ਸੀ ਹਾਲਾਂਕਿ ਇਹਨਾਂ ਪੁਸਤਕਾਂ ਦੇ ਲੇਖਕ ਕਾਲਜ ਨਾਲ ਸਬੰਧਤ ਨਹੀਂ ਸਨ। ਇਨ੍ਹਾਂ ਤੋਂ ਇਲਾਵਾ ਕਲਿਅਤ ਸੌਦਾ ਅਤੇ ਮਿਸ਼ਕੀਨ ਦੀ ਸ਼ਹਾਦਤ ਵੀ ਕਾਲਜ ਵਿੱਚ ਛਪੀ। ਉਰਦੂ ਤੋਂ ਇਲਾਵਾ, ਫ਼ਾਰਸੀ ਵਿੱਚ, ਬੁਰਹਾਨ ਕਤਾਤ (ਫ਼ਾਰਸੀ ਦਾ ਕੋਸ਼, 1818), ਅਨਵਾਰਸਾਹਿਲੀ (1805), ਦਬਸਤਨ ਮਦਹਬ, ਅਜ਼ਸ਼ੇਖ ਮੁਹੰਮਦ ਮੋਹਸਿਨ (1809), ਹੁਦਯਾ (1807), ਚੁਣੀ ਗਈ ਅਰਬੀ ਭਾਸ਼ਾ (1818), ਕੋਸ਼ (1817), ਅਲਫ਼ ਲੈਲਾ (1814-1818)।, ਮਕਮਤ ਹਰੀਰੀ, (1812) ਅਤੇ ਤਾਰੀਖ ਤੈਮੂਰ (1818), ਮਿਸ਼ਕਵਾਤ (ਅੰਗਰੇਜ਼ੀ ਵਿੱਚ 1809), ਪੰਜਾਬੀ ਭਾਸ਼ਾ ਦਾ ਵਿਆਕਰਨ, (1814) ਅਤੇ ਚੀਨੀ, ਮਲਯ ਅਤੇ ਬਰਮੀ ਭਾਸ਼ਾਵਾਂ ਦੇ ਸ਼ਬਦਕੋਸ਼ ਵੀ ਸਨ। ਪ੍ਰਕਾਸ਼ਿਤ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਵਾਨਿਤ ਲੇਖਕ ਪੁਰਸਕਾਰ ਵੀ ਦਿੱਤੇ ਗਏ।

ਕਾਲਜ ਦੇ ਨਿਯਮਤ ਕਰਮਚਾਰੀ ਘੱਟ ਅਤੇ ਬਾਹਰੀ ਲੋਕ ਜ਼ਿਆਦਾ। ਮਿਸਾਲ ਵਜੋਂ ਬੋਸਤਾਨ ਦੇ ਉਰਦੂ ਅਨੁਵਾਦਕ ਹਾਜੀ ਮਿਰਜ਼ਾ ਮੁਗ਼ਲ ਨੂੰ ਚਾਰ ਸੌ ਰੁਪਏ ਇਨਾਮ ਵਜੋਂ ਦਿੱਤੇ ਗਏ। ਫੋਰਟ ਵਿਲੀਅਮ ਕਾਲਜ ਦੀਆਂ ਰਚਨਾਤਮਕ ਗਤੀਵਿਧੀਆਂ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਪਹਿਲੇ ਚਾਰ ਸਾਲਾਂ ਵਿਚ ਇਕੱਲੇ ਭਾਰਤੀ ਭਾਸ਼ਾ ਵਿਚ 93 ਕਿਤਾਬਾਂ ਲਿਖੀਆਂ ਗਈਆਂ ਸਨ। ਇਹ ਪੁਸਤਕਾਂ ਜ਼ਿਆਦਾਤਰ ਉਰਦੂ ਲਿਪੀ ਵਿਚ ਸਨ, ਪਰ ਕੁਝ ਪੁਸਤਕਾਂ ਮਾਮੂਲੀ ਤਬਦੀਲੀਆਂ ਨਾਲ ਨਾਗਰੀ ਲਿਪੀ ਵਿਚ ਵੀ ਛਾਪੀਆਂ ਗਈਆਂ ਸਨ। ਉਰਦੂ ਦੀਆਂ ਕਿਤਾਬਾਂ ਨਾਗਰੀ ਵਰਗੀ ਕਿਸਮ ਵਿੱਚ ਛਪਦੀਆਂ ਸਨ। ਇਹ ਕਿਸਮ ਨਸਤਾਲਿਕ ਦੀ ਸੀ। ਫੋਰਟ ਵਿਲੀਅਮ ਕਾਲਜ ਦੀ ਪਹਿਲੀ ਕਨਵੋਕੇਸ਼ਨ 6 ਫਰਵਰੀ 1802 ਨੂੰ ਹੋਈ ਸੀ। ਇਸ ਸਮਾਰੋਹ ਦੀ ਪ੍ਰਧਾਨਗੀ ਸਰ ਜਾਰਜ ਬਾਰਲੋ, ਐਕਟਿੰਗ ਗਵਰਨਰ-ਜਨਰਲ ਨੇ ਕੀਤੀ ਸੀ ਕਿਉਂਕਿ ਲਾਰਡ ਵੈਲੇਸਲੀ ਉਨ੍ਹੀਂ ਦਿਨੀਂ ਦੌਰੇ 'ਤੇ ਸੀ। ਇਸ ਮੌਕੇ

'ਭਾਰਤ ਵਿੱਚ ਉੱਚ ਵਿਦਿਅਕ ਅਦਾਰੇ ਦੀ ਸਥਾਪਨਾ' ਫਾਰਸੀ ਚਰਚਾ ਦਾ ਵਿਸ਼ਾ ਸੀ। ਬ੍ਰਿਟਿਸ਼ ਰਾਸ਼ਟਰ ਅਤੇ ਮੂਲ ਲੋਕਾਂ (ਨਾਟੋ) ਦੋਵਾਂ ਲਈ ਲਾਭਦਾਇਕ" ਭਾਰਤੀ ਬਹਿਸ ਇਹ ਸੀ, 'ਹਿੰਦੀ ਭਾਰਤ ਦੀ ਸਭ ਤੋਂ ਵੱਧ ਸਮਝੀ ਜਾਣ ਵਾਲੀ ਅਤੇ ਉਪਯੋਗੀ ਭਾਸ਼ਾ ਹੈ।' ਅਤੇ ਬੰਗਾਲੀ ਬਹਿਸ ਸੀ, 'ਏਸ਼ੀਅਨਾਂ ਵਿੱਚ।' ਯੂਰਪੀਅਨਾਂ ਦੇ ਰੂਪ ਵਿੱਚ ਸਭਿਅਤਾ ਦੀ ਸਮਰੱਥਾ। ਲਾਰਡ ਵੈਲੇਸਲੀ ਨੇ ਸ਼ੁਰੂ ਵਿੱਚ ਕਾਲਜ ਨੂੰ ਫੰਡ ਦੇਣ ਲਈ ਸਿਵਲ ਸਰਵੈਂਟਸ ਤੋਂ ਦਾਨ ਇਕੱਠਾ ਕੀਤਾ, ਫਿਰ ਲੇਵੀ ਅਤੇ ਮਾਲੀਏ ਦਾ ਨਿਯਮ ਲਾਗੂ ਕੀਤਾ। ਇਸ ਫੰਡ ਵਿੱਚੋਂ ਪਿਛਲੇ ਸਾਲ ਬਾਰਾਂ ਲੱਖ ਸੱਤਰ ਹਜ਼ਾਰ ਰੁਪਏ ਪ੍ਰਾਪਤ ਹੋਏ ਸਨ। ਕਾਲਜ ਦਾ ਸਾਲਾਨਾ ਖਰਚਾ ਚਾਰ ਲੱਖ ਰੁਪਏ ਦੇ ਕਰੀਬ ਸੀ, ਪਰ ਪਹਿਲੇ ਸਾਲ ਛੇ ਲੱਖ ਤੀਹ ਹਜ਼ਾਰ ਖਰਚ ਹੋ ਗਿਆ। ਪ੍ਰੋਫੈਸਰਾਂ ਅਤੇ ਮੰਤਰੀਆਂ ਦੀਆਂ ਤਨਖਾਹਾਂ 'ਤੇ ਸਾਲਾਨਾ ਕਰੀਬ ਇਕ ਲੱਖ ਰੁਪਏ ਖਰਚ ਕੀਤੇ ਜਾਂਦੇ ਹਨ। ਕਾਲਜ ਨੂੰ ਖੁੱਲ੍ਹੇ ਨੂੰ ਅਜੇ ਇੱਕ ਸਾਲ ਅਤੇ ਦੋ ਮਹੀਨੇ ਹੀ ਹੋਏ ਸਨ ਜਦੋਂ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ 27 ਜਨਵਰੀ 1802 ਨੂੰ ਫੈਸਲਾ ਕੀਤਾ ਕਿ ਕਾਲਜ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ ਅਤੇ ਇਸ ਵਿੱਚ ਡਾ. ਗਿਲਕ੍ਰਿਸਟ ਦੀ 'ਓਰੀਐਂਟਲ ਸੈਮੀਨਰੀ' ਦੀ ਮੁੜ ਸਥਾਪਨਾ ਕੀਤੀ ਜਾਵੇ। ਇੱਕ ਨਿਯਮਤ ਕਾਲਜ ਦੀ ਸਥਾਪਨਾ ਸਿਰਫ਼ ਪੈਸੇ ਦੀ ਬਰਬਾਦੀ ਹੈ। ਮਜਲਿਸ ਨਜ਼ਮਾ ਦਾ ਇਹ ਹੁਕਮ 10 ਜੂਨ 1802 ਨੂੰ ਲਾਰਡ ਵੈਲੇਸਲੀ ਨੂੰ ਪ੍ਰਾਪਤ ਹੋਇਆ ਸੀ। ਲਾਰਡ ਵੈਲੇਸਲੀ ਕੌਂਸਲ ਦੇ ਇਸ ਫੈਸਲੇ ਤੋਂ ਹੈਰਾਨ ਸੀ। ਉਸਨੇ ਕਾਲਜ ਬੰਦ ਨਹੀਂ ਕੀਤਾ ਪਰ 5 ਅਗਸਤ 1802 ਨੂੰ ਲੰਮੀ ਯਾਦ ਪੱਤਰ ਲੰਡਨ ਭੇਜਿਆ। ਇਸ ਮੈਮੋਰੰਡਮ ਵਿੱਚ ਵੈਲੇਸਲੀ ਨੇ ਕੰਪਨੀ ਦੇ ਇਤਰਾਜ਼ਾਂ ਦਾ ਤਰਕਸੰਗਤ ਜਵਾਬ ਦਿੱਤਾ ਅਤੇ ਕਾਲਜ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਖਰਚਿਆਂ ਬਾਰੇ ਉਨ੍ਹਾਂ ਲਿਖਿਆ ਕਿ ਕੰਪਨੀ ਕਾਲਜ 'ਤੇ ਕੋਈ ਪੈਸਾ ਖਰਚ ਨਹੀਂ ਕਰਦੀ। ਅੰਤ ਵਿੱਚ, ਉਸਨੇ ਮਜਲਿਸ-ਏ-ਨਜ਼ਮਾ ਨੂੰ ਕਾਲਜ ਨੂੰ ਬੰਦ ਨਾ ਕਰਨ ਦੀ ਬੇਨਤੀ ਕੀਤੀ। ਲਾਰਡ ਵੈਲੇਸਲੀ ਇੱਥੇ ਹੀ ਨਹੀਂ ਰੁਕਿਆ, ਪਰ ਇੱਕ ਪ੍ਰਭਾਵਸ਼ਾਲੀ ਮਿੱਤਰ ਰਾਹੀਂ ਕੰਪਨੀ ਦੇ ਸ਼ਾਸਕ ਅਥਾਰਟੀ ਨੂੰ ਆਪਣੇ ਇਰਾਦੇ ਤੋਂ ਜਾਣੂ ਕਰਵਾ ਦਿੱਤਾ ਕਿ 'ਜੇ ਅਦਾਲਤ ਆਖਰਕਾਰ ਕਾਲਜ ਨੂੰ ਤੋੜਨ ਦਾ ਫੈਸਲਾ ਕਰਦੀ ਹੈ, ਤਾਂ ਇਹ ਇੰਗਲੈਂਡ ਵਾਪਸ ਆਉਂਦੇ ਹੀ ਸੰਸਦ ਵਿੱਚ ਪ੍ਰਸਤਾਵ ਰੱਖਾਂਗਾ।' ਕਿ 'ਕਾਲਜ ਨੂੰ ਕਾਨੂੰਨ ਰਾਹੀਂ ਨਵਿਆਇਆ ਜਾਣਾ ਚਾਹੀਦਾ ਹੈ।' ਪਰ ਇਹ ਨਹੀਂ ਆਇਆ। 2 ਸਤੰਬਰ, 1803 ਨੂੰ, ਨੈਸ਼ਨਲ ਅਸੈਂਬਲੀ ਨੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਕਿ ਕਾਲਜ ਨੂੰ ਦੂਜੇ ਆਦੇਸ਼ ਤੱਕ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਫੋਰਟ ਵਿਲੀਅਮ ਕਾਲਜ ਦੀ ਸਥਾਪਨਾ ਅਤੇ ਲਾਰਡ ਵੈਲੇਸਲੀ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ। ਜਿੰਨਾ ਚਿਰ ਉਹ ਗਵਰਨਰ ਜਨਰਲ ਰਹੇ, ਕਾਲਜ ਦੀਆਂ ਸਰਗਰਮੀਆਂ ਮੱਠੀ ਨਹੀਂ ਪਈਆਂ। ਇਹ ਕਾਲਜ ਵਿੱਚ ਲਿਖਣ ਅਤੇ ਸੰਕਲਨ ਦਾ ਸਿਖਰ ਵੀ ਸੀ। ਪਰ ਲਾਰਡ ਵੈਲੇਸਲੀ ਨੇ 29 ਅਗਸਤ 1805 ਨੂੰ ਅਸਤੀਫਾ ਦੇ ਦਿੱਤਾ, ਅਤੇ ਉਸਦੇ ਉੱਤਰਾਧਿਕਾਰੀਆਂ ਵਿੱਚ ਕੋਈ ਵੀ ਅਜਿਹਾ ਨਹੀਂ ਸੀ ਜੋ ਮਜਲਿਸ-ਏ-ਨਜ਼ਮਾ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਪ੍ਰਭਾਵਸ਼ਾਲੀ ਸੀ, ਜਾਂ ਜੋ ਲਾਰਡ ਵੈਲੇਸਲੀ ਦੇ ਕਾਲਜ ਵਿੱਚ ਦਿਲਚਸਪੀ ਰੱਖਦਾ ਸੀ। ਲਾਰਡ ਵੈਲੇਸਲੀ ਦੇ ਅਸਤੀਫੇ ਤੋਂ ਕੁਝ ਦਿਨ ਬਾਅਦ, ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ 21 ਮਈ 1806 ਨੂੰ ਕਰਮਚਾਰੀਆਂ ਦੀ ਸਿੱਖਿਆ ਲਈ ਹੈਲੀਬਰੀ ਵਿਖੇ ਇੰਗਲੈਂਡ ਵਿੱਚ ਇੱਕ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਦੇ ਨਾਲ ਹੀ ਜਨਵਰੀ 1807 ਤੋਂ ਫੋਰਟ ਵਿਲੀਅਮ ਕਾਲਜ ਦੇ ਖਰਚੇ ਘਟਾਉਣ ਲਈ ਕਲਕੱਤੇ ਨੂੰ ਹਦਾਇਤਾਂ ਵੀ ਭੇਜੀਆਂ ਗਈਆਂ ਸਨ, ਇਸ ਲਈ ਪ੍ਰੋਵੋਸਟ ਅਤੇ ਵਾਈਸ-ਪ੍ਰੋਵੋਸਟ ਦੀਆਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਸਨ। ਪੂਰਬੀ ਭਾਸ਼ਾਵਾਂ ਦਾ ਪਾਠਕ੍ਰਮ ਇੱਕ ਸਾਲ ਤੱਕ ਘਟਾ ਦਿੱਤਾ ਗਿਆ। ਪੰਡਤਾਂ ਅਤੇ ਮੁਨਸ਼ੀਆਂ ਦੀ ਗਿਣਤੀ ਵੀ ਘਟਾ ਦਿੱਤੀ ਗਈ ਅਤੇ ਕਾਲਜ ਦਾ ਸਟਾਫ਼ ਵੀ

ਛੋਟਾ ਕਰ ਦਿੱਤਾ ਗਿਆ। ਲਾਰਡ ਵਿਲੀਅਮ ਬੰਟਿਕ 1827 –1835 ਦੇ ਯੁੱਗ ਵਿਚ ਕਾਲਜ ਦੇ ਖਰਚੇ ਹੋਰ ਘਟ ਗਏ। ਇਸ ਲਈ 1 ਜੂਨ, 1830 ਤੋਂ ਕਾਲਜ ਵਿੱਚ ਸਿਰਫ਼ ਇੱਕ ਅੰਗਰੇਜ਼ੀ ਸਕੱਤਰ ਅਤੇ ਤਿੰਨ ਪਰੀਖਿਅਕ ਰਹਿ ਗਏ। ਲੈਕਚਰਾਂ ਦੀ ਲੜੀ ਵਿੱਚ ਵੀ ਵਿਘਨ ਪਿਆ। ਪ੍ਰੋਫੈਸਰਾਂ ਅਤੇ ਮੰਤਰੀਆਂ ਦੀਆਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਅਤੇ ਕਾਲਜ ਨਾਮਾਤਰ ਹੀ ਰਹਿ ਗਿਆ। ਅੰਤ ਵਿੱਚ, 1854 ਵਿੱਚ, ਕਾਲਜ ਨੂੰ ਪ੍ਰੀਖਿਆਰਥੀਆਂ ਦੇ ਬੋਰਡ ਵਿੱਚ ਮਿਲਾ ਦਿੱਤਾ ਗਿਆ ਅਤੇ ਫੋਰਟ ਵਿਲੀਅਮ ਕਾਲਜ ਦੀ ਹੋਂਦ ਖਤਮ ਹੋ ਗਈ। ਆਪਣੇ 54 ਸਾਲਾਂ ਦੇ ਜੀਵਨ ਵਿੱਚ, ਫੋਰਟ ਵਿਲੀਅਮ ਕਾਲਜ ਨੇ ਪੂਰਬੀ ਅਧਿਐਨ ਅਤੇ ਸਾਹਿਤ, ਖਾਸ ਕਰਕੇ ਉਰਦੂ ਭਾਸ਼ਾ ਅਤੇ ਸਾਹਿਤ ਦੀ ਮਹਾਨ ਸੇਵਾ ਕੀਤੀ ਹੈ। ਭਾਵੇਂ ਇਹ ਵਿੱਦਿਅਕ ਅਦਾਰਾ ਅੰਗਰੇਜ਼ਾਂ ਲਈ ਸਥਾਪਿਤ ਕੀਤਾ ਗਿਆ ਸੀ ਅਤੇ ਕਾਲਜ ਦੀ ਸਰਪ੍ਰਸਤੀ ਹੇਠ ਲਿਖੀਆਂ ਗਈਆਂ ਕਿਤਾਬਾਂ ਅੰਗਰੇਜ਼ਾਂ ਦੇ ਮੌਜ-ਮਸਤੀ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਲਿਖੀਆਂ ਜਾਂਦੀਆਂ ਸਨ ਪਰ ਕਾਲਜ ਦੀ ਸਥਾਪਨਾ ਨਾਲ ਪੱਛਮੀ ਤਰਜ਼ ਦੀ ਅਧਿਆਪਨ ਦੀ ਪਰੰਪਰਾ ਆਈ। ਸਾਡੇ ਦੇਸ਼ ਵਿੱਚ ਇਸ ਦੇ ਦੂਰਗਾਮੀ ਪ੍ਰਭਾਵ ਇੱਕ ਇਤਿਹਾਸਕ ਤੱਥ ਹਨ। ਕਾਲਜ ਨੇ ਸਾਹਿਤਕ ਅਤੇ ਵਿਦਵਤਾ ਭਰਪੂਰ ਰਚਨਾਵਾਂ ਨਾਲ ਸਾਡੀ ਭਾਸ਼ਾ ਅਤੇ ਸਾਹਿਤ ਵਿੱਚ ਇੱਕ ਨਵਾਂ ਅਤੇ ਚਮਕਦਾਰ ਅਧਿਆਏ ਸ਼ੁਰੂ ਕੀਤਾ। ਫੋਰਟ ਵਿਲੀਅਮ ਕਾਲਜ ਤੋਂ ਪਹਿਲਾਂ, ਆਸਾਨ ਬੋਲਚਾਲ ਦੀ ਭਾਸ਼ਾ ਵਿੱਚ ਕੋਈ ਉਰਦੂ ਵਾਰਤਕ ਪੁਸਤਕ ਨਹੀਂ ਸੀ। ਇਸ ਲਈ ਇਹ ਕਹਿਣਾ ਭੋਲਾਪਣ ਹੋਵੇਗਾ ਕਿ ਆਧੁਨਿਕ ਉਰਦੂ ਵਾਰਤਕ ਦੀ ਨੀਂਹ ਫੋਰਟ ਵਿਲੀਅਮ ਕਾਲਜ ਵਿਚ ਰੱਖੀ ਗਈ ਸੀ, ਇਸ ਲਈ ਕਾਲਜ ਦੀਆਂ ਲਿਖਤਾਂ ਨੇ ਭਾਸ਼ਾ ਅਤੇ ਅਭਿਵਿਅਕਤੀ ਦਾ ਢਾਂਚਾ ਬਦਲ ਦਿੱਤਾ। ਕਾਲਜ ਦੇ ਗ੍ਰੰਥੀਆਂ ਨੇ ਉਰਦੂ ਵਾਰਤਕ ਵਿੱਚ ਅਜਿਹੀਆਂ ਸਦੀਵੀ ਰਚਨਾਵਾਂ ਰਚੀਆਂ ਜੋ ਸਾਡੇ ਕਲਾਸਿਕਾਂ ਵਿੱਚ ਗਿਣੀਆਂ ਜਾਂਦੀਆਂ ਹਨ। ਫੋਰਟ ਵਿਲੀਅਮ ਕਾਲਜ ਤੋਂ ਪਹਿਲਾਂ ਉਰਦੂ ਵਾਰਤਕ ਅਤੇ ਕਵਿਤਾ ਦੀਆਂ ਕਿਤਾਬਾਂ ਕਲਮ ਨਾਲ ਲਿਖੀਆਂ ਜਾਂਦੀਆਂ ਸਨ, ਇਸ ਲਈ ਆਮ ਲੋਕ ਇਨ੍ਹਾਂ ਤੋਂ ਵਾਂਝੇ ਸਨ। ਫੋਰਟ ਵਿਲੀਅਮ ਕਾਲਜ ਦੀ ਬਦੌਲਤ ਹਜ਼ਾਰਾਂ ਪ੍ਰਿੰਟਿੰਗ ਹਾਊਸਾਂ ਵਿੱਚ ਉਰਦੂ ਕਿਤਾਬਾਂ ਛਪੀਆਂ। ਇਸ ਤਰ੍ਹਾਂ ਉਰਦੂ ਪੜ੍ਹਨ ਵਾਲਿਆਂ ਦਾ ਘੇਰਾ ਬਹੁਤ ਚੌੜਾ ਹੋ ਗਿਆ। ਅਸਲੀਅਤ ਇਹ ਹੈ ਕਿ ਜਦੋਂ ਤੱਕ ਉਰਦੂ ਭਾਸ਼ਾ ਅਤੇ ਸਾਹਿਤ ਜ਼ਿੰਦਾ ਹੈ, ਫੋਰਟ ਵਿਲੀਅਮ ਕਾਲਜ ਦਾ ਨਾਂ ਵੀ ਜਿਉਂਦਾ ਤੇ ਸਰਗਰਮ ਰਹੇਗਾ। ਲਾਰਡ ਵੈਲੇਸਲੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। (**ਸੰਪਰਕ ਅਮਰੀਕਾ** +1 (559) 309-2031)

---


**ਭਗਵੰਤ ਰਸੂਲਪੁਰੀ ਦੀ ਲੋਕ ਨਾਟ ਨਕਲਾਂ ਤੇ ਲਿਖੀ ਖੋਜ ਭਰਪੂਰ ਪੁਸਤਕ**

**ਲੋਕ-ਨਾਟ ਨਕਲਾਂ**
**ਇਤਿਹਾਸ, ਸਿਧਾਂਤ ਤੇ ਮੁਹਾਂਦਰਾ**

**ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ**
**ਮੁੱਲ: 250 ਰੁਪਏ, ਪੰਨੇ: 254**
**ਸਾਲ: 2020**


---

# ਜੀਵਨ ਦੀਆਂ ਵਿਸੰਗਤੀਆਂ ਦਾ ਚਿਤਰਨ: 'ਬਾਕੀ ਦਾ ਦਰਦ'




- ਪ੍ਰੋ. ਮਨਪ੍ਰੀਤ ਕੌਰ

ਅਜੋਕਾ ਯੁੱਗ ਵਿਸ਼ਵੀਕਰਨ ਦਾ ਯੁੱਗ ਹੈ ਜਿਸ ਵਿਚ ਮਨੁੱਖ ਟੈਕਨਾਲੌਜੀ ਦੀ ਮਦਦ ਰਾਹੀਂ ਦੁਨੀਆ ਦੇਕਿਸੇ ਵੀ ਕੋਨੇ ਬਾਰੇ ਜਾਣਕਾਰੀ ਹਾਸਲ ਕਰ ਸਕਦਾ ਹੈ। ਹਰ ਵਰਤਾਰੇ ਦੇ ਕੁਝ ਸਕਾਰਾਤਮਕ ਪੱਖ ਹੁੰਦੇ ਹਨ ਅਤੇ ਕੁਝ ਨਕਾਰਾਤਮਕ। ਇਸ ਵਿਸ਼ਵੀਕਰਨ ਦੇ ਮੰਡੀ ਦੇ ਯੁੱਗ ਵਿਚ ਹਰ ਇਨਸਾਨ ਦੀ ਦੌੜ ਪੈਸੇ ਕਮਾਉਣ ਵੱਲ ਲੱਗੀ ਹੈ। ਇਸ ਮਸ਼ੀਨੀ ਯੁੱਗ ਵਿਚ ਪੈਸਾ ਕੇਂਦਰ ਵਿਚ ਆ ਟਿਕਿਆ ਹੈ ਤੇ ਇਨਸਾਨੀਅਤ ਮਨਫ਼ੀ ਹੋਈ ਜਾ ਰਹੀ ਹੈ। ਪੈਸੇ ਕਮਾਉਣ ਦੀ ਦੌੜ ਵਿਚ ਮਨੁੱਖ ਖੰਡਿਤ ਮਾਨਸਿਕਤਾ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਜ਼ਿੰਦਗੀ ਦਾ ਸਕੂਨ ਉਸ ਵੱਲੋਂ ਕਿਨਾਰਾ ਕਰੀ ਜਾ ਰਿਹਾ ਹੈ। ਸਕੂਨ ਅਤੇ ਐਸ਼ੋ ਆਰਾਮ ਦੀ ਭਾਲ ਵਿਚ ਬੰਦਾ ਸਾਰਾ ਜੀਵਨ ਲੱਗਾ ਰਹਿੰਦਾ ਹੈ। ਅਜਿਹੇ ਵਾਤਾਵਰਨ ਵਿਚ ਬਹੁਤ ਸਾਰੇ ਅਜਿਹੇ ਆਸਾਰ ਉਗਮਦੇ ਹਨ ਜਿਨ੍ਹਾਂ ਨਾਲ ਰਿਸ਼ਤੇ ਟੁੱਟ-ਭੱਜਦਾ ਸ਼ਿਕਾਰ ਹੁੰਦੇ ਹਨ। ਰਿਸ਼ਤਿਆਂ ਵਿਚਲਾ ਮੋਹ ਪਿਆਰ ਘੱਟਦਾ ਜਾ ਰਿਹਾ ਹੈ ਅਤੇ ਤ੍ਰੇੜਾਂ ਪਾੜਿਆਂ ਵਿਚ ਵਟਦੀਆਂ ਜਾਂਦੀਆਂ ਹਨ। ਇਨਸਾਨ ਦੂਜੇ ਇਨਸਾਨ ਦੇ ਦੁੱਖ-ਦਰਦ ਨੂੰ ਸਮਝਣ ਦੀ ਬਜਾਏ ਆਪਣੇ ਵਿਹਾਰ ਰਾਹੀਂ ਦੂਜਿਆਂ ਨੂੰ ਤਣਾਅ ਦਿੰਦਾ ਹੈ ਜਿਸ ਕਾਰਨ ਮਾਨਸਿਕ ਉਲਝਣਾਂ ਜਨਮਦੀਆਂ ਹਨ।

ਹਥਲੇ ਖੋਜ-ਪੱਤਰ ਦਾ ਮੂਲ ਮਨੋਰਥ ਦਵਿੰਦਰ ਮੰਡ ਰਚਿਤ ਕਹਾਣੀ ਸੰਗ੍ਰਹਿ 'ਬਾਕੀ ਦਾ ਦਰਦ' ਵਿਚ ਪੇਸ਼ ਜੀਵਨ ਦੀਆਂ ਵਿਸੰਗਤੀਆਂ ਨੂੰ ਚਿਤਰਨਾ ਹੈ। ਮਨੁੱਖ ਦਾ ਤਣਾਅ ਭਰਪੂਰ ਜੀਵਨ ਗੁੰਝਲਾਂ ਅਤੇ ਵਿਸੰਗਤੀਆਂ ਦਾ ਸ਼ਿਕਾਰ ਹੈ। ਮਨੁੱਖ ਮੰਡੀਕਰਨ ਦੇ ਤਲਿਸਮੀ ਵਾਤਾਵਰਨ ਵਿਚ ਉਲਝ ਕੇ ਆਪਣਾ ਆਪਾ ਵੀ ਬਰਬਾਦ ਕਰਦਾ ਹੈ ਤੇ ਆਪਣੇ ਨਾਲ ਜੁੜੇ ਲੋਕਾਂ ਨੂੰ ਵੀ ਮੁਸ਼ਕਿਲਾਂ ਵਿਚ ਧਕੇਲਦਾ ਹੈ। ਦਵਿੰਦਰ ਮੰਡ ਦੀਆਂ ਕਹਾਣੀਆਂ ਸਮਾਜਕ ਯਥਾਰਥ ਨੂੰ ਬਾਰੀਕ ਬੀਨੀ ਅਤੇ ਵਾਸਤਵਿਕਤਾ ਸਹਿਤ ਚਿਤਰਦੀਆਂ ਹਨ।ਉਸ ਦੀ ਰਚਨਾਕਾਰੀ ਵਿਚ ਯਥਾਰਥਕ ਸਰੋਕਾਰਾਂ ਨੂੰ ਕਲਾਤਮਿਕ ਰੂਪ ਵਿਚ ਚਿਤਰਿਆ ਗਿਆ ਹੈ।ਮੰਡ ਕੋਲ ਬਾਰੀਕ ਬੁੱਧੀ ਅਤੇ ਢੇਰਾਂ ਦੇ ਢੇਰ ਵਿਸ਼ੇ ਹਨ। 'ਨਾਗਮਣੀ' 'ਚ ਨਿਰੰਤਰ ਛਪਣ ਵਾਲੇ ਇਸ ਲੇਖਕ ਕੋਲ ਸਹਿਜ ਅਤੇ ਬੇਲੋੜੇ ਵਿਸਥਾਰ ਤੋਂ ਬਚਣ ਦੀ ਕਲਾਤਮਿਕ ਜੁਗਤ ਵੀ ਹੈ। ਉਸਦੀ ਕਹਾਣੀ ਦੀ ਮੁੱਖ ਵਿਸ਼ੇਸ਼ਤਾ ਉਸਦਾ ਨਿੱਕੀ ਕਹਾਣੀ ਦੇ ਮਜਾਜ ਤੋਂ ਪਰਿਚਿਤ ਹੋਣਾ ਹੈ। ਰੂਪ ਰਚਨਾ ਪੱਖੋਂ ਉਸਦੀ ਕਹਾਣੀ ਬੜੀ ਨਾਟਕੀ, ਸੁਗਠਿਤ ਅਤੇ ਛੋਹਲੀ ਹੁੰਦੀ ਹੈ। ਉਹ ਕਹਾਣੀ ਦੇ ਰੂਪਾਕਾਰ ਨਾਲ ਅਯੋਗ ਅਥਵਾ ਨਵਾਜਿਬ ਖੁੱਲ੍ਹਾਂ ਨਹੀਂ ਲੈਂਦਾ।[1] ਦਵਿੰਦਰ ਮੰਡ ਦੀਆਂ ਲਗਪਗ ਦੋ ਦਰਜਨ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਮੰਡ ਵਿਦਿਅਕ ਖੇਤਰ ਨਾਲ ਸੰਬੰਧਿਤ ਇੱਕ ਸ਼ਖ਼ਸੀਅਤ ਹੈ ਜੋ ਅੱਜ-ਕੱਲ੍ਹ ਡੀ. ਏ. ਵੀ. ਕਾਲਜ ਜਲੰਧਰ ਵਿਖੇ ਪੰਜਾਬੀ ਵਿਸ਼ੇ ਦੇ ਪ੍ਰਾਧਿਆਪਕ ਵਜੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਅਧਿਆਪਨ ਕਿੱਤੇ ਨਾਲ ਜੁੜੇ ਹੋਣ ਕਰਕੇ ਮੰਡ ਦੀ ਕਹਾਣੀ ਦੇ ਸਿਧਾਂਤ ਉੱਪਰ ਪੂਰੀ ਪਕੜ ਹੈ ਅਤੇ ਇਹੀ ਕਾਰਨ ਹੈ ਕਿ ਉਸਦੀਆਂ ਕਹਾਣੀਆਂ ਕਲਾਤਮਕ ਪੱਖੋਂ ਪ੍ਰੋੜਤਾ ਰੱਖਦੀਆਂ ਹਨ।

'ਬਾਕੀ ਦਾ ਦਰਦ' ਕਹਾਣੀ ਸੰਗ੍ਰਹਿ ਵਿਚ ਕੁੱਲ ਚੌਦਾਂ ਕਹਾਣੀਆਂ ਹਨ। ਏਥੇ ਅਸੀਂ 'ਅਜੇ ਤਾਂ ਕੁਝ

ਨਹੀਂ ਵਿਗੜਿਆ', 'ਮਿੱਧੀਆਂ ਹੋਈਆਂ ਵੇਲਾਂ', 'ਪੇਟੀ' ਅਤੇ 'ਬਾਕੀ ਦਾ ਦਰਦ' ਕਹਾਣੀਆਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਬੇਸ਼ੱਕ ਮੰਡ ਦੀਆਂ ਸਾਰੀਆਂ ਕਹਾਣੀਆਂ ਸਮਾਜਕ ਯਥਾਰਥ ਦੀਆਂ ਪਰਤਾਂ ਖੋਲ੍ਹਦੀਆਂ ਹਨ, ਪਰੰਤੂ ਉਪਰੋਕਤ ਕਹਾਣੀਆਂ ਸਮਾਜ ਅਤੇ ਜੀਵਨ ਦੀਆਂ ਵਿਸੰਗਤੀਆਂ ਨੂੰ ਬਾਖ਼ੂਬੀ ਰੂਪਮਾਨ ਕਰਦੀਅ ਾਂ ਹਨ। ਜੀਵਨ ਵਿਚਲੇ ਮਨੁੱਖ ਸਾਹਿਤ ਵਿਚ ਪਾਤਰਾਂ ਵਿਚ ਵਟ ਜਾਂਦੇ ਹਨ। ਮੰਡ ਜੀਵਨ ਵਿਚੋਂ ਪਾਤਰਾਂ ਦੀ ਚੋਣ ਕਰਦਾ ਹੈ। ਉਹ ਪਾਤਰਾਂ ਦੇ ਵਾਰਤਾਲਾਪ ਰਾਹੀਂ ਉਨ੍ਹਾਂ ਦੀਆਂ ਮਾਨਸਿਕ ਉਲਝਣਾਂ ਨੂੰ ਚਿਤਰਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਮਨੁੱਖ ਤਰੱਕੀ ਅਤੇ ਪੈਸੇ ਪਿੱਛੇ ਭੱਜਦਾ ਹੋਇਆ ਜੀਵਨ ਨੂੰ ਖੇਰੂੰ-ਖੇਰੂੰ ਕਰ ਲੈਂਦਾ ਹੈ। ਵਿਸ਼ਵੀਕਰਨ ਅਧੀਨ ਦੇਖਾ-ਦੇਖੀ ਅਪਣਾਏ ਜਾਂਦੇ ਮੁੱਲਾਂ ਅਤੇ ਪ੍ਰਭਾਵਾਂ ਨੂੰ ਡਾ. ਸੁਤਿੰਦਰ ਸਿੰਘ ਨੂਰ ਇਸ ਪ੍ਰਕਾਰ ਲਿਖਦਾ ਹੈ, "ਗਲੋਬਲਾਈਜ਼ੇਸ਼ਨ ਦਾ ਪ੍ਰਭਾਵ ਤੇ ਸੰਚਾਰ ਕੇਵਲ ਸਾਡੇ ਕਾਰਖਾਨਿਆਂ, ਦਫ਼ਤਰਾਂ ਤੇ ਸੰਸਥਾਵਾਂ ਤਕ ਹੀ ਨਹੀਂ ਰਿਹਾ, ਸਗੋਂ ਸਾਡੀਆਂ ਬੈਠਕਾਂ ਵਿਚ ਆ ਗਿਆ ਹੈ। ਖੁੱਲ੍ਹੀ ਨੈਤਿਕਤਾ ਤੇ ਖੁੱਲ੍ਹੀ ਆਰਥਿਕਤਾ ਨੇ ਸਾਡੇ ਨਿੱਜੀ ਜੀਵਨ ਨੂੰ ਹੋਰ ਵੀ ਖੁੱਲ੍ਹਾ ਬਣਾ ਦਿੱਤਾ ਹੈ। ਮਨੁੱਖੀ ਅਵਚੇਤਨ ਵਿਚੋਂ ਜਾਗਦੀ ਸੁਤੰਤਰਤਾ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ।"[2] ਦਵਿੰਦਰ ਮੰਡ ਦੀਆਂ ਕਹਾਣੀਆਂ ਇਹਨਾਂ ਵਰਤਾਰਿਆਂ ਅਧੀਨ ਪੈਦਾ ਹੋਏ ਸਰੋਕਾਰਾਂ ਨੂੰ ਰੂਪਮਾਨ ਕਰਦੀਆਂ ਹਨ। 'ਅਜੇ ਤਾਂ ਕੁਝ ਨਹੀਂ ਵਿਗੜਿਆ' ਕਹਾਣੀ ਗਰਜ ਆਧਾਰਿਤ ਰਿਸ਼ਤਿਆਂ ਵਿਚਲੀਆਂ ਤ੍ਰੇੜਾਂ ਨੂੰ ਪ੍ਰਸਤੁਤ ਕਰਦੀ ਹੈ ਜਿਨ੍ਹਾਂ ਕਾਰਨ ਬੰਦਾ ਮਾਨਸਿਕ ਸੰਤਾਪ ਭੋਗਦਾ ਹੈ। ਭਾਰਤੀ ਸਮਾਜ ਵਿਚ ਔਰਤ ਦਾ ਬਿੰਬ ਇਜ਼ਤ ਦਾ ਪ੍ਰਤੀਕ ਹੈ ਤੇ ਔਰਤ ਦੀ ਬਗਾਵਤ ਬੰਦੇ ਦੇ ਅੰਦਰ ਹੀਣਤਾ ਦੇ ਭਾਵ ਉਤਪੰਨ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਰਾਜ ਅਜਿਹੀਆਂ ਹੀ ਸੋਚਾਂ ਸੋਚਦਾ ਹੈ, "ਇਜ਼ਤ ਤਾਂ ਲੱਖੀਂ ਨਾ ਹਜ਼ਾਰੀਂ ਮਿਲਦੀ ਪਰ ਹੁਣ ਕਿੰਨੇ ਦਾ ਰਿਹਾ ਮੈਂ? ਕੀ ਕਰਨੈ ਮੈਂ ਪੈਹੇ, ਜਿਹਨੂੰ ਲੋਕੀਂ ਧਨ ਕਹਿੰਦੇ ਨੇ, ਰੁਪਈਆ। "[3] ਰਾਜ ਘਰ ਦੀ ਮਾੜੀ ਆਰਥਿਕ ਹਾਲਤ ਨੂੰ ਸੁਧਾਰਨ ਕਰਕੇ ਵਿਦੇਸ਼ ਗਿਆ ਸੀ। ਉਸਦੀ ਬਹੁਤੀ ਜ਼ਿੰਦਗੀ ਤੰਗੀਆਂ ਤੁਰਸ਼ੀਆਂ ਵਿਚ ਲੰਘੀ ਸੀ, ਜਿਸ ਕਾਰਨ ਪੈਸਾ ਉਸਨੂੰ ਖਿੱਚਦਾ ਸੀ। ਰਾਜ ਦੀ ਪਤਨੀ ਆਨੀ-ਬਹਾਨੀ ਉਸਨੂੰ ਛੁੱਟੀ ਆਏ ਨੂੰ ਪੰਜਾਬ ਵਿਚ ਹੀ ਰਹਿਣ ਲਈ ਕਹਿੰਦੀ ਸੀ, ਪਰ ਉਸਨੂੰ ਲੱਗਦਾ ਸੀ ਕਿ ਇੱਥੇ ਰਹਿ ਕੇ ਉਹ ਕੀ ਕਰੇਗਾ, ਕਿਉਂਕਿ ਪੰਜਾਬ ਦੇ ਨਕਾਰੇ ਸਿਸਟਮ ਕਰਕੇ ਤਾਂ ਉਹ ਵਿਦੇਸ਼ ਗਿਆ ਸੀ। ਉਹ ਸੋਚਦਾ, "ਪੈਸਾ-ਧੇਲਾ ਹੀ ਤਾਂ ਅੱਜ ਦੀ ਮੁੱਖ ਲੋੜ ਹੈ, ਹੁਣ ਤਾਂ ਦਿਨ ਆਏ ਸਨ ਚੰਗੇ। ਸਾਰੀ ਉਮਰ ਮਰੂੰ-ਮਰੂੰ ਕਰਦਿਆਂ ਲੰਘ ਗਈ। ਬਾਪ ਮੇਰੇ ਨੇ ਕੱਖ ਭੰਨ ਕੇ ਦੂਹਰਾ ਨਹੀਂ ਕੀਤਾ। ਮਾਂ ਮੇਰੀ ਇਲਾਜ਼ ਦੁੱਖੋਂ ਮਰ ਗਈ। ਛੋਟਾ ਭਾਈ ਅਫ਼ੀਮ, ਡੋਡਿਆਂ ਨੇ ਲੈ ਲਿਆ। ਤੇ ਪੈਸਾ! ਇਹੀ ਤਾਂ ਸਭ ਕੁਝ ਹੈ ਅੱਜ ਦੇ ਯੁੱਗ 'ਚ।"[4] ਘਰ ਦੀ ਅਤਿ ਦੀ ਗਰੀਬੀ ਨੇ ਉਸਨੂੰ ਪੈਸੇ ਦੀ ਕੀਮਤ ਦਾ ਅਹਿਸਾਸ ਦਵਾਇਆ ਸੀ, ਪਰੰਤੂ ਉਸਨੂੰ ਕੀ ਪਤਾ ਸੀ ਕਿ ਪੈਸੇ ਦੀ ਦੌੜ 'ਚ ਲੱਗ ਕੇ ਉਸਨੇ ਆਪਣਾ ਘਰ ਹੀ ਗਵਾ ਬਹਿਣਾ ਹੈ। ਔਰਤ ਦੀਆਂ ਸਰੀਰਕ ਲੋੜਾਂ ਕਾਰਨ ਉਸਦੀ ਪਤਨੀ ਦੇ ਵਿਆਹ ਬਾਹਰੇ ਸੰਬੰਧਾਂ ਕਾਰਨ ਰਾਜ ਦਾ ਬਾਪ ਉਸਨੂੰ ਛੇਤੀ ਤੋਂ ਛੇਤੀ ਪੰਜਾਬ ਆਉਣ ਲਈ ਕਹਿੰਦਾ ਹੈ। ਜਦੋਂ ਰਾਜ ਆ ਕੇ ਆਪਣੀ ਪਤਨੀ ਦੇ ਕਾਰਨਾਮਿਆਂ ਕਾਰਨ ਉਸ ਕੋਲੋਂ ਸਵਾਲ



ਜਵਾਬ ਕਰਦਾ ਹੈ। ਤਾਂ ਉਹ ਘਰ ਛੱਡ ਕੇ ਚਲੀ ਜਾਂਦੀ ਹੈ। ਰਾਜ ਅਜਿਹੀਆਂ ਵਿਰੋਧੀ ਸਥਿਤੀਆਂ ਵਿਚ ਰਿਸ਼ਤਿਆਂ ਦੇ ਸਵਾਰਥੀਪਨ ਕਾਰਨ ਉਦਾਸੀਨ ਹੋਇਆ ਮਾਨਸਿਕ ਸੰਤਾਪ ਦਾ ਸ਼ਿਕਾਰ ਹੁੰਦਾ ਹੈ। ਉਸਦੀ ਮਾਨਸਿਕਤਾ ਰਿਸ਼ਤਿਆਂ ਦੀ ਟੁੱਟ-ਭੱਜ ਕਾਰਨ ਤਣਾਅ ਅਤੇ ਵਿਸੰਗਤੀਆਂ ਦਾ ਸੰਤਾਪ ਭੋਗਦੀ ਹੈ। ਉਸਨੂੰ ਆਪਣੇ ਘਰ ਦੇ ਹਾਲਾਤ ਸੰਭਲਣ ਦੇ ਆਸਾਰ ਨਜ਼ਰ ਨਹੀਂ ਆਉਂਦੇ ਜਿਸ ਕਾਰਨ ਉਹ ਅੰਦਰੋਂ ਟੁੱਟ ਜਾਂਦਾ ਹੈ।

ਰਿਸ਼ਤਿਆਂ ਦਾ ਤਲਖ਼ ਯਥਾਰਥ ਅਤੇ ਜਾਤ-ਪਾਤ ਅਧੀਨ ਹੁੰਦਾ ਅਨਿਆ 'ਮਿੱਧੀਆਂ ਹੋਈਆਂ ਵੇਲਾਂ' ਕਹਾਣੀ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਸਾਹਿਤਕਾਰ ਜੀਵਨ ਦੇ ਯਥਾਰਥ ਵਿਚੋਂ ਘਟਨਾਵਾਂ ਦੀ ਚੋਣ ਕਰਕੇ ਸਾਹਿਤ ਵਿਚ ਪ੍ਰਸਤੁਤ ਕਰਦਾ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਇਸ ਸੰਬੰਧੀ ਡਾ. ਸੁਰਜੀਤ ਸਿੰਘ ਭੱਟੀ ਲਿਖਦਾ ਹੈ, "ਸਾਹਿਤ ਸਮਾਜ ਦੀ ਉਪਜ ਹੁੰਦਾ ਹੈ, ਇਉਂ ਜੇ ਸਾਹਿਤ ਅਤੇ ਸਮਾਜ ਦੇ ਦਵੰਦਾਤਮਕ ਸੰਬੰਧ ਹਨ ਤਾਂ ਨਿਰਸੰਦੇਹ ਸਾਹਿਤ ਸਮਾਜ ਵਿਚੋਂ ਪੈਦਾ ਹੋ ਕੇ ਸਮਾਜ ਨੂੰ ਵੀ ਪ੍ਰਭਾਵਿਤ ਕਰਨ ਦੀ ਸ਼ਕਤੀ ਰੱਖਦਾ ਹੈ।"[5] ਮੁੱਖ ਰੂਪ ਵਿਚ ਸਾਹਿਤਕਾਰ ਸਮਾਜ ਵਿਚਲੀਆਂ ਘਟਨਾਵਾਂ ਨੂੰ ਡੀਕੋਡ ਕਰਕੇ ਪਾਠਕ ਤਕ ਪਹੁੰਚਾਉਂਦਾ ਹੈ ਤੇ ਜੀਵਨ ਦੀ ਪੁਨਰ ਸਿਰਜਣਾ ਕਰਦਾ ਹੈ।

'ਮਿੱਧੀਆਂ ਹੋਈਆਂ ਵੇਲਾਂ' ਕਹਾਣੀ ਵਿਚ ਜਗੀਰੂ ਅਤੇ ਉੱਚ ਜਾਤੀ ਦੇ ਹੰਕਾਰ ਵਿਚ ਟੁੱਟਦੇ ਰਿਸ਼ਤੇ ਅਤੇ ਜਾਤ ਦੇ ਆਧਾਰ 'ਤੇ ਕੀਤੇ ਜਾਂਦੇ ਵਿਤਕਰੇ ਦ੍ਰਿਸ਼ਟੀਗੋਚਰ ਹੁੰਦੇ ਹਨ। ਉੱਚ-ਜਾਤੀ ਦਾ ਹੰਕਾਰ ਰੱਖਣ ਵਾਲੀ ਅਜੋਕੀ ਔਰਤ ਰਿਸ਼ਤੇ ਬਚਾਉਣ ਦੀ ਥਾਂ ਉਸਨੂੰ ਤੋੜਨ ਵਿਚ ਯਕੀਨ ਰੱਖਦੀ ਹੈ। ਜਿਸ ਇਨਸਾਨ ਨੂੰ ਜੀਵਨ ਪਰੋਸਿਆ ਹੋਇਆ ਮਿਲਦਾ ਹੈ, ਜੀਵਨ ਉਪਜੀਵਿਕਾ ਕਮਾਉਣ ਖ਼ਾਤਰ ਕੋਈ ਜੱਦੋ-ਜਹਿਦ ਨਹੀਂ ਕਰਨੀ ਪੈਂਦੀ ਉਹ ਲੋਕ ਰਿਸ਼ਤਿਆਂ ਨੂੰ ਵੀ ਪਦਾਰਥ ਵਾਂਗ ਗ੍ਰਹਿਣ ਕਰਦੇ ਹਨ ਅਤੇ ਪਦਾਰਥ ਦੀ ਤਰ੍ਹਾਂ ਹੀ ਤੋੜਨ ਲੱਗੇ ਜ਼ਰਾ ਜਿੰਨਾ ਸਮਾਂ ਵੀ ਨਹੀਂ ਲਾਉਂਦੇ। ਦੂਜੇ ਪਾਸੇ ਮਿਹਨਤ ਮਜ਼ੂਰੀ ਕਰਨ ਵਾਲਾ ਨੀਵੀਂ ਜਾਤੀ ਦਾ ਬਖ਼ਸ਼ੀ ਰਾਮ ਜਦੋਂ ਸਕੂਲ ਦਾ ਪ੍ਰਿੰਸੀਪਲ ਬਣਦਾ ਹੈ ਤਾਂ ਉੱਚ ਜਾਤੀ ਨਾਲ ਸੰਬੰਧ ਰੱਖਣ ਵਾਲੀ ਚਿੰਤੀ ਉਸੇ ਸਕੂਲ ਵਿਚ ਇੱਕ ਅਧਿਆਪਿਕਾ ਲੱਗ ਗਈ। ਬਖ਼ਸ਼ੀ ਰਾਮ ਚਿੰਤੀ ਦੇ ਪਿੰਡ ਦਾ ਹੋਣ ਕਰਕੇ ਗਰੀਬੀ ਕਾਰਨ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਦਾ ਸੀ ਤਾਂ ਉਹ ਤੇ ਉਸਦਾ ਭਰਾ ਬਖ਼ਸ਼ੀ ਨੂੰ ਪਰੇਸ਼ਾਨ ਕਰਦੇ ਸਨ, ਪਰੰਤੂ ਅੱਜ ਉਹ ਪ੍ਰਿੰਸੀਪਲ ਬਣ ਜਾਣ 'ਤੇ ਵੀ ਸਾਧਾਰਨ ਅਤੇ ਸਾਦੇ ਜਿਹੇ ਸੁਭਾਅ ਦਾ ਮਾਲਕ ਸੀ। ਉਹ ਸਕੂਲ ਦੇ ਨਿੱਕੇ-ਨਿੱਕੇ ਕੰਮ ਆਪ ਹੀ ਕਰ ਦਿੰਦਾ ਤੇ ਕੰਮ ਕਰਦਿਆਂ ਉਸਨੂੰ ਕੋਈ ਸੰਗ ਸ਼ਰਮ ਮਹਿਸੂਸ ਨਹੀਂ ਸੀ ਹੁੰਦੀ। ਉਸਦੀ ਸਾਧਾਰਨਤਾ ਕਾਰਨ ਹੀ ਸਾਰੇ ਉਸਦਾ ਸਤਿਕਾਰ ਕਰਦੇ ਸਨ। ਚਿੰਤੀ ਨੂੰ ਬਾਰ-ਬਾਰ ਇਸ ਗੱਲ ਦਾ ਪਛਤਾਵਾ ਆਉਂਦਾ ਹੈ ਕਿ ਬਚਪਨ ਵਿਚ ਉੱਚ-ਜਾਤੀ ਦੇ ਹੰਕਾਰ ਕਾਰਨ ਉਹ ਪ੍ਰਿੰਸੀਪਲ ਬਖ਼ਸ਼ੀ ਰਾਮ ਨੂੰ ਕਿੰਨਾ ਦੁੱਖ ਦਿੰਦੇ ਸੀ, ਪਰੰਤੂ ਉਹ ਅੱਗੋਂ ਕੋਈ ਪ੍ਰਤੀਕਿਰਿਆ ਪ੍ਰਗਟ ਨਹੀਂ ਸੀ ਕਰਦਾ। ਭਾਰਤ ਦੀ ਪੱਕੀ-ਪੀਢੀ ਅਤੇ ਗੁੰਝਲਦਾਰ ਜਾਤ ਸੰਸਥਾ ਅਧੀਨ ਨੀਵੀਂ ਜਾਤੀ ਦੇ ਲੋਕਾਂ ਨਾਲ ਕੀਤੇ ਜਾਂਦੇ ਦੁਜੈਲੇ ਵਿਹਾਰ ਕਾਰਨ ਕਈ ਲੋਕ ਮਾਨਸਿਕ ਤਣਾਅ ਦਾ ਸ਼ਿਕਾਰ ਹੁੰਦੇ ਰਹੇ ਹਨ ਅਤੇ ਅੱਜ ਵੀ ਹੋ ਰਹੇ ਹਨ।

'ਪੇਟੀ' ਕਹਾਣੀ ਪਦਾਰਥ ਦੇ ਸਵਾਰਥ ਵਿਚੋਂ ਉਪਜੇ ਰਿਸ਼ਤਿਆਂ ਦੇ ਵਿਰੋਧਾਂ ਦੀ ਗਾਥਾ ਹੈ ਜਿਸ ਵਿਚ 'ਮੈਂ' ਪਾਤਰ ਦਾ ਚਾਚਾ ਰੌਣਕੀ ਆਪਣੇ ਮਰ ਗਏ ਭਰਾ ਦੇ ਸਮਾਨ ਵਾਲੀ ਪੇਟੀ ਨੂੰ ਖੋਲ੍ਹਣਾ ਚਾਹੁੰਦਾ ਹੈ। ਉਸ ਭਰਾ ਦੀ ਪਤਨੀ ਦਾ ਦੂਜਾ ਵਿਆਹ ਕਰ ਦਿੱਤਾ ਜਾਂਦਾ ਹੈ ਤੇ ਪੇਟੀ ਦੀ ਚਾਬੀ ਉਸ ਕੋਲ ਹੀ ਹੁੰਦੀ ਹੈ। ਰੌਣਕੀ ਬਹੁਤ ਜੱਦੋ-ਜਹਿਦ ਕਰਦਾ ਹੈ ਉਸ ਪੇਟੀ ਨੂੰ ਖੋਲ੍ਹਣ ਲਈ, ਪਰ 'ਮੈਂ' ਪਾਤਰ ਉਸਦੀ ਵਾਹ ਪੇਸ਼ ਨਹੀਂ ਜਾਣ ਦਿੰਦਾ। ਦੂਸਰਾ ਰੌਣਕੀ ਉਸ ਮਰੇ ਹੋਏ ਭਰਾ ਦਾ ਹਿੱਸਾ ਵੀ ਹਥਿਆਉਣਾ ਚਾਹੁੰਦਾ ਹੈ ਜਿਸ ਦੇ

ਫਲਸਰੂਪ ਉਹ ਅੰਤ 'ਤੇ ਆਪਣੀ ਬਜ਼ੁਰਗ ਮਾਂ ਨੂੰ ਵੀ ਮਾਰ ਦਿੰਦਾ ਹੈ ਤੇ ਉਸਦਾ ਅੰਗੂਠਾ ਲਗਵਾ ਲੈਂਦਾ ਹੈ। ਪੰਜਾਬ ਵਿਚ ਆਏ ਦਿਨ ਜ਼ਮੀਨ ਜਾਇਦਾਦ ਪਿੱਛੇ ਭਰਾਵਾਂ ਕੋਲੋਂ ਭਰਾਵਾਂ ਦੇ ਕਤਲ ਦੀਆਂ ਵਾਰਦਾਤਾਂ ਵਾਪਰਦੀਆਂ ਰਹਿੰਦੀਆਂ ਹਨ। ਰੌਣਕੀ ਦਾ ਪਾਤਰ ਰਿਸ਼ਤਿਆਂ ਵਿਚ 'ਪਦਾਰਥ' ਅਧੀਨ ਹੁੰਦੀਆਂ ਧੋਖਾ ਧੜੀਆਂ ਨੂੰ ਪ੍ਰਸਤੁਤ ਕਰਦਾ ਹੈ।

'ਬਾਕੀ ਦਾ ਦਰਦ' ਕਹਾਣੀ ਪੰਜਾਬ ਵਿਚੋਂ ਹੁੰਦੇ ਪਰਵਾਸ ਅਤੇ ਪਰਵਾਸ ਕਾਰਨ ਪੈਦਾ ਹੁੰਦੀਆਂ ਜੀਵਨ ਦੀਆਂ ਵਿਸੰਗਤੀਆਂ ਦੇ ਦੁਖਾਂਤ ਨੂੰ ਚਿਤਰਦੀ ਹੈ। ਕਹਾਣੀ ਵਿਚ ਮਾਤਾ ਸਤਿਕਾਰ ਕੌਰ ਦਾ ਇੱਕ ਪੁੱਤਰ ਅਮਰੀਕਾ ਗਿਆ ਹੋਇਆ ਸੀ ਤੇ ਦੂਜੇ ਨੇ ਇੱਧਰ ਹੀ ਉਚੇਰੀ ਸਿੱਖਿਆ ਹਾਸਿਲ ਕੀਤੀ ਹੋਈ ਸੀ। ਬਹੁਤ ਜੱਦੋ-ਜਹਿਦ ਦੇ ਬਾਵਜੂਦ ਵੀ ਉਸ ਪੜ੍ਹਾਕੂ ਮੁੰਡੇ ਨੂੰ ਨੌਕਰੀ ਨਹੀਂ ਮਿਲਦੀ। ਸਤਿਕਾਰ ਕੌਰ ਤੇ ਉਸਦਾ ਪਤੀ ਜਗੀਰ ਸਿੰਘ ਧਾਰਮਿਕ ਖ਼ਿਆਲਾਂ ਦੇ ਹੋਣ ਕਰਕੇ ਪਰਮਾਤਮਾ ਦੀ ਕਰਨੀ ਵਿਚ ਅਥਾਹ ਵਿਸ਼ਵਾਸ ਰੱਖਦੇ ਸਨ ਅਤੇ ਹਰ ਘਟਨਾ ਨੂੰ ਉਹ ਪਰਮਾਤਮਾ ਦਾ ਭਾਣਾ ਸਮਝ ਕੇ ਮੰਨਦੇ ਸਨ। ਸਤਿਕਾਰ ਕੌਰ ਦਾ ਮੁੰਡਾ ਸੁਰਿੰਦਰ 'ਮੈਂ' ਪਾਤਰ ਦਾ ਬਚਪਨ ਦਾ ਦੋਸਤ ਸੀ। ਮਾਤਾ ਨੂੰ ਉਸਦੀ ਨੌਕਰੀ ਨਾ ਲੱਗਣ ਕਾਰਨ ਬਹੁਤ ਪਰੇਸ਼ਾਨੀ ਸੀ। 'ਮੈਂ' ਪਾਤਰ ਦੇ ਸੁਰਿੰਦਰ ਬਾਰੇ ਪੁੱਛਣ ਤੇ' ਉਹ ਕਹਿੰਦੀ,

"ਸ਼ਿੰਦਰ ! ਉਹ ਤਾਂ ਮੇਰਾ ਲੋਲ੍ਹਾ ਪੁੱਤ ਆ। ਕਿਤੇ ਕਿਤਾਬਾਂ ਨਾਲ ਮੱਥਾ ਮਾਰਦਾ ਹੋਊ ਤੇ ਜਾਂ ਫੇ ਕਵਿਤਾ ਲਿਖਦਾ ਹੋਊ ਖੂਹ 'ਤੇ ਬੈਠਾ ਕੇਲੇ ਦੇ ਰੁੱਖ ਕੋਲੇ।"

"ਅੱਜ ਕੱਲ੍ਹ ਉਦਾਸ ਕਾਹਨੂੰ ਰਹਿੰਦਾ ਮਾਂ ਤੇਰਾ ਪੁੱਤ?" ਮੈਂ ਨਾ ਚਾਹੁੰਦਿਆਂ ਵੀ ਪੁੱਛ ਲਿਆ।

"ਸੱਚ ਦੱਸਾਂ ਪੁੱਤ ! ਤੇਰੇ ਕਰਕੇ।"

"ਮੇਰੇ ਕਰਕੇ?" ਮੈਂ ਹੈਰਾਨ ਹਾਂ।

"ਹਾਂ ਪੁੱਤ, ਤੂੰ ਕੌਲਜ 'ਚ ਪੜੌਣ ਲੱਗ ਪਿਐਂ ...ਉਹ ਵਿਹਲਾ ਕਦੀ ਇਧਰ ਤੇ ਕਦੇ ਉਧਰ, ਆਂਹਦਾ ਮੈਂ ਇਸ ਦੌੜ 'ਚ ਪਿੱਛੇ ਰਹਿ ਗਿਐਂ।" [6]

ਉਪਰੋਕਤ ਵਾਰਤਾਲਾਪ ਭਾਰਤ ਵਿਚਲੀ ਬੇਰੁਜ਼ਗਾਰੀ ਦੀ ਤਸਵੀਰ ਪੇਸ਼ ਕਰਦੀ ਹੈ। ਅੱਜ ਵੀ ਪੰਜਾਬ ਦੇ ਨੌਜਵਾਨ ਜੀਵਨ ਉਪਜੀਵਿਕਾ ਦੇ ਸਾਧਨ ਜੁਟਾਉਣ ਅਤੇ ਪੰਜਾਬ ਦੇ ਸਿਸਟਮ ਤੋਂ ਨਿਰਾਸ਼ ਹੋ ਕੇ ਧੜਾਧੜ ਵਿਦੇਸ਼ਾਂ ਵੱਲ ਨੂੰ ਪਰਵਾਸ ਕਰ ਰਹੇ ਹਨ। ਇੱਥੇ ਸਰਕਾਰੀ ਨੌਕਰੀਆਂ ਦੀ ਕਮੀ ਲੋਕਾਂ ਨੂੰ ਨਿਰਾਸ਼ਾ ਵੱਲ ਧਕੇਲਦੀ ਹੈ ਤੇ ਨਿੱਜੀ ਅਦਾਰਿਆਂ ਵਿਚ ਕੱਚੇ ਮੁਲਾਜ਼ਮਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਜਾਂਦਾ ਹੈ। ਆਮ ਇਨਸਾਨ ਅਜਿਹੀਆਂ ਵਿਰੋਧੀ ਸਥਿਤੀਆਂ ਵਿਚ ਵਿਚਰਦਾ ਹੋਇਆ ਮਾਨਸਿਕ ਤੌਰ 'ਤੇ ਤਣਾਅ ਦਾ ਸ਼ਿਕਾਰ ਹੁੰਦਾ ਹੈ। ਸਿਸਟਮ ਦੀ ਨਾਕਾਮੀ ਹੀ ਨੌਜਵਾਨਾਂ ਨੂੰ ਪੰਜਾਬ ਛੱਡਣ ਲਈ ਮਜਬੂਰ ਕਰਦੀ ਹੈ। ਦਵਿੰਦਰ ਮੰਡ ਨੇ 'ਬਾਕੀ ਦਾ ਦਰਦ' ਕਹਾਣੀ ਰਾਹੀਂ ਅਜਿਹੇ ਖੋਖਲੇ ਸਿਸਟਮ ਦੇ ਅਨਿਆਪੂਰਨ ਵਿਵਹਾਰ ਤੋਂ ਤੰਗ ਆ ਕੇ ਵਿਦੇਸ਼ਾਂ ਵਿਚ ਜਾਣ ਵਾਲੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਬਿਖਮ ਸਥਿਤੀਆਂ ਉਤੇ ਚਾਨਣਾ ਪਾਇਆ ਹੈ। ਬੱਚੇ ਤਾਂ ਕਿਸੇ ਤਰ੍ਹਾਂ ਵਿਦੇਸ਼ਾਂ ਵੱਲ ਪਰਵਾਸ ਕਰ ਲੈਂਦੇ ਹਨ, ਪਰੰਤੂ ਮਾਂ-ਬਾਪ ਜੋ ਪਿੱਛੇ ਰਹਿ ਜਾਂਦੇ ਹਨ, ਉਹ ਵਿਛੋੜੇ ਦਾ ਦੁੱਖ ਭੋਗਦੇ ਹੋਏ ਇਸ ਦੁਨੀਆ ਤੋਂ ਚਲੇ ਜਾਂਦੇ ਹਨ। ਕਹਾਣੀ ਵਿਚ ਸੁਰਿੰਦਰ ਦੇ ਬਾਪ ਜਗੀਰ ਸਿੰਘ ਦੀ ਮੌਤ ਪਿੱਛੋਂ ਮਾਤਾ ਇਕੱਲੀ ਰਹਿ ਜਾਂਦੀ ਹੈ ਤਾਂ ਸੁਰਿੰਦਰ ਹੋਰੀਂ ਸਤਿਕਾਰ ਕੌਰ ਨੂੰ ਵੀ ਅਮਰੀਕਾ ਬੁਲਾ ਲੈਂਦੇ ਹਨ, ਪਰੰਤੂ ਅਮਰੀਕਾ ਜਾ ਕੇ ਮਾਤਾ ਦਾ ਜੀਅ ਨਹੀਂ ਲੱਗਦਾ ਤੇ ਉਹ ਵਾਪਸ ਆ ਜਾਂਦੀ ਹੈ। ਉਹ ਪੁੱਤਰਾਂ ਦੀ ਰੁਝੇਵੇਂ ਭਰੀ ਜ਼ਿੰਦਗੀ ਨੂੰ ਤਕ ਕੇ ਬਹੁਤ ਦੁਖੀ ਹੁੰਦੀ ਹੈ। 'ਮੈਂ' ਪਾਤਰ ਜਦੋਂ ਇੰਡੀਆ ਵਾਪਸ ਆਈ ਮਾਤਾ ਨੂੰ ਮਿਲਣ ਗਿਆ ਉਸਦੇ ਮੁੜ ਆਉਣ ਦਾ ਕਾਰਨ ਪੁੱਛਦਾ ਹੈ ਤਾਂ ਉਹ ਆਪਣਾ ਦੁੱਖ ਦੱਸਦੀ ਹੈ,

"ਮੈਂ ਉਸੇ ਦਿਨ ਮਾਤਾ ਸਤਿਕਾਰ ਕੌਰ ਨੂੰ ਮਿਲਣ ਗਿਆ। ਮਾਤਾ ਦੀ ਸ਼ਕਲ ਸੂਰਤ ਦੇਖ ਮੈਂ ਡਰ ਗਿਆ।

"ਆਹ ਕੀ ਬਣਾ ਲਿਆ ਮਾਤਾ!"

"ਪੁੱਛ ਨਾ ਪੁੱਤ ਮੈਂ ਤਾਂ ਉੱਕਾ ਠੀਕ ਨਹੀਂ ਰਹੀ ਉਧਰ ...ਉਹ ਕੋਈ ਦੇਸ਼ ਆ ਪੁੱਤ ...ਦੋਹੇਂ ਮੁੰਡੇ ਤਾਂ ਮੇਰੇ ਕੋਲ ਕਦੇ ਬੈਠੇ ਹੀ ਨ੍ਹੀਂ ਰਮਾਨ ਨਾਲ ...ਅਖੇ ਬੇਬੇ ਕੰਮ 'ਤੇ ਜਾ ਆਈਏ। ਆਪਣਾ ਸ਼ਿੰਦਰ ...ਜਿਹਦੇ ਮੂੰਹ 'ਚ ਕਦੇ ਮੈਂ ਆਪ ਬੁਰਕੀਆਂ ਪਾਉਂਦੀ ਹੁੰਦੀ ਸਾਂ ...ਉਹ ਰਸੋਈ 'ਚ ਭਾਂਡੇ ਮਾਂਜਦਾ ਦੇਖਿਆ। ਮੈਂ ਰੋਈ ਜਾਵਾਂ ਤੇ ਉਹ ਹੱਸੀ ਜਾਵੇ। ਹੁਣ ਮੈਂ ਅਇੱਥੇ ਆ ਕੇ ਸੁਖ ਦਾ ਸਾਹ ਲਿਆ।"[7] ਮਨੁੱਖ ਪੈਸੇ ਦੀ ਦੌੜ ਵਿਚ ਜ਼ਿੰਦਗੀ ਦਾ ਸੁੱਖ ਆਰਾਮ ਖੋਹ ਬੈਠਦਾ ਹੈ। ਜ਼ਿੰਦਗੀ ਦਾ ਸਕੂਨ ਹਾਸਿਲ ਕਰਨ ਲਈ ਉਹ ਦੌੜ-ਭੱਜ ਕਰਦਾ ਹੈ, ਪਰੰਤੂ ਇਸ ਦੌੜ-ਭੱਜ 'ਚ ਉਹ ਆਪਣਾ ਸਮਾਂ ਤੇ ਸਕੂਨ ਦੋਹਾਂ ਨੂੰ ਗਵਾ ਬੈਠਦਾ ਹੈ। ਯਥਾਰਥ ਦੀਆਂ ਤਲਖ਼ ਹਕੀਕਤਾਂ ਜ਼ਿੰਦਗੀ ਦੀਆਂ ਵਿਸੰਗਤੀਆਂ ਨੂੰ ਜਨਮ ਦਿੰਦੀਆਂ ਹਨ ਤੇ ਬੰਦਾ ਚੂਰ ਚੂਰ ਹੋ ਜਾਂਦਾ ਹੈ। ਸੁਪਨਿਆਂ ਦਾ ਸਾਹਮਣਾ ਜਦੋਂ ਤਲਖ਼ ਹਕੀਕਤਾਂ ਨਾਲ ਹੁੰਦਾ ਹੈ ਤਾਂ ਉਹ ਤਿੜਕਦੇ ਹਨ। ਸੁਪਨਿਆਂ ਦਾ ਤਿੜਕਣ ਬੰਦੇ ਦੇ ਮਨ ਦੀ ਭਟਕਣਾ ਨੂੰ ਜਨਮ ਦਿੰਦਾ ਹੈ ਤੇ ਵਿਸੰਗਤੀਆਂ ਦਾ ਸਿਲਸਿਲਾ ਆਰੰਭ ਹੁੰਦਾ ਹੈ। ਸਤਿਕਾਰ ਕੌਰ ਨੂੰ ਅਮਰੀਕਾ ਦੀ ਨਾਗਰਿਕਤਾ ਮਿਲ ਜਾਂਦੀ ਹੈ, ਜਿਸ ਕਾਰਨ ਪੰਜਾਬ ਵਿਚ ਉਸਦੀ ਛੁੱਟੀ ਥੋੜ੍ਹੀ ਹੀ ਹੁੰਦੀ ਹੈ, ਪਰੰਤੂ ਵਾਪਸ ਜਾਣ ਦੇ ਤੌਖਲੇ ਵਿਚ ਉਹ ਵਾਪਸ ਜਾਣ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਵਿਦਾ ਹੋ ਜਾਂਦੀ ਹੈ।

'ਬਾਕੀ ਦਾ ਦਰਦ' ਕਹਾਣੀ ਸੰਗ੍ਰਹਿ ਮਨੁੱਖੀ ਜੀਵਨ ਦੀ ਵਾਸਤਵਿਕਤਾ ਨੂੰ ਚਿਤਰਦਾ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਰਿਸ਼ਤਿਆਂ ਦੀਆਂ ਤਾਣੀਆਂ ਨਾਲ ਜੁੜਿਆ ਹੁੰਦਾ ਹੈ। ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ ਅਤੇ ਕੁਝ ਸਮਾਜਕ। ਖ਼ੂਨ ਦੇ ਰਿਸ਼ਤਿਆਂ ਨੂੰ ਇਨਸਾਨ ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਨਿਭਾਉਂਦਾ ਹੈ। ਜੇਕਰ ਕਿਸੇ ਕਾਰਨ ਵੱਸ ਇਹ ਰਿਸ਼ਤੇ ਟੁੱਟਦੇ ਵੀ ਹਨ ਤਾਂ ਬੰਦਾ ਮਾਨਸਿਕ ਦੁੱਖ ਭੋਗਦਾ ਹੈ। ਜੀਵਨ ਦਾ ਯਥਾਰਥ ਅਤੇ ਰਿਸ਼ਤਿਆਂ ਦਾ ਸਵਾਰਥੀ ਪਨ ਬੰਦੇ ਨੂੰ ਮਾਨਸਿਕ ਗੁੰਝਲਾਂ ਵੱਲ ਧਕੇਲਦਾ ਹੈ। ਦਵਿੰਦਰ ਮੰਡ ਦੀਆਂ ਕਹਾਣੀਆਂ ਸਾਧਾਰਨ ਬੰਦੇ ਦੀ ਸਾਧਾਰਨਤਾ ਨੂੰ ਯਥਾਰਥਕ ਰੂਪ ਵਿਚ ਚਿਤਰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਪਰਵਾਸ ਦੀ ਸਮੱਸਿਆ, ਪਿੱਛੇ ਰਹਿ ਗਿਆਂ ਦਾ ਦੁਖਾਂਤ, ਜਾਤ-ਪਾਤੀ ਆਧਾਰਾਂ 'ਤੇ ਕੀਤੇ ਜਾਂਦੇ ਵਿਤਕਰੇ, ਰਿਸ਼ਤਿਆਂ ਦੀਆਂ ਦਰਾਰਾਂ, ਪੈਸੇ ਦੀ ਦੌੜ, ਰਿਸ਼ਤਿਆਂ ਦਾ ਸਵਾਰਥੀਪਨ ਆਦਿ ਸਮੱਸਿਆਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜੋ ਮਨੁੱਖ ਦੇ ਜੀਵਨ ਵਿਚਲੀਆਂ ਵਿਸੰਗਤੀਆਂ ਨੂੰ ਬਾਖ਼ੂਬੀ ਚਿਤਰਦੀਆਂ ਹਨ। ਮੰਡ ਦੀ ਕਹਾਣੀ ਜਿਥੇ ਵਿਸ਼ੇ ਪੱਖੋਂ ਵਿਸ਼ਾਲਤਾ ਦੀ ਧਾਰਨੀ ਹੈ, ਉਥੇ ਇਹਨਾਂ ਦਾ ਕਲਾਤਮਕ ਪੱਖ ਵੀ ਪ੍ਰੋੜ ਹੈ।(**ਸੰਪਰਕ- 98774-59403**)


**ਹਵਾਲੇ-**


1. ਦਵਿੰਦਰ ਮੰਡ, ਬਾਕੀ ਦਾ ਦਰਦ, ਕਵਰ ਪੇਜ਼ ਉੱਪਰ ਪ੍ਰਕਾਸ਼ਕ ਵੱਲੋਂ ਲਿਖੇ ਸ਼ਬਦ।
2. ਡਾ. ਸੁਤਿੰਦਰ ਸਿੰਘ ਨੂਰ, ਵਿਚਾਰਧਾਰਾ ਸਾਹਿਤ ਸਭਿਆਚਾਰ, ਪੰਨਾ 23
3. ਦਵਿੰਦਰ ਮੰਡ, ਬਾਕੀ ਦਾ ਦਰਦ, ਪੰਨਾ 25
4. ਉਹੀ, ਪੰਨਾ 26
5. ਡਾ. ਸੁਰਜੀਤ ਸਿੰਘ ਭੱਟੀ, ਵਾਦ ਚਿੰਤਨ, ਪੰਨਾ 76
6. ਦਵਿੰਦਰ ਮੰਡ, ਬਾਕੀ ਦਾ ਦਰਦ, ਪੰਨਾ 71
7. ਉਹੀ, ਪੰਨੇ 74,75

## ਮੇਰੇ ਸਟੱਡੀ ਟੇਬਲ / - ਭਗਵੰਤ ਰਸੂਲਪੁਰੀ


ਮੇਰੇ ਸਟੱਡੀ ਟੇਬਲ 'ਤੇ ਅਨੇਕ ਕਿਤਾਬਾਂ ਅਤੇ ਮੈਗਜ਼ੀਨ ਆ ਟਿਕਦੇ ਹਨ। ਕਈ ਕਿਤਾਬਾਂ ਬਾਰੇ ਵਿਸਥਾਰ ਨਾਲ ਲਿਖਣਾ ਚਾਹੁੰਦਾ ਹੁੰਦਾ ਹਾਂ ਜਿਸ ਕਾਰਨ ਉਹ ਇਕ ਪਾਸੇ ਧਰੀਆ ਪਈਆਂ ਰਹਿੰਦੀਆਂ ਨੇ। ਸਾਲ-ਸਾਲ ਲੰਘ ਜਾਂਦੇ ਨੇ। ਐਨੇ ਨੂੰ ਹੋਰ ਜ਼ਿਕਰਯੋਗ ਕਿਤਾਬਾਂ ਛਪ ਜਾਂਦੀਆਂ ਨੇ ਤੇ ਚੰਗੀਆਂ ਫਿਰ ਮੇਰੇ ਵੱਲ ਝਾਕਦੀਆਂ ਰਹਿੰਦੀਆਂ ਨੇ। ਕਈ ਕਿਤਾਬਾਂ ਦੇ ਲੇਖਕ 'ਕਹਾਣੀ ਧਾਰਾ' ਵੱਲ ਵੇਖਦੇ ਰਹਿੰਦੇ ਨੇ। ਕਈ ਕਿਤਾਬਾਂ ਸਾਡੇ ਆਲੋਚਕ ਨੱਪ ਲੈਂਦੇ ਨੇ... ਨਾ ਲਿਖਦੇ ਨੇ ਨਾ ਸਾਨੂੰ ਲਿਖਣ ਦਿੰਦੇ ਨੇ... ਬਸ ਲਟਕਾਈ ਜਾਂਦੇ ਨੇ ਭੇਜਦਾ ਹਾਂ... ਬਿਜੀ ਸੀ... ਬਸ ਅਗਲੀ ਵਾਰੀ... ਖ਼ੈਰ ਹੁਣ ਸੋਚਦਾ ਹਾਂ ਕਿ ਇਸ ਵਾਰ ਮੈਂ ਆਪਣੇ ਕਾਲਮ ਵਿਚ ਉਨ੍ਹਾਂ ਕਿਤਾਬਾਂ ਦਾ ਜ਼ਿਕਰ ਕਰ ਹੀ ਦਿਆਂ...

### ਪੰਜਾਬੀ ਕਥਾ ਵਿਸ਼ਵ: ਮਰਾਠੀ ਪਾਠਕਾਂ ਤੱਕ ਪਹੁੰਚੀ ਪੰਜਾਬੀ ਕਹਾਣੀ




ਇਹ ਕਿਤਾਬ ਪਿਛਲੇ ਦਿਨੀਂ ਮੇਰੇ ਟੇਬਲ 'ਤੇ ਅਚਾਨਿਕ ਪਹੁੰਚ ਗਈ। ਇਸ ਕਿਤਾਬ ਦਾ ਮੈਨੂੰ ਪਹਿਲਾਂ ਕੋਈ ਇਲਮ ਨਹੀਂ ਸੀ। ਕਿਤਾਬ ਵੇਖ ਕੇ ਬੜੀ ਹੈਰਾਨੀ ਹੋਈ ਕਿ ਕਿਵੇਂ ਆਪਣੀ ਮਸਤੀ 'ਚ ਅਨੁਵਾਦਕ ਆਪਣਾ ਕੰਮ ਬਿਨਾ ਸ਼ੋਰ ਕੀਤਿਆਂ ਕਰੀ ਜਾਂਦੇ ਨੇ। ਇਸ ਕਿਤਾਬ ਦਾ ਅਨੁਵਾਦਕ 82 ਸਾਲ ਦਾ ਬਜ਼ੁਰਗ ਭਗਵੰਤ ਛੀਰਸਾਗਰ ਏ। ਇਨ੍ਹਾਂ ਕਹਾਣੀਆਂ ਦੀ ਚੋਣ ਬੜੀ ਦਿਲਚਸਪ ਏ। ਉਸ ਕੋਲ ਪੰਜਾਬੀ ਕਹਾਣੀਆਂ ਦੇ ਹਿੰਦੀ ਭਾਸ਼ਾ ਵਿਚ ਅਨੁਵਾਦ ਹੋ ਕੇ ਕੁਝ ਹਿੰਦੀ ਪਰਚੇ 'ਸਮਕਲੀਨ ਭਾਰਤੀ ਸਾਹਿਤ', 'ਕਥਾ ਦੇਸ਼' ਤੇ 'ਵਰਤਮਾਨ ਸਾਹਿਤ' ਵਰਗੇ ਪਰਚੇ ਪਹੁੰਚੇ। ਉਸ ਨੇ ਉਨ੍ਹਾਂ ਵਿੱਚੋਂ ਆਪਣੀ ਪਸੰਦ ਦੀਆਂ ਕਹਾਣੀਆਂ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਮਰਾਠੀ ਭਾਸ਼ਾ ਵਿਚ ਅਨੁਵਾਦ ਕਰ ਦਿੱਤਾ। ਹਿੰਦੀ ਭਾਸ਼ਾ ਨੇ ਇਕ ਪੁਲ਼ ਦਾ ਕੰਮ ਕੀਤਾ ਏ। ਇਹ ਵੀ ਨਹੀਂ ਵੇਖਿਆ ਕਿ ਇਹ ਲੇਖਕ ਮੈਨੂੰ ਕੀ ਲਾਭ ਦੇ ਸਕਦਾ ਏ। ਉਸ ਨੇ 26 ਕਹਾਣੀਆਂ ਦੀ ਚੋਣ ਕੀਤੀ ਤੇ 248 ਪੰਨਿਆਂ ਦੀ ਖ਼ੂਬਸੂਰਤ ਕਿਤਾਬ ਛਪਵਾ ਦਿੱਤੀ। ਇਸ ਕਿਤਾਬ ਦਾ ਅਨੁਵਾਦਕ, ਸੰਪਾਦਕ ਤੇ ਚੋਣਕਾਰ ਉਹ ਏ ਤੇ ਉਸ ਨੇ ਕਿਤਾਬ ਦੇ ਮੁੱਢ 'ਚ ਪੰਜਾਬੀ ਕਹਾਣੀ ਬਾਰੇ ਲੰਮੀ ਭੂਮਿਕਾ ਲਿਖੀ ਏ। ਜਿਸ ਵਿਚ ਉਸ ਨੇ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਕੀਤੀ ਏ। ਉਸ ਨੂੰ ਇਹ ਵੀ ਇਲਮ ਨਹੀਂ ਸੀ ਕਿ 26 ਕਹਾਣੀਕਾਰਾਂ ਵਿੱਚੋਂ 16 ਕਹਾਣੀਕਾਰ ਇਸ ਦੁਨੀਆਂ ਵਿਚ ਨਹੀਂ ਹਨ। ਉਸ ਨੇ ਸਭ ਨੂੰ ਕਿਤਾਬਾਂ ਭੇਜ ਦਿੱਤੀਆਂ ਤੇ ਉਹਦੇ ਕਹਿਣ ਅਨੁਸਾਰ 20 ਕਿਤਾਬਾਂ ਵਾਪਸ ਆ ਗਈਆਂ। ਕਿਉਂਕਿ ਉਸ ਕੋਲ ਐਡਰਸ ਵੀ ਪੁਰਾਣੇ ਜਾਂ ਗਲਤ ਸਨ। ਮਰਾਠੀ ਭਾਸ਼ਾ ਵਿੱਚ ਪਹੁੰਚੇ ਕਹਾਣੀਕਾਰ ਹਨ-ਗੁਰਬਖ਼ਸ ਸਿੰਘ, ਨਾਨਕ ਸਿੰਘ, ਸੁਜਾਨ ਸਿੰਘ, ਨੌਰੰਗ ਸਿੰਘ, ਦੁੱਗਲ, ਅੰਮ੍ਰਿਤਾ, ਵਿਰਕ, ਮਹਿੰਦਰ ਸਿੰਘ ਸਰਨਾ, ਨਵਤੇਜ ਸਿੰਘ, ਅਜੀਤ ਕੌਰ, ਗੁਰਬਚਨ ਸਿੰਘ ਭੁੱਲਰ, ਐਸ. ਬਲਵੰਤ, ਨਛੱਤਰ, ਸੰਤੋਖ ਸਿੰਘ, ਹਰਜੀਤ ਅਟਵਾਲ, ਦਰਸ਼ਨ ਮਿੱਤਵਾ, ਵੀਨਾ ਵਰਮਾ, ਭਗਵੰਤ ਰਸੂਲਪੁਰੀ, ਇਲਿਆਸ ਘੁੰਮਣ, ਜਗਰੂਪ ਦਾਤੇਵਾਸ, ਮਨਮੋਹਨ ਬਾਵਾ, ਰਸ਼ਪਿੰਦਰ ਰਸ਼ਿਮ ਤੇ ਗੁਲਜਾਰ ਮਹੁੰਮਦ ਗੌਰੀਆ। ਬਿਨਾ ਸ਼ੋਰ ਤੋਂ ਕੀਤੇ ਅਜਿਹੇ ਕਾਰਜ ਤਰੀਫ਼ ਕਰਨਯੋਗ ਨੇ।

## ਗ਼ੁਲਾਮੀ ਦੀ ਦਾਸਤਾਨ: ਗ਼ੁਲਾਮ ਸਿਆਹਫਾਮ ਦੀ ਗਾਥਾ




ਐਫਰੋ-ਅਮਰੀਕਨ ਸਾਹਿਤ ਪੂਰੇ ਵਿਸ਼ਵ ਵਿਚ ਆਪਣਾ ਵੱਖਰਾ ਮੁਹਾਂਦਰਾ ਰੱਖਦਾ ਏ। ਪੰਜਾਬੀ 'ਚ ਇਸ ਸਾਹਿਤ ਨੂੰ 'ਨੀਗਰੋ ਸਾਹਿਤ' ਜਾਂ 'ਕਾਲਾ ਸਾਹਿਤ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਏ।ਪਰ ਪਰਮਜੀਤ ਢੀਂਗਰਾ ਨੇ ਇਸ ਸਾਹਿਤ ਨੂੰ 'ਸਿਆਹਫਾਮ' ਦਾ ਨਾਂ ਦਿੱਤਾ ਏ।ਪਰਮਜੀਤ ਢੀਂਗਰਾ ਹੁਰਾਂ ਨੇ ਇਸ ਸਿਆਹਫਾਮ ਸਮਾਜ ਦੇ ਕੁਝ ਨਾਵਲ ਤੇ ਸਵੈ ਜੀਵਨੀਆਂ ਪੜ੍ਹ ਕੇ ਉਨ੍ਹਾਂ ਨੂੰ ਇਸ ਪੁਸਤਕ ਵਿਚ ਸੰਖੇਪ ਕਰਕੇ ਲਿਖਿਆ ਏ। ਇਹ ਇਸ ਲਈ ਮਹੱਤਵਪੂਰਨ ਕਿਤਾਬਾਂ ਏ ਕਿਉਂਕਿ ਇਨ੍ਹਾਂ 'ਚ ਸਿਆਹਫਾਮ ਲੋਕਾਂ ਦੇ ਕਰੂਰ ਯਥਾਰਥ ਨੂੰ ਪੇਸ਼ ਕੀਤਾ ਗਿਆ ਏ। ਢੀਂਗਰਾਂ ਹੁਰਾਂ ਐਨੀ ਰੌਚਿਕਤਾ ਨਾਲ ਸੰਖੇਪ ਕੀਤਾ ਏ ਕਿ ਤੁਹਾਨੂੰ ਨਿੱਕੀ ਹੁਨਰੀ ਕਹਾਣੀ ਵਰਗਾ ਲੁਤਫ਼ ਆਉਂਦਾ ਏ। ਕਿਤਾਬਾਂ ਦਾ ਕ੍ਰਿਟੀਕ ਪੇਸ਼ ਕਰਦਿਆਂ ਹਰ ਲੇਖ ਦੇ ਮੁੱਢ 'ਚ ਲੇਖਕ ਮੁੱਢਲੀ ਜਾਣਕਾਰੀ ਤੇ ਕਿਤਾਬ ਦਾ ਭਾਵ-ਤੱਤ ਵੀ ਪੇਸ਼ ਕੀਤਾ ਏ। ਕਿਤਾਬ ਲਿਖਣ ਦੀ ਉਹਦੀ ਸ਼ੈਲੀ ਆਲੋਚਨਾ ਵਾਲੀ ਨਹੀਂ ਬਲਕਿ ਸਿਰਜਣਾ ਵਾਲੀ ਏ। ਲੇਖਕ ਉਨ੍ਹਾਂ ਗੁਲਾਮ ਲੋਕਾਂ ਦੇ ਦ੍ਰਿਸ਼ ਸਿਰਜਦਾ ਏ ਜਿਨ੍ਹਾਂ ਨੇ ਲੂੰ-ਕੰਡੇ ਖੜੇ ਕਰਨ ਵਾਲਾ ਸਫ਼ਰ ਸ਼ੁਰੂ ਕੀਤਾ ਏ। ਕਾਲੇ ਲੋਕਾਂ ਨੂੰ ਜਿਣਸ ਵਾਂਗ ਵੇਚਿਆ ਤੇ ਖਰੀਦਿਆਂ ਜਾਂਦਾ ਏ। ਗ਼ੁਲਾਮੀ ਦੀ ਦਾਸਤਾ ਪੀੜ੍ਹੀ ਦਰ ਪੀੜ੍ਹੀ ਚੱਲਦੀ ਏ। ਮਾਂਵਾਂ ਤੋਂ ਬੱਚੇ ਖੋਹ ਕੇ ਵੇਚੇ ਜਾਂਦੇ ਨੇ। ਪਤਨੀ ਕੋਲੋਂ ਉਹਦਾ ਪਤੀ ਦੂਰ ਕਰ ਦਿੱਤਾ ਜਾਂਦਾ ਏ। ਭੈਣ-ਭਰਾਵਾਂ ਵਿਚ ਮਾਲਕ ਆਪਣੇ ਸਵਾਰਥ ਲਈ ਪਾੜ ਪਾ ਦਿੰਦੇ ਨੇ। ਇਹ ਪਾਤਰ ਆਜ਼ਾਦ ਹੋਣ ਲਈ ਤਰਲੇ ਕਰਦੇ ਨੇ, ਛਟਪਟਾਂਦੇ ਨੇ ਪਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਗੁਲਾਮੀ ਦੇ ਏਸ ਸਫ਼ਰ 'ਚ ਸਿਆਹਫਾਮ ਨਾਰੀ ਵੱਧ ਸਫ਼ਰ ਕਰਦੀ ਏ। ਗੋਰੇ ਮਾਲਕ ਉਨ੍ਹਾਂ ਦੀ ਲੁੱਟ ਆਰਥਿਕ ਹੀ ਨਹੀਂ ਕਰਦੇ ਬਲਕਿ ਦੈਹਿਕ ਵੀ ਕਰਦੇ ਨੇ। ਉਨ੍ਹਾਂ ਨਾਲ ਵਿਆਹ ਬਾਹਰੇ ਸੰਬੰਧ ਬਣਾ ਕੇ ਬੱਚੇ ਪੈਦਾ ਕਰਦੇ ਨੇ ਤੇ ਫਿਰ ਉਨ੍ਹਾਂ ਨੂੰ ਵੇਚਦੇ ਨੇ। ਵੱਖ ਵੱਖ ਕਿਤਾਬਾਂ ਬਾਰੇ ਲਿਖਦਿਆਂ ਢੀਂਗਰਾ ਇਨ੍ਹਾਂ ਕਿਤਾਬਾਂ ਦੇ ਰੀਵਿਊ ਨਹੀਂ ਲਿਖਦਾ। ਉਹ ਆਪਣੀ ਸ਼ੈਲੀ 'ਚ ਬਿਰਤਾਂਤ ਸਿਰਜਦਾ ਏ। ਨਾਵਲ ਤੇ ਸਵੈ ਜੀਵਨੀਆਂ ਲਿਖਣ ਵਾਲੇ ਸਾਰੇ ਸਿਆਹਫਾਮ ਨੇ। ਸਾਰੇ ਅਨੁਭਵ ਉਨ੍ਹਾਂ ਨੇ ਆਪਣੇ ਤਨ 'ਤੇ ਹੰਢਾਏ ਨੇ।

ਭੂਮਿਕਾ ਵਜੋਂ ਸਿਆਹਫਾਮ ਐਲਿਸ ਦਾ ਜੀਵਨ ਬਿਰਤਾਂਤ ਲਿਖਿਆ ਏ। ਇਹ ਐਲਿਸ ਗ਼ੁਲਾਮ ਸਿਆਹਫਾਮ ਲੋਕਾਂ ਦੀ ਮੌਖਿਕ ਇਤਿਹਾਸਕਾਰ ਵਜੋਂ ਜਾਣੀ ਗਈ ਏ। ਸਿਆਹਫਾਮ ਸਾਹਿਤ ਦੇ ਨੈਰੇਟਿਵਸ ਵਜੋਂ ਜਾਣੀ ਗਈ ਏ। ਅਮਰੀਕੀ ਇਤਿਹਾਸ ਦੀ ਪੁਸਤਕ 'ਐਕਸੈਂਲਿਕ ਬਾਇਓ ਗ੍ਰਾਫੀ' 'ਚ ਉਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਏ। ਇਕ ਬਿਰਤਾਂਤ ਨਾਵਲ 'ਕਲੋਟੇਲ' ਬਾਰੇ ਏ। ਲੇਖਕ ਉਸ ਨੂੰ ਅਜ਼ਾਦੀ ਲਈ ਤੜਫਦੀ ਰੂਹ ਦਾ ਲਕਬ ਦਿੰਦਾ ਏ। ਨਾਵਲ ਦਾ ਪਾਤਰ ਗ਼ੁਲਾਮ ਵਿਲੀਅਮ ਏ। ਕਿਵੇਂ ਉਹ ਗੁਲਾਮਾਂ ਵਿੱਚੋਂ ਭੱਜ ਕੇ ਇਕ ਲੇਖਕ ਬਣਦਾ ਏ। ਬਾਅਦ 'ਚ ਉਹ ਨਾਵਲ ਤੇ ਸਵੈ ਜੀਵਨੀ ਲਿਖਦਾ ਏ। ਐਂਟੀ ਸਲੇਵਰੀ ਦਾ ਉਹਦਾ ਕਾਰਜ ਇਤਿਹਾਸਕ ਨੇ। 'ਅੰਕਲ ਟਾਮ 'ਜ਼ ਕੈਬਿਨ' ਹੈਰੀਅਟ ਬੀਚਰ ਦਾ ਪ੍ਰਸਿੱਧ ਨਾਵਲ ਏ। ਜਿਸ ਨੂੰ ਢੀਂਗਰਾ ਨੇ ਸੰਪੂਰਨ ਕਹਾਣੀ ਨਾਲ ਸੰਖੇਪ ਕੀਤਾ ਏ। ਇਸ ਬਿਰਤਾਂਤ 'ਚ ਉਹ ਸਿਆਹਫਾਮ ਲੋਕਾਂ 'ਤੇ ਹੁੰਦੇ ਜ਼ੁਲਮ ਦਾ ਜ਼ਿਕਰ ਕਰਦਾ ਏ। ਇਹ ਕਹਾਣੀ ਉਥੋਂ ਦੇ ਕਿਸੇ ਅਖ਼ਬਾਰ ਵਿਚ


ਕਈ ਪੰਨਿਆ 'ਚ ਛਪਦੀ ਏ। ਕਿਵੇਂ ਗੋਰੇ ਵਪਾਰੀ ਤੇ ਮਾਲਕ ਵਿਚਕਾਰ ਕਾਲੇ ਗ਼ੁਲਾਮ ਨੂੰ ਵੇਚਣ-ਖਰੀਦਣ ਬਾਰੇ ਗੱਲ ਚੱਲਦੀ ਏ। ਲੇਖਕ ਨੇ ਕਾਲੇ ਲੋਕਾਂ ਦੀ ਮਨੋਚੇਤਨਾ ਦਾ ਬੜੀ ਕੁਸ਼ਲਤਾ ਨਾਲ ਜ਼ਿਕਰ ਕੀਤਾ ਏ। ਗ਼ੁਲਾਮ ਐਲਾਈਜ਼ਾ ਜਿਹੜੀ ਜੌਰਜ ਦੀ ਪਤਨੀ ਏ ਪਰ ਉਹ ਵੱਖ ਵੱਖ ਰਹਿੰਦੇ ਨੇ ਚੋਰੀ ਮਿਲਦੇ ਨੇ ਤੇ ਜੌਰਜ ਗ਼ੁਲਾਮੀ ਤੋਂ ਭੱਜਣਾ ਚਾਹੁੰਦਾ ਏ। ਇਕ ਮਾਂ ਦਾ ਦਰਦ ਏ ਜਿਹੜੀ ਆਪਣੇ ਨਿੱਕੇ ਬੱਚੇ ਨੂੰ ਬਚਾਉਣ ਲਈ ਮਾਲਕ ਕੋਲੋਂ ਭੱਜ ਤੁਰਦੀ ਏ। ਇਹ ਪਾਤਰ ਆਜ਼ਾਦੀ ਲਈ ਸੰਘਰਸ਼ ਕਰਦੇ ਨੇ। ਉਨ੍ਹਾਂ ਦੀ ਮੁਕਤੀ ਵਿਦਰੋਹ ਤੇ ਨਾਬਰੀ 'ਚ ਲੁਕੀ ਹੋਈ ਏ। ਇਕ ਪਾਸੇ ਮਾਂ ਦੀ ਮਮਤਾ ਏ ਤੇ ਦੂਜੇ ਪਾਸੇ ਮਾਲਕ ਦੀ ਦਿਨੋਂ ਦਿਨ ਪਤਲੀ ਹੋ ਰਹੀ ਆਰਥਿਕਤਾ, ਜਿਸ ਕਰਕੇ ਉਹ ਮਾਂ ਤੇ ਬੱਚੇ ਨੂੰ ਵੇਖ ਕੇ ਚੰਗੇ ਪੈਸੇ ਕਮਾਉਣਾ ਚਾਹੁੰਦਾ ਏ। ਢੀਂਗਦਾ ਦੀ ਇਹੀ ਕੁਸ਼ਲਤਾ ਏ ਕਿ ਉਹਨੇ ਪੂਰੇ ਨਾਵਲ ਨੂੰ ਕੰਪੈਕਟ ਕਰਕੇ 15 ਪੰਨਿਆ 'ਚ ਪੇਸ਼ ਕੀਤਾ ਪਰ ਉਹਦੇ 'ਚ ਰੌਚਿਕਤਾ ਮਰਨ ਨਹੀਂ ਦਿੱਤੀ।

ਨਿਗੂਗੀ ਵਾ ਥਿਓਂਗੋ ਦੇ ਨਾਵਲ 'ਕਾਂ ਦਾ ਜਾਦੂਗਰ' ਵੱਖਰੀ ਭਾਂਤ ਦੇ ਨਾਵਲ ਦਾ ਸੰਖੇਪ ਏ। ਲੇਖਕਾਂ ਕੀਨੀਆ ਦਾ ਜੰਮਪਾਲ ਏ। ਨਾਵਲ 'ਚ ਉਹ ਸੱਤਾ ਤੇ ਬੈਠੇ ਸਾਸ਼ਕ 'ਤੇ ਤਿੱਖੇ ਵਿਅੰਗ ਕਰਦਾ ਏ। ਨਾਵਲਕਾਰ ਬਿਰਤਾਂਤ ਘੜਨ ਲਈ ਇਕ ਕਲਪਿਤ ਦੇਸ਼ 'ਆਬੂਰੀਰਿਆ' ਸਿਰਜ ਲੈਂਦਾ ਏ। ਰਾਜੇ ਨਾਲ ਸਬੰਧਤ ਵੱਖ ਵੱਖ ਕਿੱਸੇ ਬਿਰਤਾਂਤ ਨੂੰ ਅੱਗੇ ਤੋਰਦੇ ਨੇ। 'ਕਿੱਸੇ' ਦੀ ਵਿਧੀ ਨਾਲ ਉਹ ਰਾਜੇ ਦੇ ਜ਼ੁਲਮਾਂ ਦੀ ਦਾਸਤਾ ਕਹਿੰਦਾ ਏ। ਨਾਵਲ 'ਚ ਤਾਨਾਸ਼ਾਹ ਰਾਜਾ ਏ ਜਿਹੜਾ ਬਾਲੜੀਆਂ ਦਾ ਸ਼ੋਸ਼ਣ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਮਰਿਆਮਾ ਬਾ ਮੁਸਲਿਮ ਪਰਿਵਾਰ 'ਚ ਜਨਮੀ ਤੇ ਵਿਚਰੀ ਲੇਖਕਾ ਏ। ਨਾਰੀ ਦੀ ਵੇਦਨਾ ਨੂੰ ਉਸ ਨੇ ਆਪਣੇ ਨਾਵਲ 'ਸੋ ਲਾਂਗ ਏ ਲੈਟਰ' 'ਚ ਪ੍ਰਮੁੱਖਤਾ ਨਾਲ ਉਭਾਰਿਆ ਏ। ਨਾਵਲ ਦੀ ਵਿਧਾ ਡਾਇਰੀ ਏ ਜੋ ਇਕ ਵਿਧਵਾ ਲਿਖਦੀ ਏ। ਜਦੋਂ ਉਹਦਾ ਪਤੀ ਮੋਦੂ ਮਰ ਜਾਂਦਾ ਏ ਤਾਂ ਨਾਵਲ ਦਾ ਬਿਰਤਾਂਤ ਸ਼ੁਰੂ ਹੁੰਦੇ ਏ। ਕਹਾਣੀ ਸੁਣਾਉਣ ਵਾਲੀ ਬਿਰਤਾਂਤਕਾਰ ਪੜ੍ਹੀ ਲਿਖੀ ਅਧਿਆਪਕ ਏ ਤੇ ਆਪਣੇ ਟਰੇਡ ਯੂਨੀਅਨ ਨੇਤਾ ਦੇ 12 ਬੱਚਿਆ ਦੀ ਮਾਂ ਏ। ਨਾਵਲ ਸੈਨੇਗਲ ਦੇਸ਼ 'ਚ ਫੈਲੀ ਬਹੁ-ਪਤਨੀ ਪ੍ਰਥਾ ਦੁਆਲੇ ਘੁੰਮਦਾ ਏ। 'ਇਕ ਗ਼ੁਲਾਮ ਕੁੜੀ ਦਾ ਜ਼ਿੰਦਗੀਨਾਮਾ' ਸੌ ਵਰ੍ਹਿਆ ਬਾਅਦ ਛਪੀ, ਜਦੋਂ ਉਸ ਤੇ ਲਿਖਿਆ ਪੜ੍ਹਿਆ ਗਿਆ ਕਿ 'ਰਿਟਨ ਬਾਏ ਹਰਸੈਲਫ' ਦਾ ਕੋਈ ਵੀ ਪਾਠਕ ਯਕੀਨ ਨਹੀਂ ਸੀ ਕਰਦਾ ਕਿ ਇਹ ਕਿਸੇ ਗ਼ੁਲਾਮ ਵੱਲੋਂ ਲਿਖੀ ਗਈ ਏ। ਭਲਾ ਗ਼ੁਲਾਮ ਕਿਵੇਂ ਆਪਣੀ ਹੱਡਬੀਤੀ ਲਿਖ ਸਕਦਾ ਏ। ਉਹਨੂੰ ਤਾਂ ਪੜ੍ਹਨ ਦਾ ਕੋਈ ਅਧਿਕਾਰ ਹੀ ਨਹੀਂ। ਸਵੈ ਕਥਨ ਵਿਚ ਉਸ ਔਰਤ ਦਾ ਬਿਰਤਾਂਤ ਏ ਜਿਹੜੀ ਸਾਰੀ ਉਮਰ ਆਪਣੇ ਅਸਤਿਤਵ ਲਈ ਸੰਘਰਸ਼ ਕਰਦੀ ਰਹੀ। ਆਪਣੀ ਪਵਿੱਤਰ ਦੇਹ ਨੂੰ ਆਪਣੇ ਮਾਲਕ ਤੋਂ ਬਚਾਉਂਦੀ ਰਹੀ। ਇਹ ਬਿਰਤਾਂਤ ਲਿੰਡਾ ਤੇ ਉਸ ਦੀ ਨਾਨੀ ਦਾ ਏ। ਸਵੈ ਕਥਨ ਵਿਚ ਉਹ ਦੱਸਦੀ ਏ ਕਿ ਉਸ ਦਾ ਮਾਲਕ ਡਾ. ਫਲਿੰਟ ਉਸ ਨਾਲ ਸੰਬੰਧ ਬਣਾਉਣ ਲਈ ਬਹੁਤ ਦਬਾਅ ਬਣਾਉਂਦਾ ਏ। ਪਰ ਉਹ ਆਪਣੀ ਸੂਝ ਨਾਲ ਬਚਦੀ ਰਹਿੰਦੀ ਏ। ਅੰਤ ਉੱਥੋਂ ਨੱਠ ਤੁਰਦੀ ਏ। ਫਿਰ ਉੱਥੇ ਹੀ ਵਾਪਸ ਆ ਕੇ ਇਕ ਨਿੱਕੀ ਕੋਠੜੀ ਵਿਚ ਪੰਜ ਸਾਲ ਗੁਜਾਰ ਦਿੰਦੀ ਏ। ਮਾਲਕ ਉਹਨੂੰ ਬਾਹਰ ਲੱਭਦਾ ਏ। ਜਿਸ ਕੋਠੜੀ 'ਚ ਨਾ ਸਿੱਧਾ ਹੋਇਆ ਜਾ ਸਕਦਾ ਸੀ ਤੇ ਨਾ ਲੰਮਾ ਪਿਆ ਜਾ ਸਕਦਾ ਸੀ। ਇਹ ਸਮਾਂ ਪਾਗਲ ਹੋਣ ਤੇ ਮਰਨ ਵਾਲਾ ਸੀ ਪਰ ਉਹ ਬਚ ਕੇ ਨਿਕਲ ਆਉਂਦੀ ਏ। ਆਪਣੀ ਦ੍ਰਿੜ ਇੱਛਾ ਸ਼ਕਤੀ ਨਾਲ ਉਹ ਆਜ਼ਾਦ ਹੁੰਦੀ ਏ ਤੇ ਆਜ਼ਾਦ ਹੋ ਕੇ ਆਪਣਾ ਸਵੈ ਕਥਨ ਲਿਖਦੀ ਏ।

'ਬਚਪਨ ਦੇ ਮੱਥੇ 'ਤੇ ਉਕਰੀ ਉਦਾਸ ਇਬਾਰਤ' ਨਾਂ ਦੇ ਚੈਪਟਰ ਦੀ ਰਚਨਾਕਾਰ ਮਾਇਆ ਏਂਜਲੂ ਏ। ਇਹ ਵੀ ਸਿਆਹਫਾਮ ਗ਼ੁਲਾਮ ਲੋਕਾਂ ਵਿੱਚੋਂ ਨਿਕਲੀ ਅਜਿਹੀ ਔਰਤ ਏ ਜਿਸ ਨੇ ਆਪਣੇ ਹਠ ਨਾਲ ਆਜ਼ਾਦੀ ਪ੍ਰਾਪਤ ਕੀਤੀ ਅਤੇ ਆਪਣੇ ਅਨੁਭਾਵਾਂ ਨੂੰ ਇਸ ਸਵੈ ਜੀਵਨੀ ਵਿਚ ਪੇਸ਼ ਕੀਤਾ। ਉਸ ਨੂੰ

ਪੜ੍ਹਦਿਆਂ ਪਾਠਕਾਂ ਵਿਚ ਤਰਥੱਲੀ ਮਚ ਗਈ। ਇਸ ਅੱਠ ਵਰ੍ਹਿਆਂ ਦੀ ਬਾਲੜੀ ਨਾਲ ਰੇਪ ਹੁੰਦਾ ਏ। ਉਹਨੇ ਆਪਣੀ ਜ਼ਿੰਦਗੀ ਦੇ ਅਨੇਕਾਂ ਪੜ੍ਹਾ ਪਾਰ ਕੀਤੇ। ਉਸਨੇ ਕਾਲ-ਗਰਲ, ਬੱਸ ਕੰਡਕਟਰ, ਡਾਂਸਰ, ਮੈਡਮ ਦੇ ਸਫ਼ਰ ਵਿੱਚੋਂ ਲੰਘਦਿਆਂ ਇਸ ਲੇਖਕਾਂ, ਯੂਨੀਵਰਸਿਟੀ ਪੱਧਰ ਤੇ ਅਧਿਆਪਕਾ, ਦੇਸ਼ਾਂ ਵਿਦੇਸ਼ਾਂ ’ਚ ਅਮਰੀਕਾਂ ਦੀ ਪ੍ਰਤੀਨਿਧਤਾ, ਅਖਬਾਰਾਂ ਰਸਾਲਿਆਂ ਦੀ ਸੰਪਾਦਨਾ ਸਮੇਤ ਕਈ ਪੜ੍ਹਾ ਪਾਰ ਕੀਤੇ। ਆਪਣੇ ਬਿਰਤਾਂਤ ਵਿਚ ਉਹ ਇਕ ਤਲਾਕਸ਼ੁਦਾ ਔਰਤ ਦਾ ਬੱਚਾ ਹੋਣ ਦਾ ਦਰਦ, ਉਹਦੇ ਕਾਲੇ ਹੋਣ ਦਾ ਦਰਦ, ਗਰੀਬੀ, ਹਿੰਸਾ, ਵਿਤਕਰੇ ਦਾ ਵਰਨਣ ਕੀਤਾ ਏ। ਇਕ ਹੋਰ ਮਰਦ ਨਾਲ ਲਿਵ ਇਨ ਰਿਲੇਸ਼ਨ ਵਿਚ ਰਹਿ ਰਹੀ ਉਸ ਦੀ ਮਾਂ ਦਾ ਵਰਤਾਓ ਉਹਨੇ ਦਰਦਨਾਕ ਸਥਿਤੀ ਨਾਲ ਸਹਿਨ ਕੀਤਾ। ਇਥੇ ਹੀ ਉਹਦਾ ਕਿਵੇਂ ਬਚਪਨ ਤਬਾਹ ਹੁੰਦਾ ਏ ਇਹ ਸਾਰੇ ਪ੍ਰਸੰਗ ਉਹ ਆਪਣੀ ਸਵੈ ਜੀਵਨੀ ਵਿਚ ਪੇਸ਼ ਕਰਦੀ ਏ। ਅਗਾਂਹ ਢੀਂਗਰਾ ਨੇ ‘ਮੈਟੀ ਜੇਨ ਜੈਕਸਨ ਦੀ ਗ਼ੁਲਾਮ ਗਾਥਾ’ ਵੀ ਕੁਸ਼ਲਤਾ ਨਾਲ ਪੇਸ਼ ਕੀਤੀ ਏ। ਮੈਟੀ ਸਿਆਹਫਾਮ ਸਾਹਿਤ ਲਿਖਣ ਵਾਲੀ ਉੱਘੀ ਲੇਖਿਕਾ ਏ। ਉਸ ਨੇ ਗ਼ੁਲਾਮੀ ਦਾ ਅਨੁਭਵ ਆਪਣੇ ਪਿੰਡੇ ’ਤੇ ਹੰਢਾਇਆ ਏ। ਉਸ ਵੱਲੋਂ ਗੁਲਾਮੀ ਦੇ ਸਮੇਂ ਦੌਰਾਨ ਭੋਗਿਆ ਸੰਤਾਪ, ਉਸਦੇ ਪਰਿਵਾਰ ਦੀ ਸਥਿਤੀ, ਘਰੇਲੂ ਯੁੱਧ ਦੇ ਪ੍ਰਸੰਗ, ਗ਼ੁਲਾਮੀ ਸਮੇਂ ਕਿਵੇਂ ਉਹ ਭੱਜੀ ਵਰਗੇ ਵੇਰਵੇ ਪੜ੍ਹਦਿਆਂ ਮਨ ਵਿਚਲਿਤ ਹੁੰਦਾ ਏ। ਉਹਨੂੰ ਧੋਖੇ ਨਾਲ ਅਫਰੀਕਾ ਤੋਂ ਦੱਖਣੀ ਅਮਰੀਕਾ ਲਿਆਂਦਾ ਜਾਂਦਾ ਏ... ਫਿਰ ਉਹਨੂੰ ਵੇਚਿਆ ਜਾਂਦਾ ਏ। ਮਾਲਕ ਉਸ ਨਾਲ ਜਾਨਵਰਾਂ ਵਰਗਾ ਵਿਹਾਰ ਕਰਦੇ ਨੇ। ਉਸ ਉੱਥਲ ਪੁੱਥਲ ਵਿਚ ਉਹਨੂੰ ਮਾਂ ਤੇ ਪਿਓ ਦਾ ਪਿਆਰ ਨਸੀਬ ਨਹੀਂ ਹੁੰਦਾ। ਇਸ ਪੜ੍ਹਾ ਤੇ ਆ ਕੇ ਉਹ ਸੈਮ ਨਾਲ ਵਿਆਹ ਕਰਵਾ ਲੈਂਦੀ ਏ ਪਰ ਹਾਲਾਤ ਇਹੋ ਜਿਹੇ ਬਣ ਜਾਂਦੇ ਨੇ ਕਿ ਉਹ ਵਿਛੜ ਜਾਂਦੇ ਨੇ। ਉਸ ਦੇ ਆਜ਼ਾਦ ਹੋਣ ਦਾ ਪ੍ਰਸੰਗ ਵੀ ਰੌਚਿਕ ਏ। ਆਜ਼ਾਦ ਹੋਣ ਉਪਰੰਤ ਉਹ ਪੜ੍ਹ ਜਾਂਦੀ ਏ ਤੇ ਮਤਰੇਈ ਮਾਂ ਉਹਦੀ ਸਹਾਇਤ ਉਹਦੀ ਗਾਥਾ ਲਿਖਣ ਲਈ ਕਰਦੀ ਏ। ਉਨ੍ਹਾਂ ਦੀ ਜ਼ਿੰਦਗੀ ’ਚ ਡਾਕਟਰ ਥੌਮਸਨ ਆਉਂਦਾ ਏ ਜਿਹੜਾ ਕਿਤਾਬ ਛਾਪਣ ਦਾ ਹੀਲਾ ਕਰਦਾ ਏ ਤਾਂ ਕਿ ਉਨ੍ਹਾਂ ਨੂੰ ਕੁਝ ਪੈਸਾ ਮਿਲ ਸਕਣ। ‘ਜਦੋਂ ਔਰਤ ਰੋਂਦੀ ਹੈ ਤਾਂ ਸਿਰਫ਼ ਜੀਸਿਸ ਸੁਣਦਾ ਹੈ...’ ਪ੍ਰਸੰਗ ’ਚ ਇਜ਼ਾਬੈਲਾ ਬੋਮਫ੍ਰੀ ਉਰਫ਼ ਸੋਜੋਰਨਰ ਟਰੁੱਥ ਦੀ ਹਿਰਦੇ ਵਲੂੰਧਰਨ ਵਾਲੀ ਕਹਾਣੀ ਪੇਸ਼ ਕੀਤੀ ਏ। ਇਸ ਪ੍ਰਸੰਗ ਵਿਚ ਉਹ ਉਸ ਵੇਲੇ ਦੀ ਪਿੱਤਰਕੀ ਸੱਤਾ ਨੂੰ ਵੰਗਾਰਦੀ ਏ। ਮਰਦ ਉਹਨੂੰ ਸ਼ਰੇਆਮ ਜ਼ਲੀਲ ਕਰਦੇ ਕਹਿੰਦੇ ਨੇ ਕਿ ਜੇ ਤੂੰ ਔਰਤ ਏ ਤਾਂ ਆਪਣੀਆਂ ਛਾਤੀਆਂ ਵਿਖਾ। ਤੇ ਉਹ ਭਰੀ ਸਭਾ ’ਚ ਆਪਣੇ ਗਾਊਨ ਦੇ ਬਟਨ ਖੋਲ੍ਹ ਕੇ ਆਪਣੀਆਂ ਛਾਤੀਆਂ ਨੰਗੀਆਂ ਕਰ ਦਿੰਦੀ ਏ ਤੇ ਭੀੜ ਨੂੰ ਇਹ ਕਹਿ ਕੇ ਸ਼ਰਮਸ਼ਾਰ ਕਰਦੀ ਏ ਕਿ ਤੁਹਾਡੇ ਵਿੱਚੋਂ ਗੋਰੇ ਪੁਰਸ਼ਾਂ ਨੇ ਵੀ ਇਨ੍ਹਾਂ ’ਚੋਂ ਦੁੱਧ ਪੀਤਾ ਏ ਜਿਹੜੇ ਹੁਣ ਜ਼ਮੀਨਾਂ ਦੇ ਮਾਲਕ ਨੇ। ਆਪਣੀ ਇਸ ਵੰਗਾਰ ਨਾਲ ਉਹ ਮਰਦਾਂ ਨੂੰ ਸ਼ਰਮਸ਼ਾਰ ਕਰਦੀ ਏ। ਇਹ ਔਰਤ ਬਾਅਦ ਵਿਚ ਸਿਆਹਫਾਮ ਲੋਕਾਂ ਖਾਸ ਕਰਕੇ ਔਰਤਾਂ ਦੇ ਅਧਿਕਾਰਾਂ ਲਈ ਲੜਦੀ ਏ। ਉਨ੍ਹਾਂ ਦੇ ਹੱਕਾਂ ਲਈ ਭਾਸ਼ਨ ਦਿੰਦੀ ਏ। ਕਵਿਤਾਵਾਂ ਤੇ ਗੀਤ ਲਿਖਦੀ ਏ। 1850 ਵਿਚ ਉਹ ਆਪਣੀ ਸਵੈ ਜੀਵਨੀ ਲਿਖਦੀ ਏ। ਢੀਂਗਰਾ ਨੇ ਐਲਿਸ ਵਾਕਰ ਦੇ ਨਾਵਲ ‘ਕਲਰ ਪਰਪਲ’ ਦਾ ਸੰਖੇਪ ਰੂਪ ‘ਰੰਗ ਜਾਮਣੀ’ ਸਿਰਲੇਖ ਹੇਠ ਕੀਤਾ ਏ। ਨਾਵਲ ਦੇ ਸੰਖੇਪ ਰੂਪ ਪੇਸ਼ ਕਰਦਿਆਂ ਉਸ ਨੇ ਨਿੱਕੀ ਕਹਾਣੀ ਦਾ ਰੂਪ ਦਿੱਤਾ ਏ। ‘ਹੈਰੀਏਟ ਟਬਮੈਨ’ ਦਾ ਬਿਰਤਾਂਤ ਵੀ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਦੀ ਗਾਥਾ ਏ। ਇਸ ਔਰਤ ਨੇ ਗ਼ੁਲਾਮੀ ਦੇ ਜੂਲੇ ਵਿੱਚੋਂ ਅਨੇਕਾਂ ਸਿਆਹਫਾਮ ਲੋਕਾਂ ਨੂੰ ਆਜ਼ਾਦ ਕਰਵਾਇਆ। ਢੀਂਗਰਾ ਹੁਰਾਂ ਕੁਝ ਹੋਰ ਨਾਵਲਾਂ ਦੇ ਸੰਖੇਪ ਵੀ ਪੁਸਤਕ ਵਿਚ ਪੇਸ਼ ਕੀਤੇ ਨੇ। ਕਿਤਾਬ ਸਿਆਹਫਾਮ ਦੀ ਗ਼ੁਲਾਮੀ, ਜ਼ੁਲਮ ਤੇ ਆਜ਼ਾਦੀ ਦੀ ਬਾਤ ਪਾਉਂਦੀ ਏ। ਢੀਂਗਰਾ ਦੀ ਲਿਖਣ ਸ਼ੈਲੀ ਮੌਲਿਕ ਤੇ ਰੌਚਿਕ ਏ। ਇਸ ਨੂੰ ਆਟਮ ਆਰਟ ਪਟਿਆਲਾ ਦੀ ਪ੍ਰੀਤੀ ਸ਼ੈਲੀ ਨੇ ਬੜੀ ਖ਼ੂਬਸੂਰਤ ਦਿੱਖ ਨਾਲ ਛਾਪਿਆ ਏ।

## ਸੁਰਜੀਤ ਜੱਜ ਦੀ ਕਿਸਾਨ ਕੂਚ





ਸੁਰਜੀਤ ਜੱਜ ਪੰਜਾਬੀ ਦਾ ਪ੍ਰਸਿੱਧ ਸ਼ਾਇਰ ਏ। ਉਸ ਦੇ ਗ਼ਜ਼ਲ ਦੇ ਖੇਤਰ 'ਚ ਅਨੇਕਾਂ ਮਿਆਰੀ ਸ਼ੇਅਰਾਂ ਦੀ ਸਿਰਜਣਾ ਕਰਕੇ ਆਪਣਾ ਲੋਹਾ ਮੰਨਵਾ ਲਿਆ ਏ। ਇਸ ਕਾਵਿ ਪੁਸਤਕ ਦਾ ਅਧਾਰ ਕਿਸਾਨ ਅੰਦੋਲਨ ਏ ਤੇ ਇਹ ਜ਼ਫ਼ਰਨਾਮੇ ਦੀ ਜੂਹ 'ਚੋਂ ਲਿਖਿਆ ਗਿਆ ਕਲਾਮ ਏ। ਸ਼ੈਲੀ ਨਿਵੇਕਲੀ ਏ। ਕਿਸਾਨ ਅੰਦੋਲਨ ਭਾਰਤੀ ਇਤਿਹਾਸ ਵਿਚ ਇਕ ਵੱਡੀ ਘਟਨਾ ਏ ਜਿਸ ਦੀਆਂ ਜੜ੍ਹਾਂ ਕਈ ਦਹਾਕਿਆਂ ਪਿੱਛੇ ਪਈਆਂ ਨੇ। ਜੱਜ ਨੇ ਆਪਣੀ ਸਿਰਜਣਕਾਰੀ 'ਚ ਸੱਤਾ ਤੇ ਬੈਠੀ ਹਾਕਮ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਏ। ਉਹ ਕਿਸਾਨ, ਖੇਤ ਮਜ਼ਦੂਰ ਦੀ ਧਿਰ ਬਣ ਕੇ ਖੜਿਆ ਏ। ਕਿਸਾਨ ਅੰਦੋਲਨ ਦਾ ਸਮਾਂ ਇਕ ਇਤਿਹਾਸਕ ਪੜ੍ਹਾ ਸਿੱਧ ਹੋਇਆ ਏ। ਜੱਜ ਨੇ ਇਸ ਪੁਸਤਕ ਵਿਚ ਤਿੱਖੀ ਰਾਜਨੀਤਿਕ ਸ਼ਾਇਰੀ ਕੀਤੀ ਏ। ਉਸ ਦੇ ਸ਼ਬਦ ਐਨੇ ਤਿੱਖੇ ਸ਼ੋਰ ਪੈਦਾ ਕਰਨ ਵਾਲੇ ਨੇ ਕਿ ਹਾਕਮ ਦੇ ਸੀਨੇ 'ਚ ਕਟਾਰ ਵਾਂਗ ਧਸਦੇ ਜਾਂਦੇ ਨੇ। ਜੱਜ ਦੀ ਸਿਰਜਣਾ 'ਚ ਕਿਤੇ ਵੀ ਸੂਚਨਾਤਮਿਕ ਵੇਰਵੇ ਨਹੀਂ ਮਿਲਦੇ। ਉਹ ਕਿਸਾਨ ਅੰਦੋਲਨ ਸਮੇਂ ਪ੍ਰਚੱਲਤ ਅਜਿਹੇ ਚਿਹਨਾਂ ਦੀ ਵਰਤੋਂ ਕਰਦਾ ਜਿਹੜੇ ਚਿਹਨ ਭਵਿੱਖ 'ਚ ਇਤਿਹਾਸਕ ਕਾਰਜ ਨਿਭਾਉਣਗੇ। ਸਮੁੱਚੀ ਰਚਨਾ ਦਾ ਇਹੋ ਲੋਗੋ ਏ 'ਨਿਕਲੇ ਸਿਰਜਣ ਨਵਾਂ ਪੰਜਾਬ, ਹਲ਼ ਹਥੌੜਾ, ਕਲਮ-ਕਿਤਾਬ'

## ਵੋ ਇਕੀਸ ਦਿਨ : ਗੁਰਮੀਤ ਕੜਿਆਲਵੀ ਦੇ ਨਾਵਲ ਦਾ ਹਿੰਦੀ ਅਨੁਵਾਦ

ਗੁਰਮੀਤ ਕੜਿਆਲਵੀ ਪੰਜਾਬੀ ਦਾ ਪ੍ਰਸਿੱਧ ਕਥਾਕਾਰ ਏ। ਪਿੱਛੇ ਜਿਹੇ ਕਰੋਨਾ ਕਾਲ ਸਮੇਂ ਮਨੁੱਖ ਦੀ ਮਨੋਦਸ਼ਾ ਨੂੰ ਬਿਆਨ ਕਰਦਾ ਨਾਵਲ 'ਉਹ ਇੱਕੀ ਦਿਨ' ਛਪਿਆ ਤਾਂ ਚਰਚਾ ਦਾ ਕੇਂਦਰ ਰਿਹਾ। ਕੜਿਆਲਵੀ ਕੋਲ ਨਿਵੇਕਲੀ ਕਥਾ ਸ਼ੈਲੀ ਏ। ਉਹ ਸਮਕਾਲ ਨੂੰ ਬੜੀ ਬਰੀਕੀ ਨਾਲ ਫੜ੍ਹ ਲੈਂਦਾ ਏ। ਪਿਛੇ ਜਿਹੇ ਰਾਜੇਦਰ ਤਿਵਾਰੀ ਨੇ ਉਸ ਨਾਵਲ ਦਾ ਹਿੰਦੀ ਅਨੁਵਾਦ ਕੀਤਾ ਏ। ਇਸ ਨਾਵਲ ਹਿੰਦੀ 'ਚ ਬੜੀ ਖੂਬਸੂਰਤ ਦਿੱਖ ਨਾਲ ਛਾਪਿਆ ਗਿਆ ਏ। ਕਰੋਨਾ ਕਾਲ ਸਮੇਂ ਕਿਵੇਂ ਆਮ ਬੰਦਾ ਤ੍ਰਾਸਦੀ ਭੋਗਦਾ ਏ। ਕਿਵੇਂ ਮੌਤ ਤੋਂ ਡਰਦਾ ਲੁਕਦਾ ਫਿਰਦਾ ਏ ਤੇ ਕਿਵੇਂ ਦਾ ਆਪਣੇ ਸਾਥੀ ਨਾਲ ਵਿਹਾਰ ਕਰਦਾ ਏ। ਵਰਗੇ ਵਰਤਾਰੇ ਨੂੰ ਗੁਰਮੀਤ ਨੇ ਬੜੀ ਸਮਰੱਥਾ ਨਾਲ ਗ੍ਰਹਿਣ ਕਰਕੇ ਗਲਪ 'ਚ ਢਲਿਆ ਏ। ਸੰਵੇਦਨਹੀਣ ਹੋ ਚੁੱਕਾ ਸਰਕਾਰੀ ਤੰਤਰ, ਸਹਿਮ, ਮੌਤ ਤੋਂ ਭੈਅ ਆਦਿ ਵਰਤਾਰਿਆਂ ਨੂੰ ਡਰ ਦੇ ਚਿਹਨ ਨਾਲ ਪੇਸ਼ ਕੀਤਾ ਏ। ਨਾਵਲ 'ਚ ਉਸ ਸਮੁੱਚੇ ਸਮੇਂ ਦਾ ਬਿਰਤਾਂਤ ਏ ਜਿਹਦੇ 'ਚ ਮਨੁੱਖ ਪਲ ਪਲ ਮਰ ਕੇ ਜੀਵਿਆ। ਰਾਜੇਦਰ ਤਿਵਾਰੀ ਨੇ ਬੜੀ ਮਿਹਨਤ ਨਾਲ ਨਾਵਲ ਅਨੁਵਾਦ ਕੀਤਾ ਏ। ਉਸ ਕੋਲ ਵਿਸ਼ਾਲ ਹਿੰਦੀ ਮੁਹਾਵਰਾ ਏ ਤੇ ਪੰਜਾਬੀ ਭਾਸ਼ਾ ਅਤੇ ਕਲਚਰ ਤੇ ਵੀ ਪਕੜ ਏ। ਇਸ ਨੂੰ ਹੰਸ ਪ੍ਰਕਾਸ਼ਨ ਨੇ ਛਾਪਿਆ ਏ।



**ਹੱਡਾ ਰੋੜੀ:ਚੰਮ ਦਾ ਕੰਮ ਕਰਨ ਵਾਲਿਆਂ ਦਾ ਬਿਰਤਾਂਤ**





ਭਾਰਤੀ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ ਹੋ ਕੇ ਆਈਆਂ ਦਲਿਤ ਸਵੈ ਜੀਵਨੀਆਂ ਦੀ ਆਪਣੀ ਥਾਂ ਏ। 'ਹੱਡਾਰੋੜੀ' ਹੁਣੇ ਜਿਹੇ ਛਪ ਕੇ ਆਈ ਦਲਿਤ ਸਵੈ ਜੀਵਨੀ ਏ। ਇਸ ਦੇ ਲੇਖਕ ਡਾ. ਤੁਲਸੀ ਰਾਮ ਹਿੰਦੀ ਭਾਸ਼ਾ ਦੇ ਪ੍ਰਸਿੱਧ ਵਿਦਵਾਨ ਨੇ। ਉਹ ਬਹੁਤ ਥੱਲੇ ਤੋਂ ਉੱਠ ਕੇ ਆਏ ਲੇਖਕ ਨੇ। ਉਸ ਨੇ ਜਿਹੜਾ ਜੀਵਨ ਆਪਣੇ ਹੱਡਾ ਤੇ ਹੰਢਾਇਆ ਏ, ਉਹ ਲੂੰ-ਕੰਡੇ ਖੜੇ ਕਰ ਦੇਣ ਵਾਲਾ ਏ। ਤੁਲਸੀ ਰਾਮ ਦਾ ਇਹ ਸਵੈ ਬਿਰਤਾਂਤ ਨਹੀਂ ਬਲਕਿ ਉਸ ਨੇ ਸਵੈ ਰਾਹੀ ਆਪਣੇ ਦਲਿਤ ਸਮਾਜ ਦਾ ਬਿਰਤਾਂਤ ਪੇਸ਼ ਕੀਤਾ ਏ। ਹੱਡਾਰੋੜੀ ਇਕ ਚਿਹਨ ਏ ਜਿਸ ਵਿੱਚੋਂ ਨਿਮਨ ਧਿਰਾਂ ਦਾ ਸੰਤਾਪ ਉਜਾਗਰ ਹੁੰਦਾ ਏ। ਇਹ ਆਜ਼ਮਗੜ੍ਹ ਦੀ ਹੱਡਾਰੋੜੀ ਦੇ ਇਰਦ ਗਿਰਦ ਰਹਿ ਰਹੇ ਚਮਾਰ ਜਾਤੀ ਦੀ ਸਮਾਜਿਕ ਇਤਿਹਾਸਕਾਰੀ ਏ। ਤੁਲਸੀ ਰਾਮ ਦੀ ਹੱਡਾਰੋੜੀ ਦਾ ਸਰੂਪ ਭਾਵੇਂ ਹੁਣ ਬਦਲ ਗਿਆ ਏ ਪਰ ਅਗਲੀਆਂ ਪੀੜ੍ਹੀ ਲਈ ਲੇਖਕ ਨੇ ਹੱਡਾ ਰੋੜੀ ਵਿਚ ਵਿਚਰ ਰਹੇ ਲੋਕਾਂ, ਕੁੱਤੇ, ਬਿੱਲਿਆ ਤੇ ਗਿਰਝਾਂ ਦਾ ਇਤਿਹਾਸ ਲਿਖ ਦਿੱਤਾ ਏ। ਜੰਮਣ ਤੋਂ ਲੈ ਕੇ ਮਰਨ ਤੱਕ ਦੀਆਂ ਸਾਰੀਆਂ ਕ੍ਰਿਆਵਾਂ ਹੱਡਾਰੋੜੀ ਨੇ ਆਪਣੇ ਅੰਦਰ ਸਾਂਭ ਲਈਆਂ ਹਨ। ਇਸ ਕਿਤਾਬ ਦਾ ਅਨੁਵਾਦ ਸਤਵੀਰ ਕੌਰ ਸ਼ਾਲੂ ਨੇ ਬੜੀ ਮਿਹਨਤ ਨਾਲ ਕੀਤਾ ਏ।

**ਈਰਖਾ: ਮੁਸਲਿਮ ਸਮਾਜ ਦੀ ਇਤਿਹਾਸਕਾਰੀ ਕਰਦੀਆਂ ਕਹਾਣੀਆਂ**

ਲਹਿੰਦੇ ਪੰਜਾਬ ਦਾ ਕਹਾਣੀਕਾਰ ਏਜਾਜ਼ ਸਾਡੇ ਏਧਰਲੇ ਪੰਜਾਬ ਵਿਚ ਤੇਜੀ ਨਾਲ ਚਰਚਾ ਵਿਚ ਆਇਆ ਕਥਾਕਾਰ ਏ। ਇਸ ਤੋਂ ਪਹਿਲਾਂ ਉਸਦਾ ਇਕ ਹੋਰ ਕਹਾਣੀ ਸੰਗ੍ਰਹਿ ਏਧਰ ਛਪ ਚੁੱਕਾ ਏ। ਉਹ ਨੌਜਵਾਨ ਏ ਤੇ ਉਹਦੇ ਕੋਲ ਪਾਕਿਸਤਾਨੀ ਪੰਜਾਬ ਦੇ ਪਾਤਰਾਂ ਦਾ ਨਵੇਕਲਾ ਅਨੁਭਵ ਏ। ਇਹ ਕਹਾਣੀਆਂ ਉਹਦੇ ਪਹਿਲੇ ਸੰਗ੍ਰਹਿ ਤੋਂ ਅਗਾਂਹ ਦੀ ਗੱਲ ਕਰਦੀਆਂ ਨੇ। ਉਸ ਦੀਆਂ ਕਹਾਣੀਆਂ ਦੇ ਪਾਤਰ ਮੱਧਵਰਗੀ ਅਤੇ ਹੇਠਲੇ ਤਬਕੇ ਦੇ ਹੁੰਦੇ ਨੇ। ਉਹ ਧਰਮ, ਸੱਤਾ, ਰਾਜਨੀਤੀ, ਸਮਾਜਿਕ ਦਰਜਾਬੰਦੀ ਅਤੇ ਔਰਤ ਮਰਦ ਦੇ ਵਖਰੇਵੇ ਆਦਿ ਨੂੰ ਮਨੋਵਿਗਿਆਨਕ ਤਰੀਕੇ ਨਾਲ ਆਪਣੀਆਂ ਕਹਾਣੀਆਂ ਵਿਚ ਫੜਦਾ ਏ। ਉਸ ਨੇ ਆਪਣੀਆਂ ਕਹਾਣੀਆਂ 'ਚ ਕੰਮੀ ਤੇ ਦੱਬੇ ਕੁਚਲੇ ਲੋਕਾਂ ਦੀ ਮਨੋਦਿਸ਼ਾ ਵੀ ਖੂਬਸੂਰਤੀ ਨਾਲ ਫੜੀ ਏ। ਪਾਕਿਸਤਾਨੀ ਦੀ ਔਰਤ ਵੱਖਰੀ ਤਰ੍ਹਾਂ ਦਾ ਸੰਤਾਪ ਹੰਢਾ ਰਹੀ ਏ, ਔਰਤ ਵੀ ਉਹਦੀਆਂ ਕਹਾਣੀਆਂ ਵਿਚ ਉਭਰਵੇਂ ਰੂਪ ਵਿਚ ਪੇਸ਼ ਹੁੰਦੀ ਏ। 'ਚਿੱਤਰਕਾਰ' ਕਹਾਣੀ ਰਾਜਨੀਤੀ ਦੇ ਚਿਹਰੇ ਨੂੰ ਨੰਗਾ ਕਰਦੀ ਏ। 'ਕੁਰਤਾ' ਉਸਦੀ ਅਸਿੱਧੇ ਤੌਰ ਤੇ ਰਾਜਨੀਤੀ ਨਾਲ ਲਬਰੇਜ਼ ਖਾਨਾਜੰਗੀ ਦੀ ਕਹਾਣੀ ਏ। 'ਕੋਲਾਜ਼' ਰਿਸ਼ਤਿਆਂ ਦੇ ਤਣਾਓ ਦੀ ਕਹਾਣੀ ਏ। ਕਿਤਾਬ 'ਕੈਲੀਬਰ ਪਬਲੀਕੇਸ਼ਨ, ਪਟਿਆਲਾ' ਨੇ ਛਾਪੀ ਏ।




**...ਤੇ ਫੇਰ ਜੰਗ : ਜੰਗ ਨਾਲ ਵਾਬਸਤਾ ਕਹਾਣੀਆਂ**





ਪੰਜਾਬੀ ਵਿਚ ਇਕ ਵਿਸ਼ੇ ਨੂੰ ਲੈ ਕੇ ਅਨੇਕਾਂ ਕਹਾਣੀ ਸੰਗ੍ਰਹਿ ਸੰਪਾਦਤ ਹੋਏ ਨੇ। ਜਸਬੀਰ ਭੁੱਲਰ ਸੈਨਿਕ ਜ਼ਿੰਦਗੀ ਦਾ ਚਤੇਰਾ ਕਹਾਣੀਕਾਰ ਏ ਤੇ ਉਸ ਨੇ ਇਸ ਸੰਪਾਦਤ ਕਿਤਾਬ 'ਚ ਵੱਖ-ਵੱਖ ਕਥਾਕਾਰਾਂ ਦੀਆਂ ਜੰਗ ਨਾਲ ਸੰਬੰਧਤ ਕਹਾਣੀਆਂ ਸੰਪਾਦਤ ਕੀਤੀਆਂ ਨੇ। 'ਜੰਗ' ਆਪਣੇ ਆਪ 'ਚ ਸੰਤਾਪ ਤੇ ਰੁਦਨ ਦਾ ਚਿਹਨ ਏ। ਜਿਹਦੇ ਵਿਚ ਮਨੁੱਖਤਾ ਦਾ ਘਾਣ ਹੁੰਦਾ ਏ। ਜੰਗ ਵਿਚ ਮਨੁੱਖਤਾ ਚਾਹੇ ਮਰਦੀ ਏ ਚਾਹੇ ਮਰਨ ਕਿਨਾਰੇ ਪਹੁੰਚ ਜਾਂਦੀ ਏ ਪਰ ਉਸ ਸੰਤਾਪ ਪਿੱਛੇ ਰਹਿ ਗਏ ਮਾਪੇ ਤੇ ਨਾਰੀ-ਬੱਚੇ ਭੁਗਤਦੇ ਨੇ। ਜੰਗ ਦੇ ਪਾਤਰ ਲੋਥਾਂ ਬਣਦੇ ਨੇ। ਇਹ ਸਾਰੀਆਂ ਕਹਾਣੀਆਂ ਜੰਗ ਦਾ ਵਿਰੋਧ ਕਰਦੀਆਂ ਨੇ। ਕਿਤਾਬ 'ਚ ਕੁਲਵੰਤ ਸਿੰਘ ਵਿਰਕ, ਸ਼ਿਵਦੇਵ ਸੰਧਾਵਾਲੀਆ, ਸੁਖਵੰਤ ਕੌਰ ਮਾਨ, ਦਲਬੀਰ ਚੇਤਨ, ਖ਼ਾਲਿਦ ਹੁਸੈਨ, ਜਸਬੀਰ ਭੁੱਲਰ, ਜਿੰਦਰ ਦੀਆਂ ਕਹਾਣੀਆਂ ਮਨੁੱਖਤਾ ਦੇ ਘਾਣ ਦੀ ਬਾਤ ਪਾਉਂਦੀਆਂ ਨੇ।

**ਨਿਆਈਂ ਵਾਲਾ ਟੱਕ : ਪੁਰਾਣੀ ਲੀਹ ਤੇ ਚੱਲਣ ਵਾਲੀ ਕਥਾਕਾਰੀ**

ਰਵਿੰਦਰ ਰੁਪਾਲ ਕੌਲਗੜ੍ਹ ਕਾਫੀ ਦੇਰ ਤੋਂ ਕਹਾਣੀ ਦੇ ਖੇਤਰ ਵਿਚ ਸਰਗਰਮ ਕਹਾਣੀਕਾਰ ਏ। ਉਸ ਦੀ ਪੇਂਡੂ ਸਭਿਆਚਾਰ ਉੱਤੇ ਕਾਫੀ ਪਕੜ ਏ। ਇਸੇ ਸਭਿਆਚਾਰ ਦੁਆਲੇ ਉਹ ਆਪਣੀ ਕੁਹਾਣੀ ਬੁਣਦਾ ਏ। ਉਹਦੀ ਕਹਾਣੀ 'ਚ ਰੁਦਨ ਏ, ਰਿਸ਼ਤਿਆਂ ਦੇ ਟੁੱਟਣ ਦੀ ਕਹਾਣੀ ਏ। ਉਸ ਦੀ ਕਹਾਣੀ ਦੇ ਪਾਤਰ ਜੂਝ ਰਹੇ ਨੇ, ਸਾਧਨਹੀਣ ਹੋਣ ਕਰਕੇ ਉਹ ਆਪਣੇ ਅਸਤਿਤਵ ਨੂੰ ਬਚਾਈ ਰੱਖਣ ਲਈ ਹਾਲਾਤ ਨਾਲ ਲੜਦੇ ਨੇ। ਇਸ ਲੜਾਈ 'ਚ ਉਨ੍ਹਾਂ ਦੀ ਮਨੋਦਸ਼ਾ ਭਾਵੇਂ ਵਿਗੜਦੀ ਰਹਿੰਦੀ ਏ ਪਰ ਉਹ ਹਾਰਦੇ ਨੇ ਬਲਕਿ 'ਨਿਆਈਂ ਵਾਲਾ ਟੱਕ' ਲਾ ਕੇ ਜ਼ਿੰਦਗੀ ਨਾਲ ਟੱਕਰ ਲੈਂਦੇ ਨੇ। 'ਨਹੀਂ ਮੈਂ ਨਹੀਂ ਆਵਾਂਗਾ' ਵਿਚ ਉਹ ਨਾਰੀ ਏ ਜੋ ਪੰਜਾਬੀ ਕਲਚਰ ਤੋਂ ਨਾਬਰ ਹੋ ਕੇ ਅੰਤਰਰਾਜੀ ਬਿਹਾਰੀ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਏ। 'ਭੁੱਬ' ਪਰਵਾਸ ਕਰ ਰਹੇ ਨੌਜਵਾਨ ਪੀੜ੍ਹੀ ਦੇ ਦੁਖਾਂਤ ਦੀ ਕਹਾਣੀ ਏ। 'ਨਿਆਈਂ ਵਾਲਾ ਟੱਕ' ਕਹਾਣੀ ਕਿਸਾਨੀ ਦੇ ਦੁਖਾਂਤ ਨੂੰ ਪੇਸ਼ ਕਰਦੀ ਕਹਾਣੀ ਏ। ਕਹਾਣੀ ਇਕ ਸੀਰੀ ਦੀ ਗਾਥਾ ਏ। ਜੋ ਕਿ ਕਾਕਾ ਸਿਹੁੰ ਦਾ ਸੀਰੀ ਏ। ਕਹਾਣੀ ਜੱਟ-ਸੀਰੀ ਦੇ ਸਾਂਝ ਵਾਲੇ ਰਿਸ਼ਤੇ ਨੂੰ ਪੇਸ਼ ਕਰਦੀ ਏ। ਜੱਟ ਕਿਸਾਨ ਦੀ ਕਹਾਣੀ ਸੀਰੀ ਦੇ ਅਵਚੇਤਨ ਵਿਚ ਚਲ ਰਹੀ ਏ। ਇਹ ਜੱਟ ਦੀ ਜ਼ਮੀਨ ਨਾਲ ਮੋਹ ਦੀ ਕਹਾਣੀ ਏ। ਪੁਰਾਣੀ ਪੀੜ੍ਹੀ ਦੁਖਾਂਤ, ਪ੍ਰੇਮ ਵਿਆਹ ਦਾ ਸੰਕਟ, ਭਰਮਾਂ ਦਾ ਸੰਕਟ ਵਰਗੇ ਮੁੱਦੇ ਵੀ ਕਹਾਣੀ ਦਾ ਅੰਗ ਬਣਦੇ ਨੇ। ਰਵਿੰਦਰ ਰੁਪਾਲ ਦੀ ਕਹਾਣੀ ਪੜ੍ਹਦਿਆਂ ਇੰਝ ਵੀ ਲੱਗਦਾ ਏ ਕਿ ਕਹਾਣੀਕਾਰ ਦਾ ਬਿਰਤਾਂਤ ਬਾਹਰਲੇ ਧਰਾਤਲ ਤੇ ਤਰਦਾ ਰਹਿੰਦੇ ਏ। ਵਰਣਨ ਹੁੰਦਾ ਏ ਪਰ ਓਪਰੀ ਪੱਧਰ ਦਾ ਹੁੰਦਾ ਏ।



## ਅਬਦੁੱਲ੍ਹਾ ਖ਼ਾਨ ਦਾ 'ਪਟਨਾ ਬਲੂਜ਼' : ਖਾਹਿਸ਼ਾ ਦੇ ਟੁੱਟਣ ਦੀ ਗਾਥਾ





ਲੇਖਕ ਦਾ ਪਹਿਲਾ ਨਾਵਲ ਏ। ਨਾਵਲ ਦੀ ਪਿੱਠ ਭੂਮੀ ਮੁਸਲਿਮ ਸਮਾਜ ਹੈ। ਮੁੱਖ ਪਾਤਰ ਆਰਿਫ਼ ਸਿਵਲ ਸੇਵਾਵਾ ਦੀ ਉੱਚ ਪ੍ਰੀਖਿਆ ਪਾਸ ਕਰਕੇ ਆਈ. ਏ. ਐਸ. ਅਫ਼ਸਰ ਬਣਨਾ ਚਾਹੁੰਦਾ ਏ ਪਰ ਉਹਨੂੰ ਮਾਮੂਲੀ ਅਨੁਵਾਦਕ ਦੀ ਨੌਕਰੀ ਨਾਲ ਸਬਰ ਕਰਨਾ ਪੈਂਦਾ ਏ। ਬਿਹਾਰੀ ਮੁੰਡਿਆ ਦੀ ਅੱਜ ਦੇ ਦੌਰ 'ਚ ਵੀ ਇਹ ਖਾਹਿਸ਼ ਏ। ਕਿਉਂਕਿ ਉਹ ਘਰ ਦੇ ਦਲਿੱਦਰ ਨੂੰ ਕੱਢਣਾ ਚਾਹੁੰਦਾ ਏ। ਆਰਿਫ਼ ਦੀਆਂ ਖਾਹਿਸ਼ਾ, ਰੋਮਾਂਸ ਤੇ ਵੇਦਨਾ ਭਰਪੂਰ ਨੇ। ਨਾਵਲ ਦਾ ਘਟਨਾ ਸਥਲ ਬਿਹਾਰ ਦੀ ਰਾਜਧਾਨੀ ਪਟਨਾ ਏ। ਆਰਿਫ਼ ਇਕ ਸਬ ਇੰਸਪੈਕਟਰ ਦਾ ਪੁੱਤਰ ਏ। ਉਸ ਦੀਆਂ ਤਿੰਨ ਭੈਣਾਂ ਤੇ ਇਕ ਭਰਾ ਏ। ਉਸ ਦੇ ਭੈਣ ਤੇ ਭਰਾ ਪਟਨਾ ਸਧਾਰਨ ਕਾਲਜ ਵਿਚ ਪੜ੍ਹਦੇ ਨੇ। ਘਰ ਤੰਗ ਹੋਣ ਬਾਵਜੂਦ ਉਨ੍ਹਾਂ ਦੇ ਰਿਸ਼ਤੇਦਾਰ ਉੱਥੇ ਆਏ ਰਹਿੰਦੇ ਨੇ ਤੇ ਉਨ੍ਹਾਂ ਨੂੰ ਪੜ੍ਹਨ ਤੇ ਰਹਿਣ 'ਚ ਦਿਕਤ ਆਉਂਦੀ ਏ। ਨਾਵਲਕਾਰ ਸਰਲ ਬਿਰਤਾਂਤ ਨਾਲ ਨਾਵਲ ਦੀ ਕਹਾਣੀ ਅੱਗੇ ਤੋਰਦਾ ਏ। ਉਹ ਕੰਪੀਟੀਸ਼ਨ ਸਕਸੈਸ ਰਿਵਿਊ ਦੇ ਕਵਰ ਤੇ ਆਪਣੇ ਅਫ਼ਸਰ ਬਣਨ ਤੇ ਤਸਵੀਰ ਛਪਣ ਦੀ ਕਲਪਨਾ ਵੀ ਕਰਦਾ ਏ। ਆਰਿਫ਼ ਲੰਮੇ ਵਾਲ਼ਾ ਦੀ ਵਿਆਹੁਤ ਸੁਮਿਤਰਾ ਨਾਲ ਪਿਆਰ ਵੀ ਕਰਦਾ ਏ। ਉਸ ਮਮੂਲੀ ਅਨੁਵਾਦਕ ਦੀ ਨੌਕਰੀ ਤੇ ਉਹਦੇ ਕਰੀਬੀ ਹਿੰਦੂ ਦੋਸਤ ਨੂੰ ਸਿਵਲ ਸੇਵਾਵਾ 'ਚ ਨੌਕਰੀ ਮਿਲ ਜਾਂਦੀ ਏ। ਨਾਵਲ ਦੇ ਅਨੁਵਾਦਕ ਹਰਜੋਤ ਹਨ ਤੇ ਪ੍ਰਕਾਸ਼ਕ 'ਵਾਈਟ ਕਰੋਅ' ਏ।

## ਪਾਲ ਸਿੰਘ ਢਿੱਲੋਂ ਦੀ ਪਾਣੀਆਂ ਦੀ ਗਾਥਾ

ਪੰਜ ਦਰਿਆਵਾਂ ਦੀ ਧਰਤੀ ਕਹੇ ਜਾਂਦੇ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਇਹ ਮਹੱਤਵਪੂਰਨ ਕਿਤਾਬ ਏ। ਕਿਤਾਬ ਦਾ ਬਿਰਤਾਂਤ ਪਾਠਕ ਦੇ ਲੂੰ ਕੰਡੇ ਖੜੇ ਕਰਦਾ ਏ। ਇਕ ਮਸਲਾ ਤਾਂ ਇਹ ਕਿ ਪੰਜਾਬ ਦਾ ਪਾਣੀ ਬਹੁਤ ਥੱਲੇ ਖਿਸਕ ਗਿਆ ਏ ਦੂਜਾ ਇਹ ਐਨਾ ਪਲੀਤ ਹੋ ਗਿਆ ਕਿ ਇਸ ਪਾਣੀ ਨਾਲ ਬੱਚੇ ਮਰ ਰਹੇ ਨੇ ਵੱਡੀ ਉਮਰ ਦੇ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਘੇਰਾ ਪਾ ਰਹੀਆਂ ਨੇ। ਦੂਜਾ ਰਾਜਨੀਤਿਕ ਰੰਗ ਲੈ ਚੁੱਕਾ ਪਾਣੀਆਂ ਦਾ ਮਸਲਾ ਏ। ਭੂਮਿਕਾ 'ਚ ਹਮੀਰ ਸਿੰਘ ਨੇ ਪਾਣੀਆਂ ਦੀ ਵੰਡ ਸਬੰਧੀ ਕਾਨੂੰਨ ਦਾ ਵਿਸਤ੍ਰਿਤ ਅਧਿਐਨ ਕੀਤਾ ਏ। ਕਿਤਾਬ ਰਾਵੀ-ਬਿਆਸ ਦੇ ਪਾਣੀ ਦੇ ਵੰਡ ਦੇ ਮੁੱਦੇ ਬਾਰੇ ਬਣੇ ਰਿਪੇਰੀਅਨ ਸਿਧਾਂਤ, ਬੇਸਿਨ ਸੰਕਲਪ ਦੇ ਮੁੱਦੇ ਦਾ ਅਧਿਐਨ ਕੀਤਾ ਗਿਆ ਏ। ਕੇਂਦਰ ਸਰਕਾਰ ਦਾ ਦਖ਼ਲ ਅਤੇ ਵੰਡ ਦੇ ਵੱਖ ਵੱਖ ਸਿਧਾਂਤ ਤੇ ਸੰਕਲਪਾ ਉੱਤੇ ਚਰਚਾ ਕੀਤੀ ਗਈ ਏ। ਪੰਜਾਬ ਤੇ ਹਰਿਆਣਾ ਦੇ ਪਾਣੀਆਂ ਦੀ ਵੰਡ ਦਾ ਮਸਲਾ ਵੀ ਅਹਿਮ ਏ। ਕਿਤਾਬ ਦੇ ਅਨੁਵਾਦਕ ਹਰਜੋਤ ਹਨ। ਇਸ ਨੂੰ 'ਵਾਇਟ ਕਰੋਅ' ਨੇ ਪ੍ਰਕਾਸ਼ਤ ਕੀਤਾ ਏ।




**ਵਰਿਆਮ ਸੰਧੂ ਦਾ 'ਆਪਣਾ-ਆਪਣਾ ਹਿੱਸਾ'**





ਵਰਿਆਮ ਸਿੰਘ ਸੰਧੂ ਪੰਜਾਬੀ ਦਾ ਪ੍ਰਮੁੱਖ ਕਹਾਣੀਕਾਰ ਏ। ਇਹ ਉਸ ਦੀਆਂ ਚਰਚਿਤ 15 ਕਹਾਣੀਆਂ ਦਾ ਸੰਗ੍ਰਹਿ ਏ। ਜਿਸ ਨੂੰ ਐਨ. ਬੀ. ਟੀ. ਨਵੀਂ ਦਿੱਲੀ ਨੇ ਪ੍ਰਮੁੱਖਤਾ ਨਾਲ ਛਾਪਿਆ ਏ। ਕਿਤਾਬ ਵਿਚ 22 ਪੰਨਿਆ ਦੀ ਲੰਮੀ ਭੂਮਿਕਾ ਏ। ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਦੇ ਪਿਛੋਕੜ ਦੀ ਗੱਲ ਕਰਦਿਆਂ ਪ੍ਰਸਿੱਧ ਵਿਦਵਾਨਾਂ ਦੇ ਹਵਾਲੇ ਵੀ ਦਿੱਤੇ ਹਨ, ਜਿਨ 'ਚ ਵਿਦਵਾਨ ਸੰਧੂ ਦੀ ਕਹਾਣੀ ਕਲਾ ਦੇ ਗੁਣ ਉਜਾਗਰ ਕਰਦੇ ਨੇ। ਵਰਿਆਮ ਦੀ ਕਹਾਣੀ ਦੀ ਨਿਵੇਕਲੀ ਕਥਾ ਸ਼ੈਲੀ ਏ। ਵਿਲੱਖਣ ਕਥਾ ਸ਼ੈਲੀ ਕਰਦੇ ਉਸ ਨੂੰ ਵੱਡਾ ਸ਼ੈਲੀਕਾਰ ਕਿਹਾ ਜਾਂਦਾ ਏ। ਸੰਘਣੀ ਬੁਣਤੀ ਵਾਲੇ ਕਥਾ ਮੁਹਾਵਰੇ ਨਾਲ ਉਹ ਸੰਘਣੀ ਤੇ ਲੰਮੀ ਕਹਾਣੀ ਦੀ ਬੁਣਤੀ ਕਰਨ ਦਾ ਮਾਹਰ ਏ। ਭਾਵੇਂ ਕਿ ਉਸ ਦੀ ਸ਼ੈਲੀ ਦਾ ਅਨੇਕਾਂ ਕਥਾਕਾਰਾਂ ਨੇ ਅਨੁਕਰਣ ਕਰਨ ਦਾ ਯਤਨ ਵੀ ਕੀਤਾ ਪਰ ਕੋਈ ਉਸ ਤੋਂ ਅੱਗੇ ਨਾ ਲੰਘ ਸਕਿਆ। ਵਰਿਆਮ ਸੰਧੂ ਬਹੁ ਪਰਤੀ ਜਟਿਲ ਸੰਰਚਨਾ ਵਾਲੀ ਸ਼ੈਲੀ ਦਾ ਮਾਹਰ ਕਥਾਕਾਰ ਏ। ਕਿਤਾਬ 'ਚ ਅੰਗ-ਸੰਗ, ਆਪਣਾ ਆਪਣਾ ਹਿੱਸਾ, ਭੱਜੀਆਂ ਬਾਹੀਂ, ਚੌਥੀ ਕੂਟ, ਮੈਂ ਹੁਣ ਠੀਕ ਠਾਕ ਹਾਂ, ਪਰਛਾਵੇਂ, ਵਾਪਸੀ, ਜਮਰੌਦ ਤੇ ਡੁੰਮ੍ਹ ਜਿਹੀਆਂ ਚਰਚਿਤ ਕਹਾਣੀਆਂ ਵੀ ਨੇ।

**ਕਹਾਣੀ ਪਰਾਗਾ : ਵੀਹਵੀਂ ਸਦੀ ਦੀ ਭਾਰਤੀ ਪੰਜਾਬੀ ਕਹਾਣੀ**

ਪੰਜਾਬੀ ਦੇ ਪ੍ਰਸਿੱਧ ਚਿੰਤਕ ਤੇ ਸਾਹਿਤਕਾਰ ਜਸਵਿੰਦਰ ਸਿੰਘ (ਡਾ.) ਨੇ ਵੀਹਵੀਂ ਸਦੀ ਦੀ ਭਾਰਤੀ ਪੰਜਾਬੀ ਕਹਾਣੀ ਨੂੰ ਸੰਪਾਦਤ ਉਪਰੋਕਤ ਸਿਰਲੇਖ ਹੇਠ ਕੀਤਾ ਏ। 232 ਪੰਨਿਆਂ 'ਚ ਫੈਲੀ ਇਸ ਪੁਸਤਕ 'ਚ ਸੰਪਾਦਕ ਨੇ ਬੀਤੀ ਸਦੀ ਦੇ ਚਰਚਿਤ 31 ਕਥਾਕਾਰਾਂ ਦੀਆਂ ਕਹਾਣੀਆਂ ਸੰਪਾਦਤ ਕੀਤੀਆਂ ਨੇ। ਨਿਸਚਿਤ ਪੰਨਿਆਂ ਦੀ ਸੀਮਾਂ ਕਰਕੇ ਜਸਵਿੰਦਰ ਚਾਹ ਕੇ ਕੁਝ ਹੋਰ ਕਹਾਣੀਕਾਰਾਂ ਸ਼ਾਮਿਲ ਨਹੀਂ ਕਰ ਸਕਿਆ। ਪ੍ਰੰਤੂ ਅਸੀਂ ਇਨ੍ਹਾਂ ਪ੍ਰਸਿੱਧ ਕਹਾਣੀਆਂ ਰਾਹੀਂ ਬੀਤੇ ਸਦੀ ਦੀ ਪੰਜਾਬੀ ਕਥਾਕਾਰੀ ਦੀ ਨਿੱਗਰ ਝਲਕ ਵੇਖ ਤੇ ਸਮਝ ਸਕਦੇ ਹਾਂ। ਇਨ੍ਹਾਂ ਚੁਣੀਆਂ ਕਹਾਣੀਆਂ ਰਾਹੀਂ ਬਦਲ ਰਹੇ ਪੰਜਾਬੀ ਸਮਾਜ ਨੂੰ ਵੀ ਵੇਖ ਸਮਝ ਸਕਦੇ ਹਾਂ। ਪਾਤਰ ਬਦਲ ਰਹੇ ਨੇ, ਸਮਾਜ ਬਦਲ ਰਿਹਾ ਏ। ਦੇਸ਼ ਵੰਡ, ਹਰੀ ਕ੍ਰਾਂਤੀ, ਪੰਜਾਬ ਦਾ ਦੁਖਾਂਤ, ਵਿਸ਼ਵੀਕਰਨ ਵਰਗੇ ਵਰਤਾਰੇ ਆਉਣ ਕਾਰਨ ਕਿਵੇਂ ਪੰਜਾਬੀ ਬੰਦਾ ਬਦਲ ਰਿਹਾ ਏ, ਕਿਵੇਂ ਦੇ ਉਹ ਦੁਖਾਂਤ ਭੋਗ ਰਿਹਾ ਏ, ਨਾਰੀ ਕਿਵੇਂ ਬਦਲ ਰਹੀ ਏ ਵਰਗੇ ਵਰਤਾਰਿਆ ਨੂੰ ਅਸੀਂ ਇਨ੍ਹਾਂ ਕਹਾਣੀਆਂ ਰਾਹੀਂ ਸਮਝ ਸਕਦੇ ਹਾਂ। ਕਿਤਾਬ 'ਚ ਸੇਖੋਂ, ਦੁੱਗਲ, ਧੀਰ, ਵਿਰਕ, ਪ੍ਰੇਮ ਪ੍ਰਕਾਸ਼, ਅਜੀਤ ਕੌਰ, ਰੁਪਾਣਾ, ਭੰਡਾਰੀ, ਗੁਰਬਚਨ ਭੁੱਲਰ, ਅਤਰਜੀਤ, ਕਜ਼ਾਕ, ਲਿੱਟ, ਪ੍ਰੇਮ ਗੋਰਖੀ, ਜਿੰਦਰ, ਸੁਖਜੀਤ, ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ, ਕੜਿਆਲਵੀ ਸਮੇਤ ਹੋਰਾਂ ਦੀਆਂ ਕਹਾਣੀਆਂ ਹਨ। ਕਿਤਾਬ ਨੈਸ਼ਨਲ ਬੁੱਕ ਟਰੱਸਟ, ਇੰਡੀਆ ਨੇ ਛਾਪੀ ਏ।



## ਚਰਬੀ ਦੀ ਗੁੱਡੀ: ਮੋਪਾਸਾਂ ਦੀਆਂ ਕਹਾਣੀਆਂ




ਮੋਪਾਸਾਂ ਸੰਸਾਰ ਦਾ ਪ੍ਰਸਿੱਧ ਕਥਾਕਾਰ ਮੰਨਿਆਂ ਗਿਆ ਏ। ਉਹ ਯਥਾਰਥਵਾਦੀ ਕਥਾਕਾਰੀ ਕਰਦਿਆਂ ਮਨੁੱਖੀ ਮਨ ਦੀਆਂ ਸਦੀਵੀ ਕਰਦਾਂ ਕੀਮਤਾਂ ਨੂੰ ਅਧਾਰ ਬਣਾਇਆ ਏ। ਉਸ ਦੀ ਰਚਨਾਕਾਰੀ ਅਨੁਭਵਾਂ 'ਚੋਂ ਨਿਕਲੀ ਏ। ਉਸ ਦੀ ਸਿਰਲੇਖ ਵਾਲੀ ਕਹਾਣੀ 'ਚਰਬੀ ਦੀ ਗੁੱਡੀ' ਜੰਗ ਦੀ ਤ੍ਰਾਸ਼ਦੀ ਬਿਆਨ ਕਰਦੀ ਏ। ਖ਼ੁਦ ਸੈਨਿਕ ਰਹਿ ਕੇ ਉਸ ਨੇ ਜੰਗ ਦੇ ਅਨੁਭਵ ਪ੍ਰਾਪਤ ਕੀਤੇ ਨੇ। ਕਹਾਣੀ ਦਾ ਧਰਾਤਲ ਫਰਾਂਸ-ਜਰਮਨ ਯੁੱਧ ਏ। ਕਹਾਣੀ ਦੇ ਕੇਂਦਰ 'ਚ ਵੇਸਵਾ ਏ। ਇਹ ਚਾਹਤ ਤੇ ਨਫ਼ਰਤ ਦੀ ਕਹਾਣੀ ਏ। 'ਸ੍ਰੀਮਾਨ ਪਾਰੇਂ' ਇਕ ਹੋਰ ਲੰਮੀ ਕਥਾ ਏ। ਇਹ ਇਕ ਮਾਂ ਦੇ ਮੋਹ, ਮਮਤਾ ਤੇ ਜਜ਼ਬੇ ਦੀ ਕਹਾਣੀ ਏ। ਇਕ ਮਾਂ (ਪਤਨੀ) ਦੇ ਆਰ ਪਾਰ ਪਤੀ ਤੇ ਪ੍ਰੇਮੀ ਏ, ਮਾਂ ਦੇ ਪੁੱਤਰ ਜਾਰਜ ਦਾ ਪਿਤਾ ਕੌਣ ਏ? ਇਹ ਹੀ ਕਹਾਣੀ 'ਚ ਰਹੱਸ ਏ। ਕਮਾਲ ਦੀ ਬੁਣਤੀ ਏ। ਕਹਾਣੀ ਹੀਰਿਆਂ ਦਾ ਹਾਰ' ਮੱਧਵਰਗੀ ਜੋੜੇ ਦੀਆਂ ਚਾਹਤਾਂ ਤੇ ਖਾਹਿਸ਼ਾ ਦੀ ਕਹਾਣੀ ਕਹਿੰਦੀ ਏ। 'ਇਕ ਨੌਕਰਰਾਣੀ ਦੀ ਕਹਾਣੀ' ਦੀ ਨਾਇਕਾ ਮਮਤਾ ਨੂੰ ਮੋਪਾਸਾਂ ਨੇ ਖ਼ੂਬਸੂਰਤੀ ਨਾਲ ਪੇਸ਼ ਕੀਤੇ ਏ। ਮੋਪਾਸਾਂ ਨੇ ਨਾਰੀ ਮਨ ਦੀਆਂ ਅਨੇਕਾਂ ਪਰਤਾਂ ਨੂੰ ਇਨ੍ਹਾਂ ਕਹਾਣੀਆਂ 'ਚ ਪੇਸ਼ ਕੀਤਾ ਏ। ਮੋਪਾਸਾਂ ਕੋਲ ਕਮਾਲ ਦੀ ਸ਼ੈਲੀ ਏ, ਜਿਸ ਨੂੰ ਅਨੁਵਾਦਕ ਤਰਸੇਮ ਨੇ ਬੜੀ ਮਿਹਨਤ ਨਾਲ ਪੇਸ਼ ਕੀਤਾ ਏ। ਕਿਤਾਬ ਨਵਯੁੱਗ ਪਬਲਿਸ਼ਰਜ਼ ਦਿੱਲੀ ਨੇ ਬੜੀ ਰੀਝ ਨਾਲ ਛਾਪੀ ਏ।

## ਤੇਜਵੰਤ ਸਿੰਘ ਗਿੱਲ ਖੋਜਕਾਰ ਤੇ ਪਰਖਕਾਰ

ਤੇਜਵੰਤ ਗਿੱਲ ਪੰਜਾਬੀ ਦਾ ਨਵ-ਮਾਰਕਸਵਾਦੀ ਸੋਚ ਰੱਖਣ ਵਾਲਾ ਪ੍ਰਬੁੱਧ ਚਿੰਤਕ ਮੰਨਿਆ ਗਿਆ ਏ। ਡਾ. ਜਤਿੰਦਰ ਸਿੰਘ ਨੇ ਵੱਖ-ਵੱਖ ਵਿਦਵਾਨਾਂ ਦੇ ਗਿੱਲ ਦੇ ਚਿੰਤਨ, ਅਨੁਵਾਦਕ ਤੇ ਜੀਵਨੀਕਾਰੀ ਨੂੰ ਉਭਾਰਨ ਵਾਲੇ ਲੇਖ ਪੁਸਤਕ 'ਚ ਸੰਪਾਦਤ ਕੀਤੇ ਨੇ। ਸਿਰਜਣਾਤਮਕ ਚਿੰਤਨ ਵਿਚ ਉਸ ਦੇ ਕਾਰਜ ਗੌਲਣਯੋਗ ਨੇ। ਵੱਖ ਵੱਖ ਲੇਖਕਾਂ ਨੇ ਤੇਜਵੰਤ ਗਿੱਲ ਦੇ ਚਿੰਤਨ ਨੂੰ ਸਮਝਣ ਦਾ ਯਤਨ ਇਸ ਪੁਸਤਕ ਵਿਚ ਕੀਤਾ ਏ। ਭੂਮਿਕਾ ਵਜੋਂ ਪਾਸ਼ ਵੱਲੋਂ ਗਿੱਲ ਨੂੰ ਲਿਖਿਆ ਖ਼ਤ ਏ। ਹਰਿਭਜਨ ਸਿੰਘ ਭਾਟੀਆ ਨੇ ਗਿੱਲ ਦੇ ਚਿੰਤਨੀ ਸਰੋਕਾਰ ਬਾਰੇ ਗੰਭੀਰ ਗੱਲਾਂ ਕੀਤੀਆਂ ਨੇ। ਪੱਛਮੀ ਵਿਦਵਾਨ ਆਰਨੈਸਟ ਟਰੁੰਪ ਤੇ ਮਿਸ਼ੇਲ ਫੂਕੋ ਦੀਆਂ ਪੱਛਮੀ ਅਧਿਐਨ ਪ੍ਰਣਾਲੀ ਸਬੰਧੀ ਜੋ ਧਾਰਨਾਵਾਂ ਗਿੱਲ ਨੇ ਦਿੱਤੀਆਂ ਸਨ ਉਨ੍ਹਾਂ ਦਾ ਵਿਸ਼ਲੇਸ਼ਣ ਪ੍ਰਕਾਸ਼ ਨੇ ਆਪਣੇ ਲੇਖ 'ਚ ਖ਼ੂਬਸੂਰਤੀ ਨਾਲ ਕੀਤਾ ਏ। ਗਿੱਲ ਦੀਆਂ ਚਾਰ ਮੁਲਾਕਾਤ ਰਾਹੀਂ ਵੀ ਉਸ ਦੇ ਚਿੰਤਨ, ਸ਼ਖ਼ਸੀਅਤ, ਜੀਵਨ ਤੇ ਝਾਤ ਪਾਈ ਗਈ ਏ। ਮੁਲਾਕਾਤਾਂ ਚੋਂ ਉਹਦੇ ਜੀਵਨ ਤੇ ਦਰਸ਼ਨ ਦੀ ਸਮਝ ਪੈਂਦੀ ਏ। ਪੁਸਤਕ ਨਵਯੁੱਗ ਪਬਲਿਸ਼ਰਜ਼ ਦਿੱਲੀ ਨੇ ਛਾਪੀ ਏ।




**ਦਰਸ਼ਨ ਸਿੰਘ ਗੁਰੂ ਦੀਆਂ 'ਸੁਣੀਆਂ-ਸੁਣਾਈਆਂ**




ਦਰਸ਼ਨ ਗੁਰੂ ਮੁੱਢਲੇ ਰੂਪ ਵਿਚ ਕਹਾਣੀਕਾਰ ਤੇ ਨਾਵਲਕਾਰ ਏ। ਪੁਸਤਕ ਵਿਚ ਉਨ੍ਹਾਂ ਕੁਝ ਪ੍ਰਸੰਗ ਤੇ ਵਿਚਾਰ ਦਿੱਤੇ ਨੇ ਜਿਹੜੇ ਢਹਿੰਦੇ ਜਾਂਦੇ ਮਨੁੱਖ ਨੂੰ ਉਤਸ਼ਾਹ ਦੇਣ ਵਾਲੇ ਨੇ। ਜਿਨ੍ਹਾਂ ਵਿਚ ਸਿੱਖਿਆ ਵੀ ਏ ਅਤੇ ਨਿਰਾਸ਼ ਤੇ ਲੰਮੇ ਪਏ ਮਨੁੱਖ ਨੂੰ ਖੜਾ ਕਰਨ ਵਾਲੀਆਂ ਗੱਲਾਂ ਵੀ ਨੇ। ਇਹ ਪ੍ਰਸੰਗ ਭਾਵੇਂ ਕਿ ਉਹਦੇ ਮੌਲਿਕ ਨਹੀਂ ਪਰ ਉਨ੍ਹਾਂ ਨੂੰ ਤਰਤੀਬ ਵਿਚ ਬੰਨ੍ਹਣ ਤੇ ਪੇਸ਼ ਕਰਨ ਵਾਲੀ ਭਾਸ਼ਾ ਉਸਦੀ ਆਪਣੀ ਏ। ਇਨ੍ਹਾਂ ਪ੍ਰਸੰਗਾਂ ਨੂੰ ਅੱਗੇ ਸੁਣਾ ਕੇ ਪਾਠਕ ਸੂਝਵਾਨ ਤੇ ਗਿਆਨਵਾਨ ਬਣ ਸਕਦਾ ਏ। ਇਨ੍ਹਾਂ ਪ੍ਰਸੰਗਾਂ ਤੋਂ ਤੁਹਾਨੂੰ ਜ਼ਿੰਦਗੀ ਦੇ ਅਦਭੁਤ ਰਹੱਸ, ਕੁਦਰਤ ਦੇ ਰੰਗ, ਪੀੜਾਂ, ਹੰਕਾਰ, ਉਡੀਕ, ਸੱਚ, ਅਮੀਰੀ, ਆਸ, ਵਿਸ਼ਵਾਸ, ਭਾਵਨਾ, ਹੁਨਰ, ਕਰਮ , ਕਿਸਮਤ, ਸੁਭਾਅ, ਸੰਗਤ, ਨਫ਼ਰਤ, ਮੁਹੱਬਤ ਵਰਗੇ ਮੁੱਦਿਆਂ ਉੱਤੇ ਪ੍ਰਵਚਨ ਪੜ੍ਹਨ ਨੂੰ ਮਿਲਦੇ ਨੇ। ਸ਼ਬਦਾਂ ਦੀ ਸ਼ਕਤੀ ਦੇ ਪ੍ਰਸੰਗ 'ਚ ਗੁਰੂ ਨੇ ਦਰਸ਼ਨ ਦੀਆਂ ਗੱਲਾਂ ਕੀਤੀਆਂ ਨੇ। ਕਿਤਾਬ ਪੜ੍ਹਦਿਆਂ ਅਹਿਸਾਸ ਹੁੰਦਾ ਏ ਕਿ ਲੇਖਕ ਕੋਲ ਅਨੁਭਵ ਦੀ ਬੜੀ ਅਮੀਰੀ ਏ। ਇਹ ਅਨੁਭਵ ਉਸ ਨੇ ਵੱਖ ਵੱਖ ਲੋਕਾਂ 'ਚ ਵਿਚਰ ਕੇ ਪ੍ਰਾਪਤ ਕੀਤਾ ਏ। ਉਸ ਕੋਲ ਵਿਚਾਰਾਂ ਤੇ ਪ੍ਰਸੰਗਾਂ ਨੂੰ ਜਜ਼ਬ ਕਰਨ ਦੀ ਅਥਾਹ ਸ਼ਕਤੀ ਏ। ਪ੍ਰਸੰਗ ਨੂੰ ਰਿੜਕ ਕੇ ਉਸ ਨੇ ਆਪਣੀ ਸ਼ੈਲੀ ਵਿਚ ਲਿਖਿਆ ਏ। ਕਿਤਾਬ ਆਮ ਤੇ ਖਾਸ ਪਾਠਕਾਂ ਨੂੰ ਆਪਣੇ ਵੱਲ ਖਿੱਚਦੀ ਏ। ਇਹੋ ਜਿਹੀਆਂ ਕਿਤਾਬਾਂ ਸਕੂਲ ਪੱਧਰ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਪਹੁੰਚਣੀਆਂ ਜ਼ਰੂਰੀ ਹੁੰਦੀਆਂ ਨੇ। ਇਹ ਵਾਰਤਕ ਦੀ ਖੂਬਸੂਰਤ ਪੁਸਤਕ ਏ।

**ਖ਼ਾਮੋਸ਼ ਸਦੀ ਦੀ ਦਾਸਤਾਨ: ਅਰਤਿੰਦਰ ਸੰਧੂ ਦੀ ਕਵਿਤਾ**

ਅਰਤਿੰਦਰ ਸੰਧੂ ਪੰਜਾਬੀ ਦੀ ਜ਼ਿਕਰਯੋਗ ਕਵਿਤਾ ਲਿਖਣ ਵਾਲੀ ਤੇ ਸੂਝਵਾਨ ਸੰਪਾਦਕ ਵੀ ਏ। ਉਹ ਲੰਮੇ ਸਮੇਂ ਤੋਂ ਕਵਿਤਾ ਲਿਖ ਰਹੀ ਏ। ਉਸ ਦੀ ਇਹ ਚੋਣਵੀਂ ਕਵਿਤਾ 516 ਪੰਨਿਆਂ 'ਚ ਫੈਲੀ ਹੋਈ ਏ। ਇਸ ਕਿਤਾਬ ਨੂੰ ਸੰਪਾਦਤ ਮੋਹਨ ਤਿਆਗੀ ਨੇ ਕੀਤਾ ਏ। ਉਸ ਨੇ ਹੁਣ ਤੱਕ ਭਰਵੇਂ ਰੂਪ ਵਿਚ ਕਵਿਤਾ ਲਿਖ ਦੇ ਇਹ ਸਿੱਧ ਕੀਤਾ ਏ ਕਿ ਉਹ ਮਨੁੱਖੀ ਜੀਵਨ ਦੇ ਸੂਖ਼ਮ ਪਾਸਾਰਾਂ ਦੀ ਗੱਲ ਬੜੀ ਸਮਰੱਥਾ ਨਾਲ ਕਰਨ ਵਾਲੀ ਕਵਿਤਰੀ ਏ। ਉਸ ਦੀ ਕਵਿਤਾ ਦੇ ਪਸਾਰ ਕਾਫੀ ਵਸੀਹ ਨੇ ਪਰ ਕੇਂਦਰ 'ਚ ਨਾਰੀ ਦੀ ਹੋਂਦ ਅਤੇ ਅਸਤਿਤਵ ਦੀ ਗੱਲ ਕਰਦੀ ਏ। ਉਹਦਾ ਕਾਵਿ ਮੁਹਾਵਰਾ ਅੰਤਰਮੁੱਖੀ ਏ। ਉਸ ਦੀ ਕਵਿਤਾ ਪ੍ਰਕਿਰਤੀ ਤੇ ਕੁਦਰਤ ਦੇ ਪਾਸਾਰਾਂ ਦੀ ਗੱਲ ਵੀ ਕਰਦੀ ਏ। ਉਹ ਆਪਣੀ ਕਵਿਤਾ 'ਚ ਰਵਾਇਤੀ ਮਿੱਥਾਂ ਨੂੰ ਤੋੜਦੀ ਵੀ ਏ। ਕਿਸਾਨੀ ਸੰਕਟ, ਕਾਰਪੋਰੇਟ ਦੇ ਜਾਲ਼ 'ਚ ਪਿਸਦੇ ਆਮ ਮਨੁੱਖ ਨੂੰ ਵੀ ਆਪਣੀ ਕਵਿਤਾ ਦਾ ਧੁਰਾ ਬਣਾਇਆ ਏ। ਕਿਤਾਬ 'ਵਾਹਗਾ ਬੁੱਕਸ' ਨੇ ਛਾਪੀ ਏ।




### ਗੁਰਮੁਖ ਸਿੰਘ ਸਹਿਗਲ ਸ਼ਖ਼ਸੀਅਤ ਤੇ ਸਿਰਜਣਾ




ਸਹਿਗਲ ਪ੍ਰਸਿੱਧ ਨਾਵਲਕਾਰ, ਸੰਗੀਤ ਦਾ ਮਾਹਰ ਅਤੇ ਅਨੁਵਾਦਕ ਏ ਜਿਸ ਨੇ ਪੰਜਾਬੀ ਸਾਹਿਤ ਨੂੰ ਗੌਲਣਯੋਗ ਰਚਨਾਵਾਂ ਦੇ ਕੇ ਅਮੀਰ ਕੀਤਾ ਏ। ਸਹਿਗਲ ਦਾ ਕਲਾਸਿਕ ਨਾਵਲ 'ਦਰਦ ਵਿਛੋੜੇ ਦਾ ਹਾਲ' ਏ ਤੇ ਉਰਦੂ ਤੋਂ ਅਨੁਵਾਦ 'ਰਾਜਾ ਗਿੱਧ' ਅਮੀਰ ਰਚਨਾ ਏ। ਸੰਗੀਤ ਦੇ ਖੇਤਰ ਵਿਚ ਉਸ ਦੀਆਂ ਪ੍ਰਾਪਤੀਆਂ ਬਹੁਤ ਅਹਿਮ ਨੇ। ਬਤੌਰ ਨਾਵਲਕਾਰ ਉਸ ਦੀ ਐਨੀ ਕਦਰ ਨ੍ਹੀਂ ਪਈ ਜਿੰਨੀ ਪੈਣੀ ਚਾਹੀਦੀ ਸੀ। 'ਦਰਦ ਵਿਛੋੜੇ ਦਾ ਹਾਲ' ਨਾਵਲ ਪੰਜਾਬੀ ਨਾਵਲਕਾਰੀ ਵਿੱਚ ਵੱਖਰਾ ਖੜਾ ਦਿਸਦਾ ਏ। ਉਸ ਦੀ ਸ਼ਖ਼ਸੀਅਤ ਦੇ ਅਨੇਕਾਂ ਪਸਾਰ ਨੇ ਇਨ੍ਹਾਂ ਪਸਾਰਾਂ ਦੀ ਗੱਲ ਅਨੇਕਾਂ ਵਿਦਵਾਨਾਂ ਨੇ ਕੀਤੀ ਏ। ਇਨ੍ਹਾਂ ਵਿਦਵਾਨਾਂ ਦੇ ਲੇਖਾਂ ਨੂੰ ਜਸਪ੍ਰੀਤ ਸਿੰਘ ਜਗਰਾਓਂ ਨੇ ਇਸ ਮੁੱਲਵਾਨ ਪੁਸਤਕ 'ਚ ਸੰਪਾਦਤ ਕੀਤਾ ਏ। 464 ਪੰਨਿਆਂ ਦੀ ਇਸ ਪੁਸਤਕ ਵਿਚ ਸਹਿਗਲ ਦੇ ਅਨੇਕਾਂ ਰੰਗਾਂ ਨੂੰ ਉਭਾਰਿਆ ਗਿਆ ਏ। ਕਾਵਿ ਚਿੱਤਰ, ਸ਼ਬਦ ਚਿੱਤਰ, ਯਾਦਾਂ, ਮੁਲਾਕਾਤਾਂ, ਖੋਜ ਨਿਬੰਧ, ਜੀਵਨ ਤੇ ਰਚਨਾ ਸਬੰਧੀ ਲੇਖ, ਵੱਖ ਵੱਖ ਨਾਵਲਾਂ ਦੀ ਸਮੀਖਿਆ, ਸਫ਼ਰਨਾਮਾ ਬਾਰੇ ਲੇਖ, ਅਨੁਵਾਦ ਕੁਸ਼ਲਤਾ ਬਾਰੇ ਲੇਖ, ਖ਼ਤ ਰਾਹੀਂ ਸਹਿਗਲ ਦੇ ਸਾਹਿਤਕ ਕਾਰਜ ਦੀ ਭੂਰਪੂਰਤਾ ਨਾਲ ਗੱਲ ਕੀਤੀ ਗਈ ਏ। ਖੋਜ ਕਾਰਜ ਕਾਰਨ ਵਾਲੇ ਵਿਦਵਾਨਾਂ ਲਈ ਇਹ ਕਾਰਜ ਬਹੁਤ ਲਾਹੇਵੰਦ ਏ। ਪੁਸਤਕ ਵਿਚ ਉਸ ਦੀਆਂ ਪ੍ਰਸਿੱਧ ਰਚਨਾਵਾਂ ਦੇ ਅੰਸ਼ ਵੀ ਦਿੱਤੇ ਗਏ ਨੇ। ਇਸ ਗ੍ਰੰਥ ਨੂੰ 'ਸੰਗਮ ਪਬਲੀਕੇਸ਼ਨ' ਨੇ ਬੜੀ ਖੂਬਸੂਰਤੀ ਨਾਲ ਛਾਪਿਆ ਏ।

### ਪੰਜਾਬੀ ਗਲਪਕਾਰ ਸੰਵਾਦ ਤੇ ਸਮੀਖਿਆ

ਪੁਸਤਕ ਦੀ ਲੇਖਕਾਂ ਵੀਰ ਕੌਰ ਨਵੀਂ ਪ੍ਰਤਿਭਾ ਤੇ ਊਰਜਾ ਨਾਲ ਕਾਰਜ ਕਾਰਨ ਵਾਲੀ ਏ। ਉਸ ਨੇ ਆਪਣਾ ਖੋਜ ਕਾਰਜ ਨਿਵੇਕਲੇ ਰੂਪ ਵਿਚ ਕੀਤਾ ਏ। ਉਸ ਨੇ ਪੰਜਾਬੀ ਦੇ ਨਾਵਲਕਾਰ ਤੇ ਕਹਾਣੀਕਾਰਾਂ ਨਾਲ ਸਵਾਲਾਂ ਦੀ ਸ਼ਕਲ 'ਚ ਸੰਵਾਦ ਤੋਰਿਆ ਏ। ਪੁਸਤਕ 'ਚ ਨਾਵਲਕਾਰ-ਕਹਾਣੀਕਾਰਾਂ ਸੁਰਿੰਦਰ ਸਿੰਘ ਨੇਕੀ, ਰਾਮ ਸਰੂਪ ਰਿਖੀ, ਨਛੱਤਰ, ਬਲਜੀਤ ਸਿੰਘ ਪਪਨੇਜਾ, ਬਲਬੀਰ ਪਰਵਾਨਾ, ਧਰਮ ਸਿੰਘ ਕੰਮੇਆਣਾ, ਸਿਮਰਤ ਸੁਮੈਰਾ, ਜਸਵੀਰ ਰਾਣਾ, ਅਜਮੇਰ ਸਿੱਧੂ, ਹਰਪਿੰਦਰ ਰਾਣਾ, ਹਰਜੀਤ ਕੌਰ ਵਿਰਕ, ਸੁਖਵੀਰ (ਸੂਹੇ ਅੱਖਰ), ਪਰਗਟ ਸਿੰਘ ਸਤੌਜ ਨਾਲ ਵਿਸਤ੍ਰਿਤ ਮੁਲਾਕਾਤਾਂ ਕੀਤੀਆਂ ਨੇ। ਇਨ੍ਹਾਂ ਮੁਲਾਕਾਤਾਂ 'ਚ ਲੇਖਕਾਂ ਦੇ ਜੀਵਨ, ਸਾਹਿਤ ਦੀ ਸਮਝ ਅਤੇ ਸਿਰਜਣਾ ਦੇ ਪਿਛੋਕੜ ਦੇ ਪਹਿਲੂਆਂ ਬਾਰੇ ਗੱਲਾਂ ਕੀਤੀਆਂ ਹਨ। ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਵੀਰ ਕੌਰ ਨੇ ਸਵਾਲ ਤਿਆਰ ਕੀਤੇ ਨੇ। ਕਿਤਾਬ 'ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ' ਨੇ ਛਾਪੀ ਏ।




# ਸਮਕਾਲ ਦੇ ਯਥਾਰਥ ਦੀਆਂ ਭਿੰਨ ਭਿੰਨ ਪਰਤਾਂ ਫਰੋਲਦੀ ਕਹਾਣੀ

**(ਕਹਾਣੀ ਧਾਰਾ-68 ਅੰਕ ਦੀਆਂ ਦਸ ਕਹਾਣੀਆਂ ਪੜ੍ਹਦਿਆਂ)**

**- ਜਸਵੀਰ ਕਲਸੀ**



ਸਮਕਾਲੀ ਪੰਜਾਬੀ ਕਹਾਣੀ, ਸੰਸਾਰ ਪੱਧਰ ਉੱਤੇ ਵੱਡੀ ਗਿਣਤੀ ਵਿਚ ਤ੍ਰੈ-ਮਾਸਿਕ ਪੱਤਰਕਾਵਾਂ ਜਰੀਏ ਪਾਠਕ ਦੇ ਰੂ-ਬ-ਰੂ ਹੁੰਦੀ ਹੈ। ਉਸ 'ਚੋਂ ਸਿਰਫ ਇਕ ਪੱਤਰਕਾ ਦੀਆਂ ਕਹਾਣੀਆਂ ਬਾਰੇ ਸਮੀਖਿਆ ਰਾਹੀਂ ਕੁਝ ਧਾਰਨਾਵਾਂ ਸਿਰਫ ਸੰਕੇਤਕ ਰੂਪ ਵਿਚ ਹੀ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਕਿਉਂਕਿ ਸਮਕਾਲੀ ਸਾਹਿਤ ਬਾਰੇ ਤੱਟ-ਫੱਟ ਰੂਪ ਵਿਚ ਕੋਈ ਅੰਤਿਮ ਰਾਏ ਦੇਣੀ ਔਖੀ ਹੁੰਦੀ ਹੈ।




ਤ੍ਰੈ-ਮਾਸਿਕ ਪੱਤਰਕਾ 'ਕਹਾਣੀ ਧਾਰਾ'-68 ਦੇ ਜਨਵਰੀ-ਮਾਰਚ, 2023 ਵਾਲੇ ਅੰਕ ਅੰਦਰ ਦਸ ਕਹਾਣੀਆਂ ਛਪੀਆਂ ਹਨ। ਇਹਨਾਂ ਕਹਾਣੀਆਂ ਨੂੰ ਪੱਤਰਕਾ ਦੇ ਸੰਪਾਦਕ ਭਗਵੰਤ ਰਸੂਲਪੁਰੀ ਜੋ ਪੰਜਾਬੀ ਕਹਾਣੀ ਦੇ ਚੌਥੇ ਪੜਾਅ ਦੀ ਕਹਾਣੀ ਦਾ ਪ੍ਰਸਿੱਧ ਕਹਾਣੀਕਾਰ ਹੈ ਨੇ ਆਪਣੀ ਸਾਹਿਤਕ-ਦ੍ਰਿਸ਼ਟੀ ਦੇ ਅਨੁਸਾਰ ਤਰਤੀਬ ਦਿੱਤੀ ਹੈ ਦੀ ਲੜੀ ਦੇ ਕ੍ਰਮ ਵਿਚ ਪੜ੍ਹਦਿਆਂ ਤੇ ਸਮਝਦਿਆਂ ਪਹਿਲਾ ਪ੍ਰਸੰਗ ਇਉਂ ਹੈ :

ਪਾਕਿਸਤਾਨੀ ਪੰਜਾਬੀ ਕਹਾਣੀ 'ਕਾਮਾ' ਮੂਲ : ਸ਼ਹਿਜ਼ਾਦ ਅਸਲਮ, ਲਿੱਪੀ-ਅੰਤਰ : .ਖਾਲਿਦ .ਫਰਹਾਦ ਧਾਰੀਵਾਲ ਹੈ। ਸਰਬਗਿਆਤਾ ਬਿਰਤਾਂਤਕਾਰ ਰਾਹੀਂ ਇਕ ਚਾਰ ਪੰਨਿਆਂ ਦੀ ਕਹਾਣੀ ਹੈ। ਆਰੰਭ ਦਾ ਪੌਣਾ ਪੰਨਾ ਜੀਰੇ ਨਾਂ ਦੇ ਪਾਤਰ ਦਾ ਰੇਖਾ-ਚਿੱਤਰ ਹੈ। ਅਗਲੇ ਸਵਾ ਤਿੰਨ ਪੰਨਿਆਂ 'ਚੋਂ ਸ਼ੁਰੂ ਵਿਚ ਜੀਰੇ ਨੂੰ ਉਸ ਦੇ ਮੁਹੱਲੇ ਦਾ ਹਾਣੀ ਮੁੰਡਾ ਅੱਛੂ ਮਿਲਦਾ ਹੈ। ਉਹਨਾਂ ਦੀ ਵਾਰਤਾਲਾਪ ਰਾਹੀਂ ਭਵਿੱਖ ਦੀ ਯੋਜਨਾ ਬਣਦੀ ਹੈ। ਜਿਸ 'ਚੋਂ ਪਾਠਕ ਨੂੰ ਇਕ ਕਹਾਣੀ ਦੀ ਤੰਦ ਮਿਲਦੀ ਹੈ। ਕਹਾਣੀ ਦੇ ਪਾਤਰਾਂ ਦੀ ਯੋਜਨਾ ਅਨੁਸਾਰ ਅਗਲੇ ਦਿਨਾਂ ਵਿਚ ਅੱਛੂ ਤੇ ਜੀਰਾ ਆਪਣੇ ਮੁਹੱਲੇ ਦੀਆਂ ਗਲੀਆਂ ਲੰਘ ਵੱਡੀ ਸੜਕ ਪਾਰ ਕਰ ਜਿੱਥੋਂ ਲੰਘਦੇ ਨੇ ਤਾਂ ਜੀਰਾ ਬੋਲਿਆ, "ਯਾਰ ਅੱਛੂ ਇੱਥੇ ਤਾਂ ਜਗਨ ਪੁਰ ਪਿੰਡ ਹੁੰਦਾ ਸੀ?" ਜੀਰੇ ਹੈਰਾਨ ਹੋ ਕੇ ਪੁੱਛਿਆ। "ਤੂੰ ਕਿਹੜੇ ਵੇਲੇ ਦੀਆਂ ਗੱਲਾਂ ਕਰਨਾ ਐਂ, ਸਾਡਾ ਸ਼ਹਿਰ ਹੁਣ ਪਿੰਡ ਖਾਂਦਾ ਏ। ਜਿੱਥੇ ਮੂੰਜੀ-ਕਣਕ ਹੁੰਦੀ ਸੀ ਓਥੇ ਹੁਣ ਪਲਾਜ਼ੇ-ਕੋਠੀਆਂ ਉੱਗਦੇ ਹਨ।" ਅੱਛੂ ਨੇ ਕਿਹਾ। ਪੰਨਾ-13

ਦੇਸੀ ਕੁੱਤਿਆਂ ਦਾ ਸ਼ੌਕੀ ਜੀਰਾ, ਅੱਛੂ ਰਾਹੀਂ ਬੰਦੂਕ ਧਾਰੀ ਗਾਰਡਾਂ ਵਾਲੇ ਟਾਉਨ ਅੰਦਰ ਇਕ ਰਿਟਾਇਰਡ ਕਰਨਲ ਪਰ ਮਿਉਨਸਿਪਲਟੀ ਦੇ ਅਫਸਰ ਦੀ ਕੋਠੀ ਵਿਚ ਜਿੱਥੇ ਕੁੱਤਿਆਂ ਤੇ ਪੰਛੀਆਂ ਦੀ ਸਾਂਭ-ਸੰਭਾਲ ਦਾ ਤਨਖਾਹਦਾਰ ਨੌਕਰ ਬਣ ਗਿਆ ਸੀ। ਕੁਝ ਸਮੇਂ ਬਾਦ ਜੀਰੇ ਨੂੰ ਪਤਾ ਲੱਗਾ ਕਿ ਉਸ ਦੇ ਮੁਹੱਲੇ ਦੇ ਦੇਸੀ ਕੁੱਤਿਆਂ ਨੂੰ ਗੋਲੀਆਂ ਨਾਲ ਮਾਰ ਮੁਕਾਇਆ। ਮੋਏ ਕੁੱਤੇ ਨੂੰ ਚੁੱਕਣ ਲਈ ਕੋਈ ਰਾਜ਼ੀ ਨਹੀਂ

ਸੀ। ਜੀਰੇ ਨੇ ਆਪਣੀਆਂ ਬਾਹਾਂ ਵਿਚ ਚੁੱਕ ਦੂਰ ਟਿੱਬੇ ਉੱਤੇ ਲਿਟਾਇਆ। ਇਸ ਤਰ੍ਹਾਂ ਦੇ ਵੇਰਵਿਆਂ ਵਾਲੀ ਕਹਾਣੀ ਦੇ ਅੰਤ ਵਿਚ ਮਿਉਨਸਿਪਲਟੀ ਵਾਲੇ ਬੰਦੇ ਕਰਨਲ ਦੇ ਘਰ ਵਾਲੇ ਕੁੱਤਿਆਂ ਨੂੰ ਟੀਕੇ ਲਾਉਂਦੇ ਹਨ। ਜੀਰਾ ਕੋਲ ਖਲੋ ਕੇ ਵੇਖਦਾ ਰਿਹਾ।" ਕਰਨਲ ਸਾਹਿਬ ਨੂੰ ਦੱਸ ਦੇਈਂ, ਵੈਕਸੀਨ ਲਾ ਦਿੱਤੀ ਏ, ਹੁਣ ਕੁੱਤੇ ਬਿਮਾਰ ਨਹੀਂ ਹੋਣਗੇ।" ਜੀਰਾ ਜਾਂਦੇ ਹੋਏ ਨੂੰ ਕੰਡ ਪਿੱਛੋਂ ਵੇਖਦਾ ਸੋਚਣ ਲੱਗਾ : "ਉਹਦੇ ਮੁਹੱਲੇ ਦੇ ਦੇਸੀ ਕੁੱਤਿਆਂ ਨੂੰ ਵੈਕਸੀਨ ਲਗਾਉਣ ਦੀ ਥਾਂ ਫਾਇਰ ਕਿਉਂ ਮਾਰੇ ? " ਪੰਨਾ- 15

ਇੰਝ ਨਿੱਕੀ ਪਰ ਤਿੱਖੀ ਕਹਾਣੀ ਹੈ। ਪਾਠਕ ਨੂੰ ਸੋਚਣ ਲਾਉਂਦੀ ਹੈ। ਮਨੁੱਖੀ ਸਮਾਜ ਦੀ ਵਰਗ ਵੰਡ ਸਮਕਾਲੀ ਸਮੇਂ ਨੂੰ ਬ-ਕਮਾਲ ਵਸਤੂ ਯਥਾਰਥ ਜਰੀਏ ਪੇਸ਼ ਕਰਦੀ ਹੈ।

ਪੰਜਾਬ ਦੀਆਂ ਕਹਾਣੀਆਂ 'ਚੋਂ ਪਹਿਲੀ ਲਾਲ ਸਿੰਘ ਦੀ "ਯੁੱਧਵੀਰ ' ਬਿਰਤਾਂਤਕਾਰ ਵੱਲੋਂ ਸੱਤ ਪੰਨਿਆਂ ਵਿਚ ਕਹਾਣੀ ਸੂਸਾਈਡ ਤੋਂ ਆਰੰਭ ਹੋ ਪਿਛਲੀਆਂ ਯਾਦਾਂ ਦੀ ਪਟਾਰੀ ਨਾਲ ਅੰਤ ਵੱਲ ਜਾਂਦੀ ਹੈ। ਇਸ ਕਹਾਣੀ ਦੇ ਅੰਤ ਤੋਂ ਪਹਿਲਾਂ ਬਿਰਤਾਂਤਕਾਰ ਕਹਿੰਦਾ ਹੈ, ' ਇਹ ਸਭ ਕੁਝ ਘਰ ਦੇ ਸਾਹ-ਘੁੱਟਵੇਂ ਵਰਤਾਰੇ ਕਾਰਨ ਵਾਪਰਿਆ।.... ਆਪਣੇ ਅੰਦਰ ਨਾਲ ਉਲਝਿਆ ਉਹ ਕਿੰਨਾ ਹੀ ਚਿਰ ਨਾ ਰਤਨੀ ਨੂੰ ਦੋਸ਼ੀ ਗਰਦਾਨ ਸਕਿਆ, ਨਾ ਉਸਨੂੰ ਦੋਸ਼ ਮੁਕਤ ਕਰ ਸਕਿਆ।" ਪੰਨਾ- 21

ਘਰ ਦਾ ਸਾਹ-ਘੁੱਟਵਾਂ ਵਰਤਾਰਾ ਰਤਨੀ ਦੇ ਸਹੁਰੇ ਦੇ ਕੁਦਰਤੀ ਅਵੈੜੇ ਸੁਭਾਅ ਕਾਰਨ ਹੋਇਆ ਸੀ। ਜਿਸ ਕਾਰਨ ਰਤਨੀ ਦਾ ਪਤੀ ਆਪਣੇ ਪਿਉ ਦੀ ਲੋਹੇ ਦੇ ਘਰਦੀ ਵਰਕਸ਼ਾਪ 'ਚੋਂ ਕੰਮ ਛੱਡ ਡੁੱਬਈ ਚਲਾ ਗਿਆ ਸੀ। ਰਤਨੀ ਦੀ ਸੱਸ ਦੇ ਵੇਰਵੇ ਨਾਲ ਕਿ ਰਤਨੀ ਟੈਂਪੂ ਵਾਲੇ ਨਾਲ ਬਿਨਾਂ ਕੰਮੋਂ ਸ਼ਹਿਰ ਜਾਂਦੀ। ਉਹ ਨਿਖਸਮਾ ਗੇਟ ਤੇ ਰੁਕਣ ਦੀ ਥਾਂ ਸਿੱਧਾ ਅੰਦਰ ਆ ਵੜਦਾ। ਤੇ ਰਤਨੀ ਦਾ ਸੂਸਾਈਡ ਨੋਟ ਉਸ ਦਾ ਪਤੀ ਪੜ੍ਹਦਾ ...ਤੇਰੇ ਪਿੱਛੋਂ ਤੇਰਾ ਪਿਉ ਪੂਰੀ ਤਰ੍ਹਾਂ ਬੇ-ਲਗਾਮ ਹੀ ਹੋ ਗਿਆ...। ਪੱਖੇ ਨਾਲ ਖ਼ੁਦਕੁਸ਼ੀ ਕਰਨ ਦਾ ਯਤਨ ਕਰਦਾ ਹੈ। ਇਕ ਵੇਰਵਾ ਹੈ, '...... ਚਾਨਚੱਕ ਆ ਡਿੱਗੇ ' ਕਤਲ-ਕੇਸ ' ਤੋਂ ਬਚਣ ਲਈ ਉਸ ਦੇ ਪਿਉ ਨੇ ਰਤਨੀ ਦੀ ਮਿੱਟੀ ਝੱਟਪਟ ਸਮੇਟ ਲਈ ਸੀ। ਪਰ ਕਹਾਣੀ ਦੇ ਅੰਤ ਵਿਚ ਰਤਨੀ ਦੇ ਮਾਪੇ ਸੂਚਨਾ ਮਿਲਣ 'ਤੇ ਆਉਂਦੇ ਹਨ। ਰਤਨੀ ਦੇ ਬੱਚਿਆਂ ਦਾ ਰੋਣ-ਧੋਣ ਸਭ ਨੂੰ ਸੁੰਨ ਕਰ ਗਿਆ। ਰਤਨੀ ਦੇ ਪੇਕਿਆਂ 'ਚੋਂ ਕਿਸੇ ਨੇ ਕਿਹਾ, "ਕਰਨਾ ਤਾਂ ਕੁਛ ਨਾ ਕੁਛ ਪੈਣਾ ਈ ਆਂ ਕਾਕਾ, ਨਈਂ ਐਹੋ ਜਿਹੇ ਬੰਦੇ ਰਸਦੇ-ਵਸਦੇ ਘਰਾਂ ਨੂੰ ਉਜਾੜਨੋਂ ਕਿੱਥੇ ਰੁਕਣੇ ਆਂ...!" ਪੰਨਾ-22

ਕਹਾਣੀ ਦਾ ਸਿਰਲੇਖ 'ਯੁੱਧਵੀਰ ' ਥੀਮ ਅਧੀਨ ਨਹੀਂ ਹੈ। ਕਹਾਣੀ ਪਾਤਰਾਂ ਤੇ ਘਟਨਾਵਾਂ ਦਾ ਮਨੋਵਿਸ਼ਲੇਸ਼ਣ ਵੀ ਬਾਹਰੀ ਵਸਤੂ ਯਥਾਰਥ ਜਰੀਏ ਪੇਸ਼ ਕਰਦੀ ਹੈ। ਇਸ ਅੰਦਰ ਅਣਕਿਹਾ ਵੀ ਹੈ।

ਬਲਬੀਰ ਪਰਵਾਨਾ ਦੀ ਕਹਾਣੀ ' ਪਿੰਡ ਜਿਉਂਦਾ ਹੀ ਕਿੱਥੇ ਹੈ ! ' ਮੈਂ ਮੂਲਕ ਚਰਿੱਤਰ ਵਾਲੇ ਮਰਦ ਪਾਤਰ ਜਰੀਏ ਨੌਂ ਪੰਨਿਆਂ ਉਪਰ ਸੈਕੰਡ ਪਰਸਨ ਪਾਤਰ ਜੱਜੂ ਨੂੰ ਪੇਸ਼ ਕੀਤਾ ਗਿਆ ਹੈ। ਮੈਂ ਪਾਤਰ ਕਾਰ ਰਾਹੀਂ ਪਿੰਡ ਪ੍ਰਵੇਸ਼ ਕਰਦਾ ਹੈ। ਉੱਥੇ ਸਿਵਾ ਬਲਦਾ ਵੇਖਦਾ ਹੈ। ਘਰ ਪਹੁੰਚ ਅੰਬ ਦੇ ਬੂਟੇ ਹੇਠ ਸ਼ਬਜ਼ੀਆਂ ਦੀ ਵਾੜੀ ਵਿਚ ਨੰਜਣ ਨਾਲ ਵਾਰਤਾਲਾਪ ਕਰਦਾ ਹੈ। ਨੰਜਣ ਤੋਂ ਪਹਿਲਾਂ ਜੱਜੂ ਉਸ ਦਾ ਨੌਕਰ ਸੀ। ਉਹ ਕਿਸਾਨੀ ਪਰਿਵਾਰ 'ਚੋਂ ਪੜ੍ਹ ਕੇ ਸ਼ਹਿਰ ਨੌਕਰੀ ਕਰਦਾ ਤੇ ਸ਼ਹਿਰਨ ਟੀਚਰ ਨਾਲ ਮਨਮਰਜ਼ੀ ਦਾ ਵਿਆਹ ਕਰਵਾ ਸ਼ਹਿਰ ਹੀ ਰਹਿ ਰਿਹਾ ਹੈ। ਉਸ ਦੇ ਕਿਸਾਨੀ ਪਿਛੋਕੜ ਦਾ ਵੀ ਜਿਕਰ ਹੈ। ਮੌਤ ਤਕ ਬਾਪ ਨੇ ਜ਼ਮੀਨ ਨਾ ਵੇਚਣ ਦਿੱਤੀ ਪਰ, ਬਾਦ ਵਿਚ ਵੇਚ ਗਿਆ ਆਪਣਾ ਹਿੱਸਾ। ਘਰ ਰੱਖ ਲਿਆ। ਉੱਥੇ ਹੀ ਗੇੜਾ ਮਾਰਨ ਆਉਂਦਾ ਹੈ। ਜੱਜੂ ਰੋਟੀ ਬਦਲੇ ਕੰਮ ਕਰਨ ਵਾਲਾ ਸਿੱਧਾ ਬੰਦਾ ਹੈ। ਮਿਹਨਤੀ ਪਰ ਮਨਮਰਜ਼ੀ ਵਾਲਾ ਹੈ। ਮੈਂ ਪਾਤਰ ਦੀ ਪਤਨੀ ਦੀ ਸ਼ੰਕਾ ਕਿ ਉਹ ਸ਼ਬਜ਼ੀਆਂ ਵੀ ਵੇਚ ਲੈਂਦਾ ਤੇ ਰੁੱਖਾਂ ਦਾ ਬਾਲਣ ਵੀ ਘਰ ਦੀ ਸਾਂਭ-ਸੰਭਾਲ ਤੇ ਸਫ਼ਾਈ ਬਦਲੇ। ਤਾਂ...। ਕੋਈ ਇਕ ਪੈਸੇ ਦੀ ਵੀ ਚੀਜ ਇਧਰ-ਉਧਰ ਹੋਈ ਐ

ਤਾਂ ਦੱਸੋ ?' ਜੱਜੂ ਦੀਆਂ ਅੱਖਾਂ ਵਿਚ ਕਿਸੇ ਅਹਿਸਾਨ ਦਾ ਭਾਰ ਨਹੀਂ ਸੀ, 'ਜੇ ਕੋਈ ਹੋਰ ਸਾਂਭਣ ਵਾਲਾ ਲੱਭਦਾ ਤਾਂ ਰੱਖ ਲਓ ...ਮੈਂ ਛੱਡਿਆ ...।ਸਾਂਭੋ ਆਪਣਾ ਘਰ...ਝਾਕਦਾ ਵੀ ਨੀ ਇਧਰ...।" ਪੰਨਾ-31

ਕਹਾਣੀ ਦੇ ਆਰੰਭ ਵਿੱਚ ਹੀ ਸਿਵਾ ਬਲ ਰਿਹਾ ਸੀ ...ਕੀਹਦੀ ਮੌਤ ਹੋਈ ਐ ਪਿੰਡ 'ਚ ? ਦਾ ਉਤਰ ਓਹੀ ਜੱਜੂ, ਦੀ ਜਾਣਕਾਰੀ ਤੋਂ ਬੀਤੇ ਸਮੇਂ ਦੀਆਂ ਯਾਦਾਂ ਦੇ ਪ੍ਰਸੰਗ ਨਾਲ ਕਹਾਣੀ ਵਾਪਰਦੀ ਹੈ। ਪਿਛਲਝਾਤ ਜੁਗਤ ਨਾਲ ਮੁੜ ਵਰਤਮਾਨ ਸਮੇਂ ਵਿਚ ਆਉਂਦੀ ਹੈ।ਮੈਂ ਪਾਤਰ ਨੂੰ ਲੱਗਾ ਜੱਜੂ ਮਰਿਆ ਕਿੱਥੇ ਹੈ? ..... ਜਿਵੇਂ ਵੰਗਾਰ ਰਿਹਾ ਹੋਵੇ "ਉ ਤੁਸੀਂ ਵੀ ਜੀਅ ਕਿੱਥੇ ਰਹੇ ਹੋ... ਜੀਊਂਦੀਆ ਲਾਸ਼ਾ ਹੋ, ਮਰੀਆਂ ਹੋਈਆਂ ਜਮੀਰਾਂ ਦੀਆਂ ...।' ਮੈਂ ਪਾਤਰ ਦਾ ਅਜਿਹਾ ਸੋਚਣਾ, ਕਹਾਣੀ ਅੰਦਰ ਇਕ ਵੇਰਵਾ ਜੱਜੂ ਦੇ ਪਰਿਵਾਰ ਦੇ ਪ੍ਰਸੰਗ ਨਾਲ ਆਉਂਦਾ ਹੈ, "ਮੇਰੇ ਸਾਹਮਣੇ ਪੜ੍ਹੇ ਹੋਏ ਸਿਧਾਂਤ ਸਨ, .... ਕਿੰਨਾ ਕਸੂਰ ਉਸਦਾ ਸੀ ਇਸ ਸਥਿਤੀ ਲਈ ਤੇ ਕਿੰਨਾ ਮਾਂ-ਬਾਪ, ਸਮਾਜ ਦਾ। ਕਿੰਨਾ ਹਿੱਸਾ ਸੱਤਾ ਤੇ ਰਾਜਨੀਤੀ ਦਾ...।ਇਹ ਵਰਗ ਵੰਡ ਤੇ ਵਿਅਕਤੀਗਤ ਸਥਿਤੀ ਦੀ ਕਹਾਣੀ ਹੈ।

ਸਰੂਪ ਸਿਆਲਵੀ ਦੀ ਕਹਾਣੀ ' ਨਾਂਗੇਲੀ ' ਆਪਣੇ ਸਿਰਲੇਖ ਤੋਂ ਨਵਾਂਪਣ ਹੈ। ਬਿਰਤਾਂਤਕਾਰ ਨੇ ਪਿਛਲਝਾਤ ਜੁਗਤ ਨਾਲ ਵਰਤਮਾਨ ਸਮੇਂ ਵਿਚ ਪਿੰਡ ਦੀ ਸ਼ਾਮਲਾਟ ਜਮੀਨ 'ਚੋਂ ਘਾਹ ਖੋਤਦੀ ਦਾਦੀ ਨਾਲ ਹੁੰਦੜ-ਹੇਲ ਪੋਤੀ ਨਿੰਮੋ ਨੂੰ ਜਰਵਾਣੇ ਧੂਹ ਕੇ ਲਿਜਾ ਤੇ ਬਲਾਤਕਾਰ ਕਰ ਲਾਸ਼ ਬਣਾ ਦਿੱਤੀ ਤੇ ਪੁਲਿਸ ਰਾਹੀਂ ਘਰਦਿਆਂ ਤੋਂ ਬਿਨਾਂ ਸੰਸਕਾਰ ਕਰਨ ਦੇ ਵਸਤੂ ਯਥਾਰਥਕ ਵਰਣਾਤਮਿਕ ਜੁਗਤ ਜਰੀਏ ਪੇਸ਼ ਸੰਖੇਪ ਤੇ ਸੰਕੇਤਕ ਵੇਰਵਿਆਂ ਨਾਲ ਦਲਿਤ ਵਰਕਰਾਂ ਦਾ ਇਕੱਠ ਪ੍ਰਸ਼ਾਸ਼ਨ ਨਾਲ ਆਹਮੋ ਸਾਹਮਣੇ ਹੈ। ਰਿਜ਼ਰਵ ਸੀਟ ਤੇ ਜਿੱਤਿਆ ਦਲਿਤ ਵਿਧਾਇਕ ਵੀ ਕਾਤਲਾਂ ਤੇ ਬਲਾਤਕਾਰੀਆਂ ਦੇ ਨਾਲ ਹੈ। ਵਰਕਰਾਂ ਦੇ ਇਕੱਠ ਨੂੰ ਇਕ ਆਗੂ 300 ਸਾਲ ਪੁਰਾਣੀ ਕਹਾਣੀ ਸੁਣਾਉਂਦਾ ਹੈ। ਜਿਸ ਵਿਚ ਜਾਤੀ ਵਰਗ-ਵੰਡ ਦੇ ਵਿਤਕਰਿਆਂ ਦਾ ਜ਼ਿਕਰ ਦਲਿਤ ਔਰਤਾਂ ਦੀਆਂ ਛਾਤੀਆਂ ਨੰਗੀਆਂ ਰਖਵਾਉਣੀਆਂ, ਮਨਮਰਜ਼ੀ ਨਾਲ ਬਲਾਤਕਾਰ ਕਰਨਾ, ਮਰਦਾਂ ਦਾ ਸਿਰ ਨੀਵਾਂ ਰੱਖਣਾ ਆਦਿ ਹੈ। ਇਸ ਜੁਲਮ ਪ੍ਰਤੀ ਸੰਘਰਸ਼ ਹੁੰਦਾ ਹੈ।ਨਾਂਗੇਲੀ ਨਾਂ ਦੀ ਔਰਤ ਸ਼ਹੀਦੀ ਪਾਉਂਦੀ ਹੈ।ਇਸ ਵਿਦਰੋਹ ਅੱਗੇ ਗੋਡੇ ਟੇਕਦਾ ਰਾਜ-ਭਾਗ ਇਸਤਰੀ ਸਤਨ ਕਰ ਵਾਪਸ ਤੇ ਮਰਦ ਸਿਰ ਉੱਚਾ ਕਰਕੇ ਤੁਰਨ ਦਾ ਅਧਿਕਾਰ ਦਿੰਦਾ ਹੈ।ਅਜਿਹੀ ਕਹਾਣੀ ਦੇ ਅੰਤ ਵਿਚ ਸੱਪ ਤੇ ਨਿਉਲੇ ਦੀ ਨਿੱਕੀ ਜਿਹੀ ਵਾਰਤਾ ਵੀ ਇਕ ਸ਼ੋਸ਼ਲ ਵਰਕਰ ਸੁਣਾਉਂਦੀ ਹੈ ਤੇ ਆਖੀਰ ਵਿਚ ਉਹ ਵਰਤਮਾਨ ਸਮੇਂ ਵਿਚ ਮੀਲਾਂ ਲੰਮੇ ਕਾਫ਼ਲੇ ਦੀ ਅਗਵਾਈ ਕਰਦੀ ਪੁਲੀਸ ਗੋਲੀ ਦਾ ਸ਼ਿਕਾਰ ਹੋਈ ਨਾਂਗੇਲੀ ਦੇ ਪਦ-ਚਿੰਨ੍ਹ 'ਤੇ ਚੱਲ ਕੇ ਸ਼ਹੀਦ ਹੋ ਗਈ ਸੀ ਦੇ ਵੇਰਵੇ ਨਾਲ ਕਹਾਣੀ ਸਮਾਪਤ ਹੋ ਜਾਂਦੀ ਹੈ।

ਇਤਿਹਾਸਕ ਸੰਦਰਭ ਨਾਲ ਤੇ ਮਨੁੱਖ ਦੇ ਰੋਲ ਅਦਾ ਕਰਨ ਜਰੀਏ ਸਮੇਂ-ਸਮੇਂ ਦੀ ਇਕ-ਸਾਰਤਾ ਦਰਸਾਉਂਦੀ ਸੇਧ-ਮੂਲਕ ਬਿਰਤਾਂਤ ਵਾਲੀ ਕਹਾਣੀ ਵਰਗ-ਵੰਡ ਤੇ ਵਰਗ-ਸੰਘਰਸ਼ ਦੇ ਦਾਇਰੇ ਨੂੰ ਉਭਾਰਦੀ ਹੈ।

ਭੋਲਾ ਸਿੰਘ ਸੰਘੇੜਾ ਦੀ ਕਹਾਣੀ ' ਸ਼ਿਵ ਰਾਜ ' ਦਸ ਪੰਨਿਆਂ ਰਾਹੀਂ ਇਕ ਸ਼ਹਿਰ ਦੀ ਗਲੀ ਦੇ ਸਮੇਂ ਦੇ ਵਹਿਣ ਨਾਲ ਮੇਰੇ ਰੰਗ ਰੂਪ ਵਿਚ ਬਦਲਾਅ ਆਉਂਦਾ ਰਿਹਾ ਹੈ, ਇਥੋਂ ਤਕ ਕਿ ਮੇਰਾ ਨਾਂ ਵੀ ਬਦਲਦਾ ਰਿਹਾ ਹੈ ਦੀ ਚਿੰਨ੍ਹਾਤਮਕ ਜੁਗਤ ਨਾਲ ਵਸਤੂ ਯਥਾਰਥ ਨੂੰ ਪ੍ਰਗਟਾਉਂਦੀ ਮੈਂ ਮੂਲਕ ਚਰਿੱਤਰ ਵਾਲੀ ਗਲੀ ਦਾ ਪਿਛਲਝਾਤ ਜੁਗਤ ਜਰੀਏ ਪੇਸ਼ ਜਟਿਲ ਬਿਰਤਾਂਤ ਹੈ। ਜਿਸ ਵਿਚ ਸਮੇਂ ਸਮੇਂ ਦਾ ਰੰਗ ਭਾਵ ਵਿਚਾਰਧਾਰਾ ਹੈ।ਕਦੇ ਲੋਕ ਭਲੇ ਵਾਲੀ ਜਦੋਂ ਖੇਤ ਵਾਲਾ ਪਹਾ ਸੀ ਤਾਂ ਰਾਹੀਆਂ ਨੂੰ ਬੇਰੀਆਂ ਦੇ ਬੇਰ ਤੇ ਨਲਕੇ ਦਾ ਪਾਣੀ ਮਿਲਦਾ ਸੀ।ਕਮਿਊਨਿਸਟ ਵਿਚਾਰਾਂ ਵਾਲੇ ਸਸਪੈਂਡ ਕਰਨੇ ਪਏ ਅਧਿਆਪਕ ਦੇ ਨਾਂ

ਨਾਲ ਵੀ ਗਲੀ ਜੁੜੀ ਰਹੀ ਸੀ। ਵਰਤਮਾਨ ਸਮੇਂ ਵਿਚ ਸ਼ਿਵ ਆੜ੍ਹਤੀਏ ਦਾ ਰਾਜ ਹੈ। ਕੌਂਸਲਰ ਰਿਹਾ ਹੈ। ਐਮ.ਐਲ.ਏ. ਹੈ। ਲੋਕ ਸਿਰਨਾਵੇਂ ਬਦਲਦੇ ਰਹੇ।

ਇਹ ਕਹਾਣੀ ਵਿਚਾਰਵਾਦੀ ਬਿਰਤਾਂਤ ਹੈ। ਇਹ ਸੂਹ ਦਿੰਦਾ ਕਿ ਸਮਾਂ ਬਲਵਾਨ ਹੈ। ਕਹਾਣੀ ਦੇ ਪਹਿਲੇ ਪਹਿਰਾ-ਗ੍ਰਾਫ ਵਿਚ ਹੈ, "... ਅੱਜ ਮੇਰੀ ਵੱਖਰੀ ਪਛਾਣ ਹੈ....ਇਹ ਪਛਾਣ ਮੈਨੂੰ ਪ੍ਰੇਸ਼ਾਨ ਵੀ ਕਰਨ ਲੱਗ ਜਾਂਦੀ ਹੈ। ਇਸ ਤਰ੍ਹਾਂ ਕਿਉਂ ਹੁੰਦਾ ਹੈ? " ਪੰਨਾ 43

ਇਉਂ ਕਹਾਣੀ ਦੇ ਆਰੰਭ ਵਿੱਚ ਹੀ ਵਿਰੋਧੀ ਜੁੱਟ ਵਾਲੇ ਵਿਚਾਰ ਹਨ। ਪਾਠਕ ਨੂੰ ਸੋਚਣ ਲਾਉਂਦੀ ਹੈ। ਆਪਣੇ ਨਾਲ ਜੋੜਦੀ ਹੈ।

ਬਲਵੀਰ ਕੌਰ ਰੀਹਲ ਦੀ ਪੰਜ ਪੰਨਿਆਂ ਦੀ ਕਹਾਣੀ 'ਤਿੜਕੇ ਸ਼ੀਸ਼ੇ ਦਾ ਬਦਨ ' ਨੂੰ ਬਿਰਤਾਂਤਕਾਰ ਨੇ 'ਪ੍ਰਸ਼ਾਤ ਸਾਰੀ ਰਾਤ ਉਸਰਵੱਟੇ ਲੈਂਦਾ ਹੈ' ਕਹਾਣੀ ਦੇ ਆਰੰਭ ਵਿੱਚ ਤੇ ਅੰਤ 'ਸੂਰਜ ਚੜ੍ਹ ਆਇਆ ਸੀ ਫੋਨ ਦੇ ਅਲਾਰਮ ਨੇ ਉਸ ਦੀ ਸਮਾਧੀ ਭੰਗ ਕਰ ਦਿੱਤੀ, ਪ੍ਰਸ਼ਾਤ ਦਾ ਸਿਰ ਫਟ ਰਿਹਾ ਸੀ ...।' ਇਸ ਤਰ੍ਹਾਂ ਕਹਾਣੀ ਦਾ ਮੱਧ ਪਿਛਲਝਾਤ ਜੁਗਤ ਜਰੀਏ ਬੀਤੇ ਸਮੇਂ ਦੇ ਵੇਰਵੇ ਪਾਠਕ ਦੇ ਰੂ-ਬ-ਰੂ ਕਰਦਾ ਹੈ। ਜਿਸ ਅੰਦਰ ਨੌਕਰੀ ਕਰਦਾ ਪਤੀ ਹੈ। ਪਤਨੀ ਘਰੇਲੂ ਹੈ। ਪਤੀ ਪੋਰਨ ਫਿਲਮਾਂ ਵੇਖਦਾ ਹੈ। ਬਾਲ-ਬੱਚੇਦਾਰ ਪਤਨੀ ਨੂੰ ਵਾਰ ਵਾਰ ਤੰਗ ਕਰਦਾ ਹੈ। ਪਤਨੀ ਦੇ ਵਿਆਹ ਤੋਂ ਪਹਿਲਾਂ ਸੋਚੇ ਸੁਪਨੇ ਨਹੀਂ ਪੂਰੇ ਹੋਏ। ਇਕ ਵੇਰਵਾ ਹੈ, 'ਉਹ ਸਾਹ ਲੈ ਰਹੀ ਸੀ ਉਹ ਵੀ ਉਧਾਰੇ। ਇਹ ਸੁਪਨੇ ਖੋਹਣ ਵਿਚ ਉਸ ਦੀ ਰਿਸ਼ਤੇਦਾਰ ਨੇ ਵੀ ਪੂਰਾ ਰੋਲ ਨਿਭਾਇਆ ਸੀ।' ਪੰਨਾ- 55

ਕਹਾਣੀ ਦੇ ਅੰਤ ਵਿਚ ਅੱਜ ਪ੍ਰਸ਼ਾਤ ਦਾ ਆਪਣੇ ਆਪ 'ਤੇ ਕਾਬੂ ਨਹੀਂ ਸੀ। ਪਤਨੀ 'ਦਾ ਸੈਕਿੰਡ ਸੈਕਸ' ਕਿਤਾਬ ਪੜ੍ਹ ਰਹੀ ਸੀ। ਪਤਨੀ ਪਤੀ ਨੂੰ ਕਹਿੰਦੀ ਹੈ, '... ਮੈਂ ਕੋਈ ਖਿਡੌਣਾ ਨਹੀਂ ...।' ਅਤੇ ਬਿਲਕੁਲ ਆਖਰੀ ਵਾਕ, 'ਹੁਣ ਸਿਰਫ ਤੇਰੀ ਮਰਜੀ ਨਹੀਂ ਚੱਲਣੀ, ਪਤਾ ਨਹੀਂ ਤੂੰ ਕਿੰਨੇ ਸਾਲ ਮੇਰੀ ਮਰਜੀ ਤੋਂ ਬਿਨਾਂ ....।" ਪੰਨਾ-57

ਇਕ ਪੁਸਤਕ ਪੜ੍ਹਨ ਨਾਲ ਝੱਟਪਟ ਵਿਚਾਰਧਾਰਕ ਤਬਦੀਲੀ ਵਾਪਰਦੀ ਹੈ। ਵਿਰੋਧੀ-ਜੁੱਟ ਵਜੋਂ ਸਹੀ ਹੈ। ਇਹ ਮਨੁੱਖੀ ਮਨ ਦਾ ਵਚਿੱਤਰ ਮਨੋ-ਵਿਗਿਆਨ ਹੈ। ਇਕਵੀਂ ਸਦੀ ਵਿਚ ਵੀ ਮਰਦ ਪ੍ਰਧਾਨ ਸਮਾਜ ਹੈ। ਸਿਰਲੇਖ ਅ-ਢੁੱਕਵਾਂ ਮਹਿਸੂਸ ਹੋਇਆ ਹੈ।

ਸਿਮਰਨ ਧਾਲੀਵਾਲ ਦੀ ਕਹਾਣੀ 'ਚਹੁੰ ਕਦਮਾਂ ਦੀ ਵਾਟ ' ਦੇ ਛੇ ਪੰਨੇ ਬਿਰਤਾਂਤਕਾਰ ਨੇ ਪਿਛਲਝਾਤ ਜੁਗਤ ਨਾਲ ਪੇਸ਼ ਕੀਤੇ ਹਨ। ਸਾਲਾ ਤੇ ਭਣਵਈਆ ਦੋਸਤ ਬਣ ਕੇ ਵਧੇਰੇ ਵਿਚਰਦੇ ਹਨ। ਪ੍ਰੋਗਰਾਮਾਂ ਤੋਂ ਬਿਨਾਂ ਵੀ ਸ਼ਰਾਬ ਸਾਂਝੀ ਕਰਦੇ ਹਨ। ਵਰਤਮਾਨ ਸਮੇਂ ਵਿਚ ਬਜ਼ੁਰਗ ਹੁੰਦਿਆਂ ਵੀ ਸ਼ਰਾਬ ਦੇ ਨਾਲ ਨਾਲ ਸ਼ਬਾਬ ਦੀਆਂ ਗੱਲਾਂ ਕਰਦੇ ਹਨ।

ਕਹਾਣੀ ਦਾ ਆਰੰਭ 'ਅੱਜ ਫਿਰ ਉਹ ਉਦਾਸ ਸਨ ' ਨਾਲ ਹੋ ਕੇ ਬੀਤੇ ਸਮੇਂ ਦੀਆਂ ਯਾਦਾਂ ਦੀ ਪਟਾਰੀ ਖੋਲ੍ਹਦਾ ਹੈ। ਸਾਲੇਹਾਰ ਮਰ ਚੁੱਕੀ ਹੈ। ਉਸ ਦਾ ਵੱਡਾ ਨੂੰਹ-ਪੁੱਤ ਪਹਿਲਾਂ ਹੀ ਵੱਖ ਰਹਿੰਦਾ ਸੀ। ਉਹ ਛੋਟੇ ਪੁੱਤ-ਨੂੰਹ ਨਾਲ ਰਹਿ ਰਿਹਾ ਸੀ ਕਿ ਛੋਟੇ ਪੁੱਤ ਦੀ ਵੀ ਮੌਤ ਹੋ ਗਈ। ਨੂੰਹ ਦੇ ਪੇਕੇ ਆਪਣੀ ਕੁੜੀ ਨੂੰ ਹੋਰ ਥਾਂ ਤੋਰਨਾ ਚਾਹੁੰਦੇ ਹਨ। 'ਉਹ ਤਾਂ ਵਰੀਣਾ 'ਡੀਕਦੇ ਨੇ ਮੇਲੇ ਦਾ।' ਇਸ ਉਦਾਸੀ ਨੂੰ ਭਣੋਈਏ ਨਾਲ ਸਾਂਝੀ ਕਰਦਾ ਹੈ। ਉਹ ਸਲਾਹ ਦਿੰਦਾ ਹੈ, 'ਕਰਾ ਦੇ ਵਰੀਣਾ। ਘੱਲ ਦੇ ਵਹੁਟੀ ਨੂੰ। ... ਜ਼ਿੰਦਗੀ ਸਾਲੀ ਚਹੁੰ ਕਦਮਾਂ ਦੀ ਵਾਟ ਥੋੜ੍ਹਾ ਭਾਊ। ਇਹ ਪੈਂਡਾ 'ਕੱਲਿਆਂ ਤੋਂ ਥੋੜ੍ਹਾ ਮੁਕਦਾ।' ...'ਯਾਰ ਹੁਣ ਤਾਂ ਕੋਈ ਗੋਪਾਲਾ ਵੀ ਹੈਨ੍ਹੀ।' ਪੰਨਾ- 63

ਕਿਸਾਨ ਪਰਿਵਾਰ ਹੈ। ਥੋੜ੍ਹੀ ਜ਼ਮੀਨ ਦਾ ਮਾੜਾ ਚੰਗਾ ਠੇਕਾ ਆ ਜਾਂਦਾ। ਤੇ ਗੋਪਾਲਾ ਉਹਨਾਂ ਦਾ

ਯਾਰ ਤੀਵੀਆਂ ਲੋਕਾਂ ਨੂੰ ਵੇਚਣ ਵਾਲਾ ਸੀ। ਉਸ ਕੋਲ ਵੀ ਉਹ ਜਾਂਦੇ ਹੁੰਦੇ ਸਨ। ਇਸ ਤਰ੍ਹਾਂ ਤਿੰਨ ਕਾਂਡਾਂ ਵਿਚ ਪੇਸ਼ ਕਹਾਣੀ ਤੇਜ ਚਾਲ ਚੱਲਦੀ ਹੈ। ਇਹੋ ਨਵੀਂ ਕਹਾਣੀ ਦੀ ਚਾਲ-ਢਾਲ ਹੈ। ਜਿਸ 'ਚੋਂ ਜ਼ਮਾਨੇ ਦੀ ਤਬਦੀਲੀ ਬਾਰੇ ਪਤਾ ਲੱਗਦਾ ਹੈ।

ਕਮਲ ਸੇਖੋਂ ਦੀ ਕਹਾਣੀ 'ਲਾਜ ' ਮੈਂ ਮੂਲਕ ਚਰਿੱਤਰ ਵਾਲੀ ਔਰਤ ਜਰੀਏ ਛੇ ਪੰਨੇ ਇਹ ਦੱਸਦੇ ਨੇ ਕਿ ਯੂਨੀਵਰਸਿਟੀ ਪੜ੍ਹੀ ਕੁੜੀ ਦੇ ਵਿਆਹ ਵਾਸਤੇ ਮਾਪੇ ਪੰਡਤ ਤੋਂ ਪੁੱਛ ਕਢਵਾਉਂਦੇ ਹਨ। ਟੇਵੇ ਤੇ ਉਪਾਅ ਵਾਰ ਵਾਰ ਕਰਕੇ ਕੋਈ ਫ਼ਰਕ ਨਹੀਂ ਪੈਂਦਾ। ਉਸ ਦਾ ਵੀਰ ਖਿਝਦਾ ਕਿ ਉਹਦਾ ਵਿਆਹ ਲੇਟ ਹੋਈ ਜਾਂਦਾ ਹੈ। ਬੀਤੇ ਸਮੇਂ ਵਿਚ ਯੂਨੀਵਰਸਿਟੀ ਪੜ੍ਹਦਿਆਂ ਬੇਸਮਝੀ ਵਿਚ ਕੁੜੀਆਂ-ਮੁੰਡਿਆਂ ਦੀ ਮਾੜੀ ਸੰਗਤ ਕਾਰਨ ਕੁੜੀ ਵੱਲੋਂ ਹੀ ਨਸ਼ਾ ਦੇ ਕੇ ਮੁੰਡੇ ਦੀ ਸਰੀਰਕ ਤ੍ਰਿਪਤੀ ਕਰਵਾ ਦਿੱਤੀ ਗਈ ਪਰ, ਚੰਗੀ ਸਹੇਲੀ ਦੇ ਅੱਗੇ ਚੰਗੇ ਮੁੰਡੇ ਦੀ ਸਹਾਇਤਾ ਨਾਲ ਗਲਤ ਕੁੜੀ ਮੁੰਡੇ ਨਾਲ ਚੋਰੀ ਬਣਾਈ ਵੀਡੀਓ ਵੀ ਡਲੀਟ ਕਰਨ ਤੇ ਅੰਤ ਚੰਗੇ ਮੁੰਡੇ ਨੇ ਉਸ ਕੁੜੀ ਨਾਲ ਵਿਆਹ ਵੀ ਕਰਵਾ ਲਿਆ, ਜਿਸ ਦਾ ਪਤਾ ਡੋਲੀ ਵਾਲੀ ਕਾਰ ਵਿਚ ਬਹਿ ਗਈ ਤਾਂ, 'ਠੀਕ ਹੋ ਕੇ ਬਹਿ ਜਾ।' ਨਾਲ ਬੈਠੇ ਸਾਥੀ ਨੇ ਆਖਿਆ ਤਾਂ ਆਵਾਜ਼ ਜਾਣੀ-ਪਹਿਚਾਣਿਆ ਲੱਗੀ। ...'ਤੁਸੀਂ ।' ਗੁਰਲਾਲ ਨੂੰ ਸਾਥੀ ਦੇ ਰੂਪ ਵਿਚ ਵੇਖ ਕੇ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।' ਪੰਨਾ- 69

ਸੁਖਾਂਤ ਅੰਤ ਹੈ। ਕਹਾਣੀ ਦੇ ਸਿਰਲੇਖ 'ਲਾਜ ' ਰਾਹੀਂ ਕਹਾਣੀਕਾਰ ਗੁਰਲਾਲ ਪਾਤਰ ਜਰੀਏ ਇਨਸਾਨੀਅਤ ਨੇ ਇੱਜਤ ਬਚਾਉਣ ਵਾਲਾ ਸੰਭਾਵਨਾ-ਭਰਪੂਰ ਕਾਰਜ ਕਰ ਵਿਖਾਇਆ ਹੈ। ਮਨੁੱਖੀ ਸੁਭਾਅ ਦੀ ਵੰਨਗੀ ਪੇਸ਼ ਹੋਈ ਹੈ।

ਹਰਮੇਸ਼ ਮਾਲੜੀ ਦੀ ਕਹਾਣੀ 'ਤੀਜਾ ਨਗੌਰੀਆ ' ਗਿਆਰਾਂ ਪੰਨਿਆਂ ਉਪਰ ਪਿਛਲਝਾਤ ਜੁਗਤ ਨਾਲ ਦਲਿਤ ਜੀਵਨ ਦੇ ਵਰਤਮਾਨ ਤੋਂ ਅਤੀਤ ਭਾਰਤ ਦੀ ਵੰਡ ਦੇ '47 ਤਕ ਜਾ ਕੇ ਵਿਸ਼ੇਸ਼ ਘਟਨਾਵਾਂ ਤੇ ਵਿਅਕਤੀ ਦੀ ਪਾਤਰ ਉਸਾਰੀ ਦੇ ਵਸਤੂ ਯਥਾਰਥ ਨੂੰ ਵੇਰਵਿਆਂ ਸਹਿਤ ਬ-ਕਮਾਲ ਬਿਰਤਾਂਤ ਵਿਚ ਬੰਨ੍ਹਿਆ ਹੈ। ਨਿੰਜੇ ਨੂੰ ਵਿਰਸੇ ਲੰਬੜ ਨੇ ਆਪਣੇ ਦੋ ਨਗੌਰੀਏ ਬਲਦਾਂ ਦੇ ਨਾਲ ਉਹਨਾਂ ਜਿੰਨਾ ਕੰਮ ਕਰਨ ਕਰਕੇ ਤੀਜਾ ਨਗੌਰੀਆ ਕਿਹਾ ਸੀ। ਜਦੋਂ ਕਿ ਵਰਤਮਾਨ ਸਮੇਂ ਵਿਚ ਤੇ ਕਹਾਣੀ ਦੇ ਆਰੰਭ ਵਿੱਚ ਪਿਉ-ਪੁੱਤ ਦੀ ਵਾਰਤਾਲਾਪ ਚੱਲਦੀ ਹੈ। ਇਕ ਵਾਕ ਵਿਚ ਪੁੱਤ ਕਹਿੰਦਾ ਹੈ, 'ਭਾਪਾ ਐਵੇਂ ਮੂੰਹ ਨਾ ਖੁਲਾ ਮੇਰਾ...ਕੀ ਸੀ... ਇੱਥੇ ? ਪੁਰਾਣੇ ਖੂਹ ਦੀਆਂ ਇੱਟਾਂ ਦਾ ਇਕ ਕੋਠੜਾ ! ਸਾਰੀ ਉਮਰ 'ਚ ਇਹੋ ਛੱਤਿਆਂ ਸੀ, ਹੋਰ ਕੀ ਕੀਤਾ ਤੂੰ ..ਗੱਲਾਂ ਕਰਦੈ... ।" ਬਿੰਦਰ ਤਾਂ ਆਪਣੀ ਵਹੁਟੀ ਨਾਲੋਂ ਵੀ ਤਪਿਆ ਹੋਇਆ ਸੀ। ਪੰਨਾ- 71,72

ਨਿੰਜੇ ਨੇ ਇਕੱਲਾ ਰਹਿ ਜਾਣ ਦੇ ਬਾਵਜੂਦ ਘਰ ਤੇ ਪਰਿਵਾਰ ਬਣਾਇਆ ਸੀ। ਵਰਤਮਾਨ ਸਮੇਂ ਉਸ ਦਾ ਚੂਲਾ ਵੀ ਟੁੱਟਾ ਹੈ। ਉਹ ਘਰ ਦੇ ਬਾਰ ਮੂਹਰੇ ਵੱਡੀ ਨਾਲੀ ਲਾਗੇ ਡਾਹੀ ਮੰਜੀ ਜੋਗਾ ਹੈ। ਨਾਲੀ ਵਿਚ ਰੀਂਗਦੀਆਂ ਸੁੰਡੀਆਂ ਨੂੰ ਵੇਖਦਾ, ਸੋਚਦਾ ਹੈ। ਇਹ ਸੁੰਡੀਆਂ ਪ੍ਰਤੀਕ-ਆਤਮਿਕ ਰੂਪਕ ਵਜੋਂ ਢੁਕਵਾਂ ਕਲਾਤਮਿਕ ਪ੍ਰਬੰਧ ਸਿਰਜਿਆ ਹੋਇਆ ਹੈ। ਦ੍ਰਿਸ਼, ਸਾਹਿਤਕ ਵਾਕ ਤੇ ਉਤਸੁਕਤਾ ਅਤੇ ਰੌਚਿਕਤਾ ਵਾਲੀ ਜੁਗਤ ਬ-ਕਮਾਲ ਬਿਰਤਾਂਤ ਸਿਰਜਦੀ ਹੈ।

ਵਿਪਨ ਕੁਮਾਰ ਦੀ ਕਹਾਣੀ ' ਟੋਆ ' ਪੰਜ ਪੰਨਿਆਂ ਰਾਹੀਂ ਮਨੋਵਿਸ਼ਲੇਸ਼ਣ ਦੀ ਵਿਧੀ ਜਰੀਏ ਮੈਂ ਮੂਲਕ ਚਰਿੱਤਰ ਵਾਲੇ ਦਲਿਤ ਸ਼੍ਰੇਣੀ ਦੇ ਮਰਦ ਪਾਤਰ ਦੀ ਜਾਤੀ ਵਰਗ ਵੰਡ ਪ੍ਰਤੀ ਸੋਚ ਨੂੰ ਉਭਾਰਦੀ ਹੈ। ਵਿਦਿਆਰਥੀ ਵਰਗ ਦੀ ਦੋਸਤੀ ਅੰਦਰ ਇਕ ਦੋਸਤ ਦੇ ਵਿਆਹ ਵਿਚ ਸ਼ਾਮਲ ਮੈਂ ਪਾਤਰ ਨੂੰ ਇਕ-ਚਾਰ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ, ਸੀਰੀ ਨੂੰ ਰੋਟੀ ਫੜ੍ਹਾਉਣ ਖੇਤ ਗਿਆ ਤਾਂ ਗੱਲਬਾਤ

ਤੋਂ ਬਾਦ ਸੀਰੀ ਨੇ ਕਿਹਾ, 'ਇਹ ਵੀ ਤੁਹਾਡੇ 'ਚੋਂ ਈ ਆ।' ਦੂਜੀ, ਘਰ ਦੇ ਕੰਮ ਕਰਦਿਆਂ ਇਕ ਔਰਤ ਨੇ ਗੱਲਾਂ ਗੱਲਾਂ ਵਿਚ ਬੋਲ ਕੱਢਿਆ, 'ਓ ਲਾਣੇਦਾਰਨੀ ਦੱਸ ਰਹੀ ਸੀ ਕਿ ਇਹ ਮੁੰਡਾ ਵੀ ਤੁਹਾਡੇ 'ਚੋਂ ਈ ਆ।' ਅਤੇ ਪ੍ਰਮੁੱਖ ਮੀਟ ਵਾਲੀ ਘਟਨਾ ਹੈ। ਮੀਟ 'ਚੋਂ ਬੋਅ ਆਉਣ ਲੱਗੀ ਤਾਂ ਛੱਪੜ ਕੋਲ ਸੁੱਟ ਦਿੱਤਾ। ਘਰ ਮੁੜਿਆ ਨੂੰ ਦੋਸਤ ਦੇ ਡੈਡੀ ਨਾਲ ਵਾਰਤਾਲਾਪ ਹੈ। 'ਸੁੱਟਿਆ ਕਿਉਂ ?' ਮੇਰੇ ਦੋਸਤ ਦੇ ਡੈਡੀ ਨੇ ਕਿਹਾ, 'ਚੂੜਿਆ ਨੂੰ ਦੇ ਆਉਣਾ ਸੀ।' ਇਹ ਸ਼ਬਦ ਸੁਣ ਕੇ ਮੈਂ ਧੁਰ-ਅੰਦਰ ਤਕ ਕੰਬ ਗਿਆ।' ਪੰਨਾ- 85

ਅੰਤ, ਮੈਂ ਪਾਤਰ ਛੱਪੜ ਕੋਲ ਜਾ ਕੇ ਟੋਆ ਪੁੱਟ ਵਿਚ ਮੀਟ ਦੱਬਦਾ ਹੈ।

ਉਪਰੋਕਤ ਦਸ ਕਹਾਣੀਆਂ ਦੀ ਸਮੀਖਿਆ ਉਪਰੰਤ ਸਮਕਾਲੀ ਪੰਜਾਬੀ ਕਹਾਣੀ ਦੀ ਪ੍ਰਤੀਨਿਧਤਾ ਕਰਦੀ ਕਹਾਣੀ ਦੀ ਪਛਾਣ ਵਜੋਂ ਵਿਸ਼ਾ-ਵਸਤੂ, ਵਿਚਾਰਧਾਰਾ ਤੇ ਇਸ ਦੀ ਬਿਰਤਾਂਤਕ ਪੇਸ਼ਕਾਰੀ ਦੇ ਵਿਭਿੰਨ ਪੱਖਾਂ ਦਾ ਮਹੱਤਵਪੂਰਨ ਵਿਚਾਰ ਉੱਭਰਦਾ ਹੈ। ਜਿਸ ਦਾ ਉੱਤਰ ਦਿੰਦਿਆਂ ਮੈਂ ਇਹ ਕਹਿੰਦਾ ਹਾਂ ਕਿ ਇਹਨਾਂ ਦਸ ਕਹਾਣੀਆਂ 'ਚੋਂ ਪੰਜ : ਕਾਮਾ, ਪਿੰਡ ਕਿੱਥੇ ਜਿਉਂਦਾ ਹੈ !, ਨਾਂਗੇਲੀ, ਤੀਜਾ ਨਗੌਰੀਆ, ਟੋਆ ਸਮਕਾਲੀ ਸਮੇਂ ਅੰਦਰ ਜਾਤੀ ਵਰਗ ਵੰਡ ਜੋ ਭਾਰਤੀ ਪੰਜਾਬ ਤੇ ਪਾਕਿਸਤਾਨ ਦੇ ਪੰਜਾਬ ਸਮੇਤ ਜਦੋਂ ਸਾਂਝਾ ਵੱਡਾ ਭੂਗੋਲਿਕ ਖੇਤਰ ਸੀ ਤੋਂ ਆਈ ਦੇ ਸਮਾਜਿਕ ਵਰਤਾਰਿਆਂ ਵਾਲੀ ਮਰਜ ਨੂੰ ਪਾਠਕਾਂ ਦੇ ਰੂ-ਬ-ਰੂ ਕਰਦੀਆਂ ਹਨ।


ਤਿੰਨ ਕਹਾਣੀਆਂ, ਯੁੱਧਵੀਰ, ਸ਼ਿਵ ਰਾਜ, ਤਿੜਕੇ ਸ਼ੀਸ਼ੇ ਦਾ ਬਦਨ ; ਮਾਨਸਿਕ ਗੁੰਝਲਾਂ ਦੀਆਂ ਹਨ। ਜਿਸ ਤੋਂ ਸਥਿਤੀ ਤੇ ਸਥਾਨ ਜਰੀਏ ਉਤਪੰਨ ਹੋਏ ਯਥਾਰਥ ਸਬੰਧੀ ਵਿਚਾਰ ਉੱਭਰਦੇ ਹਨ।

ਦੋ ਕਹਾਣੀਆਂ, ਚਹੁੰ ਕਦਮਾਂ ਦੀ ਵਾਟ ਅਤੇ ਲਾਜ ; ਸਮਾਜਿਕ ਸਮੱਸਿਆ ਨੂੰ ਸੋਚਣ ਲਾਉਂਦੀਆਂ ਹਨ।

ਅੰਤ ਇਹ ਹੈ ਕਿ 'ਕਹਾਣੀ ਧਾਰਾ' ਤ੍ਰੈ-ਮਾਸਿਕ ਪੱਤਰਕਾ ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਆਪ ਦਲਿਤ ਸਮਾਜ ਦੀ ਵਸਤੂ ਯਥਾਰਥ ਵਾਲੀ ਕਹਾਣੀ ਸਿਰਜਣਾ ਕਰਨ ਦੀ ਦ੍ਰਿਸ਼ਟੀ ਤੋਂ ਪੰਜ ਕਹਾਣੀਆਂ ਪੇਸ਼ ਕੀਤੀਆਂ ਹਨ। ਇਸ ਤਰ੍ਹਾਂ ਵੱਖ-ਵੱਖ ਸੰਪਾਦਕਾਂ ਦੀ ਵੱਖ-ਵੱਖ ਦ੍ਰਿਸ਼ਟੀ ਹੈ। ਜਿਸ ਜਰੀਏ ਕਹਾਣੀ ਦੇ ਵਿਸ਼ਾ-ਵਸਤੂ ਦੀ ਚੋਣ ਹੁੰਦੀ ਹੈ। ਦੂਜਾ ਨੁਕਤਾ ਵੰਨ-ਸੁਵੰਨਤਾ ਦਾ ਹੈ। ਜਿਸ ਕਾਰਨ ਦਲਿਤ ਸਮਾਜ ਦੀ ਵਸਤੂ ਤੋਂ ਬਾਹਰਲੇ ਖੇਤਰ ਨਾਲ ਸਬੰਧਿਤ ਔਰਤ-ਮਰਦ ਦੇ ਵਰਜਿਤ ਰਿਸ਼ਤੇ, ਵਿਆਹ ਦੀ ਥਾਂ ਨਰੜ, ਬਜੁਰਗ ਅਵਸਥਾ ਵਿਚ ਬਿਨਾਂ ਪਤਨੀ ਦੇ ਸਮਾਜਿਕ ਤੇ ਮਾਨਸਿਕ ਧਰਾਤਲ ਉਪਰ ਜੀਵਨ ਜਿਉਣ ਦੀ ਲੋਚਾ ਵਾਲੇ ਸਮਕਾਲੀ ਯਥਾਰਥ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। ਇਸ ਤਰ੍ਹਾਂ ਦਸ ਕਹਾਣੀਆਂ ਇਕ ਬਹੁਵੰਨਾ ਸਰੂਪ ਵੀ ਹਨ ਤੇ ਬਹੁਵੰਨੇ ਪਾਠਕਾਂ ਤਕ ਵੀ ਅੱਪੜਦੀਆਂ ਹਨ।

ਇਹਨਾਂ ਦਸ ਕਹਾਣੀਆਂ ਅੰਦਰ ਸਮਕਾਲੀ ਸਾਈਬਰ ਯੁੱਗ ਦੀ ਹਾਂ ਤੇ ਨਾਂਹਮੁਖੀ ਵਸਤੂ ਨਹੀਂ ਹੈ। ਬਿਰਤਾਂਤਕ ਜੁਗਤਾਂ ਨਹੀਂ ਹਨ। ਪਰਵਾਸੀ ਕਹਾਣੀ ਦੀ ਪ੍ਰਤੀਨਿਧਤਾ ਨਹੀਂ ਹੈ। ਹਾਂ, ਇਹਨਾਂ ਕਹਾਣੀਆਂ ਵਿਚ ਕਹਾਣੀਕਾਰ ਵਜੋਂ ਤੀਜੀ ਪੀੜ੍ਹੀ ਦੇ ਲਾਲ ਸਿੰਘ ਆਪਣੇ ਇਲਾਕੇ ਦੀ ਆਂਚਲਿਕਤਾ ਦੇ ਗੂਹੜੇ ਸ਼ਬਦਾਂ ਤੇ ਕੁਝ ਟਿੱਪਣੀਨੁਮਾ ਵਾਕਾਂ ਸਮੇਤ ਵੀ ਬਗੈਰ ਮਾਰਕਸਵਾਦੀ ਰੰਗ ਤੋਂ ਮਾਨਵੀ ਮਾਨਸਿਕਤਾ ਨੂੰ ਫੜ੍ਹਦਾ ਹੈ। ਚੌਥੀ ਪੀੜ੍ਹੀ ਵਾਲੇ ਬਲਬੀਰ ਪਰਵਾਨਾ, ਸਰੂਪ ਸਿਆਲਵੀ, ਭੋਲਾ ਸਿੰਘ ਸੰਘੇੜਾ, ਹਰਮੇਸ਼ ਮਾਲੜੀ ਨੇ ਤੀਜੀ ਪੀੜ੍ਹੀ ਵਾਲੀ ਬਾਹਰਮੁਖੀ ਵਸਤੂ ਯਥਾਰਥ ਵਾਲੀ ਦ੍ਰਿਸ਼ਟੀ ਤੋਂ ਬਿਰਤਾਂਤ ਬੁਣਿਆ ਹੈ। ਪੰਜਵੀਂ ਪੀੜ੍ਹੀ ਦੇ ਬਲਵੀਰ ਕੌਰ ਰੀਹਲ, ਸਿਮਰਨ ਧਾਲੀਵਾਲ, ਕਮਲ ਸੇਖੋਂ ਅਤੇ ਵਿਪਨ ਕੁਮਾਰ ਦੀ ਕਹਾਣੀ ਚੌਥੀ ਤੇ ਪੰਜਵੀਂ ਪੀੜ੍ਹੀ ਦੇ ਸੁਮੇਲ ਵਾਲੀ ਬਾਹਰਮੁਖੀ ਤੇ ਅੰਤਰਮੁਖੀ ਦੇ ਜੋੜ ਵਾਲੀ ਦ੍ਰਿਸ਼ਟੀ ਤੋਂ ਪ੍ਰਸ਼ਨ ਉਠਾਉਂਦਿਆਂ ਖੁੱਲ੍ਹੇ ਅੰਤ ਵਾਲੀ ਕਹਾਣੀ ਹੈ। (**ਸੰਪਰਕ- 81468-13291**)

## ਹੁੰਗਾਰਾ




'ਕਹਾਣੀ ਧਾਰਾ'-68 ਕਹਾਣੀ ਪ੍ਰਤੀ ਆਸਥਾ ਅਤੇ ਲਗਨ ਦੀ ਅਦੁੱਤੀ ਮਿਸਾਲ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਟੇਕ ਅਤੇ ਸੇਧ ਕਹਾਣੀ ਵੱਲ ਹੈ। ਹਮੇਸ਼ਾਂ ਦੀ ਤਰ੍ਹਾਂ ਇਹ 68ਵਾਂ ਅੰਕ ਜਨਵਰੀ-ਮਾਰਚ,2023 ਵੀ ਕਹਾਣੀ ਜਿਗਿਆਸੂਆਂ ਨੂੰ ਆਕਰਸ਼ਿਤ ਕਰਨ ਵਿੱਚ ਸਫ਼ਲ ਰਿਹਾ ਹੈ। ਹਰੇਕ ਕਹਾਣੀ ਵਿੱਚ ਆਪਣਾ ਕਥਾਨਕ ਅਤੇ ਸੰਵਾਦ ਹੁੰਦਾ ਹੈ ਪਰ ਕੁਝ ਨਿੱਜੀ ਪਸੰਦ ਕਹਾਣੀਆਂ ਤਹਿਤ ਬਲਬੀਰ ਪਰਵਾਨਾ ਦੀ ਕਹਾਣੀ, 'ਪਿੰਡ ਜਿਉਂਦਾ ਹੀ ਕਿੱਥੇ ਹੈ' ਵਰਤਮਾਨ ਸਵੈ ਕੇਂਦਰਿਤ ਹੋ ਰਹੇ ਮਾਨਵੀ ਵਰਤਾਰੇ ਨੂੰ ਝੰਜੋੜਦੀ ਹੈ। ਜੱਜੂ ਦਾ ਚੇਤਿਆਂ ਵਿੱਚ ਘੁੰਮਦਾ ਸੰਵਾਦ 'ਉਂ ਤੁਸੀਂ ਵੀ ਜੀ ਕਿੱਥੇ ਰਹੇ ਹੋ?' ਕਲਾਈਮੈਕਸ ਹੈ ।

ਜਿੱਥੇ ਭੋਲਾ ਸਿੰਘ ਸੰਘੇੜਾ 'ਸ਼ਿਵ ਰਾਜ' ਰਾਹੀਂ ਵੱਖਰੇ ਵਿਸ਼ੇ, ਰੋਚਕਤਾ ਸਮੇਤ ਪਲਾਟ ਨੂੰ ਪੇਸ਼ ਕਰਦਾ ਹੈ ; ਉੱਥੇ ਵਿਪਨ ਕੁਮਾਰ ਨੂੰ 'ਟੋਆ' ਕਹਾਣੀ ਲਈ ਦਾਦ ਦੇਣੀ ਬਣਦੀ ਹੈ। ਨਵੇਂ ਕਹਾਣੀਕਾਰ ਵਜੋਂ ਉਸ ਨੇ ਦਲਿਤ ਪਾਤਰ ਦੀ ਗਹਿਰੀ ਪੀੜ ਦਾ ਮਾਰਮਿਕ ਚਿੱਤਰਣ ਕਰ ਕੇ ਵੱਡੇ ਪ੍ਰਤੀਕ ਨੂੰ ਸਿਰਜਿਆ ਹੈ। ਜਸਵੀਰ ਸਿੰਘ ਰਾਣਾ ਦੀ ਸਿਰਜੀ ਆਪਣੇ ਪਾਤਰਾਂ ਦੀ ਗੈਲਰੀ ਪਾਠਕ ਅੰਦਰ ਭਾਂਬੜ ਬਾਲਦੀ ਹੈ। ਡਾ. ਮਨਮੋਹਨ ਹੋਰਾਂ ਦਾ ਵਿਸ਼ਲੇਸ਼ਣ ਸੁਖਜੀਤ ਦੀ ਕਹਾਣੀਕਾਰੀ ਦੀਆਂ ਹੋਰ ਸੂਖਮ ਪਰਤਾਂ ਖੋਲਦਾ ਹੈ। ਡਾ. ਗੁਰਪ੍ਰੀਤ ਕੌਰ ਹੋਰਾਂ ਵੱਲੋਂ ਚਰਚਿਤ ਵਿਸ਼ਵ ਕਲਾਸਿਕ 'ਜ਼ੋਰਬਾ ਦ ਗਰੀਕ' ਨਾਲ ਪਹਿਚਾਣ ਕਰਵਾਉਣ ਹੇਤੂ ਧੰਨਵਾਦ। ਡਾ. ਜੇ. ਬੀ . ਸੇਖੋਂ ਹੋਰਾਂ ਦਾ 14 ਕਹਾਣੀਆਂ ਦੇ ਆਧਾਰ ਤੇ ਕੀਤਾ ਗਿਆ ਚਿੰਤਨ ਕਹਾਣੀ ਦੇ ਮੌਜੂਦਾ ਪ੍ਰਸੰਗਾਂ ਸਹਿਤ ਬਾਖ਼ੂਬੀ ਪਾਠਕਾਂ ਅਤੇ ਲੇਖਕਾਂ ਦੋਹਾਂ ਦੇ ਕਪਾਟ ਖੋਲਣ ਵਿੱਚ ਸਹਾਈ ਹੋਇਆ ਹੈ। 'ਭਗਵੰਤ ਦਾ ਸਟੱਡੀ ਟੇਬਲ' ਪਾਠਕਾਂ ਲਈ ਅਸ਼ਰਫੀਆਂ ਤੋਂ ਘੱਟ ਨਹੀਂ ਪਰ ਉਸ ਦੀ ਸੰਪਾਦਕੀ ਰਾਹੀਂ ਪ੍ਰਗਟਾਈ ਚਿੰਤਾ ਦਾ ਫ਼ਿਕਰ ਕਰਨਾ ਬਣਦਾ ਹੈ। ਸੰਵਾਦ 'ਚ ਖੜੋਤ ਗੰਭੀਰ ਖਤਰਾ ਹੁੰਦੀ ਹੈ। ਸਮੁੱਚੇ ਮੈਗਜ਼ੀਨ ਪਿੱਛੇ ਕੀਤੀ ਗਈ ਭਗਵੰਤ ਦੀ ਮਿਹਨਤ ਸਾਫ਼ ਝਲਕਦੀ ਹੈ। ਸ਼ਾਲਾ! ਇਸ ਮਿਹਨਤ ਨੂੰ ਫਲ ਮਿਲੇ, ਸੰਵਾਦ ਹੋਰ ਗਹਿਰਾ ਤੇ ਗੰਭੀਰ ਹੋਵੇ ।

**- ਜਸਵਿੰਦਰ ਧਰਮਕੋਟ, ਧਰਮਕੋਟ, ਮੋਗਾ**

ਕਹਾਣੀ ਧਾਰਾ ਦੇ 66 ਵੇਂ ਅੰਕ ਦੀ ਸੰਪਾਦਕੀ 'ਚ ਜਿੱਥੇ ਅਲੋਚਨਾ ਤੇ ਅਲੋਚਕਾਂ ਦੇ ਭਰਵੇਂ ਯੋਗਦਾਨ ਦਾ ਜ਼ਿਕਰ ਕੀਤਾ ਗਿਆ, ਉੱਥੇ ਬੇਵਕਤੇ ਹੀ ਤੁਰ ਗਏ ਬੜੇ ਪਿਆਰੇ ਇਨਸਾਨ ਡਾ. ਰਜਨੀਸ਼ ਬਹਾਦਰ ਸਿੰਘ ਨੂੰ ਵੀ ਦਿਲਾ ਦੀਆਂ ਡੂੰਘਾਣਾ ਤੋਂ ਯਾਦ ਕੀਤਾ ਹੈ। ਉਨ੍ਹਾਂ ਦੇ ਨਿੱਠ ਕੇ ਕੀਤੇ ਅਲੋਚਨਾਤਮ ਕਾਰਜ਼ ਨੂੰ ਹਮੇਸ਼ਾਂ ਸਾਹਿਤਕ ਤੇ ਅਕਾਦਮਿਕ ਖੇਤਰ 'ਚ ਯਾਦ ਕੀਤਾ ਜਾਂਦਾ ਰਹੇਗਾ।

ਅਜੈ ਤਨਵੀਰ ਦਾ ਮਹਾਨ ਰੂਸੀ ਲੇਖਕ ਫਿਊਦਰ ਦੋਸਤੋਵਸਕੀ ਬਾਰੇ ਜੋ ਡੂੰਘਾਈ 'ਚ ਲੇਖ ਲਿਖਿਆ ਹੈ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਗਏ। ਬਾਕਮਾਲ ਸੀ। ਸਰਘੀ ਦੀ ਕਹਾਣੀ 'ਆਫ਼ਟਰ ਫਿਫਟੀ' ਜੋ ਰਿਸ਼ਤਿਆਂ ਦੇ

ਘਮਸਾਣ ਚੋਂ ਲੰਘਦੀ ਸੰਘਣੀ ਬੁਣਤੀ ਵਾਲੀ ਕਹਾਣੀ ਹੈ। ਕਿਵੇਂ ਸਮੇਂ ਸਮੇਂ ਪਤੀ-ਪਤਨੀ ਦੇ ਬੇਹੇ ਹੁੰਦੇ ਜਾਂਦੇ ਰਿਸ਼ਤੇ ਜਾਂ ਕਹਿ ਲਵੋ ਜਦੋਂ ਰਿਸ਼ਤਿਆਂ 'ਚ ਅਕੇਵਾਂ ਥਕੇਵਾਂ ਆ ਜਾਵੇ ਤਾਂ ਕਿਵੇਂ ਤਨ-ਮਨ ਭਟਕਦਾ, ਮਨੁੱਖ ਭਟਕਣ ਦਾ ਸ਼ਿਕਾਰ ਹੋ ਜਾਂਦਾ। ਕਮੀਆਂ ਪੂਰੀਆਂ ਕਰਨ ਦੀ ਕੋਸ਼ਿਸ਼ 'ਚ ਫਿਰ ਵਿਆਕੁਲ ਹੁੰਦਾ, ਹੋਰ ਭਟਕਦੈ। ਲਟਬੌਰਾ ਹੋਏ ਨੂੰ ਕਿਤੇ ਵੀ ਢੋਹੀ ਨਹੀਂ। ਮਨੁੱਖ ਨੂੰ ਆਖਰ ਕਿਤੇ ਤਾਂ ਤਨੋ-ਮਨੋ ਟਿਕਾਓ 'ਚ ਟਿਕਣਾ ਹੀ ਪੈਂਦਾ। ਭਾਵੇਂ ਢੀਠ ਹੋ ਕੇ ਹੀ ਸਹੀ। ਸਰਘੀ ਏਸ ਕਹਾਣੀ ਲਈ ਵਧਾਈ ਦੀ ਹੱਕਦਾਰ ਹੈ।


ਡਾ. ਸ਼ਿਆਮ ਸੁੰਦਰ ਦੀਪਤੀ ਹੁਰਾਂ ਦੀ ਵੱਡੀ ਕਹਾਣੀ 'ਜਗਮੀਤ ਉਦਾਸ ਨਹੀਂ ਹੁੰਦੇ?' ਟੈਨਸ਼ਨ ਭਰਪੂਰ ਜ਼ਿੰਦਗੀ 'ਚ ਫਿਰਦੇ ਵਿਦਿਆਰਥੀ ਦਾ ਕਥਾ ਬਿਰਤਾਂਤ ਹੈ। ਜੋ ਕਿਸੇ ਵੀ ਪਾਸੇ ਲੱਗਣ ਦਾ ਫ਼ੈਸਲਾ ਹੀ ਨਹੀਂ ਕਰ ਪਾਉਂਦਾ। ਬਸ ਇਕ ਭਟਕੇ ਹੋਏ ਮੁਸਾਫਰ ਵਾਂਗ ਹੈ। ਪਰ ਉਹ ਆਪਣੇ ਹੀ ਤਰੀਕੇ ਨਾਲ ਸਭ ਕੁਝ ਬਦਲ ਦੇਣ ਦੀ ਕੋਸ਼ਿਸ਼ ਵੀ ਕਰਦਾ ਹੈ। ਅਸਲ 'ਚ ਏਡੀ ਛੇਤੀ ਬਦਲਾਵ ਆਉਂਦਾ ਹੀ ਨਹੀਂ। ਫੇਰ ਉਹ ਇੱਕ ਵਿਦਵਾਨ ਡਾਕਟਰ ਦੇ ਸੰਪਰਕ 'ਚ ਆਉਂਦਾ ਹੈ ਜੋ ਉਸਦੀ ਸੋਚ ਨੂੰ ਹਲੂਣ ਹੀ ਸੁੱਟਦਾ ਹੈ। ਡਾ. ਦੀਪਤੀ ਦੀ ਇਹ ਕਹਾਣੀ ਜਿੱਥੇ ਬਹੁਤ ਵਧੀਆ ਹੈ ਉੱਥੇ ਪਾਠਕਾਂ ਨੂੰ ਨਵਾਂ ਵਿਸ਼ਾ ਤੇ ਦਿਸ਼ਾ ਵੀ ਪ੍ਰਦਾਨ ਕਰਦੀ ਹੈ।

'ਇਹਨਾਂ ਪਲਾਂ ਨੂੰ ਮਾਣ ਨਾ ਲਵਾਂ' ਸਰਬਜੀਤ ਕੌਰ ਸੋਹਲ ਦੀ ਇਹ ਕਹਾਣੀ ਪੜ੍ਹ ਕੇ ਉਸ ਦੀ ਕਹਾਣੀ ਕਲਾ ਦਾ ਪਤਾ ਲੱਗਦਾ ਹੈ। ਕਮਾਲ ਦਾ ਚਿਤਰਣ। ਕਹਾਣੀ ਫਰੰਟੀਅਰਮੇਲ ਵਾਂਗੂੰ ਦੌੜਦੀ, ਸੱਚੀ ਹੁਣ ਦੇ ਆਧੁਨਿਕ ਦੌਰ 'ਚ ਜੋ ਘਾਲਾ-ਮਾਲਾ ਚੱਲ ਰਿਹਾ, ਉਸਦੀ ਜਬਰਦਸਤ ਤਸਵੀਰ ਖਿੱਚੀ ਹੈ। ਪਤਾ ਨਹੀਂ ਔਰਤਾਂ ਬੰਦਿਆਂ ਨੂੰ ਵਰਤ ਰਹੀਆਂ ਕਿ ਆਦਮੀ ਔਰਤਾਂ ਨੂੰ। ਮੁਬਾਇਲ ਦੇ ਯੁੱਗ 'ਚ ਉਦਾਸੇ ਲੋਕ ਨਵੀਆਂ ਨਵੀਆਂ ਬਾਤਾਂ ਪਾ ਕੇ ਆਪਣੇ ਅਕੇਵੇਂ ਨੂੰ ਦੂਰ ਕਰਨ ਦੀ ਕੋਸ਼ਿਸ਼ 'ਚ ਜਾਪਦੇ ਬਹੁਤੇ ਹੀ ਭਟਕ ਰਹੇ ਨੇ। ਇਵੇਂ ਕੋਈ ਹਰਿਆ ਬੂਟ ਆਪਣੇ ਆਪ ਨੂੰ ਲੱਖ ਕੋਸ਼ਿਸ਼ਾਂ 'ਚ ਬਚਾਉਣ ਦੀ ਕੋਸ਼ਿਸ਼ ਵੀ ਕਰਦਾ ਪਰ ਕਿਤੇ ਉਹਦਾ ਵੀ ਜੀਅ ਕਰਦਾ, ਕਿਤੇ ਉਹ ਵੀ ਇਹੋ ਜਿਹੇ ਰੁਮਾਂਟਿਕ ਪਲ ਮਾਣ ਹੀ ਨਾ ਲਵੇ। ਸੋਹਲ ਨੇ ਇਸ ਕਹਾਣੀ ਨੂੰ ਲਿਖ ਕੇ ਜਿਵੇਂ ਕੋਈ ਕਮਾਲ ਹੀ ਕਰ ਦਿੱਤੀ ਹੋਵੇ।

ਅਗਾਜ਼ਬੀਰ ਦੀ ਕਹਾਣੀ 'ਕੁਇਨਜ਼ਲੈਂਡ' ਵੀ ਦੁੱਖ ਦਰਦਾਂ ਦੇ ਚੱਕਰਵਿਊ 'ਚੋਂ ਗੁਜਰਦੀਆਂ ਬੰਗਾਲਣਾਂ ਕੁਦੇਸਣਾ ਦਾ ਹਿਰਦੇਵੇਦਕ ਵਰਨਣ ਕਰਦੀ ਸ਼ਬਦਾਂ ਦੇ ਸੁੰਦਰ ਮੋਤੀਆਂ ਵਾਂਗੂੰ ਪਰੋਈ ਹੋਈ ਜਾਪੀ। ਹਰਪ੍ਰੀਤ ਸੇਖਾ ਦੀ ਕਹਾਣੀ ਵੀ ਚੰਗੀ ਲੱਗੀ ਹੈ। ਰਮਨਦੀਪ ਵਿਰਕ ਦੀ 'ਅੱਪਡੇਟ' ਵੀ ਪਤੀ ਪਤਨੀ ਦੇ ਰਿਸ਼ਤਿਆਂ 'ਚ ਵਿਸ਼ਵਾਸ ਦੀ ਕਮੀ ਕਰਕੇ ਆ ਜਾਂਦੀ ਖਟਾਸ ਦਾ ਵਰਨਣ ਹੈ। ਜਿਸ ਨਾਲ ਦਿਲਾਂ 'ਚ ਵਿੱਥਾਂ ਵਧਦੀਆਂ ਜਾਂਦੀਆਂ ਹਨ। ਇਹ ਕਹਾਣੀ ਵੀ ਦਿਲਚਸਪ ਹੈ। ਪ੍ਰੇਮ ਮਾਨ ਹੁਰਾਂ ਨੇ ਬਹੁਤ ਹੀ ਸੋਹਣੇ ਤੇ ਕਲਾਮਈ ਢੰਗ ਨਾਲ ਹਰਕੀਰਤ ਕੌਰ ਚਾਹਲ ਬਾਰੇ ਸ਼ਬਦ ਚਿੱਤਰ ਲਿਖਿਆ ਹੈ। ਮਾਨ ਹੁਰਾਂ ਨੇ ਬੇਬਾਕ ਹੋ ਕੇ ਹਰਕੀਰਤ ਚਾਹਲ ਦੇ ਅਨੇਕਾਂ ਪੱਖਾਂ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਏ। 'ਜਨ ਬੋਧ' ਵਾਲੇ ਕਾਲਮ 'ਚ 'ਦਲਿਤ ਸਿੱਖ ਇਤਿਹਾਸ ਦੀ ਪੜਚੋਲ' ਕਰਦਿਆਂ ਡਾ. ਰਾਜ ਕੁਮਾਰ ਹੰਸ ਹੁਰਾਂ ਨੇ ਸਾਨੂੰ ਪੰਜਾਬੀ ਸਮਾਜ ਦੀ ਬਣਤਰ ਬਾਰੇ ਤੱਥਾਂ ਨਾਲ ਵਿਚਾਰ ਪੇਸ਼ ਕੀਤੇ ਹਨ। ਇਸ ਲੇਖ ਨੇ ਬਹੁਤ ਕੁਝ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ। ਡਾ. ਹੰਸ ਹੁਰਾਂ ਨੇ ਉਹ ਤੱਥ ਤੇ ਸੂਤਰ ਪੇਸ਼ ਕੀਤੇ ਨੇ ਜਿਹੜੇ ਹਰ ਪੰਜਾਬੀ ਲਈ ਧਿਆਨ ਦੀ ਮੰਗ ਕਰਦੇ ਹਨ। ਸਾਰਾ ਅੰਕ ਪੜ੍ਹਦਿਆਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ 'ਕਹਾਣੀ ਧਾਰਾ' ਨਿੱਗਰ ਮੈਟਰ ਪੜ੍ਹਨ ਨੂੰ ਦਿੰਦਾ ਹੈ। ਨਵੇਂ ਅੰਕ ਦੀ ਉਡੀਕ ਹੈ।

**- ਡਾ. ਕਰਮਜੀਤ ਸਿੰਘ ਨਡਾਲਾ, ਨਡਾਲਾ, ਕਪੂਰਥਲਾ**

‘ਸੌ ਗੱਲਾਂ’ ਨਾਲ ਚਰਚਾ ’ਚ ਆਇਆ, ‘ਇਬਾਰਤਾਂ’ ਨਾਲ ਬੁਲੰਦੀਆਂ ’ਤੇ ਪਹੁੰਚਿਆ ਜ਼ਿਕਰਯੋਗ ਕਥਾਕਾਰ ਬਲੀਜੀਤ ‘ਉੱਚੀਆਂ ਆਵਾਜ਼ਾਂ’ ਨਾਲ ਕਥਾਕਾਰੀ ’ਚ ਸ਼ਿਲਪ ਪੱਖੋਂ ਹੋਰ ਉੱਚਾ ਹੋ ਰਿਹਾ...!!!





Rs:195, page:120, year:2022

ਉੱਚੀਆਂ ਆਵਾਜ਼ਾਂ ਬਲੀਜੀਤ ਦਾ ਤੀਜਾ ਕਹਾਣੀ ਸੰਗ੍ਰਹਿ ਹੈ। ‘ਆਵਾਜ਼ਾਂ’ ਸਰਲ ਜਿਹਾ ਲਫ਼ਜ਼ ਹੈ। ਬਲੀਜੀਤ ਨੇ ਤਾਂ ਆਪਣੇ ਆਉਣ ਵਾਲੇ ਕਹਾਣੀ ਸੰਗ੍ਰਹਿ ਨੂੰ ਇਹ ਨਾਂ ‘ਉੱਚੀਆਂ ਆਵਾਜ਼ਾਂ’ ਦਿੱਤਾ ਹੈ। ਨਿਸਚੇ ਹੀ ਇਹ ਦੇਖਣਾ ਬਣਦਾ ਹੈ ਏਥੇ ਇਸਦੀ ਵਰਤੋਂ ਬਹੁ-ਅਰਥੀ ਹੈ ਜਾਂ ਇਕਹਿਰੀ ਜਿਸ ਬਾਰੇ ਨਿਰਣਾ ਕਹਾਣੀਆਂ ਨੂੰ ਪੜ੍ਹਕੇ ਹੀ ਹੋ ਸਕਦਾ ਹੈ। ਇਸ ਵਿਚ ਦਸ ਕਹਾਣੀਆਂ ਸ਼ਾਮਿਲ ਹਨ। ਪਹਿਲੀਆਂ ਦੋ ਕਹਾਣੀਆਂ... ਜੋ ਜੀਵਨ ਵਿਚ ਵਾਪਰਦਾ ਹੈ, ਉਸਦੇ ਮਹੱਤਵ ਨੂੰ ਉਘਾੜਦੀਆਂ ਹਨ। ਜੇ ਜੀਵਨ ਵਿਚ ਆਸ ਨੂੰ ਥਾਂ ਰਾਖਵੀ ਹੋਵੇ ਤਾਂ ਅਣਜਾਣ, ਪਹਿਲੀ ਨਜ਼ਰ ਵਾਧੂ ਤੇ ਕਾਰ ਵਿਹਾਰ ਵਿਚ ਨਾ ਕੁੱਝ ਸਿੱਖਣ ਤੇ ਨਾ ਕੁੱਝ ਸਿਖਾਣ ਦੇ ਯੋਗ ਪ੍ਰਾਣੀ ਵੀ ਰੌਚਿਕ ਲੱਗਣ ਲੱਗ ਪੈਂਦੇ ਨੇ। ਸੌੜੀ ਸੋਚ ਆਗ੍ਰਹਿ ਅਤੇ ਪੱਖਪਾਤੀ ਵਿਹਾਰ ਨੇ ਜੋ ਤੰਗਦਿਲੀ ਪੈਦਾ ਕੀਤੀ ਹੁੰਦੀ ਹੈ, ਉਹ ਲੋਪ ਹੋਣ ਲੱਗ ਪੈਂਦੀ ਹੈ। ‘ਕਿਸੇ ਪਾਤਰ ਦੀ ਉਡੀਕ ਵਿਚ’ ਇਸ ਤਰ੍ਹਾਂ ਦਾ ਸੰਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ। ਇਸਦੇ ਟਾਕਰੇ ਵਿਚ ਇਹੋ ਰੁਝਾਣ ਜੇ ਪੀਡੀ ਗੰਢ ਬਣ ਜਾਣ ਤਾਂ ਆਪਣਿਆਂ ਨਾਲ ਵੀ ਜੋ ਪੀਡੇ ਸੰਬੰਧ ਬਣੇ ਹੁੰਦੇ ਹਨ ਜਾਂ ਜੋ ਅਟੁੱਟ ਮੰਨੇ ਜਾਂਦੇ ਹਨ, ਉਹ ਵੀ ਟੁੱਟਣ ਲੱਗ ਪੈਂਦੇ ਹਨ। ਇਹ ਇਕ ਪ੍ਰਕਾਰ ਦੀ ਘੁੰਮਣਘੇਰੀ ਹੈ ਜੋ ਬੰਦੇ ਨੂੰ ਘੇਰੀ ਜਿਹਾ ਪਾ ਲੈਂਦੀ ਹੈ। ਇਸ ਤੋਂ ਬਾਹਰ ਨਿਕਲਣ ਦਾ ਜੋ ਵੀ ਹੀਲਾ ਕੀਤਾ ਜਾਂਦਾ ਹੈ, ਉਹ ਉਲਟ ਹੀ ਸਿੱਧ ਹੁੰਦਾ ਹੈ। ਦੂਸਰੀ ਕਹਾਣੀ ‘ਮੌਤ ਦੀ ਉਡੀਕ ਵਿੱਚ’ ਵਿਚੋਂ ਉੱਭਰਦਾ ਸੰਦੇਸ਼ ਕੁੱਝ ਇਸ ਤਰ੍ਹਾਂ ਦਾ ਅਨੁਭਵ ਹੁੰਦਾ ਹੈ। ‘ਹਨੇਰੇ ਦੀ ਫਰਦ’ ਇਸ ਤਰ੍ਹਾਂ ਦਾ ਸੰਦੇਸ਼ ਬਲਕਿ ਨਿਸਚਾ ਬਣਦਾ ਹੈ। ‘ਨੂਣ’ ਕਹਾਣੀ ਰਾਹੀਂ ਜੋ ਮੈਨੂੰ ਤਾਂ ਇਸ ਸੰਗ੍ਰਹਿ ਦੀ ਸਭ ਤੋਂ ਵੱਧ ਦਿਲਚਸਪ ਲੱਗੀ ਹੈ। ਵਰਤਮਾਨ ਦੇ ਸੱਥਲ ਤੇ ਭੂਤ ਨੂੰ ਮਾਰਦੀ ਪਰ ਭਵਿੱਖ ਦਾ ਫ਼ਿਕਰ ਕਰਦੀ ਇਸ ਕਹਾਣੀ ਵਿਚ ਬਲੀਜੀਤ ਦੀ ਕਹਾਣੀ ਕਲਾ ਦੇ ਪ੍ਰਫੁੱਲਤ ਹੋਣ ਦਾ ਇਕਰਾਰ ਹੈ। -ਤੇਜਵੰਤ ਗਿੱਲ

Caliber Publication,Patiala

Year: 18 issue:69 ISSN: 2321-4445
'Kahani Dhara' (Punjabi Quarterly) April-June,2023, R.N.I.Regd. No. PUN2006/19971




1500 ਈ. ਤੋਂ 1750 ਈ. ਤੱਕ ਦੇ ਸਮੇਂ ਦੀਆਂ ਇਤਿਹਾਸਕ ਇਮਾਰਤਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਇਸ ਪੁਸਤਕ ਦਾ ਮੁੱਖ ਉਦੇਸ਼ ਹੈ। ਪੰਜਾਬ ਦੀ ਇਤਿਹਾਸਕਾਰੀ ਤੇ ਏਥੋਂ ਦੀ ਕਲਾ ਨੂੰ ਜੋ ਦੇਣ ਏਸ ਸਮੇਂ ਦੇ ਸ਼ਿਲਪੀਆਂ ਨੇ ਦਿੱਤੀ ਹੈ, ਉਹ ਵੱਡਮੁੱਲੀ ਹੈ। ਕਲਾ ਦੇ ਖੇਤਰ ਵਿਚ ਉਪਰੋਕਤ ਸਮੇਂ ਦੇ ਸ਼ਾਸਕਾਂ ਨੇ ਪੰਜਾਬ ਵਿਚ ਇਮਾਰਤਾਂ ਦਾ ਨਿਰਮਾਣ ਕਰਵਾ ਕੇ ਇਤਿਹਾਸਕ ਕਾਰਜ ਕੀਤਾ ਹੈ।
ਇਹ ਪੁਸਤਕ ਇਨ੍ਹਾਂ ਇਤਿਹਾਸਕ ਇਮਾਰਤਾਂ ਦੇ ਗੰਢਲ ਗੁੰਬਦ ਦੀ ਸ਼ਿਲਪ-ਕਲਾ, ਬੁਰਜਾਂ ਦੀਆਂ ਛੱਤਰੀਆਂ ਦੀ ਦਿੱਖ, ਕੈਬਿਨਾਂ ਦੀ ਵੰਡ, ਉਨ੍ਹਾਂ ਤੱਕ ਜਾਣ ਵਾਲੀਆਂ ਪੌੜੀਆਂ ਦੀ ਸ਼ਿਲਪ ਤਕਨੀਕ ਦੇ ਭਿੰਨ-ਭਿੰਨ ਡੀਜ਼ਾਈਨ, ਪੈਮਾਨੇ ਦੀ ਵਿਧੀ, ਚਿੱਤਰਕਾਰੀ, ਗੁੰਬਦ ਦੀ ਗੋਲਾਈ, ਡਾਟਦਾਰ ਦਰਵਾਜ਼ੇ, ਉਨ੍ਹਾਂ ਦੇ ਵਰਤੋਂ 'ਚ ਆਉਣ ਵਾਲੀ ਸਮੱਗਰੀ, ਪੱਥਰ, ਇੱਟਾਂ ਅਤੇ ਟਇਲਾਂ, ਪੱਥਰ-ਚੂਨਾ, ਕਲੀ ਆਦਿ ਦੀ ਵਰਤੋਂ ਅਤੇ ਕੰਧਾਂ 'ਤੇ ਕੀਤੀ ਗਲੇਜ਼ਡ ਟਾਇਲਾਂ ਦੀ ਮੀਨਾਕਾਰੀ, ਪੱਚੀਕਾਰੀ ਆਦਿ ਵਿਲੱਖਣ ਕਲਾਵਾਂ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ। ਪੰਜਾਬ ਦੀ ਭਵਨ ਨਿਰਮਾਣ ਕਲਾ ਵਿਚ ਇਰਾਨੀ, ਮੱਧ ਏਸ਼ੀਆ ਸ਼ੈਲੀ ਦੀ ਭਵਨ ਨਿਰਮਾਣ ਕਲਾ ਅਤੇ ਭਾਰਤੀ ਭਵਨ ਨਿਰਮਾਣ ਸ਼ੈਲੀ ਦਾ ਮਿਸ਼ਰਣ ਵੀ ਵੇਖਣ ਨੂੰ ਮਿਲਦਾ ਹੈ। ਇਨ੍ਹਾਂ ਇਮਾਰਤਾਂ ਉੱਤੇ ਚਿੱਤਰਕਾਰੀ ਅਤੇ ਸ਼ਿਲਪ ਕਲਾ ਦੇ ਉੱਤਮ ਨਮੂਨੇ ਅਜੇ ਵੀ ਬਚੇ ਹੋਏ ਹਨ। ਮਕਬਰੇ, ਮਸਜਿਦਾਂ, ਸਰਾਵਾਂ, ਕਿਲੇ, ਕੋਸ ਮੀਨਾਰਾਂ, ਬਾਉਲੀਆਂ, ਪੁਲ, ਚਹਾਰ ਬਾਗ਼ ਆਦਿ ਇਮਾਰਤਾਂ ਤੋਂ ਸਾਨੂੰ ਅਹਿਮ ਇਤਿਹਾਸਕ ਜਾਣਕਾਰੀ ਮਿਲਦੀ ਹੈ। ਇਨ੍ਹਾਂ ਇਮਾਰਤਾਂ ਦਾ ਇਸ ਪੁਸਤਕ ਵਿਚ ਬਰੀਕੀ ਨਾਲ ਅਧਿਐਨ ਕੀਤਾ ਗਿਆ ਹੈ।

**Published by: Publication Division**
Ministry of Information & Broadcasting,Soochna Bhawan,
CGO Complex, Lodhi Road, New Delhi (Ph.011-24365609)